TAJ
INSURANCE SERVICES
*Local or Long Haul Trucking (48 States) *Personal or Commercial Lines *Standard or Non Satandard Market *Auto and Home package Available
To beat your rates, Visit or Call
Gurdawar S. Mann Or Pal Rai
37485 Fremont Blvd, #D, Fremont, CA 94536
Ph:(510)739-1700, Fax (510)740-3451
Note:Also Income Tax filing Available
Gurdawar S. Mann
Lic#0F34231

Hardeep S.Rai Attorney-at-Law
ਇੰਮੀਗਰੇਸ਼ਨ ਵਕੀਲ
□ਨੌਂਵੀਂ ਸਰਕਟ ਕੋਰਟ □ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ
□ਇਮੀਗ੍ਰੇਸ਼ਨ ਕੋਰਟ ਦੇ ਕੇਸ □ਫੈਮਿਲੀ ਪਟੀਸ਼ਨਾਂ □ਲੇਬਰ ਦੇ ਕੇਸ
□ਡਿਪੋਰਟੇਸ਼ਨ ਦੇ ਕੇਸ □ਅਮੈਰਿਕਨ ਅੰਬੈਸੀ ਦੇ ਕੇਸ □ਬੈਂਕਰਪਸੀ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Eleventh Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
www.punjabtimesusa.com

# ਪੰਜਾਬ ਟਾਈਮਜ਼

Punjab Times, Vol 11, Issue 20, May 15, 2010 20451 N Plum Grove Rd. Palatine, IL 60074 Ph:847-359-0746, Fax:847-705-9388

## 15 ਜੁਲਾਈ ਨੂੰ ਪਾਕਿਸਤਾਨ ਜਾਣਗੇ ਕ੍ਰਿਸ਼ਨਾ

**ਨਵੀਂ ਦਿੱਲੀ:** ਭਾਰਤ-ਪਾਕਿ ਦੋਹਾਂ ਦੇਸ਼ਾਂ ਵਿਚਾਲੇ ਆਪਸੀ ਭਰੋਸੇ 'ਚ ਆਈ ਘਾਟ ਨੂੰ ਦੂਰ ਕਰਨ ਦੇ ਯਤਨਾਂ ਹਿੱਤ ਵਿਦੇਸ਼ ਮੰਤਰੀ ਐਸ ਐਮ ਕ੍ਰਿਸ਼ਨਾ 15 ਜੁਲਾਈ ਨੂੰ ਆਪਣੇ ਪਾਕਿਸਤਾਨੀ ਹਮਰੁਤਬਾ ਸ਼ਾਹ ਮਹਿਮੂਦ ਕੁਰੈਸ਼ੀ ਨਾਲ ਗੱਲਬਾਤ ਲਈ ਪਾਕਿਸਤਾਨ ਜਾਣਗੇ, ਜਿੱਥੇ ਉਹ ਇਸ ਪ੍ਰਕਿਰਿਆ ਨੂੰ ਅੱਗੇ ਤੋਰਨ ਲਈ ਵਿਚਾਰ-ਵਟਾਂਦਰਾ ਕਰਨਗੇ। ਇਸ ਯਾਤਰਾ ਤੋਂ ਪਹਿਲਾਂ ਸਾਬਕਾ ਵਿਦੇਸ਼ ਸਕੱਤਰ ਨਿਰੂਪਮਾ ਰਾਓ 26 ਜੂਨ ਨੂੰ ਇਸਲਾਮਾਬਾਦ 'ਚ ਆਪਣੇ ਪਾਕਿ ਹਮਰੁਤਬਾ ਸਲਮਾਨ ਖੁਰਸ਼ੀਦ ਨਾਲ ਮੁਲਾਕਾਤ ਕਰਨਗੇ। ਦੋਵੇਂ ਅਧਿਕਾਰੀ ਸਾਰਕ ਦੇਸ਼ਾਂ 'ਚ ਹੋਣ ਵਾਲੀ ਗ੍ਰਹਿ ਮੰਤਰੀਆਂ ਦੀ ਮੀਟਿੰਗ ਨੂੰ ਸਫ਼ਲ ਬਣਾਉਣ ਲਈ ਵਿਚਾਰ-ਵਟਾਂਦਰਾ ਕਰਨਗੇ। ਸ੍ਰੀਮਤੀ ਰਾਓ ਸਾਰਕ ਮੀਟਿੰਗ ਲਈ ਗ੍ਰਹਿ ਮੰਤਰੀ ਪੀ ਚਿਦੰਬਰਮ ਦੇ ਨਾਲ ਇਸਲਾਮਾਬਾਦ ਜਾਣਗੇ। ਦੋਵੇਂ ਵਿਦੇਸ਼ ਸਕੱਤਰ ਇਸ ਮੌਕੇ ਕ੍ਰਿਸ਼ਨਾ-ਕੁਰੈਸ਼ੀ ਦੀ ਮੀਟਿੰਗ ਦੇ ਏਜੰਡੇ ਨੂੰ ਆਖ਼ਰੀ ਰੂਪ ਦੇਣਗੇ।

ਕ੍ਰਿਸ਼ਨਾ ਤੇ ਕੁਰੈਸ਼ੀ ਦੀ ਅੱਜ 25 ਮਿੰਟ ਟੈਲੀਫ਼ੋਨ 'ਤੇ ਹੋਈ ਗੱਲਬਾਤ ਦੌਰਾਨ ਇਨ੍ਹਾਂ ਫ਼ੈਸਲਿਆਂ 'ਤੇ ਮੋਹਰ ਲਾਈ ਗਈ। ਦੋਹਾਂ ਆਗੂਆਂ ਨੇ ਗੱਲਬਾਤ ਦੌਰਾਨ ਦੁਵੱਲੇ ਸਬੰਧਾਂ ਨੂੰ ਅੱਗੇ ਵਧਾਉਣ ਦਾ ਇਰਾਦਾ ਪ੍ਰਗਟਾਇਆ ਹੈ। ਫੋਨ ਕਰਨ ਵਾਲੇ ਪਾਕਿਸਤਾਨੀ ਮੰਤਰੀ ਜਨਾਬ ਕੁਰੈਸ਼ੀ ਨੇ ਸ੍ਰੀ ਕ੍ਰਿਸ਼ਨਾ ਨੂੰ ਪਾਕਿਸਤਾਨ ਆਉਣ ਦਾ ਸੱਦਾ ਵੀ ਦਿੱਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਕ੍ਰਿਸ਼ਨਾ ਨੇ ਕਿਹਾ ਕਿ ਜਨਾਬ ਕੁਰੈਸ਼ੀ ਨੇ ਉਨ੍ਹਾਂ ਨੂੰ 15 ਜੁਲਾਈ ਨੂੰ ਇਸਲਾਮਾਬਾਦ ਆਉਣ ਦਾ ਸੱਦਾ ਦਿੱਤਾ ਹੈ ਅਤੇ ਇਸ ਲਈ ਮੈਂ ਉਥੇ ਜਾਣ ਦੀ ਯੋਜਨਾ ਬਣਾ ਰਿਹਾ ਹਾਂ।

## ਵਿਵਾਦਤ ਪ੍ਰਮਾਣੂ ਜ਼ਿਮੇਵਾਰੀ ਬਿਲ ਕੇਂਦਰ ਵਲੋਂ ਲੋਕ ਸਭਾ 'ਚ ਪੇਸ਼

**ਨਵੀਂ ਦਿੱਲੀ :** ਕੇਂਦਰ ਸਰਕਾਰ ਨੇ ਬੀਤੇ ਦਿਨੀਂ ਮੁੱਖ ਵਿਰੋਧੀ ਧਿਰ ਐਨ ਡੀ ਏ ਅਤੇ ਖੱਬੇ ਪੱਖੀਆਂ ਦੇ ਭਾਰੀ ਵਿਰੋਧ ਅਤੇ ਵਾਕਆਊਟ ਦੇ ਦਰਮਿਆਨ ਪ੍ਰਮਾਣੂ ਜ਼ਿੰਮੇਵਾਰੀ ਬਿੱਲ ਲੋਕ ਸਭਾ ਵਿਚ ਪੇਸ਼ ਕਰ ਦਿੱਤਾ। ਵਿਰੋਧੀ ਪਾਰਟੀਆਂ ਨੇ ਇਸ ਬਿੱਲ ਨੂੰ ਗੈਰ ਕਾਨੂੰਨੀ ਦੱਸਦਿਆਂ ਕਿਹਾ ਕਿ ਇਹ ਸੰਵਿਧਾਨ ਦੀ ਧਾਰਾ 21 ਤਹਿਤ ਮਿਲੇ 'ਜਿਊਣ ਦਾ ਅਧਿਕਾਰ' ਦੀ ਉਲੰਘਣਾ ਕਰਦਾ ਹੈ, ਜਦਕਿ ਸਰਕਾਰ ਵਲੋਂ ਦਲੀਲ ਦਿੱਤੀ ਗਈ ਕਿ ਕਿਸੇ ਬਿੱਲ ਨੂੰ ਪੇਸ਼ ਕੀਤੇ ਜਾਣ ਸਮੇਂ ਉਸ ਦੇ ਕਾਨੂੰਨੀ ਖਰੜੇ 'ਤੇ ਤਾਂ ਇਤਰਾਜ਼ ਕੀਤਾ ਜਾ ਸਕਦਾ ਹੈ ਪਰ ਉਸ ਦੇ ਗੁਣ-ਦੋਸ਼ਾਂ 'ਤੇ ਨਹੀਂ।

ਸਦਨ ਵਿਚ ਪ੍ਰਧਾਨ ਮੰਤਰੀ ਡਾ. ਸਿੰਘ ਦੀ ਮੌਜੂਦਗੀ ਵਿਚ ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ ਨੇ ਕਿਹਾ ਕਿ ਅਸੀਂ ਪ੍ਰਧਾਨ ਮੰਤਰੀ ਅਤੇ ਉਸ ਦੇ ਦੂਤਾਂ ਨਾਲ ਗੱਲਬਾਤ ਦੌਰਾਨ ਇਸ ਵਿਵਾਦਤ ਬਿੱਲ ਨੂੰ ਸੋਧ ਕੇ ਪੇਸ਼ ਕਰਨ ਦੀ ਆਪਣੇ ਵਲੋਂ ਕੋਸ਼ਿਸ਼ ਕੀਤੀ ਪਰ ਲੱਗਦਾ ਹੈ ਕਿ ਸਰਕਾਰ ਇਸ ਬਿੱਲ ਨੂੰ ਇਸੇ ਰੂਪ ਵਿਚ ਪੇਸ਼ ਕਰਨ ਲਈ ਬਜ਼ਿਦ ਹੈ। ਉਨ੍ਹਾਂ ਕਿਹਾ ਕਿ ਅਸੀਂ ਸਰਕਾਰ ਦੇ ਇਸ ਵਿਵਹਾਰ ਦੇ ਵਿਰੋਧ ਵਿਚ ਸਦਨ ਦਾ ਬਾਈਕਾਟ ਕਰਦੇ ਹਾਂ। ਸਦਨ ਦੇ ਆਗੂ ਪ੍ਰਣਬ ਮੁਖਰਜੀ ਨੇ ਵਿਰੋਧੀ ਧਿਰ ਦੇ ਇਸ ਰਵੱਈਏ ਨੂੰ ਗਲਤ ਕਰਾਰ ਦਿੰਦਿਆਂ ਕਿਹਾ ਕਿ ਕਿਸੇ ਬਿੱਲ ਨੂੰ ਪੇਸ਼ ਕੀਤੇ ਜਾਣ ਸਮੇਂ ਉਸ ਦੇ ਗੁਣ-ਦੋਸ਼ 'ਤੇ

(ਬਾਕੀ ਸਫਾ 8 'ਤੇ)

# ਕੈਪਟਨ ਅਮਰਿੰਦਰ ਸਿੰਘ ਨੂੰ ਮਿਲੇ ਲੋਕ ਹੁੰਗਾਰੇ ਤੋਂ ਅਕਾਲੀ ਫ਼ਿਕਰਮੰਦ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅੰਮ੍ਰਿਤਸਰ ਫੇਰੀ ਨੇ ਜਿਥੇ ਇਸ ਕਾਂਗਰਸੀ ਆਗੂ ਦੇ ਸਮਰਥਕਾਂ ਨੂੰ ਹੁਲਾਰਾ ਦਿੱਤਾ ਹੈ, ਉਥੇ ਹਾਕਮ ਧਿਰ ਲਈ ਖਾਸ ਪ੍ਰੇਸ਼ਾਨੀ ਵੀ ਖੜ੍ਹੀ ਕਰ ਦਿੱਤੀ ਹੈ। ਹਾਕਮ ਅਤੇ ਵਿਰੋਧੀ ਧਿਰ ਵਿਚਕਾਰ ਇਕ ਨਵੀਂ ਰਾਜਸੀ ਹਲਚਲ ਵੀ ਸ਼ੁਰੂ ਹੋ ਗਈ ਹੈ।

ਪੰਜਾਬ ਵਿਧਾਨ ਸਭਾ ਦੀ ਮੈਂਬਰੀ ਤੋਂ ਬਰਤਰਫੀ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਇਕ ਵਾਰ ਤਾਂ ਰਾਜਸੀ ਮੰਚਾਂ ਤੋਂ ਲਾਂਭੇ ਹੋ ਗਏ ਸਨ ਅਤੇ ਇਹ ਲਗਦਾ ਸੀ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਤੱਕ ਉਨ੍ਹਾਂ ਲਈ ਵਿਧਾਨ ਸਭਾ ਦਾ ਦਰਵਾਜ਼ਾ ਬੰਦ ਹੀ ਹੋ ਗਿਆ ਹੈ। ਸੁਪਰੀਮ ਕੋਰਟ ਵਲੋਂ ਉਨ੍ਹਾਂ ਦੀ ਮੈਂਬਰੀ ਦੀ ਬਹਾਲੀ ਦੇ ਫੈਸਲੇ ਨੇ ਕੈਪਟਨ ਦੇ ਰਾਜਸੀ ਜੀਵਨ ਵਿਚ ਨਵੀਂ ਰੂਹ ਫੂਕ ਦਿੱਤੀ ਹੈ ਅਤੇ ਆਪਣੇ ਹਮਾਇਤੀਆਂ ਨੂੰ ਆਪਣੀ ਸਰਗਰਮੀ ਵਿਖਾਉਣ ਦਾ ਮੌਕਾ ਬਖਸ਼ ਦਿੱਤਾ ਹੈ।

ਭਾਵੇਂ ਸਾਬਕਾ ਮੁੱਖ ਮੰਤਰੀ ਨੂੰ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਮਿਲਣੀ ਅਜੇ ਦੂਰ ਦੀ ਗੱਲ ਹੈ, ਪਰ ਉਨ੍ਹਾਂ ਦੇ ਹਮਾਇਤੀਆਂ ਦੇ ਹੌਂਸਲੇ ਬੁਲੰਦ ਹੋ ਗਏ ਹਨ। ਪਾਰਟੀ ਵਰਕਰਾਂ ਦੇ ਹੁਲਾਰੇ ਨਾਲ ਕੈਪਟਨ ਅਮਰਿੰਦਰ ਸਿੰਘ ਨੂੰ ਪਾਰਟੀ ਅੰਦਰਲੀਆਂ ਪ੍ਰੇਸ਼ਾਨੀਆਂ ਅਤੇ ਖਿੱਚੋਤਾਣ 'ਤੇ ਕਾਬੂ ਪਾਉਣ ਵਿਚ ਵੀ ਮਦਦ ਮਿਲੇਗੀ। ਪੰਜਾਬ ਵਿਧਾਨ ਸਭਾ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ ਨਾਲ ਜਦੋਂ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਵਲੋਂ ਕੈਪਟਨ ਦੀ ਬਹਾਲੀ ਦੇ ਫੈਸਲੇ ਦਾ ਉਹ ਸਵਾਗਤ ਕਰਦੇ ਹਨ ਪਰ ਵਿਧਾਨ ਸਭਾ ਵਿਚ ਜਿਥੇ ਦੂਜੇ ਕਾਂਗਰਸੀ ਮੈਂਬਰ ਬੈਠੇ ਹਨ ਉਥੇ ਕੈਪਟਨ ਵੀ ਬੈਠ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਜੇ ਕੈਪਟਨ ਅਮਰਿੰਦਰ ਸਿੰਘ ਜਮਹੂਰੀ ਪ੍ਰਬੰਧ ਵਿਚ ਪੰਜਾਬ ਦੇ ਵਿਕਾਸ ਲਈ ਉਸਾਰੂ ਭੂਮਿਕਾ ਨਿਭਾਉਣਗੇ ਤਾਂ ਇਹ ਪੰਜਾਬ ਲਈ ਚੰਗਾ ਰੁਝਾਨ ਸਾਬਤ ਹੋਵੇਗਾ।

ਸ਼੍ਰੋਮਣੀ ਅਕਾਲੀ ਦਲ ਦੇ ਨਜ਼ਦੀਕੀ ਸੂਤਰਾਂ ਅਨੁਸਾਰ ਜਿਥੇ ਪਹਿਲਾਂ ਹਾਕਮ ਧਿਰ ਨੇ ਜਾਣਬੁੱਝ ਕੇ ਕੈਪਟਨ ਅਮਰਿੰਦਰ ਸਿੰਘ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਅੱਖੋਂ ਪਰੋਖੇ ਕੀਤਾ ਸੀ, ਪਰ ਫੇਰੀ ਨੂੰ ਮਿਲੇ ਹੁੰਗਾਰੇ ਬਾਅਦ ਹਾਕਮ ਧਿਰ ਨੇ ਉਸ ਹੁੰਗਾਰੇ ਨੂੰ ਪੂੰਝਣ ਦਾ ਉਪਰਾਲਾ ਜ਼ਰੂਰ

(ਬਾਕੀ ਸਫਾ 3 'ਤੇ)



*ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨਾਂ ਨੂੰ ਗਏ ਕੈਪਟਨ ਅਮਰਿੰਦਰ ਸਿੰਘ ਦਾ ਸਵਾਗਤ ਕਰਦੇ ਹੋਏ ਓ ਪੀ ਸੋਨੀ, ਜਸਬੀਰ ਸਿੰਘ ਡਿੰਪਾ ਅਤੇ ਹੋਰ ਕਾਂਗਰਸੀ ਆਗੂ*

## ਕੈਪਟਨ ਸਾਡਾ ਕੁਝ ਨਹੀਂ ਵਿਗਾੜ ਸਕਦਾ-ਸੁਖਬੀਰ

**ਹੁਸ਼ਿਆਰਪੁਰ:** ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਬੀਤੇ ਦੀਨੀਂ ਕਾਂਗਰਸ ਆਗੂ ਦੇ ਅੰਮ੍ਰਿਤਸਰ ਰੋਡ ਸ਼ੋਅ ਦਾ ਜ਼ਿਕਰ ਕਰਦਿਆਂ ਕਿਹਾ ਕਿ ਰੋਡ ਸ਼ੋਅ ਰਾਹੀਂ ਕਾਂਗਰਸ ਪਾਰਟੀ ਦਾ ਸੱਤਾ ਵਿਚ ਵਾਪਸੀ ਦਾ ਸੁਪਨਾ ਪੂਰਾ ਨਹੀਂ ਹੋਣ ਦਿੱਤਾ ਜਾਵੇਗਾ।

ਬੀਤੀ 11 ਮਈ ਨੂੰ ਇਥੇ ਰੌਸ਼ਨ ਗਰਾਊਂਡ ਵਿਖੇ ਇਕ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਬਾਦਲ ਨੇ ਕੈਪਟਨ ਦਾ ਨਾਂ ਲਏ ਬਿਨਾ ਉਨ੍ਹਾਂ ਕਿਹਾ ਕਿ ਕਾਂਗਰਸੀ ਐਵੇਂ ਹੀ ਰੋਡ ਸ਼ੋਅ ਕਰੀ ਜਾਂਦੇ ਹਨ, ਜਦੋਂਕਿ ਅਕਾਲੀ ਗੱਠਜੋੜ ਨੇ ਹਾਲੇ 20-25 ਸਾਲ ਹੋਰ ਰਾਜ ਕਰਨਾ ਹੈ।

Delo
Mobil Delvac
GILL EXPRESS
ROTELLA T
WASH, TIRE & REPAIR
CALIFORNIA LOCATIONS
BAKERSFIELD @ HWY 58 & 184
FRESNO @ HWY 99, 5TH WHEEL TRUCK STOP
MADERA @ HWY 99, EXIT 18½ NEXT TO Pilot
RIPON @ HWY 99, EXIT JACK TONE @ JIMCO
ਅਸੀਂ ਸਾਰੇ ਰੇਟਾਂ ਨੂੰ ਬੀਟ ਕਰਦੇ ਹਾਂ
ਮਕੈਨਕ ਸ਼ਾਪ ਵਿਚ ਹਰ ਤਰ੍ਹਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ। ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ
Call Gill 661-301-8978

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Wholesale and Retail
Raja Indian Cuisine & Bar
Ph: 510-264-9300
1275 W Winton Ave
Hayward, CA 94545
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of
Manpreet S. Gahra
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Manpreet S. Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਯੂਬਾ ਸਿਟੀ ਦੇ ਬੋਗ ਰੋਡ ਗੁਰੂਘਰ ਨਵੇਂ ਨਿਸ਼ਾਨ ਸਾਹਿਬ ਦੀ ਸੇਵਾ

**ਯੂਬਾ ਸਿਟੀ (ਹਰਵਿੰਦਰ ਸਿੰਘ):** ਇਥੇ ਗੁਰਦੁਆਰਾ ਸਿੱਖ ਟੈਂਪਲ, ਬੋਗ ਰੋਡ ਵਿਚ ਨਵੇਂ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ ਹੈ। 77 ਫੁਟ ਉਚਾ ਇਹ ਨਿਸ਼ਾਨ ਸਾਹਿਬ ਕਾਊਂਟਰ ਬੈਲੈਂਸ ਦੀ ਟੈਕਨੀਕ ਨਾਲ ਤਿਆਰ ਕੀਤਾ ਗਿਆ ਹੈ। ਇਸ ਦੀ ਸੇਵਾ ਸ. ਮਹਿੰਦਰ ਸਿੰਘ ਥਿਆੜਾ ਦੇ ਪਰਿਵਾਰ ਵਲੋਂ ਕੀਤੀ ਗਈ ਹੈ।

ਨਿਸ਼ਾਨ ਸਾਹਿਬ ਦੀ ਸੇਵਾ ਨੂੰ ਮੁਕੰਮਲ ਕਰਨ ਲਈ ਥਿਆੜਾ ਪਰਿਵਾਰ ਵਲੋਂ ਰਖਾਏ ਗਏ ਅਖੰਡਪਾਠ ਦੇ ਭੋਗ ਐਤਵਾਰ ਨੂੰ ਪਾਏ ਗਏ। ਉਪਰੰਤ ਸ਼ਬਦ ਕੀਰਤਨ ਹੋਇਆ। ਨਿਸ਼ਾਨ ਸਾਹਿਬ ਦੀ ਸੇਵਾ ਮੌਕੇ ਯੂਬਾ ਸਿਟੀ ਦੀ ਸੰਗਤ ਹੁਮ-ਹੁੰਮਾ ਕੇ ਪਹੁੰਚੀ ਹੋਈ ਸੀ ਅਤੇ ਥਿਆੜਾ ਪਰਿਵਾਰ ਵਲੋਂ ਸਰਬਜੀਤ ਸਿੰਘ ਥਿਆੜਾ, ਜਸਪ੍ਰੀਤ ਸਿੰਘ ਥਿਆੜਾ ਅਤੇ ਬਾਕੀ ਪਰਿਵਾਰ ਨੇ ਸ਼ਰਧਾ ਨਾਲ ਸੇਵਾ ਕੀਤੀ। ਨਿਸ਼ਾਨ ਸਾਹਿਬ ਦਾ ਚੋਲਾ ਬੀਬੀ ਬਖਸ਼ਿੰਦਰ ਕੌਰ ਥਿਆੜਾ ਨੇ ਆਪਣੇ ਹੱਥੀਂ ਤਿਆਰ ਕੀਤਾ।

ਇਸ ਮੌਕੇ ਪੰਥਕ ਵਿਚਾਰਾਂ ਵੀ ਹੋਈਆਂ ਅਤੇ ਸ. ਗੁਰਨਾਮ ਸਿੰਘ ਪੰਮਾ, ਸ. ਦੀਦਾਰ ਸਿੰਘ ਬੈਂਸ, ਸ. ਹਰਬੰਸ ਸਿੰਘ, ਜਸਵੰਤ ਸਿੰਘ ਬੈਂਸ, ਦਿਲਬਾਗ ਸਿੰਘ ਬੈਂਸ ਅਤੇ ਹੋਰਨਾਂ ਨੇ ਵਿਚਾਰ ਪ੍ਰਗਟਾਏ। ਸ. ਗੁਰਨਾਮ ਸਿੰਘ ਪੰਮਾ ਨੇ ਆਖਿਆ ਕਿ ਗੁਰੂਘਰਾਂ ਦੀਆਂ ਪਬੰਧਕ ਕਮੇਟੀਆਂ ਨੂੰ ਸਹੀ ਨੂੰ ਸਹੀ ਅਤੇ ਗਲਤ ਨੂੰ ਗਲਤ ਕਹਿਣ ਦਾ ਜੇਰਾ ਕਰਨਾ ਚਾਹੀਦਾ ਹੈ।

ਇਥੇ ਜ਼ਿਕਰਯੋਗ ਹੈ ਕਿ ਥਿਆੜਾ ਪਰਿਵਾਰ ਨੇ ਯੂਬਾ ਸਿਟੀ ਦੇ ਗੁਰੂਘਰਾਂ ਦੀ ਖੁਲ੍ਹੇ ਦਿਲ ਨਾਲ ਸੇਵਾ ਕੀਤੀ ਹੈ। ਇਸ ਪਰਿਵਾਰ ਦੇ ਬਜ਼ੁਰਗ ਸਵਰਗਵਾਸੀ ਭਗਤ ਸਿੰਘ, ਬੇਅੰਤ ਸਿੰਘ ਥਿਆੜਾ (ਸਰਬਜੀਤ ਸਿੰਘ ਦੇ ਬਾਬਾ ਜੀ) ਨੇ ਸਾਰੇ ਗੁਰੂਘਰਾਂ ਦੀ ਸਥਾਪਨਾ ਵਿਚ ਯਥਾਯੋਗ ਹਿੱਸਾ ਪਾਇਆ। ਗੁਰਦੁਆਰਾ ਟਾਇਰਾ ਬਿਊਨਾ ਦੇ ਨਿਸ਼ਾਨ ਸਾਹਿਬ ਦੇ ਕਾਊਂਟਰ ਬੈਲੈਂਸ ਦੀ ਸੇਵਾ ਵੀ ਸਰਬਜੀਤ ਸਿੰਘ ਥਿਆੜਾ ਦੇ ਪਰਿਵਾਰ ਵਲੋਂ ਹੀ ਕੀਤੀ ਗਈ ਸੀ। ਇਸ ਪਰਿਵਾਰ ਦੀ ਨਵੀਂ ਪੀੜੀ ਦੇ ਹਰਮਨ ਥਿਆੜਾ, ਸਰਬਜੀਤ ਜੂਨੀਅਰ, ਮਾਣਕ ਥਿਆੜਾ, ਜਸਮਨ ਤੇ ਮਨਰੂਪ ਥਿਆੜਾ ਵੀ ਸ਼ਰਧਾ ਨਾਲ ਗੁਰੂਘਰ ਦੀ ਸੇਵਾ ਕਰਦੇ ਹਨ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਇਸ ਸਮੁਚੇ ਕਾਰਜ ਵਿਚ ਭਰਪੂਰ ਸਹਿਯੋਗ ਦਿੱਤਾ। ਗੁਰੂਘਰ ਦੇ ਪ੍ਰਧਾਨ ਮੋਹਨ ਸਿੰਘ ਬੈਂਸ, ਮੀਤ ਪ੍ਰਧਾਨ ਗੁਰਦੇਵ ਸਿੰਘ ਥਿਆੜਾ, ਸਕੱਤਰ ਮਹਿੰਦਰ ਸਿੰਘ ਬੈਂਸ, ਖਜਾਨਚੀ ਇਕਬਾਲ ਸਿੰਘ ਜੌਹਲ, ਬਲਬੀਰ ਸਿੰਘ, ਮਲਕੀਤ ਸਿੰਘ ਗੋਸਲ, ਰਾਏ ਭਰਾ ਅਤੇ ਖੇੜਾ ਪਰਿਵਾਰ ਵੀ ਸੇਵਾ ਵਿਚ ਸ਼ਾਮਲ ਹੋਏ। ਨਾਲ ਲਗਦੇ ਲਾਈਵ ਓਕ ਅਤੇ ਗਰਿਡਲੇਅ ਕਸਬਿਆਂ ਤੋਂ ਵੀ ਸੰਗਤਾਂ ਇਸ ਮੌਕੇ ਪਹੁੰਚੀਆਂ ਹੋਈਆਂ ਸਨ।













## ਮਾਨ ਦਾ ਬੇਕਰਜ਼ਫੀਲਡ ਵਿਚ ਸ਼ੋਅ 7 ਅਗਸਤ ਨੂੰ

**ਬੇਕਰਜ਼ਫੀਲਡ (ਮਨਦੀਪ ਮਾਨ):** ਸਦਾਬਹਾਰ ਪੰਜਾਬੀ ਗਾਇਕ ਗੁਰਦਾਸ ਮਾਨ ਦਾ ਬੇਕਰਜ਼ਫੀਲਡ ਵਿਚ ਸ਼ੋਅ 7 ਅਗਸਤ ਸ਼ਾਮੀ 7 ਵਜੇ ਕਨਵੈਂਸ਼ਨ ਸੈਂਟਰ ਵਿਚ ਹੋਵੇਗਾ ਜਿਸ ਲਈ ਤਿਆਰੀਆਂ ਅਰੰਭ ਕਰ ਦਿੱਤੀਆਂ ਗਈਆਂ ਹਨ। ਪਿਛਲੇ ਪੰਜ ਸਾਲਾਂ ਤੋਂ ਗੁਰਦਾਸ ਮਾਨ ਦੇ ਇਥੇ ਹੋਏ ਸਾਰੇ ਸ਼ੋਅ ਫੁਲ ਗਏ ਹਨ।



ਗੁਰਦਾਸ ਮਾਨ ਉਹ ਪੰਜਾਬੀ ਗਾਇਕ ਹੈ ਜੋ ਪਿਛਲੇ ਤੀਹ ਸਾਲ ਤੋਂ ਇਕੋ ਹੀ ਉਚਾਈ 'ਤੇ ਚੱਲ ਰਿਹਾ ਹੈ। ਉਮਰ ਵਧਣ ਨਾਲ ਉਸ ਦੀ ਗਾਇਕੀ ਵਿਚ ਹੋਰ ਨਿਖਾਰ ਆਇਆ ਹੈ। ਸਰੋਤਿਆਂ ਨੂੰ ਉਡੀਕ ਹੈ ਕਿ ਵੇਖੀਏ ਇਸ ਵਾਰ ਉਹ ਆਪਣੀ ਪਟਾਰੀ ਵਿਚੋਂ ਕੀ ਕੱਢਦਾ ਹੈ। ਇਸ ਸ਼ੋਅ ਬਾਰੇ ਹੋਰ ਜਾਣਕਾਰੀ ਲੈਣ ਲਈ ਗੁਰਦਾਸ ਮਾਨ ਦੇ ਜਿਗਰੀ ਦੋਸਤ ਪਲਵਿੰਦਰ ਸ਼ੇਰਗਿੱਲ ਫੋਨ 661-319-7427 ਜਾਂ ਬੱਬੂ ਗੁਰਪਾਲ ਫੋਨ 510-557-9670 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕੈਪਟਨ ਦੀ ਬਹਾਲੀ ਪਿਛੋਂ ਬਾਦਲਕਿਆਂ ਵਿਚ ਘਬਰਾਹਟ ਦਾ ਮਾਹੌਲ:ਸਮਰਾ

**ਮਾਡੈਸਟੋ (ਮਹਿੰਦਰ ਕੰਡਾ):** ਕੈਪਟਨ ਅਮਰਿੰਦਰ ਸਿੰਘ ਦੀ ਸੁਪਰੀਮ ਕੋਰਟ ਵਲੋਂ ਬਹਾਲੀ ਤੋਂ ਬਾਅਦ ਬਾਦਲ ਸਰਕਾਰ ਅਤੇ ਅਕਾਲੀ ਵਰਕਰਾਂ ਵਿਚ ਆਉਣ ਵਾਲੇ ਸਮੇਂ ਲਈ ਘਬਰਾਹਟ ਮਹਿਸੂਸ ਹੋਣ ਲਗ ਪਈ ਹੈ, ਇਹ ਵਿਚਾਰ ਇਥੇ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਦੀ ਅਮਰੀਕਾ ਇਕਾਈ ਦੇ ਸਥਾਨਕ ਆਗੂਆਂ ਨਾਲ ਗੱਲਬਾਤ ਕਰਦਿਆਂ ਨਕੋਦਰ ਹਲਕੇ ਤੋਂ ਕਾਂਗਰਸੀ ਵਿਧਾਇਕ ਅਮਰਜੀਤ ਸਿੰਘ ਸਮਰਾ ਨੇ ਪ੍ਰਗਟਾਏ। ਸ. ਸਮਰਾ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਇਕ ਸਮਰੱਥ ਆਗੂ ਹਨ ਜੋ ਕਾਂਗਰਸ ਪਾਰਟੀ ਨੂੰ ਇਕਜੁਟ ਕਰ ਕੇ ਪੰਜਾਬ ਵਿਚ ਅਗਲੀ ਸਰਕਾਰ ਬਣਾਉਣਗੇ ਅਤੇ ਸੂਬੇ ਨੂੰ ਤਰੱਕੀ ਦੇ ਨਵੇਂ ਰਾਹ ਪਾਉਣਗੇ।

ਇੰਡੀਅਨ ਓਵਰਸੀਜ਼ ਕਾਂਗਰਸ ਦੀ ਕੈਲੀਫੋਰਨੀਆ ਇਕਾਈ ਦੇ ਚੇਅਰਮੈਨ ਸ੍ਰੀ ਜਸਵੀਰ ਸਿੰਘ (ਰਾਜਾ) ਗਿੱਲ ਨੇ ਵਿਧਾਇਕ ਸ੍ਰੀ ਸਮਰਾ ਦਾ ਸਵਾਗਤ ਤੇ ਸਨਮਾਨ ਕਰਨ ਲਈ ਪਹੁੰਚੇ ਕਾਂਗਰਸੀ ਆਗੂਆਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਲਈ ਕੈਪਟਨ ਅਮਰਿੰਦਰ ਸਿੰਘ ਯੋਗ ਆਗੂ ਹਨ ਜੋ ਬਾਦਲ ਸਰਕਾਰ ਦਾ ਬੋਰੀਆ-ਬਿਸਤਰ ਗੋਲ ਕਰਨ ਦੇ ਸਮਰੱਥ ਹਨ। ਉਹ ਇਕ ਨਿਧੱੜਕ ਜਰਨੈਲ ਹਨ ਅਤੇ ਸਾਨੂੰ ਸਾਰਿਆਂ ਨੂੰ ਪੰਜਾਬ ਅੰਦਰ ਕਾਂਗਰਸ ਦੀ ਸਰਕਾਰ ਬਣਾਉਣ ਲਈ ਤਿਆਰੀਆਂ ਆਰੰਭ ਦੇਣੀਆਂ ਚਾਹੀਦੀਆਂ ਹਨ।

ਪਾਰਟੀ ਇਕਾਈ ਦੇ ਜਨਰਲ ਸਕੱਤਰ ਸੁਖਵਿੰਦਰ ਸਿੰਘ ਟਿਵਾਣਾ ਨੇ ਸ੍ਰੀ ਸਮਰਾ ਦਾ ਕੈਲੀਫੋਰਨੀਆ ਆਉਣ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਉਹ ਬਹੁਤ ਸੁਲਝੇ ਹੋਏ ਆਗੂ ਹਨ ਜੋ ਪਿਛਲੀਆਂ ਚਾਰ ਚੋਣਾਂ ਵਿਚ ਪੰਜਾਬ ਵਿਧਾਨ ਸਭਾ ਲਈ ਲਗਾਤਾਰ ਚੁਣੇ ਗਏ ਹਨ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਸ੍ਰੀ ਸਮਰਾ ਅਗਲੀ ਕਾਂਗਰਸ ਸਰਕਾਰ ਵਿਚ ਮੰਤਰੀ ਹੋਣਗੇ। ਸ੍ਰੀ ਟਿਵਾਣਾ ਨੇ ਆਖਿਆ ਕਿ ਕਾਂਗਰਸੀ ਵਰਕਰਾਂ ਵਿਚ ਭਾਰੀ ਉਤਸ਼ਾਹ ਹੈ ਅਤੇ ਉਹ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਦਾ ਅਗਲਾ ਮੁਖ ਮੰਤਰੀ ਬਣਾਉਣ ਲਈ ਕਾਹਲੇ ਹਨ।



*ਸ੍ਰੀ ਸਮਰਾ (ਬੈਠਿਆਂ ਵਿਚ ਵਿਚਕਾਰ) ਇੰਡੀਅਨ ਨੈਸਨਲ ਓਵਰਸੀਜ਼ ਕਾਂਗਰਸ ਦੇ ਵਰਕਰਾਂ ਅਤੇ ਹਮਾਇਤੀਆਂ ਨਾਲ*

## ਮੋਦੀ ਨੇ 15 ਮਈ ਤੱਕ ਸਮਾਂ ਮੰਗਿਆ

**ਮੁੰਬਈ:** ਇੰਡੀਅਨ ਪ੍ਰੀਮੀਅਰ ਲੀਗ ਦੇ ਮੁਅੱਤਲ ਕਮਿਸ਼ਨਰ ਲਲਿਤ ਮੋਦੀ ਨੇ ਕ੍ਰਿਕਟ ਬੋਰਡ ਦੇ ਦੋਸ਼ ਪੱਤਰ 'ਤੇ ਜਵਾਬ ਦੇਣ ਲਈ 15 ਮਈ ਤੱਕ ਦਾ ਸਮਾਂ ਮੰਗਿਆ ਹੈ ਅਤੇ ਅਜਿਹੇ ਸੰਕੇਤ ਹਨ ਕਿ ਉਨ੍ਹਾਂ ਨੂੰ ਇਹ ਸਮਾਂ ਮਿਲ ਜਾਵੇਗਾ। ਬੀ.ਸੀ. ਸੀ.ਆਈ. ਦੇ ਨੇੜਲੇ ਸੂਤਰਾਂ ਮੁਤਾਬਕ ਮੋਦੀ ਨੇ ਆਪਣੇ ਉਪਰ ਲੱਗੇ ਦੋਸ਼ਾਂ ਦਾ ਜਵਾਬ ਦੇਣ ਲਈ 15 ਮਈ ਤਕ ਦਾ ਜੋ ਸਮਾਂ ਮੰਗਿਆ ਹੈ, ਸੰਬੰਧੀ ਬੋਰਡ ਉਨ੍ਹਾਂ ਨੂੰ ਇਹ ਮੋਹਲਤ ਦੇ ਸਕਦਾ ਹੈ।

ਮੋਦੀ ਦੇ ਨੇੜਲੇ ਸੂਤਰਾਂ ਨੇ ਪੁਸ਼ਟੀ ਕੀਤੀ ਕਿ ਆਈ.ਪੀ. ਐੈਲ. ਦੇ ਮੁਅੱਤਲ ਮੁਖੀ ਨੇ ਸਮਾਂ ਵਧਾਉਣ ਦੀ ਮੰਗ ਕੀਤੀ ਹੈ। ਮੋਦੀ ਨੂੰ 26 ਅਪ੍ਰੈਲ ਨੂੰ ਆਈ.ਪੀ.ਐੈਲ. ਦੇ ਕਮਿਸ਼ਨਰ ਦੇ ਅਹੁਦੇ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ।



*ਪੰਜਾਬ ਦੇ ਕੈਬਨਿਟ ਮੰਤਰੀ ਸ. ਸੇਵਾ ਸਿੰਘ ਸੇਖਵਾਂ ਪਿਛਲੇ ਦਿਨੀ ਗੁਰਦੁਆਰਾ ਸੈਨ ਹੋਜ਼ੇ ਦੇ ਸੈਕਟਰੀ ਸ. ਪ੍ਰੀਤਮ ਸਿੰਘ ਗਰੇਵਾਲ ਦੇ ਘਰ ਆਏ। ਇਸ ਮੌਕੇ ਗੁਰਦੁਆਰਾ ਸੈਨ ਹੋਜ਼ੇ ਕਮੇਟੀ ਮੈਂਬਰ ਅਤੇ ਹੋਰ ਸਿੱਖ ਆਗੂ ਵੀ ਹਾਜ਼ਰ ਸਨ। (ਫੋਟੋ ਤੇ ਵੇਰਵਾ:ਸਵੱਦੀ)*

# ਜਪੁਜੀ ਸਾਹਿਬ ਦੀ ਅੰਗ੍ਰੇਜ਼ੀ 'ਚ ਕਥਾ ਨੂੰ ਭਰਵਾਂ ਹੁੰਗਾਰਾ

**ਸੈਕਰਾਮੈਂਟੋ:** ਗੁਰਦੁਆਰਾ ਸੱਚਖੰਡ, ਰੋਜ਼ਵਿਲ ਵਿਖੇ ਜਪੁਜੀ ਸਾਹਿਬ ਦੇ ਆਧਾਰ ਉਤੇ ਗੁਰਬਾਣੀ ਕਥਾ ਦਾ ਦੂਜੇ ਹਫਤੇ ਦਾ ਪ੍ਰੋਗਰਾਮ ਵੀ ਸਫਲ ਰਿਹਾ। ਇਹ ਪ੍ਰੋਗਰਾਮ 2 ਮਈ ਨੂੰ ਆਰੰਭ ਹੋਇਆ ਸੀ ਅਤੇ ਅਗੋਂ 16 ਮਈ ਅਤੇ 6 ਜੂਨ ਨੂੰ ਵੀ ਕਥਾ ਦਾ ਪ੍ਰੋਗਰਾਮ ਹੈ। ਇਸ ਕਥਾ ਪ੍ਰੋਗਰਾਮ ਦਾ ਨੌਜਵਾਨ ਬੱਚੇ-ਬੱਚੀਆਂ ਨੇ ਭਰਪੂਰ ਲਾਭ ਉਠਾਇਆ।

ਭਾਈ ਜਤਿੰਦਰਪਾਲ ਸਿੰਘ ਵਲੋਂ ਚਲਾਏ ਜਾ ਰਹੇ ਇਸ ਪ੍ਰੋਗਰਾਮ ਦੇ ਅਖੀਰ 'ਤੇ ਨਵਨੀਤ ਕੌਰ ਰਿਆੜ, ਹਰਪ੍ਰੀਤ ਕੌਰ, ਨਵਦੀਪ ਕੌਰ ਰਿਆੜ ਅਤੇ ਜਸਪ੍ਰੀਤ ਢਿਲੋਂ ਨੇ ਇਸ ਕਥਾ ਪ੍ਰੋਗਰਾਮ ਬਾਰੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ। ਬੱਚਿਆਂ ਲਈ ਪੀਜ਼ੇ ਅਤੇ ਮੈਕਸੀਕਨ ਖਾਣੇ ਦਾ ਵਿਸ਼ੇਸ਼ ਇੰਤਜ਼ਾਮ ਕੀਤਾ ਗਿਆ ਸੀ। ਅਗਲਾ ਪ੍ਰੋਗਰਾਮ 16 ਮਈ ਨੂੰ ਬਾਅਦ ਦੁਪਹਿਰ 3 ਤੋਂ 5.30 ਤਕ ਹੋਵੇਗਾ। ਹੋਰ ਜਾਣਕਾਰੀ ਫੋਨ 510-501-4648 'ਤੇ ਲਈ ਜਾ ਸਕਦੀ ਹੈ।



# ਕੈਪਟਨ ਨੂੰ ਮਿਲੇ ਹੁੰਗਾਰੇ ਤੋਂ ਅਕਾਲੀ ਫ਼ਿਕਰਮੰਦ

ਕੀਤਾ ਹੈ। ਹਾਕਮ ਧਿਰ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਬਾਰੇ ਟਿੱਪਣੀ ਕਰਕੇ ਉਸ ਨੂੰ ਲੋਕਾਂ ਵਿਚ ਉਭਾਰਨਾ ਨਹੀਂ ਚਾਹੁੰਦੀ ਸੀ। ਇਹ ਵੀ ਕਿਹਾ ਗਿਆ ਸੀ ਕਿ ਕੈਪਟਨ ਤਾਂ ਵਿਧਾਨ ਸਭਾ ਵਿਚ ਪਹਿਲਾਂ ਵੀ ਆਉਂਦੇ ਹੀ ਨਹੀਂ ਸਨ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਨਾਂਹ ਦੇ ਬਰਾਬਰ ਸੀ। ਹੁਣ ਅੰਮ੍ਰਿਤਸਰ ਫੇਰੀ ਬਾਅਦ ਪਹਿਲੀ ਵਾਰ ਹਾਕਮ ਧਿਰ ਦੇ ਤਰਜਮਾਨ ਨੇ 10 ਮਈ ਨੂੰ ਇਥੇ ਬਾਕਾਇਦਾ ਟਿੱਪਣੀ ਕਰਦੇ ਹੋਏ ਕਿਹਾ ਹੈ ਕਿ ਕੈਪਟਨ ਦੀ ਅੰਮ੍ਰਿਤਸਰ ਫੇਰੀ ਨੂੰ ਕੋਈ ਖਾਸ ਹੁੰਗਾਰਾ ਨਹੀਂ ਮਿਲਿਆ। ਤਰਜਮਾਨ ਨੇ ਇਹ ਵੀ ਕਿਹਾ ਕਿ ਹਾਕਮ ਧਿਰ ਦੇ ਫਤਹਿਗੜ੍ਹ ਸਾਹਿਬ ਦੇ ਸਮਾਗਮਾਂ ਵਿਚ ਇਸ ਨਾਲੋਂ ਵੱਧ ਇਕੱਠ ਸੀ। ਹਾਕਮ ਧਿਰ ਇਹ ਤਾਂ ਮੰਨਦੀ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੇ ਸਵਾਗਤ ਲਈ 40 ਹਜ਼ਾਰ ਬੰਦਾ ਪੁੱਜਾ ਹੋਇਆ ਸੀ ਪਰ ਨਾਲ ਹੀ ਇਹ ਕਹਿੰਦੀ ਹੈ ਕਿ ਇਹ ਸਾਰਾ ਸ਼ੋਅ ਘੜਿਆ-ਘੜਾਇਆ ਸੀ, ਲੋਕਾਂ ਦਾ ਜਜ਼ਬਾਤੀ ਹੁੰਗਾਰਾ ਨਹੀਂ ਸੀ।

ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘ ਦੇ ਹਮਾਇਤੀਆਂ ਦਾ ਕਹਿਣਾ ਹੈ ਕਿ ਜੇਕਰ ਸਵਾਗਤ ਲਈ ਏਨੇ ਹਮਾਇਤੀ ਆ ਸਕਦੇ ਹਨ ਤਾਂ ਜਥੇਬੰਦਕ ਤਿਆਰੀ ਨਾਲ ਕੀਤੀ ਰੈਲੀ ਦੇ ਹੁੰਗਾਰੇ ਦਾ ਅੰਦਾਜ਼ਾ ਆਪੇ ਹੀ ਲਾਇਆ ਜਾ ਸਕਦਾ ਹੈ। ਮਾਝੇ ਦੇ ਇਕ ਸੀਨੀਅਰ ਅਕਾਲੀ ਆਗੂ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਮਿਲੇ ਹੁੰਗਾਰੇ ਨੂੰ ਪ੍ਰਵਾਨ ਕਰਦੇ ਹੋਏ ਕਿਹਾ ਹੈ ਕਿ ਇਸ ਦਾ ਕਾਰਨ ਇਹ ਵੀ ਹੈ ਕਿ ਕੈਪਟਨ ਅਮਰਿੰਦਰ ਸਿੰਘ ਤੋਂ ਇਲਾਵਾ ਮਾਝੇ ਵਿਚ ਕਿਸੇ ਹੋਰ ਸੀਨੀਅਰ ਕਾਂਗਰਸੀ ਆਗੂ ਦੀ ਪੁਛ ਪ੍ਰਤੀਤ ਹੀ ਨਹੀਂ ਹੈ।

ਮਾਝੇ ਦੇ ਕਾਂਗਰਸੀ ਆਗੂਆਂ ਦਾ ਕਹਿਣਾ ਹੈ ਕਿ ਅਤਿ ਦੀ ਗਰਮੀ ਹੋਣ ਦੇ ਬਾਵਜੂਦ ਕਿਸੇ ਨੇਤਾ ਦਾ ਏਨਾ ਵੱਡਾ ਸਵਾਗਤ ਆਪਣੇ ਆਪ ਵਿਚ ਮਹੱਤਵਪੂਰਨ ਗੱਲ ਹੈ। ਸ਼੍ਰੋਮਣੀ ਅਕਾਲੀ ਦਲ ਲਈ ਖਤਰੇ ਦੀ ਘੰਟੀ ਤਾਂ ਇਹ ਹੈ ਕਿ ਸਾਬਕਾ ਮੁੱਖ ਮੰਤਰੀ ਦਾ ਸਵਾਗਤ ਕਰਨ ਵਾਲੇ ਇਕੱਠ ਵਿਚ 80 ਪ੍ਰਤੀਸ਼ਤ ਕਿਸਾਨੀ ਸੀ। ਮਾਝਾ ਅਜਿਹਾ ਖੇਤਰ ਹੈ ਜਿਸ ਨੇ ਇਸ ਵਾਰ ਅਕਾਲੀ ਦਲ ਦੀ ਸਰਕਾਰ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਇਸ ਇਕੱਠ ਵਿਚ ਗੱਡੀਆਂ ਦੀ ਭਰਮਾਰ ਤੋਂ ਇਲਾਵਾ ਟਰੈਕਟਰ-ਟਰਾਲੀਆਂ ਦਾ ਵੱਡਾ ਕਾਫਲਾ ਵੀ ਸੀ ਜਿਸ ਤੋਂ ਕਿਸਾਨੀ ਦੇ ਹੁੰਗਾਰੇ ਦਾ ਪਤਾ ਲਗਦਾ ਹੈ।

# ਜੀ ਪੰਜਾਬ ਦੇ ਸੀ ਈ ਓ ਜਸਪਾਲ ਸ਼ੇਤਰਾ ਦਾ ਸਨਮਾਨ

**ਟਰੇਸੀ, ਕੈਲੀਫੋਰਨੀਆ (ਹਰਜਿੰਦਰ ਹੈਪੀ):** ਨਵੇਂ ਸ਼ੁਰੂ ਹੋਏ ਜੀ ਪੰਜਾਬ ਸਾਡਾ ਚੈਨਲ ਦੇ ਮੁੱਖ ਕਾਰਜਕਾਰੀ ਅਧਿਕਾਰੀ ਸ੍ਰੀ ਜਸਪਾਲ ਸ਼ੇਤਰਾ ਦਾ ਇਥੇ ਪੰਜਾਬੀ ਕਲਚਰਲ ਕਲੱਬ ਵਲੋਂ ਸੰਸਾਰ ਰੈਸਟੋਰੈਂਟ ਵਿਚ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਮੌਕੇ ਬੋਲਦਿਆਂ ਸ੍ਰੀ ਸ਼ੇਤਰਾ ਨੇ ਇਸ ਟੀ ਵੀ ਚੈਨਲ ਬਾਰੇ ਵਿਸਤਾਰ ਨਾਲ ਜਾਣਕਾਰੀ ਦਿੰਦਿਆਂ ਸਰੋਤਿਆਂ ਪਾਸੋਂ ਇਸ ਨੂੰ ਹੋਰ ਬਿਹਤਰ ਬਣਾਉਣ ਲਈ ਸੁਝਾਅ ਮੰਗੇ।

ਇਹ ਸਮਾਗਮ ਉਘੇ ਕਬੱਡੀ ਪ੍ਰੋਮੋਟਰ ਕਾਲਾ ਟਰੇਸੀ ਵਲੋਂ ਆਯੋਜਿਤ ਕੀਤਾ ਗਿਆ ਸੀ ਜਿਸ ਵਿਚ ਮਨਦੀਪ ਸਿੰਘ ਥਿਆੜਾ, ਭੁਪਿੰਦਰ ਸਿੰਘ ਸਿੱਧੂ, ਛਿੰਦਾ ਅਟਵਾਲ, ਰਘਵੀਰ ਸਿੰਘ ਸ਼ੇਰਗਿੱਲ, ਤਰਨਜੀਤ ਸਿੰਘ ਸੰਧੂ, ਹਰਜਿੰਦਰ ਸਿੰਘ ਟਰੇਸੀ ਅਤੇ ਹਰਜਿੰਦਰ ਸਿੰਘ ਦੁਸਾਂਝ ਤੋਂ ਇਲਾਵਾ ਚੈਨਲ ਦੇ ਕੈਲੀਫੋਰਨੀਆ ਤੋਂ ਪ੍ਰਤੀਨਿਧ ਮਨਦੀਪ ਮਾਨ ਵੀ ਹਾਜ਼ਰ ਸਨ।

ਇਸ ਸਮਾਗਮ ਦੀ ਰਿਪੋਰਟ ਅਗਲੇ ਦਿਨਾਂ ਵਿਚ ਡਿਸ਼ ਨੈਟਵਰਕ ਦੇ ਚੈਨਲ 621 ਉਤੇ ਦੇਖੀ ਜਾ ਸਕੇਗੀ।



*ਸ੍ਰੀ ਜਸਪਾਲ ਸ਼ੇਤਰਾ ਪੰਜਾਬੀ ਕਲਚਰਲ ਕਲੱਬ ਅਹੁਦੇਦਾਰਾਂ ਨਾਲ*












## ਗੁਰਦੁਆਰਾ ਮਨਟੀਕਾ ਦੀ ਘਟਨਾ

# "ਧਰਮ ਸਰਮ ਦੋਇ ਛਪ ਖਲੋਏ ਕੂੜਿ ਫਿਰੈ ਪ੍ਰਧਾਨ ਵੇ ਲਾਲੋ"

**ਸਟਾਕਟਨ (ਪੰਜਾਬ ਟਾਈਮਜ਼ ਬਿਊਰੋ):** ਜਦੋਂ ਗੁਰੂ ਦੇ ਵਜ਼ੀਰ, ਪ੍ਰਚਾਰਕ ਅਤੇ ਕੀਰਤਨੀਏ ਅਖਵਾਉਣ ਵਾਲੇ ਹੀ ਧਰਮ-ਇਖਲਾਕ ਤੋਂ ਡਿਗ ਪੈਣ ਅਤੇ ਪ੍ਰਬੰਧਕ ਅਜਿਹੇ ਲੋਕਾਂ ਨੂੰ ਗੁਰੂ ਰੂਪ ਸੰਗਤ ਸਾਹਮਣੇ ਪੇਸ਼ ਕਰ ਕੇ ਸਜ਼ਾ ਦੇਣ ਦੀ ਥਾਂ ਉਨ੍ਹਾਂ ਦੇ ਕੁਕਰਮਾਂ 'ਤੇ ਪੋਚੇ ਪਾਉਣ ਲਗ ਜਾਣ ਤਾਂ ਬਾਬੇ ਨਾਨਕ ਦੇ ਇਹ ਸ਼ਬਦ ਚੇਤੇ ਆਉਣੇ ਸੁਭਾਵਿਕ ਹਨ, "ਧਰਮ ਸਰਮ ਦੋਇ ਛਪ ਖਲੋਏ ਕੂੜਿ ਫਿਰੈ ਪ੍ਰਧਾਨ ਵੇ ਲਾਲੋ॥"

ਜਰਾ ਸੋਚੋ, ਕੋਈ ਪਰਿਵਾਰ ਆਪਣੇ ਬੱਚਿਆਂ ਨੂੰ ਸਿੱਖੀ ਅਤੇ ਗੁਰਬਾਣੀ ਨਾਲ ਜੋੜਨ ਲਈ ਸ਼ਬਦ-ਕੀਰਤਨ ਸਿੱਖਣ ਲਈ ਕਿਸੇ ਗੁਰੂਘਰ ਵਿਚ ਕੀਰਤਨੀਏ ਪਾਸ ਭੇਜੇ ਅਤੇ ਕੀਰਤਨੀਆ ਉਸ ਪਰਿਵਾਰ ਦੀ ਬਰਬਾਦੀ ਦਾ ਹੀ ਸਬੱਬ ਬਣ ਜਾਵੇ, ਅਜਿਹੇ ਵਿਚ ਇਹ ਸੋਚ ਸਹਿਜ ਭਾਅ ਹੀ ਆ ਜਾਂਦੀ ਹੈ ਕਿ ਕੀ ਸਾਡੇ ਬੱਚੇ ਅਜਿਹੇ ਕਿਸੇ ਥਾਂ ਸੁਰੱਖਿਅਤ ਹਨ? ਹੈਰਾਨੀ ਦੀ ਗੱਲ ਇਹ ਵੀ ਹੈ ਕਿ ਜਿਸ ਥਾਂ ਦੀ ਅਗੇ ਚਰਚਾ ਕੀਤੀ ਜਾਏਗੀ, ਉਸ ਥਾਂ ਦੇ ਪ੍ਰਬੰਧਕ ਮਹਾਨ ਯੋਧੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਕਰ ਕੇ ਜਗਤ ਪ੍ਰਸਿਧ ਦਮਦਮੀ ਟਕਸਾਲ ਨਾਲ ਹੀ ਆਪਣੇ ਆਪ ਨੂੰ ਜੋੜਦੇ ਹਨ।

ਇਕ ਪਰਿਵਾਰ ਕੁਝ ਉਦਾਸ, ਚਿਹਰੇ 'ਤੇ ਕਿਸੇ ਚਿੰਤਾ ਦੇ ਨਿਸ਼ਾਨ ਲੈ ਕੇ ਗੁਰੂਘਰ ਨਤਮਸਤਕ ਹੋਣ ਲਈ ਆਇਆ ਤਾਂ ਕਿਸੇ ਨੂੰ ਨਹੀਂ ਸੀ ਪਤਾ ਕਿ ਇਹ ਪਰਿਵਾਰ ਗੁਰੂ ਦੇ ਦਰਸ਼ਨਾਂ ਦੀ ਤਾਂਘ ਦੇ ਨਾਲ ਨਾਲ ਗੁਰਦੁਆਰਾ ਮਨਟੀਕਾ ਦੀ ਪ੍ਰਬੰਧਕ ਕਮੇਟੀ ਕੋਲ ਆਪਣੀ ਇੱਜਤ ਬਚਾਉਣ ਦੀ ਫਰਿਆਦ ਵੀ ਲੈ ਕੇ ਆਇਆ। ਇਹ ਘਟਨਾ 10 ਅਪਰੈਲ ਦੀ ਹੈ। ਇਕ ਸਿੰਘ ਅਤੇ ਉਸ ਦੇ ਪਿਤਾ, ਜਿਨ੍ਹਾਂ ਦੇ ਚਿਹਰਿਆਂ ਤੋਂ ਮਾਯੂਸੀ ਅਤੇ ਉਦਾਸੀ ਡੁਲ-ਡੁਲ ਪੈਂਦੀ ਸੀ, ਨੇ ਕੈਲੀਫੋਰਨੀਆ ਦੀ ਸੈਂਟਰਲ ਵੈਲੀ ਵਿਚ ਸਥਿਤ ਗੁਰਦੁਆਰਾ ਗੁਰਮਤਿ ਪ੍ਰਕਾਸ਼, ਮਨਟੀਕਾ ਦੇ ਪ੍ਰਬੰਧਕਾਂ ਨੂੰ ਆਪਣੀ ਵਿਥਿਆ ਸੁਣਾਈ ਤਾਂ ਪ੍ਰਬੰਧਕਾਂ ਨੇ ਆਪਣੇ ਇਕ ਪ੍ਰਚਾਰਕ



*ਗੁਰਦਿਆਲ ਸਿੰਘ*

ਦੇ ਕੁਕਰਮਾਂ 'ਤੇ ਪਰਦੇ ਪਾਉਂਦਿਆਂ ਇਸ ਮਾਮਲੇ ਨੂੰ ਰਫਾ-ਦਫਾ ਕਰਨ ਦੀ ਪੂਰੀ ਪੂਰੀ ਕੋਸ਼ਿਸ਼ ਕੀਤੀ। ਜਦੋਂ ਇਹ ਗੱਲ ਪ੍ਰਬੰਧਕਾਂ ਤੋਂ ਬਾਹਰ ਸੰਗਤ ਵਿਚ ਆਈ ਤਾਂ ਗੁਰੂਘਰ ਦੇ ਸ਼ਰਧਾਲੂਆਂ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਕਿ ਜਿਥੇ ਲੋਕ ਆ ਕੇ ਆਪਣੀਆਂ ਮਨੋ-ਕਾਮਨਾਵਾਂ ਪੂਰੀਆਂ ਕਰਨ ਲਈ ਗੁਰੂ ਅਗੇ ਅਰਦਾਸ ਕਰਦੇ ਹਨ ਅਤੇ ਜਿਥੇ ਆਪਣੇ ਪਰਿਵਾਰਾਂ ਨੂੰ ਸੁਰੱਖਿਅਤ ਮਹਿਸੂਸ ਕਰਦੇ ਹਨ, ਉਥੋਂ ਦੇ ਇਕ ਗ੍ਰਿਹਸਥੀ ਕੀਰਤਨੀਏ ਨੇ ਇਕ ਵਿਆਹੁਤਾ ਬਾਲ-ਬੱਚੇਦਾਰ ਬੀਬੀ ਨੂੰ ਵਰਗਲਾ ਕੇ ਉਸ ਨਾਲ ਨਾਜਾਇਜ਼ ਸਬੰਧ ਬਣਾਏ ਹੋਏ ਹਨ। ਸਿਤਮ ਦੀ ਗੱਲ ਤਾਂ ਇਹ ਹੈ ਕਿ ਇਸ ਪ੍ਰਚਾਰਕ ਗੁਰਦਿਆਲ ਸਿੰਘ ਵਲੋਂ ਸੰਗਤ ਵਿਚ ਆਪਣਾ ਗੁਨਾਹ ਕਬੂਲ ਕਰ ਲਏ ਜਾਣ ਦੇ ਬਾਵਜੂਦ ਹੈਡ ਗ੍ਰੰਥੀ ਅਤੇ ਪ੍ਰਬੰਧਕ ਇਸ ਗੱਲ ਤੋਂ ਇਨਕਾਰੀ ਹੀ ਨਹੀਂ ਰਹੇ ਸਗੋਂ ਉਸ ਨੂੰ ਜਤੀ-ਸਤੀ ਅਤੇ ਸੰਤ ਸੂਰਮਾ ਹੋਣ ਦੀਆਂ ਉਪਾਧੀਆਂ ਵੀ ਦਿੰਦੇ ਰਹੇ। ਗੁਰੂ ਘਰ ਦਾ ਹੈਡਗ੍ਰੰਥੀ ਤਾਂ ਇਹ ਵੀ ਕਹਿੰਦਾ ਸੁਣਿਆ ਗਿਆ ਕਿ ਗੁਰਦਿਆਲ ਸਿੰਘ ਉਤੇ ਦੋਸ਼ ਲਾਉਣਾ ਸੂਰਜ ਉਤੇ ਥੁਕਣ ਬਰਾਬਰ ਹੈ। ਦਿਲਚਸਪ ਗੱਲ ਤਾਂ ਇਹ ਹੈ ਕਿ ਇਸ ਪ੍ਰਚਾਰਕ ਦਾ ਆਪਣਾ ਪਰਿਵਾਰ ਹੈ ਜੋ ਇੰਡੀਆ ਰਹਿੰਦਾ ਹੈ।

ਸੂਤਰਾਂ ਅਨੁਸਾਰ ਗੁਰਦਿਆਲ ਸਿੰਘ ਤਾਂ ਇਹ ਕਹਿਣ ਦੀ ਹਿਮਾਕਤ ਵੀ ਕਰ ਰਿਹਾ ਸੀ ਕਿ ਉਸ ਦੇ ਚੰਡੀਗੜ੍ਹ ਰਹਿੰਦੀ ਇਕ ਬੀਬੀ ਨਾਲ ਵੀ ਲੰਮੇ ਸਮੇਂ ਤੋਂ ਸਬੰਧ ਹਨ ਅਤੇ ਉਸ ਨੇ ਅਜੇ ਤੱਕ ਵੀ ਵਿਆਹ ਨਹੀਂ ਕਰਵਾਇਆ। ਉਹ ਆਪਣੀ ਹੈਂਕੜ ਵਿਚ ਬੋਲਦਾ ਗਿਆ ਅਤੇ ਪ੍ਰਬੰਧਕ ਉਸ ਨੂੰ ਸਹਿੰਦੇ ਰਹੇ। ਬਆਦ ਵਿਚ ਸੰਗਤਾਂ ਜਦੋਂ ਪੰਚਾਇਤ ਰੂਪ ਵਿਚ ਬੈਠੀਆਂ ਅਤੇ ਗੱਲ ਆਹਮੋ-ਸਾਹਮਣੇ ਹੋਈ ਤਾਂ ਗੁਰਦਿਆਲ ਸਿੰਘ ਨੇ ਸਭ ਦੀ ਹਾਜ਼ਰੀ ਵਿਚ ਇਹ ਗੱਲ ਕਬੂਲ ਕੀਤੀ ਕਿ ਉਹ ਦੋਸ਼ੀ ਹੈ ਅਤੇ ਉਸ ਪਾਸੋਂ ਗਲਤੀ ਹੋਈ ਹੈ। ਉਸ ਇਹ ਵੀ ਕਿਹਾ ਕਿ ਮੈਂ ਵੀ ਹੱਡ ਮਾਸ ਦਾ ਪੁਤਲਾ ਹਾਂ ਤੇ ਮੇਰੇ ਤੋਂ ਵੀ ਗਲਤੀ ਹੋ ਸਕਦੀ ਹੈ, ਗੁਰੂ ਬਖ਼ਸ਼ਣਹਾਰ ਹੈ। ਉਸ ਵੇਲੇ ਹੈਡ ਗ੍ਰੰਥੀ ਨੇ ਵੀ ਕਬੂਲ ਕੀਤਾ ਕਿ ਉਸ ਨੂੰ ਇਸ ਸਾਰੇ ਮਾਮਲੇ ਦੀ ਦੋ ਮਹੀਨੇ ਤੋਂ ਜਾਣਕਾਰੀ ਸੀ ਅਤੇ ਉਹ ਗੁਰਦਿਆਲ ਸਿੰਘ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਜਦੋਂ ਸੰਗਤ ਨੇ ਉਸ ਨੂੰ ਪੁਛਿਆ ਕਿ ਜੇ ਉਸ ਨੂੰ ਪਤਾ ਸੀ ਤਾਂ ਫਿਰ ਉਸ ਨੇ ਸੰਗਤ ਅਤੇ ਗੁਰੂ ਪ੍ਰਤੀ ਕੀ ਜ਼ਿੰਮੇਵਾਰੀ ਨਿਭਾਈ? ਉਸ ਪਾਸ ਕੋਈ ਜਵਾਬ ਨਹੀਂ ਸੀ।

ਜਦੋਂ ਸਾਰੀ ਗੱਲ ਸਪਸ਼ਟ ਹੋ ਗਈ ਤਾਂ ਪੀੜਿਤ ਪਰਿਵਾਰ ਨੂੰ ਪੁੱਛਿਆ ਗਿਆ ਕਿ ਉਹ ਕੀ ਚਾਹੁੰਦੇ ਹਨ? ਉਨ੍ਹਾਂ ਨੇ ਬੜੀ ਨਿਮਰਤਾ ਨਾਲ ਕਿਹਾ, "ਸਾਡੀ ਇੱਜ਼ਤ ਤਾਂ ਮਿੱਟੀ ਘੱਟੇ ਰੁਲ ਹੀ ਗਈ ਹੈ ਪਰ ਕੌਮ ਦੀ ਇੱਜ਼ਤ ਨੂੰ ਢਕ ਕੇ ਰਖਿਆ ਜਾਵੇ ਅਤੇ ਇਸ ਗੱਲ ਦਾ ਨਿਪਟਾਰਾ ਅੰਦਰ ਬੈਠ ਕੇ ਹੀ ਹੋ ਜਾਵੇ। ਦੋਸ਼ੀ ਨੂੰ ਸਜ਼ਾ ਗੁਰਮਤਿ ਅਨੁਸਾਰ ਲਾਈ ਜਾਵੇ। ਪੀੜਿਤ ਪਰਿਵਾਰ ਨੇ ਸਾਰਾ ਫੈਸਲਾ ਹੈਡ ਗ੍ਰੰਥੀ ਅਤੇ ਗੁਰੂ ਘਰ ਦੇ ਪ੍ਰਬੰਧਕਾਂ ਉਤੇ ਛੱਡ ਦਿੱਤਾ। ਇਸ ਮੌਕੇ ਸਾਰੀ ਸੰਗਤ ਦਾ ਫੈਸਲਾ ਸੀ ਕਿ ਇਕ ਪ੍ਰਚਾਰਕ ਹੋ ਕੇ ਗੁਰਦਿਆਲ ਸਿੰਘ ਨੇ ਬਹੁਤ ਮਾੜਾ ਕੰਮ ਕੀਤਾ ਹੈ। ਸੰਗਤੀ ਰੂਪ ਵਿਚ ਫੈਸਲਾ ਹੋਇਆ ਕਿ ਗੁਰਦਿਆਲ ਸਿੰਘ ਪੰਜ ਸਿੰਘਾਂ ਅਤੇ ਕੁਝ ਬੀਬੀਆਂ ਤੇ ਹੈਡ ਗ੍ਰੰਥੀ ਨੂੰ ਲੈ ਕੇ ਸਬੰਧਤ ਪਰਿਵਾਰ ਦੇ ਘਰ ਜਾ ਕੇ ਆਪਣੀ ਗਲਤੀ ਲਈ ਮੁਆਫੀ ਮੰਗੇ ਅਤੇ ਅੱਗੇ ਤੋਂ ਗੁਰਮਤਿ ਅਨੁਸਾਰ ਭੈਣਾਂ-ਭਰਾਵਾਂ ਵਾਲੇ ਰਿਸ਼ਤੇ ਦਾ ਹਲਫ ਲਵੇ।

ਇਸ ਫੈਸਲੇ ਉਪਰੰਤ ਪੰਚਾਇਤ ਵਿਚ ਬੈਠੀਆਂ ਸੰਗਤਾਂ ਆਪਣੇ ਘਰਾਂ ਨੂੰ ਚਲੇ ਗਈਆਂ ਤਾਂ ਗੁਰਦਿਆਲ ਸਿੰਘ ਨੇ ਉਸ ਪਰਿਵਾਰ ਦੇ ਘਰ ਜਾਣ ਤੋਂ ਇਨਕਾਰ ਕਰ ਦਿੱਤਾ। ਪ੍ਰਬੰਧਕਾਂ ਨੇ ਉਸ ਉਤੇ ਦਬਾਅ ਪਾਉਣ ਦੀ ਥਾਂ ਸਭੇ ਮਰਿਆਦਾਵਾਂ ਛਿੱਕੇ ਟੰਗ ਕੇ ਸੰਗਤ ਵਿਚ ਇਹ ਪ੍ਰਚਾਰ ਕਰਨਾ ਵੀ ਸ਼ੁਰੂ ਕਰ ਦਿੱਤਾ ਕਿ ਗੁਰਦਿਆਲ ਸਿੰਘ ਤਾਂ ਜਤੀ-ਸਤੀ ਅਤੇ ਸੰਤ ਸੂਰਮਾ ਹੈ, ਕੁਝ ਲੋਕ ਸਵਾਰਥੀ ਹਿੱਤਾਂ ਕਰਕੇ ਜਾਣ ਬੁੱਝ ਕੇ ਟਕਸਾਲ ਨੂੰ ਬਦਨਾਮ ਕਰ ਰਹੇ ਹਨ। ਸੰਗਤ ਦੇ ਕੁਝ ਮੈਂਬਰਾਂ ਦਾ ਕਹਿਣਾ ਹੈ ਕਿ ਇਸ ਤੋਂ ਬਆਦ ਪ੍ਰਬੰਧਕਾਂ ਨੇ ਗੁਰਦਿਆਲ ਸਿੰਘ ਦੀ ਪਿੱਠ ਪੂਰਦਿਆਂ ਉਸ ਨੂੰ ਨਾ ਸਿਰਫ ਗੁਰੂ ਘਰ ਵਿਚ ਰਿਹਾਇਸ਼ ਹੀ ਦਿੱਤੀ ਸਗੋਂ ਸੰਗਤ ਵਿਚ ਸਟੇਜ ਤੋਂ ਕੀਰਤਨ ਕਰਨ ਦੀ ਖੁੱਲ੍ਹ ਵੀ ਦਿੱਤੀ।

ਇਸੇ ਦੌਰਾਨ ਜਦੋਂ ਗੁਰਦੁਆਰਾ ਗੁਰਮਤਿ ਪ੍ਰਕਾਸ਼ ਦੇ ਜਨਰਲ ਸਕੱਤਰ ਸ. ਤੀਰਥ ਸਿੰਘ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਨੇ ਕੁਝ ਵੀ ਕਹਿਣ ਤੋਂ ਇਨਕਾਰ ਕਰਦਿਆਂ ਨਵੇਂ ਪ੍ਰਧਾਨ ਨਾਲ ਗੱਲ ਕਰਨ ਲਈ ਆਖਿਆ। ਜ਼ਿਕਰਯੋਗ ਹੈ ਕਿ ਉਪਰੋਕਤ ਘਟਨਾ ਤੋਂ ਬਾਅਦ ਪਹਿਲੇ ਪ੍ਰਧਾਨ ਜਰਨੈਲ ਸਿੰਘ ਅਸਤੀਫਾ ਦੇ ਗਏ ਸਨ ਅਤੇ ਉਨ੍ਹਾਂ ਦੀ ਥਾਂ ਭਾਈ ਵਰਿੰਦਰ ਸਿੰਘ ਪ੍ਰਧਾਨ ਬਣਾਏ ਗਏ ਹਨ।

ਭਾਈ ਵਰਿੰਦਰ ਸਿੰਘ ਨੇ ਇਸ ਗੱਲੋਂ ਇਨਕਾਰ ਕੀਤਾ ਕਿ ਕਿਸੇ ਵੀ ਵੇਲੇ ਪ੍ਰਬੰਧਕਾਂ ਨੇ ਗੁਰਦਿਆਲ ਸਿੰਘ ਦੀ ਤਰਫਦਾਰੀ ਕੀਤੀ ਹੈ ਪਰ ਉਨ੍ਹਾਂ ਇਹ ਮੰਨਿਆ ਕਿ ਹੈਡ ਗ੍ਰੰਥੀ ਨੇ ਗੁਰਦਿਆਲ ਸਿੰਘ ਅਤੇ ਬੀਬੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਅਤੇ ਹੈਡ ਗ੍ਰੰਥੀ ਨੂੰ ਇਸ ਮਾਮਲੇ ਦਾ ਪਤਾ ਸੀ। ਉਨ੍ਹਾਂ ਕਿਹਾ ਕਿ ਜਦੋਂ 10 ਅਪਰੈਲ ਨੂੰ ਪੰਚਾਇਤ ਜੁੜੀ ਉਸ ਸਮੇਂ ਪ੍ਰਬੰਧਕ ਕਮੇਟੀ ਹਾਜਰ ਨਹੀਂ ਸੀ। ਭਾਈ ਵਰਿੰਦਰ ਸਿੰਘ ਨੇ ਆਖਿਆ ਕਿ ਗੁਰਦਿਆਲ ਸਿੰਘ ਨੂੰ 12 ਅਪਰੈਲ ਤੋਂ ਬਾਅਦ ਗੁਰੂਘਰ ਨਹੀਂ ਵੜਨ ਦਿਤਾ ਗਿਆ ਅਤੇ ਨਾ ਹੀ ਮੁੜ ਕਦੇ ਵੜਨ ਦਿਤਾ ਜਾਏਗਾ। ਉਨ੍ਹਾਂ ਇਸ ਘਟਨਾ 'ਤੇ ਅਫਸੋਸ ਜਾਹਰ ਕਰਦਿਆਂ ਆਖਿਆ ਕਿ ਕੁਝ ਲੋਕਾਂ ਵਲੋਂ ਇਸ ਮਾਮਲੇ ਨੂੰ ਲੋੜ ਤੋਂ ਵੱਧ ਤੂਲ ਦਿਤੀ ਜਾ ਰਹੀ ਹੈ।

ਇਸ 'ਜਤੀ-ਸਤੀ' ਅਖੌਤੀ ਸਾਧੂ ਸੰਤ ਦਾ ਭਾਂਡਾ ਉਦੋਂ ਭੱਜਾ ਜਦੋਂ ਕੋਈ ਦੋ ਹਫਤੇ ਪਹਿਲਾਂ ਉਹ ਇਸ ਬੀਬੀ ਨੂੰ ਲੈ ਕੇ ਰਫੂਚੱਕਰ ਹੋ ਗਿਆ। ਇਸ ਘਟਨਾ ਨਾਲ ਸਬੰਧਤ ਪਰਿਵਾਰ ਦੀ ਇੱਜਤ ਤਾਂ ਘੱਟੇ ਰੁਲ ਹੀ ਗਈ ਪਰ ਗੁਰਦਿਆਲ ਸਿੰਘ ਦੀ ਅਸਲੀਅਤ ਸਾਹਮਣੇ ਆ ਗਈ।

ਹੋਇਆ ਇਹ ਕਿ ਪਰਿਵਾਰ ਨੇ ਪਹਿਲਾਂ ਬੀਬੀ ਨੂੰ ਆਪਣੇ ਜਵਾਨ ਹੋ ਰਹੇ ਧੀਆਂ-ਪੁੱਤਰਾਂ ਦਾ ਵਾਸਤਾ ਦੇ ਕੇ ਸਮਝਾਉਣ ਦੀ ਕੋਸ਼ਿਸ਼ ਕੀਤੀ ਜਿਸ ਪ੍ਰਤੀ ਬੀਬੀ ਨੇ ਕੁਝ ਹੁੰਗਾਰਾ ਵੀ ਭਰਿਆ ਅਤੇ ਉਸ ਪਿਛੋਂ ਮਾਮਲੇ ਨੂੰ ਠੰਡਾ ਪਾਉਣ ਲਈ ਬੀਬੀ ਨੂੰ ਕੁਝ ਸਮੇਂ ਲਈ ਅਮਰੀਕਾ ਤੋਂ ਬਾਹਰ ਕਿਸੇ ਹੋਰ ਦੇਸ਼ ਆਪਣੇ ਰਿਸ਼ਤੇਦਾਰਾਂ ਪਾਸ ਭੇਜਣ ਦਾ ਫੈਸਲਾ ਕੀਤਾ। ਇਸ ਖਾਤਰ ਉਹ ਬੀਬੀ ਨੂੰ ਲਾਸ ਏਂਜਲਸ ਏਅਰਪੋਰਟ 'ਤੇ ਜਹਾਜ਼ ਵਿਚ ਬਿਠਾ ਵੀ ਆਏ ਪਰ ਜਦੋਂ ਕਿਸੇ ਦੀ ਮੱਤ ਹੀ ਮਾਰੀ ਜਾਵੇ ਤਾਂ ਕੋਈ ਕੀ ਕਰ ਸਕਦਾ ਹੈ। ਬੀਬੀ ਨੇ ਜਹਾਜ਼ ਦੇ ਐਨ ਤੁਰਨ ਸਮੇਂ ਬੀਮਾਰ ਹੋਣ ਦਾ ਨਾਟਕ ਰਚਿਆ ਅਤੇ ਜਹਾਜ਼ ਤੋਂ ਉਤਰ ਕੇ ਮੁੜ ਘਰ ਨਹੀਂ ਪਰਤੀ। ਪਰਿਵਾਰ ਨੂੰ ਮਿਲੇ ਸੰਕੇਤਾਂ ਅਨੁਸਾਰ ਉਹ ਗੁਰਦਿਆਲ ਸਿੰਘ ਦੇ ਨਾਲ ਹੈ ਅਤੇ ਘਰ ਵੀ ਪਰਤਣਾ ਚਾਹੁੰਦੀ ਹੈ।

ਸੰਗਤ ਵਿਚ ਇਹ ਚਰਚਾ ਹੈ ਕਿ ਜੇ ਪ੍ਰਬੰਧਕ ਅਤੇ ਹੈਡ ਗ੍ਰੰਥੀ ਸਿੱਖ ਕੌਮ ਅਤੇ ਟਕਸਾਲ ਦੇ ਨਾਂ ਨੂੰ ਵੱਟਾ ਲਾਉਣ ਵਾਲੇ ਇਸ ਸ਼ਖਸ ਵਿਰੁਧ ਸਖਤ ਕਾਰਵਾਈ ਕਰਦੇ ਤਾਂ ਇਕ ਪਰਿਵਾਰ ਉਜੜਨ ਤੋਂ ਬਚ ਜਾਂਦਾ ਅਤੇ ਸਿੱਖ ਕੌਮ ਦੀ ਬਦਨਾਮੀ ਵੀ ਨਾ ਹੁੰਦੀ। ਗੁਰੂ ਘਰ ਦਾ ਕੰਮ ਕੁਰਾਹੇ ਪਈ ਸੰਗਤ ਨੂੰ ਗੁਰੂ ਨਾਲ ਜੋੜਨ ਦਾ ਹੁੰਦਾ ਹੈ ਪਰ ਇਹੋ ਜਿਹੇ ਅਖੌਤੀ ਪ੍ਰਚਾਰਕ ਆਪ ਹੀ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਗੁਲਾਮ ਹਨ, ਕਿਸੇ ਨੂੰ ਕੀ ਰਾਹ ਪਾਉਣਗੇ। ਇਹ ਵੀ ਜ਼ਿਕਰਯੋਗ ਹੈ ਕਿ ਗੁਰੂਘਰ ਦੇ ਪ੍ਰਬੰਧਕ ਅਤੇ ਇਹ ਅਖੌਤੀ ਪ੍ਰਚਾਰਕ ਆਪਣੇ ਆਪ ਨੂੰ ਟਕਸਾਲ ਦੇ ਇਕ ਧੜੇ ਵਿਚੋਂ ਦੱਸਦੇ ਹਨ ਜੋ ਕਿ ਸੰਤ ਜਰਨੈਲ ਸਿੰਘ ਨੂੰ ਅਜੇ ਤੱਕ ਵੀ ਸ਼ਹੀਦ ਨਹੀਂ ਮੰਨਦਾ, ਜਦੋਂਕਿ ਸ੍ਰੀ ਅਕਾਲ ਤਖ਼ਤ ਵਲੋਂ ਸੰਤਾਂ ਨੂੰ ਸ਼ਹੀਦ ਕਰਾਰ ਦਿਤਾ ਜਾ ਚੁੱਕਾ ਹੈ।

## ਦਮਦਮੀ ਟਕਸਾਲ ਵਲੋਂ ਮਨਟੀਕੇ ਦੀ ਘਟਨਾ ਦੀ ਨਿਖੇਧੀ

**ਸਟਾਕਟਨ:** ਦਮਦਮੀ ਟਕਸਾਲ ਜਥਾ ਭਿੰਡਰਾਂ ਨੇ ਕਿਹਾ ਹੈ ਕਿ ਗੁਰਦੁਆਰਾ ਮਨਟੀਕਾ ਦੇ ਪ੍ਰਬੰਧਕਾਂ ਜਾਂ ਉਥੋਂ ਦੇ ਪ੍ਰਚਾਰਕਾਂ ਦਾ ਦਮਦਮੀ ਟਕਸਾਲ ਜਥਾ ਭਿੰਡਰਾਂ-ਮਹਿਤਾ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੈ। ਗੁਰਦੁਆਰਾ ਮਨਟੀਕਾ ਦੀ ਘਟਨਾ ਦੀ ਨਿਖੇਧੀ ਕਰਦਿਆਂ ਅਤੇ ਇਸ ਉਤੇ ਅਫਸੋਸ ਜਾਹਰ ਕਰਦਿਆਂ ਟਕਸਾਲ ਵਲੋਂ ਬਾਬਾ ਹਰਨਾਮ ਸਿੰਘ ਧੁੰਮਾ ਦੇ ਦਸਤਖ਼ਤਾਂ ਹੇਠ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਟਕਸਾਲ ਇਨ੍ਹਾਂ ਕੁਰੀਤੀਆਂ ਨੂੰ ਖਤਮ ਕਰਨ ਵਾਸਤੇ ਪੁਰਾਤਨ ਸਮੇਂ ਤੋਂ ਹੀ ਸੰਘਰਸ਼ਸ਼ੀਲ ਰਹੀ ਹੈ। ਗੁਰੂ ਘਰਾਂ ਦਾ ਕੰਮ ਸੰਗਤਾਂ ਨੂੰ ਗੁਰੂ ਘਰ ਨਾਲ ਅਤੇ ਸਿੱਖੀ ਨਾਲ ਜੋੜਨਾ ਹੈ ਨਾ ਕਿ ਤੋੜਨਾ।

ਬਿਆਨ ਵਿਚ ਸੰਗਤਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਮਾੜੇ ਕੁਕਰਮ ਕਰਨ ਵਾਲੇ ਅਨਸਰਾਂ ਤੋਂ ਸੁਚੇਤ ਰਹਿਣ ਅਤੇ ਉਨ੍ਹਾਂ ਨੂੰ ਮੂੰਹ ਨਾ ਲਾਉਣ। ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਅਜਿਹੇ ਲੋਕਾਂ ਵਿਰੁਧ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਗੁਰੂ ਘਰਾਂ ਵਿਚ ਸ਼ਰਨ ਨਾ ਦਿੱਤੀ ਜਾਵੇ।


## ਖੇਡ-ਖੇਡ 'ਚ ਫਾਂਸੀ, ਵਿਦਿਆਰਥੀ ਦੀ ਮੌਤ

**ਪਾਣੀਪਤ:** ਸ਼ਹਿਰ ਨਾਲ ਲੱਗਦੇ ਪਿੰਡ ਨਾਂਗਲਖੇੜੀ ਦੇ ਸਰਕਾਰੀ ਸਕੂਲ ਵਿਚ ਸ਼ੱਕੀ ਹਾਲਾਤ 'ਚ ਫਾਂਸੀ ਲੱਗਣ ਨਾਲ ਇਕ ਵਿਦਿਆਰਥੀ ਦੀ ਮੌਤ ਹੋ ਗਈ। ਘਟਨਾ ਦਾ ਪਤਾ ਲੱਗਦੇ ਹੀ ਸਿੱਖਿਆ ਵਿਭਾਗ ਅਤੇ ਪਿੰਡ ਵਿਚ ਹੜਕੰਪ ਮਚ ਗਿਆ।

ਪੁਲਸ ਅਨੁਸਾਰ ਸਰਕਾਰੀ ਹਾਈ ਸਕੂਲ ਨਾਂਗਲਖੇੜੀ ਵਿਚ ਤੀਜੀ ਜਮਾਤ ਦਾ ਵਿਦਿਆਰਥੀ ਅਜੇ ਪੁੱਤਰ ਜਗਬੀਰ ਦੀ ਅੱਧੀ ਛੁੱਟੀ ਦੌਰਾਨ ਸ਼ੱਕੀ ਹਾਲਾਤ ਵਿਚ ਫਾਂਸੀ ਲੱਗਣ ਨਾਲ ਮੌਤ ਹੋ ਗਈ। ਵਿਦਿਆਰਥੀ ਅਜੇ ਕਿਸੇ ਵਿਦਿਆਰਥਣ ਦੀ ਚੁੰਨੀ ਲੈ ਕੇ ਸਕੂਲ ਕੰਪਲੈਕਸ ਵਿਚ ਖੜੇ ਇਕ ਦਰੱਖਤ 'ਤੇ ਜਾ ਚੜ੍ਹਿਆ। ਕਿਸੇ ਕਾਰਨ ਚੁੰਨੀ ਵਿਦਿਆਰਥੀ ਦੇ ਗਲੇ ਵਿਚ ਫਸਣ ਨਾਲ ਉਸ ਦੀ ਮੌਤ ਹੋ ਗਈ।

## ਸੰਤ ਸੀਚੇਵਾਲ ਦਾ ਕੈਨੇਡਾ ਪਾਰਲੀਮੈਂਟ 'ਚ ਸਨਮਾਨ


**ਕਪੂਰਥਲਾ:** ਪੰਜਾਬ ਵਿਚ ਵਾਤਾਵਰਣ ਦੀ ਲਹਿਰ ਖੜ੍ਹੀ ਕਰਨ ਵਾਲੇ ਤੇ ਵਾਤਾਵਰਣ ਪ੍ਰੇਮੀ ਵਜੋਂ ਵਿਸ਼ਵ ਪ੍ਰਸਿੱਧੀ ਹਾਸਲ ਕਰ ਚੁੱਕੇ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਕੈਨੇਡੀਅਨ ਪਾਰਲੀਮੈਂਟ ਵਿਚ ਕੈਨੇਡਾ ਦੇ ਵਾਤਾਵਰਣ ਮੰਤਰੀ ਜਿਮ ਪ੍ਰਿਟਿਸ ਨੇ ਸਨਮਾਨ ਕੀਤਾ। ਸੰਤ ਸੀਚੇਵਾਲ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਵੇਈਂ ਦੀ ਕਾਰ ਸੇਵਾ ਅਤੇ ਵਾਤਾਵਰਣ ਦੀ ਸ਼ੁੱਧਤਾ ਲਈ ਕੀਤੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਕੈਨੇਡੀਅਨ ਵਾਤਾਵਰਣ ਮੰਤਰੀ ਜਿਮ ਪ੍ਰਿਟਿਸ ਨੇ ਕਿਹਾ ਕਿ ਸੰਤ ਸੀਚੇਵਾਲ ਪੂਰੀ ਦੁਨੀਆਂ ਲਈ ਵਾਤਾਵਰਣ ਖੇਤਰ 'ਚ ਰਾਹ ਦਸੇਰਾ ਹਨ। ਪਾਰਲੀਮੈਂਟ ਵਿਚ ਸੰਤ ਸੀਚੇਵਾਲ ਦਾ ਸਨਮਾਨ ਕਰਨ ਮੌਕੇ ਮੈਂਬਰ ਪਾਰਲੀਮੈਂਟ ਗੁਰਬਖਸ਼ ਸਿੰਘ ਮੱਲ੍ਹੀ, ਮੈਂਬਰ ਪਾਰਲੀਮੈਂਟ ਅਤੇ ਵਾਤਾਵਰਣ ਕਮੇਟੀ ਦੇ ਮੈਂਬਰ ਜੇਮਸ ਬੇਜ਼ਾਨ, ਕੈਨੇਡਾ ਦੇ ਇੰਮੀਗ੍ਰੇਸ਼ਨ ਮੰਤਰੀ, ਕੈਨੇਡਾ ਦੇ ਟਰਾਂਸਪੋਰਟ ਮੰਤਰੀ, ਮੈਂਬਰ ਪਾਰਲੀਮੈਂਟ ਟਿਮ ਉੱਪਲ ਅਤੇ ਕਈ ਸੈਨੇਟਰ ਵੀ ਹਾਜ਼ਰ ਸਨ।



ਕੈਨੇਡਾ ਦੀ ਰਾਜਧਾਨੀ ਓਟਾਵਾ ਵਿਚ ਸਥਿਤ ਗੁਰਦੁਆਰੇ ਦੀ ਕਮੇਟੀ ਨੇ ਸੰਤ ਸੀਚੇਵਾਲ ਵਲੋਂ ਪਵਿੱਤਰ ਕਾਲੀ ਵੇਈਂ ਦੀ ਕਾਰ ਸੇਵਾ ਅਤੇ ਪੰਜਾਬ ਦੇ ਵਾਤਾਵਰਣ ਨੂੰ ਹਰਿਆ-ਭਰਿਆ ਕਰਨ ਅਤੇ ਪਿੰਡਾਂ ਨੂੰ ਸਾਫ-ਸੁਥਰਾ ਰੱਖਣ ਲਈ ਅਰੰਭ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਨਾਲ ਇਹ ਵੀ ਵਾਅਦਾ ਕੀਤਾ ਕਿ ਉਹ ਇਸ ਕਾਰਜ ਲਈ ਹਰ ਸੰਭਵ ਮਦਦ ਕਰੇਗੀ। ਕੈਨੇਡਾ ਦੀ ਪਾਰਲੀਮੈਂਟ ਵਿਚ ਸੰਤ ਸੀਚੇਵਾਲ ਦੇ ਨਾਲ ਪੀ.ਸੀ. ਦੇ ਬਰੈਂਪਟਨ ਸਪਰਿੰਗਡੇਲ ਤੋਂ ਉਮੀਦਵਾਰ ਪਰਮ ਗਿੱਲ, ਸੁਰ-ਸਾਗਰ ਰੇਡੀਓ ਅਤੇ ਟੈਲੀਵੀਜ਼ਨ ਤੋਂ ਰਜਿੰਦਰ ਸਿੰਘ ਪਨੂੰ, ਰੇਡੀਓ ਖਬਰਸਾਰ ਅਤੇ ਪੰਜਾਬੀ ਪੋਸਟ ਤੋਂ ਜਗਦੀਸ਼ ਸਿੰਘ ਗਰੇਵਾਲ, ਗੁਰਦਿਆਲ ਸਿੰਘ ਮੁੰਡੀ ਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਸੰਤ ਸੀਚੇਵਾਲ ਇਨ੍ਹੀਂ ਦਿਨੀਂ ਕੈਨੇਡਾ ਦੇ ਦੌਰੇ 'ਤੇ ਹਨ ਜਿਥੇ ਕਿ ਵੱਖ-ਵੱਖ ਸੰਸਥਾਵਾਂ ਵਲੋਂ ਉਨ੍ਹਾਂ ਦਾ ਸਨਮਾਨ ਕੀਤਾ ਜਾ ਰਿਹਾ ਹੈ। ਸੰਤ ਸੀਚੇਵਾਲ ਨੇ ਉਚੇਚੇ ਤੌਰ 'ਤੇ ਵਿਸਾਖੀ ਦੇ ਮੌਕੇ ਮਾਲਟਨ ਗੁਰਦੁਆਰਾ ਸਾਹਿਬ ਤੋਂ ਰੈਕਸਡੇਲ ਗੁਰਦੁਆਰਾ ਸਾਹਿਬ ਤੱਕ ਕੀਤੇ ਗਏ ਨਗਰ ਕੀਰਤਨ ਵਿਚ ਵੀ ਹਿੱਸਾ ਲਿਆ। ਇਸ ਤੋਂ ਇਲਾਵਾ ਟਰਾਂਟੋ ਤੋਂ ਪ੍ਰਸਾਰਿਤ ਹੁੰਦੇ ਵੱਖ ਵੱਖ ਰੇਡੀਓ ਅਤੇ ਟੈਲੀਵੀਜ਼ਨ ਪ੍ਰੋਗਰਾਮਾਂ ਵਿਚ ਪੇਸ਼ ਹੁੰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੇ ਅੰਮ੍ਰਿਤ ਵਰਗੇ ਪਾਣੀਆਂ ਨੂੰ ਗੰਦਾ ਤੇ ਜ਼ਹਿਰੀਲੀ ਕਰਨ ਲਈ ਪੰਜਾਬ ਦੀ ਇੰਡਸਟਰੀ ਦਾ ਵੱਡਾ ਹਿੱਸਾ ਜ਼ਿੰਮੇਵਾਰ ਹੈ।

## ਬਲਬੀਰ ਸਿੰਘ ਧਾਮੀ ਕੋਕੀਨ ਸਮੱਗਲਿੰਗ ਕੇਸ ਵਿਚ ਦੋਸ਼ੀ ਕਰਾਰ

**ਸੈਕਰਾਮੈਂਟੋ (ਪੰਜਾਬ ਟਾਈਮਜ਼ ਬਿਊਰੋ):** ਇਕ ਫੈਡਰਲ ਗਰੈਂਡ ਜਿਊਰੀ ਨੇ ਕੋਕੀਨ ਸਮੱਗਲ ਕਰਨ ਦੇ ਦੋਸ਼ ਵਿਚ ਬਲਬੀਰ ਸਿੰਘ ਧਾਮੀ ਨੂੰ ਦੋਸ਼ੀ ਠਹਿਰਾਉਂਦਿਆਂ ਉਸਦੀ ਕਿਸਮਤ ਦਾ ਫੈਸਲਾ ਕਰ ਦਿਤਾ ਹੈ। ਧਾਮੀ ਨੂੰ ਐਫ ਬੀ ਆਈ ਨੇ ਕੋਕੀਨ ਸਮੱਗਲ ਕਰਨ ਦੇ ਦੋਸ਼ ਵਿਚ ਸੰਨ 2007 ਵਿਚ ਗ੍ਰਿਫਤਾਰ ਕੀਤਾ ਸੀ। ਉਸਨੂੰ ਸਜ਼ਾ ਆਉਂਦੇ ਅਗਸਤ ਮਹੀਂ ਸੁਣਾਈ ਜਾਏਗੀ। ਧਾਮੀ ਉਤੇ ਅਮਰੀਕਾ 'ਤੋਂ ਕੈਨੇਡਾ ਕੋਕੀਨ ਢੋਣ ਦਾ ਦੋਸ਼ ਹੈ। ਉਸ ਉਪਰ ਦੋਸ਼ ਲਾਇਆ ਗਿਆ ਹੈ ਕਿ ਉਸ ਨੇ ਕਰੀਬ ਮਿਲੀਅਨ ਡਾਲਰ ਦੀ ਕੋਕੀਨ ਸਮੱਗਲ ਕਰਨ ਦੀ ਸਾਜਿਸ਼ ਰਚੀ।



*ਬਲਬੀਰ ਸਿੰਘ ਧਾਮੀ*

ਬਲਬੀਰ ਸਿੰਘ ਧਾਮੀ ਕੁਝ ਸਮਾਂ ਪਹਿਲਾਂ ਤਕ ਗੁਰਦੁਆਰਾ ਸਿਆਸਤ ਵਿਚ ਵ ਸਰਗਰਮ ਰਿਹਾ ਹੈ ਅਤੇ ਉਸ ਦਾ ਪਰਿਵਾਰ ਸਿੱਖ ਭਾਈਚਾਰੇ ਵਿਚ ਮਹਿੰਗੇ ਘਰ, ਮਹਿੰਗੀਆਂ ਕਾਰਾਂ ਅਤੇ ਸ਼ਾਹਾਨਾ ਠਾਠ-ਬਾਠ ਕਰ ਕੇ ਜਾਣਿਆ ਜਾਂਦਾ ਸੀ ਅਤੇ ਉਹ ਧਾਮੀ ਟਰੱਕ ਪਲਾਜ਼ਾ ਨਾਂ ਦੇ ਬਿਜਨਸ ਦਾ ਵੀ ਮਾਲਕ ਸੀ। ਧਾਮੀ ਦਾ ਲੜਕਾ ਅਮਨਦੀਪ ਧਾਮੀ ਗੁਰਦੁਆਰਾ ਸਿੱਖ ਸੁਸਾਇਟੀ ਵਿਚ 31 ਅਗਸਤ 2008 ਨੂੰ ਇਕ ਖੇਡ-ਮੇਲੇ ਦੌਰਾਨ ਹੋਏ ਪਰਮਜੀਤ ਸਿੰਘ ਨਾਂ ਦੇ ਇਕ ਵਿਅਕਤੀ ਦੇ ਕਤਲ ਦੇ ਕੇਸ ਵਿਚ ਲੋੜੀਂਦਾ ਹੈ ਅਤੇ ਉਦੋਂ ਤੋਂ ਹੀ ਫਰਾਰ ਹੈ।

# Are You Thinking Of

- Rezoning/Use Permits For Vacant Lots
- Site Planning/Sub-Divisions/Parcel Maps Of Property
- Conceptual Plans And Renderings For Your Dreams
- Designing New Commercial Properties
- Remodeling Existing Businesses
- Designing Custom Homes And Farm Houses
- Residential Additions

*Consider Us*

**Continental Development Consultants, Inc**

(A team of experienced and qualified professionals)

Website: www.continentaldc.com

**Sukhjit 'Tony' Singh**
**702-287-0347**
tony@continentaldc.com

**Lee A Bigelow**
**702-526-2520**
lee@continentaldc.com

Our team has successfully dealt with more than 20 Cities, 6 Counties, 9 Franchiser chains and various State/Federal departments in the states of California, Nevada & Arizona.

ਆਪਣੀ ਖਾਲੀ ਪਈ ਜ਼ਮੀਨ/ਜਾਇਦਾਦ ਨੂੰ ਸਿਰਦਰਦੀ ਨਾ ਸਮਝੋ, ਉਸਦੀ ਸੁਚੱਜੀ ਵਰਤੋਂ ਲਈ ਸਾਡੇ ਨਾਲ ਸੰਪਰਕ ਕਰੋ।

# Business For Sale

## ਟਰੱਕ ਰਿਪੇਅਰ ਸ਼ਾਪ ਅਤੇ ਟਰੱਕ ਵਾਸ਼ ਵਿਕਾਊ ਹੈ





ਇੰਡੀਆਨਾ 'ਚ ਹਾਈਵੇਅ 70 ਉਤੇ ਬਹੁਤ ਵਡੀ ਫੈਸਿਲਟੀ

*ਨੈਟ ਆਮਦਨੀ $25000 ਮਹੀਨਾ*

**Asking Price $225,000**

ਹੋਰ ਜਾਣਕਾਰੀ ਲਈ ਸੰਪਰਕ ਕਰੋ ਜਸਵੀਰ ਸਿੰਘ

**ਫੋਨ: 916-470-5520**

# ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

ਸਾਨੂੰ ਡਰਾਈਵਰ ਤੇ ਓਨਰ ਅਪਰੇਟਰ ਚਾਹੀਦੇ ਹਨ ਜਿਹੜੇ ਕੈਲੀਫੋਰਨੀਆ ਤੋਂ ਕੈਨੇਡਾ ਦੇ ਐਡਮਿੰਟਨ, ਕੈਲਗਰੀ ਤੇ ਵੈਨਕੂਵਰ ਆਦਿ ਸ਼ਹਿਰਾਂ ਵਿਚ ਆ-ਜਾ ਸਕਦੇ ਹੋਣ।

ਕੰਪਨੀ ਪਾਸ ਫਿਊਲ ਐਡਵਾਂਸ ਅਤੇ ਕਵਿੱਕ ਪੇਅ ਦਾ ਪੂਰਾ ਪ੍ਰਬੰਧ ਹੈ।

*ਹੋਰ ਜਾਣਕਾਰੀ ਲਈ ਅੱਜ ਹੀ ਕਾਲ ਕਰੋ*

**ਫੋਨ: (510) 881-8008**

**ਸੈਲ: 408-896-4518**

**Email:** cctransinc@gmail.com





# C and C Trans Inc. Hayward, CA

## ਰਛਪਾਲ ਸਿੰਘ ਦਿੱਲੀ ਦਾ ਸਿੱਖਾਂ ਨੂੰ ਹਿੰਦੂਆਂ ਦਾ ਹਿੱਸਾ ਦੱਸਣਾ ਗੁੰਮਰਾਹਕੁੰਨ-ਏ ਐਸ ਓ

**ਨਿਊ ਯਾਰਕ:** ਸਿੱਖ ਜਥੇਬੰਦੀ ਅਮੈਰਿਕਨ ਸਿੱਖ ਆਰਗੇਨਾਈਜੇਸ਼ਨ (ਏ ਐਸ ਓ) ਨੇ ਕਿਹਾ ਹੈ ਕਿ ਸਿੱਖ ਇੱਕ ਵੱਖਰੀ ਕੌਮ ਹਨ ਅਤੇ ਇਸ ਨੂੰ ਹਿੰਦੂ ਧਰਮ ਦਾ ਅੰਗ ਦੱਸਣ ਵਾਲੇ ਲੋਕ ਆਪਣੀ ਜਿਹਨੀ ਗੁਲਾਮੀ ਦਾ ਹੀ ਇਜ਼ਹਾਰ ਕਰ ਰਹੇ ਹਨ। ਅਕਾਲੀ ਦਲ (ਮਾਸਟਰ ਤਾਰਾ ਸਿੰਘ) ਦੇ ਮੁਖੀ ਰਛਪਾਲ ਸਿੰਘ ਦਿੱਲੀ ਦੇ ਇਸ ਬਿਆਨ ਕਿ ਸਿੱਖ ਹਿੰਦੂ ਧਰਮ ਦਾ ਹੀ ਅੰਗ ਹਨ ਉਤੇ ਤਿੱਖਾ ਪ੍ਰਤੀਕਰਮ ਜਾਹਰ ਕਰਦਿਆਂ ਜਥੇਬੰਦੀ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਗੁਰੂ ਪ੍ਰਮਾਣ ਹੈ "ਨਾ ਹਮ ਹਿੰਦੂ ਨ ਮੁਸਲਮਾਨ" (ਅੰਗ 1136), "ਹੋਰ ਫਕੜ ਹਿੰਦੂ ਮੁਸਲਮਾਣੈ" (ਅੰਗ 942), "ਹਿੰਦੂ ਅੰਨਾ ਤੁਰਕੂ ਕਾਣਾ, ਦੁਹਾਂ ਤੇ ਗਿਆਨੀ ਸਿਆਣਾ" (ਅੰਗ 874), ਖਾਲਸਾ ਹਿੰਦੂ ਮੁਸਲਮਾਨ ਤੇ ਨਿਆਰਾ ਰਹੇ (ਰਹਿਤਨਾਮਾ ਭਾਈ ਚੌਪਾ ਸਿੰਘ), ਖਾਲਸਾ ਹਿੰਦੂ ਮੁਸਲਮਾਨ ਕੀ ਕਾਣ ਕੋ ਮੇਟੇ (ਰਹਿਤਨਾਮਾ ਭਾਈ ਦਯਾ ਸਿੰਘ) ਆਦਿ ਅਨੇਕਾਂ ਪ੍ਰਮਾਣ ਹਨ ਅਤੇ ਮਹਾਨ ਵਿਦਵਾਨ ਭਾਈ ਗੁਰਦਾਸ ਨੇ ਵੀ ਕਿਹਾ ਹੈ "ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ", "ਇਹ ਤੀਸਰ ਮਜਹਿਬ ਖਾਲਸਾ ਉਪਜਿਓ ਪਰਧਾਨਾ"। ਸਿੱਖ ਧਰਮ ਦਾ ਜਨਮ-ਸੰਸਕਾਰ, ਆਨੰਦ-ਸੰਸਕਾਰ, ਮਰਨ-ਸੰਸਕਾਰ ਹਿੰਦੂ ਧਰਮ ਨਾਲ ਕਦਾਚਿਤ ਨਹੀ ਮਿਲਦੇ। ਸਿੱਖ ਇਕ ਅਕਾਲ ਪੁਰਖ ਦਾ ਪੁਜਾਰੀ ਹੈ, ਹਿੰਦੂ ਤਾਂ ਗਊਆਂ, ਬਲਦਾਂ, ਦੱਰਖਤਾਂ, ਪੱਥਰਾਂ, ਚੂਹਿਆਂ ਅਤੇ ਹੋਰ ਕਿੰਨੀਆ ਚੀਜ਼ਾ ਨੂੰ ਆਪਣਾ ਇਸ਼ਟ ਮੰਨੀ ਬੈਠਾ ਹੈ।

ਬਿਆਨ ਵਿਚ ਹੋਰ ਕਿਹਾ ਗਿਆ ਹੈ ਕਿ ਇਕ ਖਾਲਿਸ ਕੌਮ ਨੂੰ ਹਿੰਦੂਆਂ ਦਾ ਅੰਗ ਦੱਸਣ ਵਾਲੇ ਸ. ਰਛਪਾਲ ਸਿੰਘ ਦਿੱਲੀ ਦੀ ਉਮਰ ਦੇ ਅੰਤਿਮ ਪੜਾਅ ਵਿਚ ਲਗਦਾ ਹੈ ਜਾਂ ਤਾਂ ਬੁੱਧੀ ਭ੍ਰਿਸ਼ਟ ਹੋ ਚੁੱਕੀ ਹੈ ਜਾਂ ਫਿਰ ਉਹ ਪੰਥ ਵਿਰੋਧੀ ਤਾਕਤਾਂ ਦਾ ਟੁਕੜਬੋਚ ਬਣ ਚੁੱਕਾ ਹੈ। ਅਮੈਰੀਕਨ ਸਿੱਖ ਆਰਗੇਨਾਈਜੇਸ਼ਨ ਨੇ ਬਜੁਰਗ ਰਛਪਾਲ ਸਿੰਘ ਨੂੰ ਸੁਝਾਅ ਦਿਤਾ ਹੈ ਕਿ ਜੇਕਰ ਉਸ ਨੂੰ ਹਿੰਦੂ ਬਣਨ ਦਾ ਇਨਾ ਸ਼ੌਕ ਹੈ ਤਾਂ ਆਪਣੇ ਪਹਿਨੇ ਹੋਏ 5 ਕਕਾਰ ਅਕਾਲ ਤਖਤ ਸਾਹਿਬ ਦੇ ਸਪੁਰਦ ਕਰ ਦੇਵੇ ਅਤੇ ਆਪ ਧੋਤੀ ਟਿੱਕਾ ਅਤੇ ਜਨੇਊ ਧਾਰਨ ਕਰ ਲਵੇ।

ਜਥੇਬੰਦੀ ਨੇ ਸਿੱਖ ਕੌਮ ਨੂੰ ਸੁਚੇਤ ਕਰਦਿਆਂ ਕਿਹਾ ਕਿ ਬਿਪਰ ਤਾਕਤਾਂ ਦੇ ਗੁਲਾਮ ਬਣ ਕੇ ਅਜਿਹੇ ਅਖੌਤੀ ਸਿੱਖ ਹੀ ਕੌਮ ਦੇ ਦੁਸ਼ਮਣ ਬਣਦੇ ਜਾ ਰਹੇ ਹਨ ਜਿਨ੍ਹਾਂ ਤੋਂ ਕੌਮ ਖਬਰਦਾਰ ਰਹੇ। ਜਥੇਬੰਦੀ ਅਨੁਸਾਰ ਅਸੀਂ ਕਿਸੇ ਜਾਤ ਮਜਹਿਬ ਜਾਂ ਧਰਮ ਦੇ ਖਿਲਾਫ ਨਹੀ ਹਾਂ ਪਰ ਅਸੀਂ ਸਿੱਖ ਸਿਧਾਂਤਾਂ ਵਿਚ ਮਿਲਗੋਭਾ ਕਰਨ ਵਾਲੇ ਹਰ ਵਿਅਕਤੀ ਦਾ ਵਿਰੋਧ ਕਰਾਂਗੇ।

# ਪੰਜਾਬੀ ਸਾਹਿਤ ਸਭਾ ਨੇ ਪੰਜਾਬੀ ਦਿਵਸ ਮਨਾਇਆ

**ਯੂਬਾ ਸਿਟੀ (ਪੰਜਾਬ ਟਾਈਮਜ਼ ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵਲੋਂ ਪੰਜਾਬੀ ਦਿਵਸ ਇਥੇ ਗੁਰਦਵਾਰਾ ਟਾਇਰਾ ਬਿਊਨਾ ਵਿਖੇ ਦੋ ਮਈ ਨੂੰ ਮਨਾਇਆ ਗਿਆ। ਇਸ ਮੌਕੇ ਕੈਲੀਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਤੋਂ ਆਏ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਸੁਣਾਈਆਂ। ਕਹਾਣੀਆਂ ਵੀ ਕਹੀਆਂ ਗਈਆਂ ਅਤੇ ਕਾਵਿ ਦਰਬਾਰ ਵੀ



ਹੋਇਆ।

ਮੇਨ ਹਾਲ ਵਿਚ ਸਭਾ ਦੇ ਪ੍ਰਧਾਨ ਹਰਬੰਸ ਸਿੰਘ ਜਗਿਆਸੂ, ਖਾਸ ਮਹਿਮਾਨ ਡਾ. ਦਵਿੰਦਰ ਕੌਰ ਦਿਲਰੂਪ, ਪ੍ਰੋ. ਸੁਰਜੀਤ ਸਿੰਘ ਨਨੂਆ, ਸ. ਚਰਨਜੀਤ ਸਿੰਘ ਪਨੂੰ ਨੇ ਸੰਗਤ ਨੂੰ ਸੰਬੋਧਨ ਕੀਤਾ ਤੇ ਆਪਣੀਆਂ ਧਾਰਮਿਕ ਰਚਨਾਵਾਂ ਸੰਗਤ ਨਾਲ ਸਾਂਝੀਆਂ ਕੀਤੀਆਂ। ਸੂਫੀ ਕਵੀ ਜੁਗਿੰਦਰ ਸਿੰਘ ਨੇ ਵੀ ਆਪਣਾ ਕਲਾਮ ਵਾਜੇ ਢੋਲਕੀ ਨਾਲ ਗਾ ਕੇ ਸੁਣਾਇਆ। ਉਪਰੰਤ ਗੁਰਦਵਾਰਾ ਸਾਹਿਬ ਦੇ ਮੀਟਿੰਗ ਰੂਮ ਵਿਚ ਪੰਜਾਬੀ ਦਿਵਸ ਦੇ ਸੰਬੰਧ ਵਿਚ ਰੱਖੀ ਬੈਠਕ ਦਾ ਅਰੰਭ ਹੋਇਆ।

ਬੈਠਕ ਦੇ ਸ਼ੁਰੂ ਵਿਚ ਸ. ਪਸ਼ੌਰਾ ਸਿੰਘ ਢਿੱਲੋਂ ਨੇ ਆਪਣਾ ਪਰਚਾ 'ਕੈਲੀਫੋਰਨੀਆ ਦੇ ਇਤਿਹਾਸ ਅਤੇ ਸਿਲੇਬਸ ਵਿਚ ਪੰਜਾਬੀ ਬੋਲੀ ਅਤੇ ਸਿੱਖੀ ਦਾ ਸਥਾਨ' ਪੜ੍ਹਿਆ ਜਿਸ 'ਤੇ ਸੰਖੇਪ ਚਰਚਾ ਹੋਈ। ਸੈਨ ਹੋਜ਼ੇ ਤੋਂ ਆਏ ਸੁਰਜੀਤ ਸਿੰਘ ਨਨੂਆ, ਸਟਾਕਟਨ ਚੈਪਟਰ ਦੇ ਪ੍ਰਧਾਨ ਹਰਜਿੰਦਰ ਪੰਧੇਰ, ਡਾ. ਅਰਜਨ ਸਿੰਘ ਜੋਸਨ, ਬੇ-ਏਰੀਆ ਤੋਂ ਪਲਵਿੰਦਰ ਸਿੰਘ ਪਰਵਾਨਾ, ਡਾ. ਗਿਆਨ ਸਿੰਘ ਰੰਧਾਵਾ, ਸਭਾ ਦੇ ਉਪ ਪ੍ਰਧਾਨ ਗੁਰਪਾਲ ਸਿੰਘ ਖਹਿਰਾ ਅਤੇ ਡਾ. ਅਮਰੀਕ ਸਿੰਘ ਨੇ ਵੀ ਪਰਚੇ ਪੜ੍ਹੇ। ਇਨ੍ਹਾਂ ਪਰਚਿਆਂ ਉਤੇ ਪਰਮਿੰਦਰ ਸਿੰਘ ਗਰੇਵਾਲ, ਸ. ਸਮਿਤਰ ਉਪਲ, ਪ੍ਰੋ. ਗੁਰਬਚਨ ਸਿੰਘ ਭਾਟੀਆ, ਸ. ਚਰਨ ਸਿੰਘ ਜੱਜ, ਸ. ਮੁਹਿੰਦਰ ਸਿੰਘ ਘੱਗ ਤੇ ਡਾ. ਅਰਜਿੰਦਰਪਾਲ ਸਿੰਘ ਸੇਖੋਂ ਨੇ ਸੰਖੇਪ ਵਿਚ ਵਿਚਾਰ ਪੇਸ਼ ਕੀਤੇ। ਸੈਨੇਟਰ ਮਾਰਕ ਵਾਈਲੈਂਡ ਵਲੋਂ ਪੰਜਾਬੀ ਬੋਲੀ ਦੇ ਹੱਕ ਵਿਚ ਪੇਸ਼ ਕੀਤੇ ਗਏ ਬਿਲ ਦੀ ਸਰਾਹਨਾ ਵਿਚ ਇੱਕ ਮਤਾ ਸਭਾ ਵਲੋਂ ਪਾਸ ਕੀਤਾ ਗਿਆ।

ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਤਰਫੋਂ ਸਭਾ ਦੇ ਚੇਅਰਮੈਨ ਮੁਹਿੰਦਰ ਸਿੰਘ ਘੱਗ ਨੇ ਖਾਸ ਮਹਿਮਾਨ ਡਾ. ਦਵਿੰਦਰ ਕੌਰ ਦਿਲਰੂਪ ਨੂੰ ਸਨਮਾਨ ਚਿੰਨ੍ਹ ਭੇਂਟ ਕੀਤਾ। ਸੁਰਜੀਤ ਸਿੰਘ ਨਨੂਆ ਨੂੰ ਡਾ. ਪਰਮਿੰਦਰ ਸਿੰਘ ਗਰੇਵਾਲ ਨੇ ਸਨਮਾਨ ਚਿੰਨ੍ਹ ਦਿੱਤਾ। ਸੁਰਜੀਤ ਸਿੰਘ ਨਨੂਆ ਨੇ ਅਪਣੀ ਲਿਖੀ ਪੁਸਤਕ, "ਪੰਜਾਬੀ ਭਾਸ਼ਾ ਦਾ ਸੁਨਹਿਰੀ ਭਵਿਖ" ਸਭਾ ਨੂੰ ਭੇਂਟ ਕੀਤੀ।

ਡਾ. ਦਵਿੰਦਰ ਦਿਲਰੂਪ ਦਾ ਗਜ਼ਲ ਸੰਗ੍ਰਹਿ "ਚਾਨਣ ਦਾ ਟਿੱਕਾ" ਡਾ. ਅਰਜਿੰਦਰਪਾਲ ਸਿੰਘ ਸੇਖੋਂ ਨੇ ਰਿਲੀਜ਼ ਕੀਤਾ। ਸਭਾ ਵਲੋਂ ਤੇਜਿੰਦਰ ਥਿੰਦ ਦੀ ਲਿਖੀ ਕਿਤਾਬ "ਮਿਸ਼ਾਲ ਗ਼ਜ਼ਲਾਂ ਦੀ" ਅਤੇ ਹਰਬੰਸ ਸਿੰਘ ਜਗਿਆਸੂ ਦੀ ਪੁਸਤਕ "ਜਗਿਆਸਾ" ਆਏ ਸਾਹਿਤਕਾਰਾਂ ਨੂੰ ਭੇਟ ਕੀਤੀ ਗਈ।

ਪਰਮਿੰਦਰ ਸਿੰਘ ਪਰਵਾਨਾ ਤੇ ਉਸ ਦੇ ਸਾਥੀਆਂ ਵਲੋਂ ਗਦਰੀ ਬਾਬਿਆਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਲਾਈ ਗਈ।

ਕਹਾਣੀ ਅਤੇ ਕਵਿਤਾ ਦੇ ਦੌਰ ਦਾ ਸੰਚਾਲਨ ਜਨਰਲ ਸਕੱਤਰ ਜਿਉਤੀ ਸਿੰਘ ਨੇ ਕੀਤਾ। ਬਜ਼ੁਰਗ ਕਹਾਣੀਕਾਰ ਰਾਬਿੰਦਰ ਸਿੰਘ ਅਟਵਾਲ ਦੀ ਕਹਾਣੀ "ਖਾਲੀ ਬੈਂਚ" ਸੁਣਨ ਉਪਰੰਤ ਬਾਕੀ ਪਹੁੰਚੇ ਹੋਏ ਕਹਾਣੀਕਾਰਾਂ ਤੋਂ ਮਾਫੀ ਮੰਗਦਿਆਂ ਕਵਿਤਾ ਦਾ ਸ਼ੈਸ਼ਨ ਆਪਣੀਆਂ ਇਨ੍ਹਾਂ ਕਾਵਿ ਸਤਰਾਂ "ਰਹਿਣ ਵੱਸਦੇ ਪੰਜਾਬ ਪੰਜਾਬੀਆਂ ਦੇ..." ਤਰੰਨਮ ਵਿਚ ਗਾ ਕੇ ਅਰੰਭ ਕਰ ਦਿੱਤਾ। ਕਵੀ ਦਰਬਾਰ ਵਿਚ ਗੁਰਦੇਵ ਸਿੰਘ ਘਣਗਸ, ਪਸ਼ੌਰਾ ਸਿੰਘ ਢਿੱਲੋਂ, ਡਾ. ਦਵਿੰਦਰ ਦਿਲਰੂਪ, ਕਾਕੀ ਸਿਮਰਜੋਤ, ਨੀਲਮ ਸੈਣੀ, ਗੁਰਪਾਲ ਸਿੰਘ ਖਹਿਰਾ, ਪ੍ਰੋ. ਗੁਰਬਚਨ ਸਿੰਘ ਭਾਟੀਆ, ਮੁਹਿੰਦਰ ਸਿੰਘ ਘੱਗ, ਇੰਦਰਜੀਤ ਸਿੰਘ ਗਰੇਵਾਲ, ਦਿਲਵੀਰ ਦਿਲ ਨਿਜਰ, ਰਾਠੀ ਸੂਰਾਪੁਰੀ, ਚਰਨਜੀਤ ਸਿੰਘ ਪੰਨੂੰ, ਪਰਮਿੰਦਰ ਸਿੰਘ ਪਰਵਾਨਾ, ਡਾ. ਹਰਭਜਨ ਸਿੰਘ ਸ਼ੇਰਗਿੱਲ, ਡਾ. ਪਰਗਟ ਸਿੰਘ, ਗੁਰਚਰਨ ਸਿੰਘ ਜ਼ਖਮੀ, ਪਰਮਿੰਦਰ ਸਿੰਘ ਰਾਇ, ਸੁਰਜੀਤ ਸਿੰਘ ਨਨੂਆ, ਜਸਪ੍ਰੀਤ ਸਿੰਘ ਬਾਠ, ਕਿਰਨਦੀਪ ਕੌਰ ਬਾਠ, ਜਸਵੰਤ ਸਿੰਘ ਜੱਸੀ ਹੱਪੋਵਾਲੀਆ, ਨਿਰਮਲ ਸਿੰਘ ਲਾਲੀ, ਡਾ. ਅਰਜਨ ਸਿੰਘ ਜੋਸਨ, ਜੋਗਿੰਦਰ ਸਿੰਘ ਸ਼ੌਂਕੀ, ਅੰਮ੍ਰਿਤਪਾਲ ਸਿੰਘ, ਫੱਗਣ ਸਿੰਘ, ਨਰਿੰਦਰ ਸਿੰਘ ਸੋਮਲ ਆਦਿ ਕਵੀਆਂ ਨੇ ਆਪਣਾ ਕਲਾਮ ਸੁਣਾਇਆ।

ਅੰਬੇਦਕਰ ਟਾਈਮਜ਼ ਦੇ ਸੰਪਾਦਕ ਪ੍ਰੇਮ ਚੁੰਬਰ ਨਾਲ ਇੰਡੀਅਨ ਇਨਸਟੀਚਿਊਟ ਆਫ ਅਡਵਾਂਸ ਸਟੱਡੀਜ਼ ਦੇ ਫੈਲੋ ਡਾ. ਰਾਜ ਕੁਮਾਰ ਹੰਸ ਵੀ ਪਹੁੰਚੇ ਹੋਏ ਸਨ। ਸਭਾ ਨੂੰ ਡਾ. ਹੰਸ ਨੇ ਵੀ ਸੰਬੋਧਨ ਕੀਤਾ। ਪ੍ਰੇਮ ਚੁੰਬਰ ਵਲੋਂ ਡਾ. ਰੌਣਕੀ ਰਾਮ ਦੀ ਪਲੇਠੀ ਪੁਸਤਕ "ਦਲਿਤ ਚੇਤਨਾ: ਸਰੋਤ ਤੇ ਸਰੂਪ" ਲੋਕ ਅਰਪਿਤ ਕੀਤੀ ਗਈ। ਹਰਬੰਸ ਸਿੰਘ ਜਗਿਆਸੂ ਨੇ ਆਏ ਸਭ ਮਹਿਮਾਨਾਂ ਅਤੇ ਸਹਿਯੋਗ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ।

## ਟਰੇਸੀ ਵਿਚ ਸਭਿਆਚਾਰਕ ਮੇਲਾ 15 ਮਈ ਨੂੰ

**ਟਰੇਸੀ, ਕੈਲੀਫੋਰਨੀਆ:** ਪੰਜਾਬੀ ਕਲਚਰਲ ਕਲੱਬ ਟਰੇਸੀ ਵਲੋਂ ਇਥੇ ਇਕ ਸਭਿਆਚਾਰਕ ਮੇਲਾ ਆਉਂਦੀ 15 ਮਈ ਨੂੰ ਲਿੰਕਨ ਪਾਰਕ ਵਿਚ ਕਰਵਾਇਆ ਜਾ ਰਿਹਾ ਹੈ। ਮੇਲਾ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤੱਕ ਚੱਲੇਗਾ। ਇਸ ਲਈ ਕੋਈ ਦਾਖਲਾ ਫੀਸ ਨਹੀਂ ਰੱਖੀ ਗਈ।

ਇਸ ਮੇਲੇ ਵਿਚ ਜਿਥੇ ਭੰਗੜੇ, ਗਿੱਧੇ ਅਤੇ ਸਕਿੱਟਾਂ ਦਾ ਰੰਗਾਰੰਗ ਪ੍ਰੋਗਰਾਮ ਹੋਵੇਗਾ ਉਥੇ ਲੋਕ ਗਾਇਕ ਰਾਜੇਸ਼ ਰਾਜੂ, ਸੁਖਵੀਰ ਸੁੱਖ, ਬੱਬੂ ਗੁਰਪਾਲ, ਸੱਤੀ ਸਤਵਿੰਦਰ ਅਤੇ ਇਸ਼ਮੀਤ ਨਰੂਲਾ ਆਪਣੇ ਗੀਤਾਂ ਨਾਲ ਸਰੋਤਿਆਂ ਦਾ ਭਰਪੂਰ ਮਨੋਰੰਜਨ ਕਰਨਗੇ। ਬੀਬੀ ਆਸ਼ਾ ਸ਼ਰਮਾ ਮੰਚ ਸੰਚਾਲਨ ਕਰਨਗੇ। ਇਸ ਮੌਕੇ ਖਾਣ-ਪੀਣ ਲਈ ਸੰਸਾਰ ਰੈਸਟੋਰੈਂਟ ਵਲੋਂ ਅਤੇ ਹੋਰ ਸਟਾਲ ਲਾਏ ਜਾਣਗੇ। ਸਕਿਊਰਿਟੀ ਦਾ ਸਖ਼ਤ ਪ੍ਰਬੰਧ ਹੋਵੇਗਾ। ਇਸ ਸਬੰਧੀ ਤਿਆਰੀਆਂ ਦਾ ਜਾਇਜਾ ਕਲੱਬ ਦੀ ਇਥੇ ਹੋਈ ਇਕ ਮੀਟਿੰਗ ਵਿਚ ਲਿਆ ਗਿਆ।

American Sikh Foundation of Northern California
in association with
Quest For Knowledge Foundation - India
Presents
Discourse (Gurbani Vichar) in English on Sacred Bani JAPJI SAHIB
by renowned Gurbani Exponent Jatinder Pal Singh, USA-Delhi.
Following Topics Will Also Form Part of Discourse:
Introduction to Guru Nanak & His Teachings
Various Stages of Spiritual Growth
Importance of Sacred Teachings in Our Modern Day Life
Stress & Anger Management
From: 3:00 PM to 5:30 PM
At: Gurudwara Sri Sachkhand Sahib
1090 Main Street
Roseville, CA 95678
May 2, 2010
May 9, 2010
May 16, 2010
June 6, 2010
Special Invitation to Teenagers & Young Adults
All Programme wll be followed by Snacks & Beverages (Langar)
For More Information Contact:
Sony Dhillon: 916.704.4814 • Manjit Singh Sandhar: 916.224.4203 • Makhan Jhatoo: 916.799.0654 • Avtar S Johal: 916.849.4478

# ਪੰਜਾਬੀ ਟਰੱਕਰਾਂ ਨੂੰ ਹਾਈਵੇ ਸੁਰੱਖਿਆ ਸਬੰਧੀ ਕਲਾਸਾਂ ਲਾਉਣ ਦੀ ਅਪੀਲ

**ਗਿਲਰਾਏ, ਕੈਲੀਫੋਰਨੀਆ (ਪੰਜਾਬ ਟਾਈਮਜ਼ ਬਿਊਰੋ):** ਪੰਜਾਬੀ ਟਰੱਕ ਡਰਾਈਵਰਾਂ ਨੂੰ ਸਕੇਲ ਉਤੇ ਬਹੁਤੀਆਂ ਪ੍ਰੇਸ਼ਾਨੀਆਂ ਇਸ ਕਰਕੇ ਦਰਪੇਸ਼ ਆਉਂਦੀਆਂ ਹਨ ਕਿ ਉਹ ਸੀ ਐਚ ਪੀ ਦੀਆਂ ਸੇਫਟੀ ਕਲਾਸਾਂ ਨਹੀਂ ਲਾਉਂਦੇ।





ਇਹ ਵਿਚਾਰ ਇਥੇ ਕੈਲੀਫੋਰਨੀਆ ਹਾਈਵੇ ਪਟਰੌਲ (ਸੀ ਐਚ ਪੀ) ਵਲੋਂ ਟਰੱਕਿੰਗ ਕੰਪਨੀਆਂ ਦੇ ਮਾਲਕਾਂ ਅਤੇ ਡਰਾਈਵਰਾਂ ਦੀ ਕੀਤੀ ਗਈ ਇਕ ਸੇਫਟੀ ਮੀਟਿੰਗ ਦੌਰਾਨ ਹਾਏਵੇ ਪਟਰੌਲ ਦੇ ਅਧਿਕਾਰੀਆਂ ਨੇ ਪ੍ਰਗਟਾਏ।

ਇਥੇ ਹਾਈਵੇ ਪਟਰੌਲ ਵਲੋਂ ਗਿਲਰਾਏ ਸਕੇਲ ਉਤੇ ਲੰਘੇ ਸਨਿਚਰਵਾਰ ਕੀਤੀ ਗਈ ਇਸ ਮੀਟਿੰਗ ਵਿਚ ਹਾਈਵੇ ਪਟਰੌਲ ਦੇ ਅਫਸਰ ਟਾਏ ਮੂਰੀ, ਵਿਲੀਅਮ ਮੇਬਰ ਅਤੇ ਇੰਸਪੈਕਟਰ ਜਤਿੰਦਰ ਸਿੰਘ ਗਿੱਲ ਨੇ ਟਰੱਕਰਾਂ ਅਤੇ ਡਰਾਈਵਰਾਂ ਨੂੰ ਸੁਰੱਖਿਆ ਬਾਰੇ ਅਹਿਮ ਜਾਣਕਾਰੀ ਮੁਹੱਈਆ ਕੀਤੀ ਅਤੇ ਇਸ ਸਬੰਧੀ ਇਕ ਡਾਕੂਮੈਂਟਰੀ ਫਿਲਮ ਵੀ ਦਿਖਾਈ। ਹਾਈਵੇ ਪਟਰੌਲ ਅਫਸਰਾਂ ਨੇ ਦੱਸਿਆ ਕਿ ਨਵੇਂ ਕਾਨੂੰਨ ਅਧੀਨ ਅਗਰ ਕਿਸੇ ਟਰੱਕਰ ਨੂੰ ਫਿਕਸਿੰਗ ਦੀਆਂ ਦਸ ਟਿਕਟਾਂ ਮਿਲਦੀਆਂ ਹਨ ਤਾਂ ਉਹ ਉਸ ਦੀ ਕੰਪਨੀ ਦੇ ਰਿਕਾਰਡ 'ਤੇ ਜਾਣਗੀਆ ਅਤੇ ਇਕ ਪੁਆਇੰਟ ਵੀ ਕੱਟਿਆ ਜਾਏਗਾ। ਜੇ ਮੂਵਿੰਗ ਵਾਇਲੇਸ਼ਨ (ਗੱਡੀ ਚਲਾਉਂਦਿਆਂ) ਦੀ ਟਿਕਟ ਮਿਲਦੀ ਹੈ ਤਾਂ ਇਹ ਡਰਾਈਵਰ ਦੇ ਰਿਕਾਰਡ ਉਪਰ ਜਾਏਗੀ ਅਤੇ ਉਸ ਦਾ ਵੀ ਪੁਆਇੰਟ ਕੱਟਿਆ ਜਾਵੇਗਾ। ਹਰ ਇਕ ਡਰਾਈਵਰ ਅਤੇ ਟਰੱਕਿੰਗ ਕੰਪਨੀ ਦਾ ਸੀ ਏ ਨੰਬਰ 'ਤੇ ਉਸ ਦਾ ਰਿਕਾਰਡ ਰਖਿਆ ਜਾਵੇਗਾ। ਇਸ ਦੀ ਸਾਰੀ ਜਾਣਕਾਰੀ ਸੀ ਐਚ ਪੀ ਕੋਲ ਹੋਵੇਗੀ। ਇਹ ਵੀ ਜਾਣਕਾਰੀ ਦਿੱਤੀ ਗਈ ਕਿ ਅਗਰ ਕੋਈ ਡਰਾਈਵਰ ਗੱਡੀ ਚਲਾਉਂਦੇ ਸਮੇਂ ਫੋਨ ਦੀ ਵਰਤੋਂ ਕੰਨ ਨੂੰ ਲਗਾ ਕੇ ਕਰਦਾ ਹੈ ਤਾਂ ਉਸ ਨੂੰ 340 ਡਾਲਰ ਜੁਰਮਾਨਾ ਹੋ ਸਕਦਾ ਹੈ ਤੇ ਉਹਦਾ ਡੇਢ ਪੁਆਇੰਟ ਕੱਟਿਆ ਜਾਏਗਾ। ਇਸ ਤੋਂ ਬਿਨਾ ਇਹ ਚੀਜ਼ ਡਰਾਈਵਿੰਗ ਦੇ ਰਿਕਾਰਡ ਉਤੇ ਵੀ ਜਾਏਗੀ। ਜੇ ਕੋਈ ਡਰਾਈਵਰ ਸ਼ਰਾਬ ਪੀ ਕੇ ਗੱਡੀ ਚਲਾਉਂਦਾ ਫੜਿਆ ਜਾਂਦਾ ਹੈ ਤਾਂ ਖੂਨ ਵਿਚ ਸ਼ਰਾਬ ਦੀ ਮਾਤਰਾ .04 ਹੋਣ ਉਤੇ ਜੇਲ੍ਹ ਜਾਣਾ ਪੈ ਸਕਦਾ ਹੈ ਅਤੇ ਦੂਜੀ ਵਾਰ ਫੜ੍ਹੇ ਜਾਣ ਉਤੇ ਕਲਾਸ ਏ ਲਾਈਸੈਂਸ ਕੈਂਸਲ ਹੋ ਜਾਏਗਾ।

ਇਸ ਮੌਕੇ ਟਰੱਕਰਾਂ ਅਤੇ ਡਰਾਈਵਰਾਂ ਨੂੰ ਸੰਬੋਧਨ ਕਰਦਿਆਂ ਇੰਸਪੈਕਟਰ ਜਤਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਬਹੁਤੇ ਪੰਜਾਬੀ ਟਰੱਕਰਾਂ ਨੂੰ ਸਕੇਲਾਂ ਉਤੇ ਇਸ ਕਰਕੇ ਪ੍ਰੇਸ਼ਾਨੀ ਆਉਂਦੀ ਹੈ ਕਿ ਉਹ ਸੇਫਟੀ ਕਲਾਸਾਂ ਨਹੀਂ ਲਾਉਂਦੇ। ਬਹੁਤ ਸਾਰੇ ਪੰਜਾਬੀ ਡਰਾਈਵਰ ਤਾਂ ਸਕੇਲ ਉਤੇ ਜਾਣ ਤੋਂ ਹੀ ਡਰਦੇ ਹਨ। ਸ੍ਰੀ ਗਿੱਲ ਨੇ ਕਿਹਾ ਕਿ ਪੰਜਾਬੀ ਡਰਾਈਵਰਾਂ ਨੂੰ ਇਹ ਕਲਾਸਾਂ ਲਾਉਣੀਆਂ ਚਾਹੀਦੀਆਂ ਹਨ ਤਾਂ ਜੋ ਉਨ੍ਹਾਂ ਨੂੰ ਕੋਈ ਪ੍ਰੇਸ਼ਾਨੀ ਪੇਸ਼ ਨਾ ਆਵੇ।

ਇਸ ਮੀਟਿੰਗ ਵਿਚ ਇਕਾਨਮੀ ਟਰੱਕਿੰਗ ਵਲੋਂ ਯਾਦਵਿੰਦਰ ਸਿੰਘ, ਉਮਰਜੀਤ ਸਿੰਘ, ਜਸਵੀਰ ਸਿੰਘ ਰਾਏ, ਪ੍ਰੀਤਮ ਸਿੰਘ, ਜਗਦੇਵ ਲਾਲੀ, ਅਮਨ, ਸਨੀ, ਰਾਮ ਸਿੰਘ ਖਹਿਰਾ, ਬਾਵਾ ਸਿੰਘ ਅਤੇ ਆਲ ਸਿਟੀ ਟਰੱਕਿੰਗ ਵਲੋਂ ਰਜਿੰਦਰ ਸਿੰਘ ਰੰਧਾਵਾ, ਭੁਪਿੰਦਰ ਸਿੰਘ, ਕੰਵਲਜੀਤ ਸਿੰਘ, ਰੁਪਿੰਦਰ ਤੇ ਹਰਪਾਲ ਸਿੰਘ ਨੇ ਹਿੱਸਾ ਲਿਆ। ਇਸ ਮੀਟਿੰਗ ਸਬੰਧੀ ਉਮਰਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ 40-50 ਟਰੱਕਰ ਵੀਰਾਂ ਨੂੰ ਫੋਨ ਕੀਤਾ ਸੀ ਪਰ ਇਸ ਮੀਟਿੰਗ ਵਿਚ ਸਿਰਫ 18-20 ਹੀ ਪਹੁੰਚੇ। ਅਗਲੀ ਮੀਟਿੰਗ 22 ਮਈ ਨੂੰ ਗਿਲਰਾਏ ਸਕੇਲ ਉਤੇ ਹੋ ਰਹੀ ਹੈ ਅਤੇ ਇਸ ਸਬੰਧੀ ਕੋਈ ਵੀ ਜਾਣਕਾਰੀ ਜਤਿੰਦਰ ਸਿੰਘ ਗਿੱਲ ਨਾਲ ਫੋਨ 408-683-9086 'ਤੇ ਸੰਪਰਕ ਕਰਕੇ ਹਾਸਲ ਕੀਤੀ ਜਾ ਸਕਦੀ ਹੈ।

# ਕੈਨੇਡੀਅਨ ਇਮੀਗ੍ਰੇਸ਼ਨ ਨੂੰ ਪ੍ਰਵਾਨ ਨਹੀਂ ਵਿਚੋਲਿਆਂ ਰਾਹੀਂ ਵਿਆਹ

**ਨਡਾਲਾ :** ਭਾਰਤ ਸਮੇਤ ਸੰਸਾਰ ਦੇ ਕਈ ਦੇਸ਼ਾਂ ਵਿਚ ਵਿਚੋਲਗਿਰੀ ਨਾਲ ਵਿਆਹ ਕੀਤੇ ਜਾਂਦੇ ਹਨ ਅਤੇ ਅਕਸਰ ਲਾੜਾ ਅਤੇ ਲਾੜੀ ਦੀ ਪਹਿਲੀ ਮੁਲਾਕਾਤ ਵਿਆਹ ਤੋਂ ਬਾਅਦ ਹੀ ਹੁੰਦੀ ਹੈ। ਪੱਛਮੀ ਵਿਕਸਤ ਦੇਸ਼ਾਂ ਵਿਚ ਇਸ ਪ੍ਰੰਪਰਾ ਨੂੰ ਰਿਸ਼ਤਿਆਂ ਦੇ ਜੋੜ ਲਈ ਕਾਰਗਰ ਨਹੀਂ ਮੰਨਿਆ ਜਾਂਦਾ ਅਤੇ ਸਮਝਿਆ ਜਾਂਦਾ ਹੈ ਕਿ ਵਿਆਹ ਤੋਂ ਪਹਿਲਾਂ ਲੜਕਾ ਅਤੇ ਲੜਕੀ ਨੂੰ ਇਕ-ਦੂਸਰੇ ਦੇ ਰਹਿਣ ਸਹਿਣ ਅਤੇ ਆਦਤਾਂ ਤੋਂ ਜਾਣੂ ਹੋਣਾ ਚਾਹੀਦਾ ਹੈ।

ਵਿਚੋਲਗਿਰੀ ਵਾਲੇ ਵਿਆਹਾਂ ਰਾਹੀਂ ਕੈਨੇਡਾ ਦੇ ਇਮੀਗ੍ਰੇਸ਼ਨ ਪ੍ਰਣਾਲੀ ਨਾਲ ਹੁੰਦੇ ਫਰਾਡ ਨੂੰ ਨੱਥ ਪਾਉਣ ਲਈ ਕੈਨੇਡੀਅਨ ਸਰਕਾਰ ਵਲੋਂ ਇਮੀਗ੍ਰੇਸ਼ਨ ਐਂਡ ਰਫਿਊਜੀ ਪ੍ਰੋਟੈਕਟ ਐਕਟ (ਇਰਪਾ) ਦੇ ਸੈਕਸ਼ਨ ਆਰ. 4 ਵਿਚ ਸੋਧ ਕੀਤੀ ਜਾ ਰਹੀ ਹੈ। ਇਸ ਸੋਧ ਤੋਂ ਬਾਅਦ ਵਿਆਹ ਤੋਂ ਪਹਿਲਾਂ ਇਕ-ਦੂਸਰੇ ਨੂੰ ਨਾ ਜਾਣਨ ਵਾਲੇ ਜੋੜੇ ਦਾ ਵਿਆਹ ਸ਼ੱਕ ਦੇ ਘੇਰੇ ਵਿਚ ਆ ਜਾਏਗਾ ਅਤੇ ਕੈਨੇਡੀਅਨ ਵੀਜ਼ਾ ਅਫਸਰ ਲਈ ਇੰਮੀਗ੍ਰੇਸ਼ਨ ਦਾ ਕੇਸ ਰੱਦ ਕਰਨਾ ਆਸਾਨ ਹੋ ਜਾਏਗਾ। ਹੁਣ ਤੱਕ ਦੀ ਕਾਨੂੰਨੀ ਵਿਵਸਥਾ ਅਨੁਸਾਰ ਵਿਆਹ ਮੌਲਿਕ ਨਾ ਹੋਣ ਅਤੇ ਸਿਰਫ ਕੈਨੇਡਾ ਦੀ ਇੰਮੀਗ੍ਰੇਸ਼ਨ ਲੈਣ ਲਈ ਵਿਆਹ ਕੀਤਾ ਹੋਵੇ ਤਾਂ ਫੈਮਿਲੀ ਸਪਾਂਸਰਸ਼ਿਪ ਤਹਿਤ ਲਾੜਾ ਜਾਂ ਲਾੜੀ ਨੂੰ ਕੈਨੇਡਾ ਦੀ ਇਮੀਗ੍ਰੇਸ਼ਨ ਤੋਂ ਇਨਕਾਰ ਕੀਤਾ ਜਾ ਸਕਦਾ ਹੈ। ਪਰ ਇਸ ਵਿਵਸਥਾ ਦੀਆਂ ਦੋਵਾਂ ਮੱਦਾਂ ਦੀ ਉਲੰਘਣਾ ਹੋਈ ਹੋਵੇ ਤਾਂ ਕੇਸ ਰੱਦ ਕੀਤਾ ਜਾਂਦਾ ਹੈ ਜਦ ਕਿ ਨਵੀਂ ਸੋਧ ਤੋਂ ਬਾਅਦ ਵਿਆਹ ਮੌਲਿਕ ਨਾ ਹੋਵੇ ਜਾਂ ਸਿਰਫ ਕੈਨੇਡਾ ਪਹੁੰਚਣ ਲਈ ਕੀਤਾ ਹੋਵੇ, ਭਾਵ ਦੋਵਾਂ ਵਿਚੋਂ ਇਕ ਗੱਲ ਸਾਬਤ ਹੋ ਜਾਣ 'ਤੇ ਵੀ ਲਾੜਾ ਜਾਂ ਲਾੜੀ ਨੂੰ ਕੈਨੇਡਾ ਵਿਚ ਵੜਨ ਤੋਂ ਰੋਕਿਆ ਜਾ ਸਕੇਗਾ।






# ਐਨ. ਆਰ. ਆਈ. ਸਭਾ ਚੋਣਾਂ ਦਾ ਮਾਮਲਾ ਭਖਿਆ

**ਜਲੰਧਰ:** ਐਨ.ਆਰ.ਆਈ. ਸਭਾ ਪੰਜਾਬ ਦੀਆਂ ਹੋਈਆਂ ਚੋਣਾਂ ਦਾ ਮਾਮਲਾ ਫਿਰ ਤੋਂ ਗਰਮਾ ਗਿਆ ਹੈ ਕਿਉਂਕਿ ਪ੍ਰਧਾਨ ਦੇ ਅਹੁਦੇ ਦੀ ਚੋਣ ਵਿਚ ਹਾਰੇ ਹੋਏ ਉਮੀਦਵਾਰ ਜਸਵੀਰ ਸਿੰਘ ਗਿੱਲ ਨੇ ਮੰਡਲ ਕਮਿਸ਼ਨਰ ਐਸ.ਆਰ. ਲੱਧੜ ਦੀ ਭੂਮਿਕਾ 'ਤੇ ਸਵਾਲ ਉਠਾਉਂਦੇ ਹੋਏ ਉਨ੍ਹਾਂ ਦੀ ਸ਼ਿਕਾਇਤ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਗ੍ਰਹਿ ਮੰਤਰੀ ਪੀ. ਚਿਦਾਂਬਰਮ, ਵਿਦੇਸ਼ ਮੰਤਰੀ ਐਸ. ਐਮ. ਕ੍ਰਿਸ਼ਨਾ, ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਭੇਜ ਦਿੱਤੀ ਹੈ।

ਸ੍ਰੀ ਗਿੱਲ ਵਲੋਂ ਲਗਾਏ ਗਏ ਦੋਸ਼ਾਂ ਨੂੰ ਐਨ.ਆਰ. ਆਈ. ਸਭਾ ਦੇ ਨਵੇਂ ਬਣੇ ਪ੍ਰਧਾਨ ਕਮਲਜੀਤ ਸਿੰਘ ਹੇਅਰ ਨੇ ਸਿਰੇ ਤੋਂ ਨਕਾਰਦੇ ਹੋਏ ਕਿਹਾ ਕਿ ਗਿੱਲ ਨੇ ਉਨ੍ਹਾਂ ਦੀ ਬ੍ਰਿਟਿਸ਼ ਨਾਗਰਿਕਤਾ ਨੂੰ ਲੈ ਕੇ ਪਹਿਲਾਂ ਵੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ, ਜਿਸ ਵਿਚ ਉਹ ਹਾਰ ਗਏ ਸਨ। ਉਨ੍ਹਾਂ ਕਿਹਾ ਕਿ ਗਿੱਲ ਨੂੰ ਆਪਣੀ ਹਾਰ ਬਰਦਾਸ਼ਤ ਨਹੀਂ ਹੋ ਰਹੀ। ਇਸ ਲਈ ਉਹ ਝੂਠੇ ਆਧਾਰ ਨੂੰ ਮੁੱਦਾ ਬਣਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਅਧਿਕਾਰੀਆਂ ਦੀ ਭੂਮਿਕਾ ਨਿਰਪੱਖ ਰਹੀ ਹੈ। ਗਿੱਲ ਨੇ ਮੰਡਲ ਕਮਿਸ਼ਨਰ ਵਿਰੁਧ ਭੇਜੀ ਸ਼ਿਕਾਇਤ ਵਿਚ ਕਿਹਾ ਹੈ ਕਿ ਉਨ੍ਹਾਂ ਨੇ ਸੰਵਿਧਾਨ ਦੀ ਧਾਰਾ 326 ਅਤੇ 9 ਦੀ ਉਲੰਘਣਾ ਕਰਦੇ ਹੋਏ ਵਿਦੇਸ਼ੀ ਸ਼ਹਿਰੀ ਨੂੰ ਨੀਮ ਸਰਕਾਰੀ ਸੰਗਠਨ ਦੀ ਚੋਣ ਲੜਨ ਦੀ ਇਜਾਜ਼ਤ ਦਿੱਤੀ ਹੈ। ਚੋਣਾਂ ਹੋਣ ਤੋਂ ਪਹਿਲਾਂ ਉਨ੍ਹਾਂ ਨੇ ਗ੍ਰਹਿ ਮੰਤਰਾਲਾ ਵਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਤੋਂ ਅਧਿਕਾਰੀਆਂ ਨੇ ਜਾਣੂ ਕਰਵਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਐਨ. ਆਰ. ਆਈ. ਸਭਾ ਦੀ ਰਜਿਸਟ੍ਰੇਸ਼ਨ ਪੰਜਾਬ ਸਰਕਾਰ ਦੇ ਅਧਿਕਾਰੀਆਂ ਵਲੋਂ ਸੁਸਾਇਟੀਜ਼ ਰਜਿਸਟ੍ਰੇਸ਼ਨ ਕਾਨੂੰਨ 1860 ਅਧੀਨ ਕੀਤੀ ਗਈ ਸੀ। ਇਸ ਵਿਚ ਕਿਹਾ ਗਿਆ ਸੀ ਕਿ ਸਭਾ ਦੀ ਪ੍ਰਾਪਰਟੀ ਪੰਜਾਬ ਸਰਕਾਰ ਅਧੀਨ ਰਹੇਗੀ। ਸਭਾ ਸੰਵਿਧਾਨ ਅਨੁਸਾਰ ਮੰਡਲ ਕਮਿਸ਼ਨਰ ਨੂੰ ਸਭਾ ਦਾ ਚੇਅਰਮੈਨ ਅਤੇ ਮੁੱਖ ਮੰਤਰੀ ਨੂੰ ਸਰਪ੍ਰਸਤ ਬਣਾਇਆ ਗਿਆ ਹੈ। ਉਨ੍ਹਾਂ ਨੇ ਜ਼ਿੰਮੇਵਾਰ ਅਧਿਕਾਰੀਆਂ ਵਿਰੁਧ ਕਾਰਵਾਈ ਕਰਨ ਦੀ ਮੰਗ ਕਰਦੇ ਹੋਏ ਕਿ ਉਨ੍ਹਾਂ ਦੇ ਮਨਾਂ ਵਿਚ ਸੰਵਿਧਾਨ ਪ੍ਰਤੀ ਕੋਈ ਭਰੋਸਾ ਨਹੀਂ ਹੈ। ਦੂਜੇ ਪਾਸੇ ਹੇਅਰ ਨੇ ਐਨ. ਆਰ. ਆਈ. ਸਭਾ ਦੇ ਨੀਮ ਸਰਕਾਰੀ ਸੰਸਥਾ ਹੋਣ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ ਸਭਾ ਅਸਲ ਵਿਚ ਇਕ ਐਨ. ਜੀ. ਓ. ਹੈ ਅਤੇ ਐਨ. ਜੀ. ਓ. ਦੀ ਚੋਣ ਕੋਈ ਵੀ ਵਿਦੇਸ਼ੀ ਸ਼ਹਿਰੀ ਲੜ ਸਕਦਾ ਹੈ। ਇਸ ਤੋਂ ਪਹਿਲਾਂ ਵੀ ਗਿਆਨੀ ਰੇਸ਼ਮ ਸਿੰਘ ਪ੍ਰਧਾਨ ਰਹਿ ਚੁੱਕੇ ਹਨ ਜਦਕਿ ਉਹ ਵੀ ਬ੍ਰਿਟਿਸ਼ ਪਾਸਪੋਰਟ ਹੋਲਡਰ ਸਨ।




**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਵਿਵਾਦਤ ਪ੍ਰਮਾਣੂ ਜ਼ਿੰਮੇਵਾਰੀ ਬਿਲ ਕੇਂਦਰ ਵਲੋਂ ਲੋਕ ਸਭਾ 'ਚ ਪੇਸ਼

ਬਹਿਸ ਨਹੀਂ ਕੀਤੀ ਜਾ ਸਕਦੀ।

ਉਧਰ ਜਾਤ ਆਧਾਰਤ ਮਰਦਮਸ਼ੁਮਾਰੀ ਕਰਵਾਉਣ ਨੂੰ ਲੈ ਕੇ ਪਿਛਲੇ ਕੁਝ ਦਿਨਾਂ ਤੋਂ ਲੋਕ ਸਭਾ ਵਿਚ ਚੱਲ ਰਿਹਾ ਰੇੜਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਲੋਂ ਦਿੱਤੇ ਇਸ ਭਰੋਸੇ ਨਾਲ ਸਮਾਪਤ ਹੋ ਗਿਆ ਕਿ ਕੈਬਨਿਟ ਇਸ ਬਾਰੇ ਜਲਦ ਹੀ ਕੋਈ ਫੈਸਲਾ ਕਰੇਗੀ। ਪ੍ਰਧਾਨ ਮੰਤਰੀ ਦੇ ਇਸ ਭਰੋਸੇ ਦਾ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਭਰਵਾਂ ਸੁਆਗਤ ਕੀਤਾ।

ਭਾਜਪਾ ਆਗੂ ਗੋਪੀਨਾਥ ਮੁੰਡੇ ਨੇ ਵੀ ਪ੍ਰਧਾਨ ਮੰਤਰੀ ਦੇ ਭਰੋਸੇ ਦਾ ਸੁਆਗਤ ਕੀਤਾ, ਜਦਕਿ ਯੂਪੀਏ ਦੀ ਭਾਈਵਾਲ ਤ੍ਰਿਣਾਮੂਲ ਕਾਂਗਰਸ ਦੇ ਆਗੂ ਸੁਦੀਪ ਬੰਦੋਪਾਧਿਆਏ ਨੇ ਕਿਹਾ ਕਿ ਸ੍ਰੀ ਚਿਦੰਬਰਮ ਦੇ ਬਿਆਨ ਤੋਂ ਬਾਅਦ ਸੋਨੀਆ ਨੇ ਜਦੋਂ ਮੁਲਾਇਮ ਅਤੇ ਲਾਲੂ ਨਾਲ ਵੱਖ ਤੌਰ 'ਤੇ ਗੱਲਬਾਤ ਕੀਤੀ, ਉਦੋਂ ਹੀ ਲੱਗ ਰਿਹਾ ਸੀ ਕਿ ਇਸ ਮੁੱਦੇ ਬਾਰੇ ਫੈਸਲਾ ਹੋ ਜਾਵੇਗਾ। ਡੀ ਐਮ ਕੇ ਦੇ ਆਗੂ ਟੀ ਆਰ ਬਾਲੂ ਨੇ ਕਿਹਾ ਕਿ ਜਾਤ ਆਧਾਰਤ ਮਰਦਮਸ਼ੁਮਾਰੀ ਕਰਵਾਉਣ ਦਾ ਫੈਸਲਾ ਬਹੁਤ ਅਹਿਮ ਹੈ। ਸੀ ਪੀ ਆਈ ਦੇ ਗੁਰੂਦਾਸ ਦਾਸ ਗੁਪਤਾ ਅਤੇ ਸੀ ਪੀ ਆਈ (ਐਮ) ਦੇ ਰਾਮਚੰਦਰ ਡੋਮ ਨੇ ਵੀ ਪ੍ਰਧਾਨ ਮੰਤਰੀ ਵਲੋਂ ਦਿੱਤੇ ਗਏ ਭਰੋਸੇ ਦਾ ਸੁਆਗਤ ਕੀਤਾ। ਗੁਰੂਦਾਸ ਦਾਸਗੁਪਤਾ ਨੇ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਸਰਕਾਰ ਸਾਂਸਦਾਂ ਦੀਆਂ ਭਾਵਨਾਵਾਂ ਪ੍ਰਤੀ ਜਾਗਰੂਕ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਸ਼ੁਭ ਸੰਕੇਤ ਹੈ ਪਰ ਨਾਲ ਹੀ ਹੋਰ ਮਾਮਲਿਆਂ 'ਚ ਵੀ ਸਰਕਾਰ ਨੂੰ ਅਜਿਹਾ ਰੁਖ਼ ਅਪਨਾਉਣਾ ਚਾਹੀਦਾ ਹੈ। ਤੇਲਗੂ ਦੇਸ਼ਮ ਪਾਰਟੀ ਦੇ ਆਗੂ ਨਾਮਾ ਨਾਗੇਸ਼ਵਰ ਰਾਓ, ਬੀਜੂ ਜਨਤਾ ਦਲ ਦੇ ਭ੍ਰਤ ਹਰੀ ਮਹਿਤਾਬ, ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਸੰਜੀਵ ਨਾਇਕ, ਨੈਸ਼ਨ ਕਾਨਫਰੰਸ ਦੇ ਸਰੀਫੂਦੀਨ ਸ਼ਾਰਿਕ, ਕਾਂਗਰਸ ਦੇ ਮਨਿਕ ਰਾਓ ਗਾਵਤ ਅਤੇ ਮੁਸਲਿਮ ਲੀਗ ਦੇ ਈਟੀ ਮੁਹੰਮਦ ਵਸੀਰ ਨੇ ਵੀ ਮਰਦਮਸ਼ੁਮਾਰੀ ਸਬੰਧੀ ਭਰੋਸਾ ਦੇਣ 'ਤੇ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਪਛੜੇ ਵਰਗ ਦੇ ਲੋਕਾਂ ਨੂੰ ਕਈ ਦਹਾਕਿਆਂ ਤੋਂ ਰਾਖਵੇਂਕਰਨ ਸਮੇਤ ਵੱਖ-ਵੱਖ ਲਾਭ ਨਾ ਮਿਲਣ ਦੀ ਦਲੀਲ ਦਿੰਦਿਆਂ ਮੁੱਖ ਵਿਰੋਧੀ ਪਾਰਟੀ ਭਾਜਪਾ ਸਮੇਤ ਹੋਰ ਸਿਆਸੀ ਪਾਰਟੀਆਂ ਨੇ ਜਾਤ ਆਧਾਰਤ ਮਰਦਮਸ਼ੁਮਾਰੀ ਕਰਵਾਉਣ ਦੀ ਲੋਕ ਸਭਾ ਵਿਚ ਜ਼ੋਰਦਾਰ ਮੰਗ ਉਠਾਈ ਸੀ।

ਲੋਕ ਸਭਾ 'ਚ ਭਾਜਪਾ ਤੇ ਰਾਸ਼ਟਰੀ ਜਨਤਾ ਦਲ ਦੇ ਮੈਂਬਰ ਉਸ ਸਮੇਂ ਆਹਮੋ-ਸਾਹਮਣੇ ਹੋਣ ਦੀਆਂ ਵੀ ਖਬਰਾਂ ਹਨ। ਜਦੋਂ ਭਾਜਪਾ ਆਗੂ ਅਨੰਤ ਕੁਮਾਰ ਨੇ ਨਿਯਮ 193 ਤਹਿਤ ਮਰਦਮਸ਼ੁਮਾਰੀ-2010 ਦੀ ਚਰਚਾ ਦੌਰਾਨ ਜਿੱਥੇ ਬੰਗਲਾਦੇਸ਼ੀਆਂ ਦੀ ਗ਼ੈਰ ਕਾਨੂੰਨੀ ਘੁਸਪੈਠ ਤੇ ਉਨ੍ਹਾਂ ਦੇ ਭਾਰਤੀ ਨਾਗਰਿਕ ਵਜੋਂ ਖ਼ੁਦ ਨੂੰ ਰਜਿਸਟਰਡ ਕਰਾਉਣ ਦਾ ਮੁੱਦਾ ਉਠਾਇਆ, ਉਥੇ ਹੀ ਆਰ ਜੇ ਡੀ ਮੁਖੀ ਲਾਲੂ ਪ੍ਰਸਾਦ ਯਾਦਵ ਨੇ ਕਿਹਾ ਕਿ ਅਨੰਤ ਇਹ ਮੁੱਦਾ ਮਰਦਮਸ਼ੁਮਾਰੀ ਦੌਰਾਨ ਪਛੜਿਆਂ ਨੂੰ ਅਣਗੌਲਣ ਲਈ ਉਠਾ ਰਹੇ ਹਨ। ਦੋਹਾਂ ਆਗੂਆਂ ਵਲੋਂ ਅਪਣਾਏ ਜਾ ਰਹੇ ਰੁਖ਼ ਤੋਂ ਬਾਅਦ ਸਦਨ ਦੀ ਕਾਰਵਾਈ ਦੋ ਵਾਰ ਅੱਗੇ ਪਾਉਣ ਤੋਂ ਬਾਅਦ ਪੂਰੇ ਦਿਨ ਲਈ ਮੁਲਤਵੀ ਕਰਨੀ ਪਈ।

ਲੋਕ ਸਭਾ ਵਿਚ ਮਰਦਮਸ਼ੁਮਾਰੀ-2010 'ਤੇ ਚਰਚਾ ਦੌਰਾਨ ਸ੍ਰੀ ਅਨੰਤ ਕੁਮਾਰ ਨੇ ਕਿਹਾ ਕਿ ਇਹ ਮਸਲਾ ਅੰਦਰੂਨੀ ਸੁਰੱਖਿਆ ਤੇ ਬਾਹਰੀ ਹਮਲਿਆਂ ਨਾਲ ਜੁੜਿਆ ਹੋਇਆ ਹੈ, ਜਦਕਿ ਇਸੇ ਦੌਰਾਨ ਸ੍ਰੀ ਲਾਲੂ ਨੇ ਅਨੰਤ ਕੁਮਾਰ ਨੂੰ ਟੋਕਦਿਆਂ ਕਿਹਾ ਕਿ ਉਹ ਮਰਦਮਸ਼ੁਮਾਰੀ 'ਚ ਪਛੜਿਆਂ ਦੀ ਅਣਦੇਖੀ ਕਰ ਰਹੇ ਹਨ। ਇਸ ਗੱਲ ਨੂੰ ਲੈ ਕੇ ਸ੍ਰੀ ਕੁਮਾਰ ਅਚਾਨਕ ਗੁੱਸੇ 'ਚ ਆ ਗਏ ਅਤੇ ਉਨ੍ਹਾਂ ਕਿਹਾ ਕਿ ਉਹ ਲਾਲੂ ਵਲੋਂ ਉਠਾਇਆ ਮੁੱਦਾ ਬਾਅਦ 'ਚ ਵਿਚਾਰਨਗੇ, ਪਰ ਲਾਲੂ ਉਨ੍ਹਾਂ ਦੀ ਗੱਲ ਨਾਲ ਸਹਿਮਤ ਨਾ ਹੋਏ ਅਤੇ ਉਨ੍ਹਾਂ ਲਗਾਤਾਰ ਇਤਰਾਜ਼ ਜਤਾਉਣਾ ਜਾਰੀ ਰੱਖਿਆ।ਲਾਲੂ ਦੇ ਇਨ੍ਹਾਂ ਇਤਰਾਜ਼ਾਂ ਤੋਂ ਤੰਗ ਅਨੰਤ ਕੁਮਾਰ ਨੇ ਲਾਲੂ ਨੂੰ ਗੱਦਾਰ ਤੇ ਦੇਸ਼ ਧਰੋਹੀ ਕਰਾਰ ਦੇ ਦਿੱਤਾ। ਉਨ੍ਹਾਂ ਨਾਲ ਹੀ ਲਾਲੂ ਨੂੰ ਸਵਾਲ ਕੀਤਾ ਕਿ ਉਹ ਪਾਕਿਸਤਾਨ ਤੇ ਬੰਗਲਾਦੇਸ਼ ਨਾਲ ਹਨ ਜਾਂ ਭਾਰਤ ਨਾਲ। ਐਨਾ ਕਹਿਣ ਦੀ ਦੇਰ ਸੀ ਕਿ ਸ੍ਰੀ ਲਾਲੂ ਪ੍ਰਸਾਦ ਇਕਦਮ ਗੁੱਸੇ 'ਚ ਲਾਲ ਪੀਲੇ ਹੋ ਗਏ ਅਤੇ ਉਨ੍ਹਾਂ ਆਪਾ ਖੋਅ ਦਿੱਤਾ। ਮਾਮਲੇ ਨੂੰ ਭਖਦਾ ਦੇਖ ਵੱਖ-ਵੱਖ ਪਾਰਟੀਆਂ ਦੇ ਮੈਂਬਰਾਂ ਨੇ ਦਖ਼ਲਅੰਦਾਜ਼ੀ ਕੀਤੀ, ਪਰ ਦੋਵੇਂ ਧਿਰਾਂ ਆਪੋ-ਆਪਣੀਆਂ ਗੱਲਾਂ 'ਤੇ ਅੜੀਆਂ ਰਹੀਆਂ।

ਸਪੀਕਰ ਮੀਰਾ ਕੁਮਾਰ ਨੇ ਵੀ ਇਸੇ ਕਾਰਨ ਲੋਕ ਸਭਾ ਦੀ ਕਾਰਵਾਈ ਦੋ ਵਾਰ ਅੱਗੇ ਪਾਈ ਪਰ ਤੀਜੀ ਵਾਰ ਵੀ ਮਾਮਲਾ ਸ਼ਾਂਤ ਨਾ ਹੋਣ 'ਤੇ ਉਨ੍ਹਾਂ ਇਹ ਕਾਰਵਾਈ ਪੂਰੇ ਦਿਨ ਲਈ ਮੁਲਤਵੀ ਕਰ ਦਿੱਤੀ। ਮੀਟਿੰਗ ਦਿਨ ਭਰ ਲਈ ਮੁਲਤਵੀ ਕੀਤੇ ਜਾਣ ਤੋਂ ਪਹਿਲਾਂ ਪ੍ਰੀਜ਼ਾਈਡਿੰਗ ਅਫ਼ਸਰ ਸੁਮਿੱਤਰਾ ਮਹਾਜਨ ਨੇ ਕਿਹਾ ਕਿ ਇਸ ਕਾਰਵਾਈ ਦਾ ਰਿਕਾਰਡ ਦੇਖ ਕੇ ਹੀ ਕੋਈ ਕਦਮ ਚੁੱਕਿਆ ਜਾਵੇਗਾ। ਇਸੇ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਵੀ ਦੋਹਾਂ ਧਿਰਾਂ ਦੇ ਆਗੂਆਂ ਨੂੰ ਸਮਝਾਉਂਦੇ ਵਖਾਈ ਦਿੱਤੇ। ਉਨ੍ਹਾਂ ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ, ਲਾਲੂ ਪ੍ਰਸਾਦ ਯਾਦਵ ਤੇ ਸਪਾ ਆਗੂ ਮੁਲਾਇਮ ਸਿੰਘ ਯਾਦਵ ਨਾਲ ਵੱਖੋ-ਵੱਖਰੀ ਗੱਲਬਾਤ ਕੀਤੀ।

ਇਸੇ ਤਰ੍ਹਾਂ ਜਨਤਾ ਦਲ (ਯੂ) ਦੇ ਸ਼ਰਦ ਯਾਦਵ, ਸਪਾ ਆਗੂ ਮੁਲਾਇਮ ਸਿੰਘ, ਸੀ ਪੀ ਆਈ ਆਗੂ ਗੁਰੂਦਾਸ ਦਾਸਗੁਪਤਾ ਤੇ ਕਾਂਗਰਸ ਦੇ ਰਾਜ ਬੱਬਰ ਨੇ ਸ੍ਰੀ ਅਨੰਤ ਕੁਮਾਰ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਕੁਝ ਇਤਰਾਜ਼ਯੋਗ ਕਿਹਾ ਹੈ ਤਾਂ ਉਹ ਆਪਣੇ ਸ਼ਬਦ ਵਾਪਸ ਲੈ ਲੈਣ। ਪਰ ਸ੍ਰੀ ਕੁਮਾਰ ਨੇ ਦਾਅਵਾ ਕੀਤਾ ਕਿ ਉਨ੍ਹਾਂ ਕਿਸੇ ਗ਼ੈਰ-ਸੰਸਦੀ ਸ਼ਬਦ ਦੀ ਵਰਤੋਂ ਨਹੀਂ ਕੀਤੀ।

# ਪੰਜਾਬੀ ਸਾਹਿਤਕਾਰਾਂ ਦੀ ਦੁੱਕੀ ਕਿਸਮ ਦੀ ਸਿਆਸਤ

**ਪ੍ਰੋ. ਰਾਕੇਸ਼ ਰਮਨ**

ਲੇਖਕ ਨੂੰ ਸਮਾਜ ਦੇ ਸਭ ਤੋਂ ਵਧ ਚੇਤੰਨ ਅਤੇ ਸਭਿਅਕ ਵਰਗ ਵਿਚ ਸ਼ਾਮਲ ਕੀਤਾ ਜਾਂਦਾ ਹੈ। ਸਿਰਜਣਸ਼ੀਲ ਤੇ ਵਿਚਾਰਸ਼ੀਲ ਬਿਰਤੀਆਂ ਦਾ ਮਾਲਕ ਹੋਣ ਕਾਰਨ ਸਮਾਜ ਦੀ ਪ੍ਰਗਤੀ ਵਿਚ ਲੇਖਕ ਦੀ ਭੂਮਿਕਾ ਬੜੀ ਮਹੱਤਵਪੂਰਨ ਸਮਝੀ ਜਾਂਦੀ ਹੈ। ਸਾਹਿਤਕਾਰ ਯੁੱਗੋ-ਯੁੱਗ ਆਪਣੀਆਂ ਲਿਖਤਾਂ ਤੇ ਵਿਚਾਰਾਂ ਰਾਹੀਂ ਸਮਾਜਿਕ ਤਬਦੀਲੀ ਵਿਚ ਸਾਰਥਕ ਭੂਮਿਕਾ ਨਿਭਾਉਂਦੇ ਆਏ ਹਨ। ਕਈ ਯੁੱਗ ਪਰਿਵਰਤਨਾਂ ਵਿਚ ਤਾਂ ਸਾਹਿਤਕਾਰਾਂ ਦਾ ਯੋਗਦਾਨ ਇਸ ਕਦਰ ਭਰਪੂਰ ਰਿਹਾ ਹੈ ਕਿ ਇਸ ਨੂੰ ਦੇਖ ਕੇ ਲੇਖਕ ਦਾ ਦਰਜਾ ਕਿਸੇ ਪੈਗੰਬਰ ਤੋਂ ਘੱਟ ਪ੍ਰਤੀਤ ਨਹੀਂ ਹੁੰਦਾ। ਇਸ ਸੰਦਰਭ ਵਿਚ ਪ੍ਰਸਿੱਧ ਰੂਸੀ ਲੇਖਕ ਮੈਕਸਿਮ ਗੋਰਕੀ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਯੁੱਗ-ਪਰਿਵਰਤਕ ਭੂਮਿਕਾਵਾਂ ਨਿਭਾਉਣ ਵਾਲੇ ਵਿਅਕਤੀਆਂ ਵਜੋਂ ਲੇਖਕ ਕੋਲੋਂ ਸਮਾਜ ਨੂੰ ਹਮੇਸ਼ਾ ਵੱਡੀਆਂ ਉਮੀਦਾਂ ਰਹਿੰਦੀਆਂ ਹਨ। ਇਨ੍ਹਾਂ ਵੱਡੀਆਂ ਉਮੀਦਾਂ 'ਤੇ ਖਰਾ ਉਤਰਨ ਦੀ ਚੁਣੌਤੀ ਨੂੰ ਕਬੂਲ ਕਰਨ ਵਾਲਾ ਲੇਖਕ ਹੀ ਸਮਾਜ ਵਿਚ ਉੱਚੇ ਤੇ ਸਨਮਾਨਯੋਗ ਰੁਤਬੇ ਦਾ ਅਧਿਕਾਰੀ ਬਣਦਾ ਹੈ। ਪ੍ਰੰਤੂ ਅਫ਼ਸੋਸ ਦੀ ਗੱਲ ਹੈ ਕਿ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਲਈ ਹੁਣੇ-ਹੁਣੇ ਹੋ ਕੇ ਹਟੀਆਂ ਚੋਣਾਂ ਵਿਚ ਪੰਜਾਬੀ ਲੇਖਕਾਂ ਦੀ ਸਮੁੱਚੀ ਕਾਰਗੁਜ਼ਾਰੀ ਉਹ ਨਹੀਂ ਰਹੀ, ਜਿਸ ਦੀ ਉਨ੍ਹਾਂ ਪਾਸੋਂ ਉਮੀਦ ਰੱਖੀ ਜਾਂਦੀ ਹੈ। ਇਨ੍ਹਾਂ ਚੋਣਾਂ ਦੌਰਾਨ ਪੰਜਾਬੀ ਸਾਹਿਤਕਾਰ ਗ਼ੈਰਸਾਹਿਤਕ ਤੇ ਗ਼ੈਰਮਿਆਰੀ ਲੀਹਾਂ 'ਤੇ ਲੜਦੇ ਦਿਖਾਈ ਦਿੱਤੇ ਅਤੇ ਚੋਣਾਂ ਉਪਰੰਤ ਆਖ਼ਰ ਨੂੰ ਇਹ ਪ੍ਰਭਾਵ ਛੱਡ ਗਏ ਕਿ ਇਹ ਚੋਣ ਸਾਹਿਤਕਾਰਾਂ ਦੀ ਚੋਣ ਨਾ ਹੋ ਕੇ ਇਕ ਆਮ ਚੋਣ ਸੀ, ਜਿਹੋ ਜਿਹੀ ਕਿ ਦੁੱਧ ਇਕੱਤਰ ਕਰਨ ਵਾਲੀਆਂ ਸਹਿਕਾਰੀ ਸਭਾਵਾਂ ਆਦਿ ਦੀ ਹੁੰਦੀ ਹੈ।

ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਚੋਣ ਲਈ ਦੋ ਪੈਨਲ ਬਣੇ, ਬਣਾਏ ਗਏ ਜਾਂ ਫਿਰ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਮੱਲੋਮੱਲੀ ਬਣਾਏ ਗਏ। ਇਹ ਵੀ ਕੋਸ਼ਿਸ਼ ਕੀਤੀ ਗਈ ਕਿ ਦੋਹਾਂ ਵਿਚਕਾਰ ਰਾਜਨੀਤਕ ਜਾਂ ਵਿਚਾਰਧਾਰਕ ਵਿਰੋਧ ਦੇ ਰੂਪ ਵਿਚ ਇਕ ਵੰਡ ਜਾਂ ਲਕੀਰ ਵੀ ਦਿਖਾਈ ਦੇਵੇ। ਪ੍ਰੰਤੂ ਦੋਵਾਂ ਪੈਨਲਾਂ ਵਿਚ ਹੀ ਰਾਜਨੀਤੀ ਵਾਲੀ ਕੋਈ ਗੱਲ ਨਹੀਂ ਸੀ। ਰਾਜਨੀਤੀ ਦਾ ਥਾਂ ਗੁੱਟਨੀਤੀ ਪੂਰੀ ਤਰ੍ਹਾਂ ਹਾਵੀ ਸੀ। ਕੁਝ ਗੁੱਟ ਰਾਜਨੀਤੀ ਤੇ ਵਿਚਾਰਧਾਰਾ ਨੂੰ ਬਿਲਕੁਲ ਦਰਕਿਨਾਰ ਕਰਕੇ ਪੈਨਲ ਦੇ ਰੂਪ ਵਿਚ ਗਠਤ ਹੋਏ ਤੇ ਇਉਂ ਦੋ ਪੈਨਲ ਹੋਂਦ ਵਿਚ ਆਏ। ਪੈਨਲ ਦੇ ਰੂਪ ਵਿਚ ਗੁੱਟਾਂ ਦਾ ਸੰਗਠਿਤ ਹੋਣਾ ਵੀ ਕੋਈ ਬੁਰੀ ਜਾਂ ਅਣਹੋਣੀ ਗੱਲ ਨਹੀਂ, ਸਵਾਲ ਦਰਅਸਲ ਇਹ ਹੈ ਕਿ ਰਾਜਸੀ ਤੇ ਵਿਚਾਰਧਾਰਕ ਵਖਰੇਵਿਆਂ ਨੂੰ ਲਾਂਭੇ ਰੱਖਕੇ ਜੇਕਰ ਦੋ ਥਾਈਂ ਪੈਨਲ ਬਣ ਸਕਦੇ ਸਨ ਤਾਂ ਇਕ ਪੈਨਲ ਬਣਾਉਣ ਅਰਥਾਤ ਸਰਵਸੰਮਤੀ ਕਰਨ ਵਿਚ ਕੀ ਮੁਸ਼ਕਲ ਸੀ? ਜ਼ਾਹਿਰ ਹੈ ਕਿ ਸਾਰਾ ਰੌਲਾ ਵਿਅਕਤੀਆਂ ਤੇ ਗੁੱਟਾਂ ਦਾ ਹੀ ਸੀ ਤੇ ਇਹ ਮਸਲਾ ਜਾਂ ਰੌਲਾ ਬੜੇ ਅਰਾਮ ਨਾਲ ਸੁਲਝਾਇਆ ਜਾ ਸਕਣ ਵਾਲਾ ਸੀ।

ਸਾਹਿਤ ਵਿਚ ਉਂਝ ਵੀ ਵਿਚਾਰਧਾਰਕ ਅਤੇ ਰਾਜਨੀਤਕ ਵਖਰੇਵਿਆਂ ਨੂੰ ਵੱਖਰੀ ਤਰ੍ਹਾਂ ਲਿਆ ਜਾਂਦਾ ਹੈ। ਕਿਸੇ ਸਾਹਿਤਕਾਰ ਦੇ ਸਾਹਿਤਕ ਯੋਗਦਾਨ ਨੂੰ ਕੇਵਲ ਇਸ ਆਧਾਰ 'ਤੇ ਹੀ ਨਕਾਰ ਨਹੀਂ ਦਿੱਤਾ ਜਾਂਦਾ ਕਿ ਉਸ ਦੀ ਵਿਚਾਰਧਾਰਾ ਜਾਂ ਰਾਜਨੀਤੀ ਕਿਸੇ ਇਕ ਧਿਰ ਦੇ ਪੱਖ ਵਿਚ ਹੈ। ਜੇਕਰ ਅਜਿਹਾ ਹੁੰਦਾ ਤਾਂ ਲਿਓ ਟਾਲਸਟਾਏ ਨੂੰ ਲੈਨਿਲ ਨੇ ਰੂਸੀ ਇਨਕਲਾਬ ਦਾ ਸ਼ੀਸ਼ਾ ਕਦੇ ਨਹੀਂ ਸੀ ਕਹਿਣਾ ਅਤੇ ਨਾ ਹੀ ਦੋਸਤੋਵਸਕੀ ਦੀਆਂ ਲਿਖਤਾਂ ਨੂੰ ਕਈ ਮਾਰਕਸਵਾਦੀ ਚਿੰਤਕਾਂ ਦੁਆਰਾ ਸਲਾਹਿਆ ਜਾਣਾ ਸੀ। ਪ੍ਰੰਤੂ ਪੈਨਲ ਬਣਾਉਣ ਵਾਲੇ ਵਿਅਕਤੀਆਂ ਨੇ ਇਨ੍ਹਾਂ ਗੱਲਾਂ ਨੂੰ ਨਜ਼ਰਅੰਦਾਜ਼ ਕਰੀ ਰੱਖਿਆ ਤੇ ਲੇਖਕਾਂ ਦਰਮਿਆਨ ਇਕ ਬੇਲੋੜਾ ਵਿਵਾਦ ਤੇ ਵਿਰੋਧ ਚੋਣ ਪ੍ਰਚਾਰ ਦੌਰਾਨ ਜਾਰੀ ਰਿਹਾ। ਇਸ ਅਮਲ ਦੌਰਾਨ ਰਾਜਸੀ ਪਾਰਟੀਆਂ ਤੇ ਲੇਖਕਾਂ ਦਰਮਿਆਨ ਵੀ ਜ਼ਰੂਰ ਗਲਤ ਫ਼ਹਿਮੀਆਂ ਪੈਦਾ ਹੋਈਆਂ ਹੋਣਗੀਆਂ, ਜਦ ਕਿ ਸੱਚ ਇਹ ਹੈ ਕਿ ਪ੍ਰਗਤੀਵਾਦੀ ਨਜ਼ਰੀਏ ਤੋਂ ਜਿੱਤੇ ਹੋਏ ਅਕਾਦਮੀ ਪ੍ਰਧਾਨ ਦੀਆਂ ਲਿਖਤਾਂ ਦਾ ਮੁੱਲ ਵੀ ਹਾਰੇ ਹੋਏ ਉਮੀਦਵਾਰ (ਪ੍ਰਧਾਨਗੀ ਲਈ) ਦੀਆਂ ਲਿਖਤਾਂ ਨਾਲੋਂ ਕਿਸੇ ਵੀ ਪੱਖੋਂ ਘੱਟ ਨਹੀਂ ਬਣਦਾ।

ਪੰਜਾਬੀ ਸਾਹਿਤ ਅਕਾਦਮੀ ਲਈ ਚੋਣ ਮੁਹਿੰਮ ਵੀ ਬੜੇ ਅਜੀਬ ਢੰਗ ਨਾਲ ਚਲਾਈ ਜਾਂਦੀ ਹੈ। ਚੋਣ ਮੁਹਿੰਮ ਦਾ ਇਹ ਢੰਗ ਲਗਭਗ ਰਵਾਇਤ ਹੀ ਬਣ ਗਿਆ ਹੈ। ਇਸ ਚੋਣ ਮੁਹਿੰਮ ਅਧੀਨ 30-35 ਲੇਖਕਾਂ ਦੀ ਸਮਰਥਨ ਦੀ ਇਕ ਸੂਚੀ ਪੈਨਲ ਗਠਿਤ ਕਰਨ ਵਾਲਿਆਂ ਵਲੋਂ ਗਸ਼ਤੀ ਪੱਤਰ ਦੇ ਰੂਪ ਵਿਚ ਵੋਟਰਾਂ ਨੂੰ ਭੇਜੀ ਜਾਂਦੀ ਹੈ ਅਤੇ ਪ੍ਰੈੱਸ ਲਈ ਵੀ ਜਾਰੀ ਕੀਤੀ ਜਾਂਦੀ ਹੈ। ਇਹ ਸਮਰਥਨ, ਪੈਨਲ ਗਠਿਤ ਕਰਨ ਵਾਲਿਆਂ ਦੀ ਮਾਰਫ਼ਤ ਵੋਟਰ ਕੋਲ ਪਹੁੰਚਦਾ ਹੈ, ਸਮਰਥਨ ਕਰਨ ਵਾਲਿਆਂ ਵਿਚ ਨਾਮਵਰ ਤੇ ਸਨਮਾਨਿਤ ਪੰਜਾਬੀ ਲੇਖਕਾਂ ਦੇ ਨਾਂ ਸ਼ਾਮਲ ਕੀਤੇ ਜਾਂਦੇ ਹਨ। ਦਿਲਚਸਪ ਗੱਲ ਇਹ ਹੈ ਕਿ ਕੋਈ ਵੀ ਵੱਡੇ ਤੋਂ ਵੱਡਾ ਪਦਮਸ੍ਰੀ ਲੇਖਕ ਖੁਦ ਇਕੱਲਾ, ਖੁੱਲ੍ਹ ਕੇ ਆਪਣੀ ਰਾਇ ਅਖ਼ਬਾਰਾਂ ਆਦਿ ਰਾਹੀਂ ਵੋਟਰਾਂ ਦੇ ਅੱਗੇ ਨਹੀਂ ਰੱਖਦਾ। ਇਸ ਵਾਰ ਸਿਰਫ਼ ਸੁਰਜੀਤ ਪਾਤਰ ਨੇ ਵੱਖਰਾ ਬਿਆਨ ਜਾਰੀ ਕਰਕੇ ਚੋਣਾਂ ਬਾਰੇ ਆਪਣੀ ਰਾਇ ਦਾ ਇਜ਼ਹਾਰ ਕੀਤਾ, ਜਦ ਕਿ ਵੱਡੇ ਕਹੇ ਜਾਂਦੇ ਵਧੇਰੇ ਲੇਖਕ ਮੂਕ ਦਰਸ਼ਕ ਹੀ ਬਣੇ ਰਹੇ। ਪੰਜਾਬੀ ਸਾਹਿਤ ਅਕਾਦਮੀ ਦੇ ਸੰਵਿਧਾਨ ਵਿਚ ਕਾਰਜਕਾਰਨੀ ਲਈ ਚੋਣ ਦੀ ਵਿਵਸਥਾ ਰੱਖੀ ਗਈ ਹੈ, ਪ੍ਰੰਤੂ ਚੋਣ ਇਕ ਵਿਕਲਪ ਹੈ, ਇਸ ਵਿਕਲਪ 'ਤੇ ਉਦੋਂ ਅਮਲ ਹੁੰਦਾ ਹੈ ਜਦੋਂ ਸਰਬਸੰਮਤੀ ਨਾ ਹੋ ਸਕੇ। ਲੇਖਕਾਂ ਕੋਲੋਂ ਉਮੀਦ ਇਹੋ ਰੱਖੀ ਜਾਂਦੀ ਹੈ ਕਿ ਗੁਪਤ ਮਤਦਾਨ ਰਾਹੀਂ ਚੋਣ ਕਰਾਉਣ ਤੱਕ ਨੌਬਤ ਨਾ ਪਹੁੰਚੇ ਅਤੇ ਆਪਸੀ ਸਹਿਮਤੀ ਨਾਲ ਵੀ ਯੋਗ ਲੇਖਕਾਂ ਨੂੰ ਕਾਰਜਕਾਰਨੀ ਵਿਚ ਬਣਦੀ ਥਾਂ ਦੇ ਦਿੱਤੀ ਜਾਵੇ। ਪੰਜਾਬੀ ਲੇਖਕਾਂ ਦੀ ਇਕ ਹੋਰ ਵੱਡੀ ਜਥੇਬੰਦੀ ਵਿਚ ਪਿਛਲੀਆਂ ਦੋ ਅਵਧੀਆਂ ਤੋਂ ਕਾਰਜਕਾਰਨੀ ਗਠਿਤ ਕਰਨ ਦਾ ਮਾਮਲਾ ਬਿਨਾ ਚੋਣ ਤੋਂ ਹੀ ਨਿਪਟਾਉਣ ਦਾ ਭਰਪੂਰ ਯਤਨ ਕੀਤਾ ਜਾਂਦਾ ਹੈ। ਪਰ ਵਿਡੰਬਨਾ ਇਹ ਹੈ ਕਿ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਚੋਣ ਸਮੇਂ ਜਿਹੜੀ ਧਿਰ ਸਰਬਸੰਮਤੀ ਨੂੰ ਤਰਜੀਹ ਦਿੰਦੀ ਰਹੀ ਹੈ, ਉਹ ਧਿਰ ਵੀ ਸਾਹਿਤ ਅਕਾਦਮੀ ਦੇ ਮਾਮਲੇ ਵਿਚ ਪੈਂਤੜਾ ਬਦਲ ਕੇ ਚੋਣ ਲਈ ਬਜ਼ਿੱਦ ਹੋ ਗਈ। ਇਸ ਧਿਰ ਵਿਚਲੇ ਪੈਨਲ, ਗਠਿਤ ਕਰਨ ਵਿਚ ਮੋਹਰੀ ਸਮਝੇ ਜਾਂਦੇ ਲੇਖਕਾਂ ਨੇ ਵੀ ਜਿਵੇਂ-ਕਿਵੇਂ ਅਕਾਦਮੀ ਚੋਣਾਂ ਵਿਚ ਆਪਣੀਆਂ ਸੀਟਾਂ ਤਾਂ ਜਿੱਤ ਲਈਆਂ ਪ੍ਰੰਤੂ ਵੱਕਾਰੀ ਸੀਟਾਂ ਦੀ ਹਾਰ ਦੀ ਜ਼ਿੰਮੇਵਾਰੀ ਤੋਂ ਪੱਲਾ ਝਾੜ ਗਏ। ਜਿਸ ਤਰ੍ਹਾਂ ਦਾ ਫੈਸਲਾ ਚੋਣਾਂ ਰਾਹੀਂ ਸਾਹਮਣੇ ਆਇਆ ਹੈ, ਲੇਖਕ ਅੜੀਅਲ ਵਤੀਰਾ ਤਿਆਗ ਦਿੰਦੇ ਤਾਂ ਲਗਭਗ ਮਿਲਦਾ-ਜੁਲਦਾ ਫੈਸਲਾ ਸਰਬਸੰਮਤੀ ਨਾਲ ਵੀ ਸੰਭਵ ਸੀ।

ਵੋਟਾਂ ਰਾਹੀਂ ਸਾਹਿਤ ਅਕਾਦਮੀ 'ਤੇ ਕਬਜ਼ਾ ਕਰਨ ਦੀ ਪਿਰਤ ਦੇ ਸਿੱਟੇ ਕੋਈ ਬਹੁਤੇ ਵਧੀਆ ਨਹੀਂ ਰਹਿਣਗੇ ਕਿਉਂਕਿ ਅਜਿਹੇ ਰੁਝਾਨ ਨਾਲ ਸਾਹਿਤ ਅਕਾਦਮੀ ਦੇ ਵਧ ਤੋਂ ਵਧ ਮੈਂਬਰ ਭਰਤੀ ਕਰਨ ਦੀ ਹੋੜ ਲੱਗ ਜਾਵੇਗੀ ਤੇ ਭਰਤੀ ਲਈ ਪ੍ਰੇਰਿਤ ਕਰਨ ਵਾਲਿਆਂ ਦੀ ਕੋਸ਼ਿਸ਼ ਆਪਣੇ ਪੱਖੀਆਂ ਦੀ ਗਿਣਤੀ ਵਧਾਉਣ ਦੀ ਹੋਵੇਗੀ। ਅਜਿਹਾ ਯਤਨ ਕਿਸੇ ਸਮੇਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮਾਮਲੇ (ਭਰਤੀ) ਵਿਚ ਵੀ ਹੋਇਆ ਸੀ ਤੇ ਮਗਰੋਂ ਵੋਟਰ ਸੂਚੀ ਨੂੰ ਸੋਧ ਕੇ ਵੱਡੀ ਗਿਣਤੀ ਵਿਚ ਅਜਿਹੇ ਮੈਂਬਰਾਂ ਦੀ ਛਾਂਟੀ ਕਰਨੀ ਪਈ ਸੀ ਜਿਹੜੇ ਗ਼ੈਰ ਲੇਖਕ ਸਨ। ਸਾਹਿਤ ਅਕਾਦਮੀ ਦਾ ਮੈਂਬਰ ਬਣਨ ਲਈ ਭਾਵੇਂ ਇਹ ਸ਼ਰਤ ਰੱਖੀ ਗਈ ਹੈ ਕਿ ਮੈਂਬਰ ਬਣਨ ਦੇ ਚਾਹਵਾਨ ਲੇਖਕ ਦੀਆਂ ਦੋ ਪੁਸਤਕਾਂ ਪ੍ਰਕਾਸ਼ਿਤ ਹੋਈਆਂ ਹੋਣੀਆਂ ਚਾਹੀਦੀਆਂ ਹਨ, ਪ੍ਰੰਤੂ ਹਾਲਤ ਇਹ ਹੈ ਕਿ ਦੋ ਤਾਂ ਕੀ ਕਈ ਵਿਅਕਤੀ ਤਾ ਪੱਲਿਓਂ ਪੈਸੇ ਖਰਚ ਕਰਕੇ ਕਈ-ਕਈ ਪੁਸਤਕਾਂ ਪ੍ਰਕਾਸ਼ਿਤ ਕਰਵਾਈ ਫਿਰਦੇ ਹਨ ਤੇ ਸਾਹਿਤਕ ਖੇਤਰ ਵਿਚ ਫਿਰ ਵੀ ਉਨ੍ਹਾਂ ਦਾ ਸਥਾਨ ਲਗਭਗ ਗ਼ੈਰਲੇਖਕਾਂ ਵਾਲਾ ਹੀ ਹੈ। ਜਿਹੜੇ ਵਿਅਕਤੀ ਵੀਹ-ਵੀਹ ਹਜ਼ਾਰ ਖਰਚਕੇ ਕੱਚੀਆਂ-ਪਿੱਲੀਆਂ ਪੁਸਤਕਾਂ ਛਪਵਾ ਸਕਦੇ ਹਨ, ਉਹ ਗਿਆਰਾਂ ਸੌ ਰੁਪਏ ਭਰਕੇ ਅਕਾਦਮੀ ਦੇ ਮੈਂਬਰ ਵੀ ਬਣ ਸਕਦੇ ਹਨ।

ਨਿਰਸੰਦੇਹ, ਅਜਿਹੇ ਵਿਅਕਤੀਆਂ ਦੇ ਵੱਡੀ ਪੱਧਰ 'ਤੇ ਪ੍ਰਵੇਸ਼ ਕਰਨ ਨਾਲ ਸਾਹਿਤ ਅਕਾਦਮੀ ਨਿਘਾਰ ਵਲ ਹੀ ਜਾਵੇਗੀ। ਲੇਖਕਾਂ ਨੂੰ ਚਾਹੀਦਾ ਹੈ ਕਿ ਉਹ ਸਾਕਾਰਾਤਮਿਕ ਰਾਜਨੀਤੀ ਤਾਂ ਜੀਅ ਸਦਕੇ ਕਰਨ, ਪਰ ਗੁੱਟਨੀਤੀ ਦਾ ਬਿਲਕੁਲ ਤਿਆਗ ਕਰਨ, ਕਿਉਂਕਿ ਇਹ ਸੌੜੀ ਸੋਚ ਦੀ ਪ੍ਰਤੀਕ ਹੈ। ਨਿੱਜੀ ਖਿੱਚ-ਧੂਹ ਦੀ ਥਾਂ ਜਥੇਬੰਦਕ ਏਕਤਾ ਲਈ ਯਤਨ ਕਰਨ ਤਾਂ ਕਿ ਉਹ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਆਪਣੀ ਸਿਰਜਣਾਤਮਿਕ ਭੂਮਿਕਾ ਵਧੇਰੇ ਮਜ਼ਬੂਤੀ ਨਾਲ ਨਿਭਾਅ ਸਕਣ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ

***ਪਾਕਿਸਤਾਨ ਵਿਚ ਘੱਟ-ਗਿਣਤੀਆਂ ਦੀ ਹਾਲਤ ਬਦ ਤੋਂ ਬਦਤਰ ਹੋਈ**

-ਇੰਡੀਆ ਵਾਲਾ ਈ ਹਾਲ ਹੋ ਗਿਆ ਕਿ...!

***ਭਾਰਤੀ ਮਹਿਲਾ ਡਿਪਲੋਮੇਟ ਮਾਧੁਰੀ ਗੁਪਤਾ ਆਈ ਐਸ ਆਈ ਲਈ ਜਾਸੂਸੀ ਦੇ ਦੋਸ਼ 'ਚ ਗ੍ਰਿਫਤਾਰ**

-ਹੁਣ ਇਹਨੂੰ ਦੇਸ਼-ਧ੍ਰੋਹ ਕਹਿੰਦਿਆਂ ਸੰਗ ਆਉਂਦੀ ਹੋਣੀ ਐ।

***ਸੁਪਰੀਮ ਕੋਰਟ ਨੇ ਨਾਰੋਕ ਟੈਸਟ ਨੂੰ ਗੈਰਕਾਨੂੰਨੀ ਕਰਾਰ ਦਿੱਤਾ**

-ਯਾਨਿ ਡੰਡਾ ਪਰੇਡ ਫਿਰ ਤੋਂ ਕਾਨੂੰਨੀ ਹੋਈ।

***ਢਹਿ ਢੇਰੀ ਹੋ ਰਹੀ ਹੈ ਦੀਵਾਨ ਟੋਡਰ ਮੱਲ ਦੀ ਜਹਾਜ਼ ਹਵੇਲੀ**

-ਪਰ ਧਰਮ ਦੇ ਠੇਕੇਦਾਰਾਂ ਦੇ ਆਲੀਸ਼ਾਨ ਡੇਰੇ ਉਸਰ ਰਹੇ ਐ।

***ਬੁਸ਼ ਨੂੰ ਵੀ ਦਿੱਤਾ ਗਿਆ ਸੀ ਖਾਣੇ ਵਿਚ ਜ਼ਹਿਰ**

-ਪਰ ਇਨ੍ਹਾਂ ਲੀਡਰਾਂ 'ਤੇ ਜ਼ਹਿਰ ਜਹੂਰ ਅਸਰ ਨਹੀਂ ਕਰਦੇ।

***ਮੱਕੜ ਦੇ ਫੈਸਲਿਆਂ ਉਤੇ ਹੀ ਲਗਾਈ ਜਾਂਦੀ ਹੈ ਅਕਾਲ ਤਖ਼ਤ ਦੇ ਜਥੇਦਾਰ ਵਲੋਂ ਮੋਹਰ**

-ਤੇ ਮੱਕੜ ਸਾਬ੍ਹ ਕਿਹੜਾ ਆਪ ਫੈਸਲੇ ਕਰਦੈ, ਉਹਨੂੰ ਵੀ ਤਾਂ ਉਪਰੋਂ ਆਉਂਦੇ ਐ।

***ਪੰਜਾਬੀ ਸਾਹਿਤ ਅਕਾਦਮੀ ਦੀ ਸੇਵਾ ਪ੍ਰਧਾਨ ਵਜੋਂ ਨਹੀਂ ਸੇਵਾਦਾਰ ਵਜੋਂ ਨਿਭਾਵਾਂਗਾ-ਗੁਰਭਜਨ ਗਿੱਲ**

-ਜੇ ਸੇਵਾਦਾਰ ਬਣ ਕੇ ਹੀ ਰਹਿਣਾ ਸੀ ਤਾਂ ਪ੍ਰਧਾਨਗੀ ਲਈ ਇੰਨੀਆ ਤਿਕੜਮਬਾਜ਼ੀਆਂ ਕਰਨ ਦੀ ਕੀ ਲੋੜ ਸੀ।

*www.punjabtimesusa.com*

# ਪੰਜਾਬ ਦੇ ਸੱਤਾਧਾਰੀ ਪਿਛਲੀਆਂ ਗ਼ਲਤੀਆਂ ਤੋਂ ਸਬਕ ਸਿੱਖਣੋਂ ਇਨਕਾਰੀ

**-ਬੀ.ਕੇ. ਚੰਮ**

**ਸ਼ਾਸਨ ਨੇ ਪ੍ਰਸ਼ਾਸਨ ਨੂੰ ਸੁਸਤ ਬਣਾ ਦਿਤਾ ਹੈ ਤੇ ਜਨਤਾ ਦੀਆਂ ਸਮੱਸਿਆਵਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਕਈ ਪ੍ਰਸ਼ਾਸਨਿਕ ਊਣਤਾਈਆਂ ਕਾਰਨ ਇਸ ਨੂੰ ਹਾਈ ਕੋਰਟ ਤੋਂ ਝਾੜ ਵੀ ਖਾਣੀ ਪਈ ਹੈ।**

ਸਿਆਸੀ ਪਾਰਟੀਆਂ ਆਪਣੇ ਹੀ ਦਿਸ਼ਾਹੀਣ ਕੰਮਾਂ ਤੇ ਗਲਤੀਆਂ ਕਾਰਨ ਕਈ ਵਾਰ ਅਜੀਬ ਜਿਹੀਆਂ ਸਥਿਤੀਆਂ 'ਚ ਫਸ ਜਾਂਦੀਆਂ ਹਨ। ਪੰਜਾਬ ਦੀ ਮੁੱਖ ਧਾਰਾ ਵਾਲੀਆਂ ਪਾਰਟੀਆਂ ਇਸ ਸਮੇਂ ਅਜਿਹੀਆਂ ਹੀ ਸਥਿਤੀਆਂ 'ਚ ਫਸੀਆਂ ਹੋਈਆਂ ਹਨ।

ਅਕਾਲੀ-ਭਾਜਪਾ ਗੱਠਜੋੜ ਇਸ ਸਮੇਂ ਇਕ ਅਜਿਹੀ ਤ੍ਰਾਸਦੀ 'ਚ ਫਸਿਆ ਹੋਇਆ ਹੈ ਕਿ ਉਹ ਸੁਪਰੀਮ ਕੋਰਟ ਵਲੋਂ ਪੰਜਾਬ ਵਿਧਾਨ ਸਭਾ ਦੇ 10 ਸਤੰਬਰ 2008 ਨੂੰ ਕੀਤੇ ਗਏ ਫੈਸਲੇ ਨੂੰ ਰੱਦ ਕੀਤੇ ਜਾਣ ਕਰਕੇ ਹੋਈ ਆਪਣੀ ਥੂ-ਥੂ ਤੋਂ ਕਿਵੇਂ ਛੁਟਕਾਰਾ ਪਾਵੇ। ਵਿਧਾਨ ਸਭਾ ਨੇ ਉਦੋਂ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ 'ਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਵਿਧਾਨ ਸਭਾ 'ਚੋਂ ਮੈਂਬਰੀ ਰੱਦ ਕਰਨ ਦਾ ਫੈਸਲਾ ਕੀਤਾ ਸੀ। ਆਪਣੇ ਅੰਦਰੂਨੀ ਕਲੇਸ਼ ਕਾਰਨ ਬੁਰੀ ਤਰ੍ਹਾਂ ਵੰਡੀ ਹੋਈ ਕਾਂਗਰਸ ਨੂੰ ਇਸ ਘਟਨਾ ਨੇ ਹੁਣ ਮੁੜ ਇਕਜੁੱਟ ਹੋਣ ਦਾ ਮੌਕਾ ਦਿੱਤਾ ਹੈ। ਉਹ ਸੁਪਰੀਮ ਕੋਰਟ ਵਲੋਂ ਕੈਪਟਨ ਅਮਰਿੰਦਰ ਸਿੰਘ ਸਿੰਘ ਦੀ ਵਿਧਾਨ ਸਭਾ 'ਚ ਮੈਂਬਰੀ ਬਹਾਲ ਕੀਤੇ ਜਾਣ 'ਤੇ ਮਿਲੇ ਸੁਨਹਿਰੀ ਮੌਕੇ ਦਾ ਲਾਭ ਉਠਾਉਣ ਦੀ ਆਪਣੀ ਸਮਰੱਥਾ ਦਰਸਾ ਸਕਦੀ ਹੈ।

ਸਿਆਸੀ ਤੇ ਜਨਤਕ ਤੌਰ 'ਤੇ ਖੱਬੇਪੱਖੀ ਆਪਣੀਆਂ ਨਾਸਮਝੀ ਵਾਲੀਆਂ ਅਤੇ ਗੈਰ-ਅਮਲੀ ਨੀਤੀਆਂ ਕਾਰਨ ਹਾਸ਼ੀਏ 'ਤੇ ਚਲੇ ਗਏ ਹਨ। ਖਾਸ ਕਰਕੇ ਇਹ ਸਥਿਤੀ ਪ੍ਰਕਾਸ਼ ਕਾਰਤ ਦੇ ਪਾਰਟੀ ਦਾ ਜਨਰਲ ਸਕੱਤਰ ਬਣਨ ਤੋਂ ਬਾਅਦ ਪੈਦਾ ਹੋਈ ਹੈ। ਬਸਪਾ ਵੀ ਪੰਜਾਬ 'ਚ ਆਪਣਾ ਜਨ-ਆਧਾਰ ਕਾਫੀ ਹੱਦ ਤਕ ਗੁਆ ਚੁੱਕੀ ਹੈ।

ਅਕਾਲੀ ਲੀਡਰਸ਼ਿਪ ਦੁਚਿੱਤੀ 'ਚ ਨਜ਼ਰ ਆਉਂਦੀ ਹੈ ਕਿਉਂਕਿ ਉਹ ਕੈਪਟਨ ਅਮਰਿੰਦਰ ਸਿੰਘ ਦੀ ਸਦਨ ਦੀ ਮੈਂਬਰੀ ਰੱਦ ਕਰਨ ਦੇ ਗੈਰ-ਸੰਵਿਧਾਨਕ ਅਤੇ ਬਦਲਾਲਊ ਕਾਰੇ ਕਾਰਨ ਆਪਣੇ 'ਤੇ ਲੱਗੇ ਦਾਗ ਨੂੰ ਧੋਣ ਦੇ ਯਤਨਾਂ ਦੀ ਭਵਿੱਖੀ ਰਣਨੀਤੀ ਪ੍ਰਤੀ ਅਜੇ ਤਕ ਸਪੱਸ਼ਟ ਨਹੀਂ ਹੈ। ਸ਼ਾਇਦ ਅਜੇ ਤੱਕ ਕਿਸੇ ਵੀ ਸਰਕਾਰ ਨੂੰ ਅਜਿਹੇ ਨਿਆਂਇਕ ਹਮਲੇ ਦਾ ਸਾਹਮਣਾ ਨਹੀਂ ਕਰਨਾ ਪਿਆ, ਜਿਸ ਤਰ੍ਹਾਂ ਅਕਾਲੀ-ਭਾਜਪਾ ਸਰਕਾਰ ਨੂੰ ਸਹਿਣਾ ਪਿਆ ਹੈ।

ਸੁਪਰੀਮ ਕੋਰਟ ਦੇ ਇਸ ਫੈਸਲੇ 'ਤੇ ਟਿੱਪਣੀ ਤੋਂ ਬਾਅਦ ਹੁਣ ਅਕਾਲੀ-ਭਾਜਪਾ ਆਗੂਆਂ ਲਈ ਕੈਪਟਨ ਅਮਰਿੰਦਰ ਸਿੰਘ ਨੂੰ ਸਦਨ ਦੀ ਮੈਂਬਰੀ ਤੋਂ ਬਰਖਾਸਤ ਕਰਨ ਦੇ ਆਪਣੇ ਕਾਰੇ ਨੂੰ ਸਹੀ ਠਹਿਰਾਉਣਾ ਸੰਭਵ ਨਹੀਂ ਹੋਵੇਗਾ, ਖਾਸ ਕਰਕੇ ਉਸ ਸਥਿਤੀ 'ਚ, ਜਦੋਂ ਹੁਣ ਅਗਲੀਆਂ ਵਿਧਾਨ ਸਭਾ ਚੋਣਾਂ ਹੋਣ 'ਚ 2 ਸਾਲ ਤੋਂ ਵੀ ਘੱਟ ਦਾ ਸਮਾਂ ਰਹਿ ਗਿਆ ਹੈ। ਇਥੋਂ ਤਕ ਕਿ ਉਨ੍ਹਾਂ ਦੀਆਂ ਆਪਣੀਆਂ ਪਾਰਟੀਆਂ ਦੇ ਵਿਚਾਰਕ ਵੀ ਅਮਰਿੰਦਰ ਸਿੰਘ ਦੀ ਸਦਨ 'ਚੋਂ ਮੈਂਬਰੀ ਰੱਦ ਕਰਨ ਦੇ ਫੈਸਲੇ ਪ੍ਰਤੀ ਅਸਹਿਜਤਾ ਮਹਿਸੂਸ ਕਰਦੇ ਸਨ।

ਇਸ ਕਾਂਡ ਕਾਰਨ ਹੋਏ ਨੁਕਸਾਨ ਤੋਂ ਬਚਣ ਲਈ ਹੁਣ ਗੱਠਜੋੜ ਦੇ ਨੇਤਾ ਇਹੀ ਸੋਚ ਰਹੇ ਹੋਣਗੇ ਕਿ ਜਨਤਾ ਦੀ ਯਾਦਦਾਸ਼ਤ ਬਹੁਤ ਕਮਜ਼ੋਰ ਹੁੰਦੀ ਹੈ ਤੇ ਉਹ ਸੁਪਰੀਮ ਕੋਰਟ ਦੇ ਫੈਸਲੇ ਨੂੰ ਛੇਤੀ ਹੀ ਭੁੱਲ ਜਾਵੇਗੀ ਪਰ ਵਿਰੋਧੀ ਧਿਰ ਇਸ ਨੂੰ ਇੰਝ ਹੀ ਖਤਮ ਨਹੀਂ ਹੋਣ ਦੇਵੇਗੀ।

ਸੱਤਾਧਾਰੀ ਗੱਠਜੋੜ ਵਿਰੁਧ ਹਮਲਾਵਰ ਮੁਹਿੰਮ ਚਲਾਉਣ ਦੀ ਜ਼ਿੰਮੇਵਾਰੀ ਮੁੱਖ ਤੌਰ 'ਤੇ ਕਾਂਗਰਸ ਦੀ ਹੀ ਹੋਵੇਗੀ। ਕਾਂਗਰਸ ਸੱਤਾਧਾਰੀ ਨੇਤਾਵਾਂ ਦੇ ਬਚਾਅ ਨਾ ਕੀਤੇ ਜਾ ਸਕਣ ਵਾਲੇ ਉਪਰੋਕਤ ਕਾਰੇ ਵਿਰੁਧ ਕਿਸ ਤਰ੍ਹਾਂ ਮੁਹਿੰਮ ਚਲਾਉਂਦੀ ਹੈ, ਇਹ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਉਹ ਆਪਣੇ ਵਰਕਰਾਂ ਨੂੰ ਕਿਸ ਤਰ੍ਹਾਂ ਇਕਜੁੱਟ ਕਰ ਸਕਦੀ ਹੈ। ਅਮਲੀ ਤੌਰ 'ਤੇ ਅਪਾਹਜ ਬਣੀ ਇਹ ਪਾਰਟੀ ਮੁੱਖ ਤੌਰ 'ਤੇ ਦੋ ਧੜਿਆਂ ਵਿਚ ਵੰਡੀ ਹੋਈ ਹੈ। ਇਨ੍ਹਾਂ 'ਚੋਂ ਇਕ ਧੜੇ ਦੀ ਅਗਵਾਈ ਕਾਂਗਰਸ ਵਿਧਾਇਕ ਦਲ ਦੀ ਨੇਤਾ ਸ੍ਰੀਮਤੀ ਰਾਜਿੰਦਰ ਕੌਰ ਭੱਠਲ ਅਤੇ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਕਰਦੇ ਹਨ ਤੇ ਦੂਜੇ ਧੜੇ ਦੀ ਅਗਵਾਈ ਕੈਪਟਨ ਅਮਰਿੰਦਰ ਸਿੰਘ ਕਰਦੇ ਹਨ।

ਸੂਬੇ ਵਿਚ ਵਿਆਪਕ ਜਨ-ਆਧਾਰ ਵਾਲੇ ਕੈਪਟਨ ਅਮਰਿੰਦਰ ਸਿੰਘ ਦੀ ਸਥਿਤੀ ਵਿਧਾਨ ਸਭਾ ਦੀ ਮੈਂਬਰੀ ਮੁੜ ਹਾਸਿਲ ਕਰਨ ਨਾਲ ਪਾਰਟੀ ਦੇ ਅੰਦਰ ਅਤੇ ਬਾਹਰ ਕਾਫੀ ਮਜ਼ਬੂਤ ਹੋਵੇਗੀ। ਇਕ ਜੁਝਾਰੂ ਨੇਤਾ ਵਜੋਂ ਜਾਣੇ ਜਾਂਦੇ ਕੈਪਟਨ ਅਮਰਿੰਦਰ ਸਿੰਘ ਦੀ ਸਦਨ ਵਿਚ ਮੌਜੂਦਗੀ ਨਾਲ ਹੀ ਵਿਆਪਕ ਪ੍ਰਭਾਵ ਪਵੇਗਾ। ਖਰਾਬ ਪ੍ਰਸ਼ਾਸਨ, ਸਰਕਾਰੀ ਖਜ਼ਾਨੇ ਦੇ ਦਿਵਾਲੀਏਪਨ ਦੇ ਕੰਢੇ ਪਹੁੰਚਣ ਅਤੇ ਕਾਨੂੰਨ ਵਿਵਸਥਾ ਦੀ ਵਿਗੜੀ ਹਾਲਤ ਆਦਿ ਮੁੱਦੇ ਵਿਰੋਧੀ ਧਿਰ ਨੂੰ ਸੱਤਾ ਪੱਖ ਵਿਰੁਧ ਹਮਲਾਵਰ ਤੇਵਰ ਅਪਣਾਉਣ ਦਾ ਮੌਕਾ ਦੇ ਸਕਦੇ ਹਨ।

ਗੱਠਜੋੜ ਸਰਕਾਰ ਨੂੰ ਸਿਰਫ ਇਕ ਗੱਲ ਨਾਲ ਰਾਹਤ ਮਿਲ ਸਕਦੀ ਹੈ ਕਿ ਕਾਂਗਰਸ ਤੋਂ ਇਲਾਵਾ ਹੋਰ ਕੋਈ ਵੀ ਵਿਰੋਧੀ ਪਾਰਟੀ ਅਕਾਲੀ ਦਲ ਤੇ ਭਾਜਪਾ ਵਿਰੁਧ ਮੋਰਚਾ ਨਹੀਂ ਖੋਲ੍ਹ ਸਕਦੀ। ਬਹੁਤਾ ਸਮਾਂ ਨਹੀਂ ਹੋਇਆ ਹੈ, ਜਦੋਂ ਖੱਬੇਪੱਖੀਆਂ ਦਾ ਕੁਝ ਦਿਹਾਤੀ ਖੇਤਰਾਂ ਤੇ ਉਦਯੋਗਿਕ ਮਜ਼ਦੂਰਾਂ 'ਚ ਕਾਫੀ ਜਨ-ਆਧਾਰ ਹੁੰਦਾ ਸੀ। ਇਸ ਤੋਂ ਇਲਾਵਾ ਪਿਛਲੀਆਂ ਵਿਧਾਨ ਸਭਾਵਾਂ ਵਿਚ ਵੀ ਇਨ੍ਹਾਂ ਦੀ ਨੁਮਾਇੰਦਗੀ ਹੁੰਦੀ ਸੀ। ਜਦੋਂ ਵੀ ਕਾਂਗਰਸ ਤੇ ਖੱਬੇਪੱਖੀਆਂ ਨੇ ਹੱਥ ਮਿਲਾਇਆ, ਜਿਵੇਂ ਕਿ ਉਹ ਅਤੀਤ 'ਚ ਮਿਲ ਕੇ ਚੋਣਾਂ ਲੜਨ ਲਈ ਹੱਥ ਮਿਲਾਉਂਦੇ ਰਹੇ ਹਨ, ਉਨ੍ਹਾਂ ਨੂੰ ਇਸ ਦਾ ਚੋਣਾਂ 'ਚ ਲਾਭ ਮਿਲਿਆ ਹੈ।

ਹੁਣ ਖੱਬੇਪੱਖੀ ਖੁਦ ਨੂੰ ਜਨਤਾ ਨਾਲੋਂ ਅਲੱਗ-ਥਲੱਗ ਮਹਿਸੂਸ ਕਰਦੇ ਹਨ। ਇਸ ਵਿਧਾਨ ਸਭਾ 'ਚ ਇਨ੍ਹਾਂ ਦਾ ਕੋਈ ਮੈਂਬਰ ਨਹੀਂ ਹੈ। ਇਨ੍ਹਾਂ ਦੀ ਅਹਿਮ ਕੌਮੀ ਮੁੱਦਿਆਂ 'ਤੇ ਅਗਾਊਂ ਧਾਰਨਾ ਵਾਲੀ ਅਤੇ ਗੈਰ-ਅਮਲੀ ਸੋਚ ਤੇ ਮੁੱਖ ਕੌਮੀ ਜਨ-ਭਾਵਨਾ ਨਾਲ ਖੁਦ ਨੂੰ ਜੋੜ ਸਕਣ 'ਚ ਨਾਕਾਮੀ ਹੀ ਇਨ੍ਹਾਂ ਦੀ ਇਸ ਹਾਲਤ ਦਾ ਕਾਰਨ ਬਣੀ ਹੈ। ਉਹ ਇਸ ਸਥਿਤੀ ਵਿਚ ਨਹੀਂ ਹਨ ਕਿ ਖੁਦ ਨੂੰ ਅਕਾਲੀ-ਭਾਜਪਾ, ਗੱਠਜੋੜ ਵਿਰੁਧ ਇਕ ਪ੍ਰਭਾਵਸ਼ਾਲੀ ਵਿਰੋਧੀ ਧਿਰ ਵਜੋਂ ਪੇਸ਼ ਕਰ ਸਕਣ।

ਬਸਪਾ ਦੀ ਸਥਿਤੀ ਵੀ ਵੱਖਰੀ ਨਹੀਂ ਹੈ। ਬਹੁਤਾ ਸਮਾਂ ਨਹੀਂ ਹੋਇਆ, ਜਦੋਂ ਇਸ ਦਾ ਇਥੇ, ਖਾਸ ਕਰਕੇ ਦੁਆਬਾ ਖੇਤਰ 'ਚ ਕਾਫੀ ਜਨ-ਆਧਾਰ ਸੀ। ਉਸ ਦੇ ਇਸੇ ਜਨ-ਆਧਾਰ ਕਾਰਨ ਮੁੱਖ ਧਾਰਾ ਵਾਲੀਆਂ ਪਾਰਟੀਆਂ ਅਕਸਰ ਇਸ ਨਾਲ ਗੱਠਜੋੜ ਕਰਨ ਲਈ ਪ੍ਰੇਰਿਤ ਹੁੰਦੀਆਂ ਸਨ ਪਰ ਹੁਣ ਇਹ ਬੁਰੀ ਤਰ੍ਹਾਂ ਵੰਡੀ ਹੋਣ ਕਰਕੇ ਆਪਣਾ ਜਨ-ਆਧਾਰ ਗੁਆ ਚੁੱਕੀ ਹੈ। ਦੂਰ ਦੀ ਸੋਚ ਰੱਖਣ ਵਾਲੇ ਸ਼ਾਸਕ ਆਪਣੇ ਪੁਰਾਣੇ ਤਜਰਬਿਆਂ ਤੋਂ ਕਾਫੀ ਕੁਝ ਸਿੱਖਦੇ ਹਨ ਤੇ ਉਸ ਨਾਲ ਆਪਣੀਆਂ ਕਮੀਆਂ 'ਚ ਸੁਧਾਰ ਲਈ ਕਦਮ ਚੁੱਕਦੇ ਹਨ ਪਰ ਪੰਜਾਬ ਦੀ ਸੱਤਾਧਾਰੀ ਲੀਡਰਸ਼ਿਪ ਆਪਣੀਆਂ ਪਿਛਲੀਆਂ ਗ਼ਲਤੀਆਂ ਤੋਂ ਸਬਕ ਸਿੱਖਣ ਦੀ ਬਜਾਏ ਆਪਣੀਆਂ ਸਮੱਸਿਆਵਾਂ ਵਧਾਉਣ 'ਚ ਹੀ ਲੱਗੀ ਹੋਈ ਹੈ। ਇਸ ਦੇ ਕਮਜ਼ੋਰ ਪ੍ਰਸ਼ਾਸਨ 'ਤੇ ਸੂਬੇ ਦੀ ਅਰਥ ਵਿਵਸਥਾ ਨੂੰ ਮੁੜ ਲੀਹ 'ਤੇ ਲਿਆ ਸਕਣ 'ਚ ਇਸ ਦੀ ਨਾਕਾਮੀ ਨੇ ਸੂਬੇ ਨੂੰ 'ਬੀਮਾਰ' ਸੂਬਿਆਂ ਦੀ ਸ੍ਰੇਣੀ 'ਚ ਲਿਆ ਖੜ੍ਹਾ ਕੀਤਾ ਹੈ।

ਸ਼ਾਸਨ ਨੇ ਪ੍ਰਸ਼ਾਸਨ ਨੂੰ ਸੁਸਤ ਬਣਾ ਦਿਤਾ ਹੈ ਤੇ ਜਨਤਾ ਦੀਆਂ ਸਮੱਸਿਆਵਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਕਈ ਪ੍ਰਸ਼ਾਸਨਿਕ ਊਣਤਾਈਆਂ ਕਾਰਨ ਇਸ ਨੂੰ ਹਾਈ ਕੋਰਟ ਤੋਂ ਝਾੜ ਵੀ ਖਾਣੀ ਪਈ ਹੈ।

ਹੁਣ ਸੁਪਰੀਮ ਕੋਰਟ ਨੇ ਕੈਪਟਨ ਅਮਰਿੰਦਰ ਸਿੰਘ ਦੇ ਮਾਮਲੇ ਵਿਚ ਆਪਣਾ ਤਿੱਖਾ ਫੈਸਲਾ ਦਿੱਤਾ ਹੈ। ਜੇ ਸੱਤਾਧਾਰੀ ਲੀਡਰਸ਼ਿਪ ਇਹ ਸੋਚਦੀ ਹੈ ਕਿ ਲੋਕਾਂ ਦੀ ਯਾਦਦਾਸ਼ਤ ਕਮਜ਼ੋਰ ਹੋਣ ਕਰਕੇ ਉਹ 'ਉਲਟ ਸਿਆਸੀ ਸਥਿਤੀ' ਤੋਂ ਬਚ ਜਾਵੇਗੀ ਤਾਂ ਇਹ ਉਸ ਦੀ ਨਿਰੀ ਕਲਪਨਾ ਹੀ ਹੋਵੇਗੀ।


## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

*National Truck Driving School*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ

*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ ਹੈ

*ਰਿਹਾਇਸ਼ ਦਾ ਵੀ ਖਾਸ ਪ੍ਰਬੰਧ ਹੈ

*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

**Kashmir S. Thandi**
**Office: (866) 933-3038**
**Balhar S. Rana**
**Cell:916-502-7733**

**4585 Pell Dr. Secramento CA, 95838**



## Real Estate & Loans Under One Roof

***Call:Sam Chahal Tel: 916-612-5773***

*For Buying and Selling Residential, Commercial property and for Loans in Sacramento area*

**Multi-Million Dollars Producer-2007-08**



**Sam (Sohanpreet)Chahal**
CA Lic. 01504071
**Realtor/Notary Public**

e-mail:sam@jassigill.com

**Reo-Bankowned Properties**
**Serving from Bay Area to Sacramento**

### Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।

*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।

*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

**We Help You Buy/Sell Business & Homes**

**Call Master of Winners in Multiple Offers**

**ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।**

## Golden State Realty

**Sacramento Office: 8695 Territorial Way, Elk Grove CA 95624**
**Tel: 916-612-5773 Fax: 916-689-5707**

# ਭਾਰਤੀ ਜਨਤਾ ਪਾਰਟੀ ਦਾ ਅੰਦਰੂਨੀ ਸੰਕਟ ਭਖਿਆ

## -ਜਗਦੀਸ਼ ਸਾਹਨੀ ਨੇ ਫਰੋਲੇ ਲਕਸ਼ਮੀ ਕਾਂਤਾ ਦੇ ਪੋਤੜੇ -ਅਕਾਲੀ ਵੇਖ ਰਹੇ ਹਨ ਭਾਜਪਾ ਅੰਦਰਲਾ ਤਮਾਸ਼ਾ





**ਅੰਮ੍ਰਿਤਸਰ:** ਭਾਰਤੀ ਜਨਤਾ ਪਾਰਟੀ ਦੀ ਅੰਦਰੂਨੀ ਧੜੇਬੰਦਕ ਲੜਾਈ ਕਾਫੀ ਗਹਿਰੀ ਹੋ ਚੁੱਕੀ ਹੈ ਅਤੇ ਇਹ ਹੁਣ ਪੰਜਾਬ ਦੀ ਸਿਹਤ ਮੰਤਰੀ ਪ੍ਰੋ. ਲਕਸ਼ਮੀ ਕਾਂਤਾ ਚਾਵਲਾ ਅਤੇ ਮੁੱਖ ਸੰਸਦੀ ਸਕੱਤਰ ਜਗਦੀਸ਼ ਸਾਹਨੀ ਆਪਸੀ ਟਕਰਾਅ ਦੇ ਮਾਮਲੇ ਵਿਚ ਸਾਹਮਣੇ ਆਈ ਹੈ। ਦੋਨੋ ਜਣੇ ਪਿਛਲੇ ਦਿਨੀਂ ਇੱਥੇ ਭਾਜਪਾ ਹਾਈਕਮਾਂਡ ਵਲੋਂ ਗਠਿਤ ਕਮੇਟੀ ਸਾਹਮਣੇ ਪੇਸ਼ ਹੋਏ। ਦੋਵਾਂ ਨੇ 2 ਮੈਂਬਰੀ ਕਮੇਟੀ ਦੇ ਨੁਮਾਇੰਦਿਆਂ ਭਾਜਪਾ ਦੇ ਰਾਸ਼ਟਰੀ ਸਕੱਤਰ ਨਵਜੋਤ ਸਿੰਘ ਸਿੱਧੂ ਅਤੇ ਪੰਜਾਬ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਸਾਹਮਣੇ ਆਪੋ-ਆਪਣਾ ਪੱਖ ਪੇਸ਼ ਕੀਤਾ। 3 ਘੰਟਿਆਂ ਦੇ ਕਰੀਬ ਚੱਲੀ ਮੀਟਿੰਗ ਵਿਚੋਂ 1 ਘੰਟਾ ਸ੍ਰੀ ਸਾਹਨੀ ਅਤੇ 30 ਮਿੰਟ ਦੇ ਕਰੀਬ ਪ੍ਰੋ. ਚਾਵਲਾ ਨੇ ਸਾਰੇ ਮਾਮਲੇ ਬਾਰੇ ਵੱਖੋ-ਵੱਖਰੇ ਤੌਰ 'ਤੇ ਆਪਣੀ ਗੱਲ ਰੱਖੀ। ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਸਾਹਨੀ ਨੇ ਕਿਹਾ ਕਿ ਮੈਂ ਆਪਣੇ ਪਹਿਲਾਂ ਵਾਲੇ ਸਟੈਂਡ 'ਤੇ ਹੀ ਕਾਇਮ ਹਾਂ ਅਤੇ ਆਪਣੇ ਦੋਸ਼ਾਂ ਤੇ ਤੱਥਾਂ ਸਮੇਤ ਸਾਰੇ ਮਾਮਲੇ ਬਾਰੇ ਕਮੇਟੀ ਦੇ ਨੁਮਾਇੰਦਿਆਂ ਨੂੰ ਵਿਸਥਾਰ 'ਚ ਜਾਣੂ ਕਰਵਾ ਦਿਤਾ ਹੈ। ਉਨ੍ਹਾਂ ਕਿਹਾ ਕਿ ਮੈਨੂੰ ਪੂਰੀ ਉਮੀਦ ਹੈ ਕਿ ਆਉਣ ਵਾਲੇ ਦਿਨਾਂ 'ਚ ਸਾਰੀ ਸੱਚਾਈ ਲੋਕਾਂ ਸਾਹਮਣੇ ਆ ਜਾਵੇਗੀ। ਇਕ ਸਵਾਲ ਦੇ ਜਵਾਬ ਵਿਚ ਸ੍ਰੀ ਸਾਹਨੀ ਨੇ ਕਿਹਾ ਕਿ ਮੈਨੂੰ ਹਾਈਕਮਾਂਡ 'ਤੇ ਪੂਰਾ ਭਰੋਸਾ ਹੈ ਅਤੇ ਉਹ ਜੋ ਵੀ ਫੈਸਲਾ ਕਰੇਗੀ, ਮੈਨੂੰ ਮਨਜ਼ੂਰ ਹੋਵੇਗਾ।

ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਮੈਂ ਬੀਬੀ ਦੇ ਕਾਰਨਾਮਿਆਂ ਬਾਰੇ ਤੱਥਾਂ ਸਮੇਤ ਪਾਰਟੀ ਨੂੰ ਜਾਣੂ ਕਰਵਾ ਦਿੱਤਾ ਹੈ ਅਤੇ ਹੁਣ ਫੈਸਲਾ ਪਾਰਟੀ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਨੇ ਹੀ ਕਰਨਾ ਹੈ। ਸ੍ਰੀ ਸਾਹਨੀ ਨੇ ਕਿਹਾ ਕਿ ਮੈਂ ਪਾਰਟੀ ਹਾਈਕਮਾਂਡ ਕੋਲੋਂ ਮੰਗ ਕੀਤੀ ਹੈ ਕਿ ਪੂਰੇ ਮਾਮਲੇ ਦੀ ਉਚ ਪੱਧਰੀ ਜਾਂਚ ਕਰਵਾਈ ਜਾਵੇ ਤਾਂ ਕਿ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਸਾਹਮਣੇ ਆ ਸਕੇ। ਦੂਜੇ ਪਾਸੇ ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਨੇ ਅੱਧੇ ਘੰਟੇ ਦੀ ਕਮੇਟੀ ਸਾਹਮਣੇ ਪੇਸ਼ੀ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮੁੱਖ ਸੰਸਦੀ ਸਕੱਤਰ ਸਾਹਨੀ ਨੇ ਉਨ੍ਹਾਂ 'ਤੇ ਜੋ ਦੋਸ਼ ਲਗਾਏ ਹਨ, ਉਹ ਪੂਰੀ ਤਰ੍ਹਾਂ ਨਾਲ ਬੇਬੁਨਿਆਦ ਅਤੇ ਨਿੱਜੀ ਤੌਰ 'ਤੇ ਰੰਜਿਸ਼ਬਾਜ਼ੀ ਤੋਂ ਪ੍ਰੇਰਿਤ ਹਨ। ਉਨ੍ਹਾਂ ਸਾਰੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਮੈਂ ਆਪਣੇ ਮਹਿਕਮੇ 'ਚ ਪੂਰੀ ਪਾਰਦਰਸ਼ਤਾ ਅਤੇ ਬਿਨ੍ਹਾਂ ਕਿਸੇ ਦੀ ਕੋਈ ਸਿਫਾਰਿਸ਼ ਤੋਂ ਸਾਫ ਸੁਥਰਾ ਕੰਮ ਕੀਤਾ ਹੈ ਅਤੇ ਮੈਨੂੰ ਕਿਸੇ ਤੋਂ ਕੋਈ ਡਰ ਨਹੀਂ ਹੈ। ਪ੍ਰੋ. ਚਾਵਲਾ ਨੇ ਪੱਤਰਕਾਰਾਂ ਦੇ ਸਵਾਲਾਂ ਦਾ ਜੁਆਬ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਕਮੇਟੀ ਦੇ ਮੈਂਬਰ ਸੂਬਾ ਪ੍ਰਧਾਨ ਅਸ਼ਵਨੀ ਕੁਮਾਰ ਅਤੇ ਰਾਸ਼ਟਰੀ ਸਕੱਤਰ ਨਵਜੋਤ ਸਿੰਘ ਸਿੱਧੂ ਕੋਲ ਸਾਰੇ ਮਾਮਲੇ ਬਾਰੇ ਸਪਸ਼ਟੀਕਰਨ ਦੇ ਦਿੱਤਾ ਹੈ ਅਤੇ ਹੁਣ ਜੋ ਵੀ ਫੈਸਲਾ ਕਰਨਾ ਹੈ ਉਹ ਹਾਈਕਮਾਂਡ ਤੇ ਪਾਰਟੀ ਨੇ ਕਰਨਾ ਹੈ। ਇਸ ਦੇ ਨਾਲ ਹੀ ਸਿਹਤ ਮੰਤਰੀ ਨੇ ਮੁੱਖ ਸੰਸਦੀ ਸਕੱਤਰ ਸ੍ਰੀ ਸਾਹਨੀ 'ਤੇ ਦੋਸ਼ ਲਗਾਇਆ ਕਿ ਆਪਣੇ ਨਿੱਜੀ ਸਵਾਰਥਾਂ ਲਈ ਉਨ੍ਹਾਂ 'ਤੇ ਝੂਠੇ ਦੋਸ਼ ਲਗਾ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਕਿਸੇ ਵੀ ਕਿਸਮ ਦੀ ਜਾਂਚ ਲਈ ਪੂਰੀ ਤਰ੍ਹਾਂ ਤਿਆਰ ਹਨ।

ਦੋਵੇਂ ਧਿਰਾਂ ਦਾ ਪੱਖ ਸੁਣਨ ਤੋਂ ਬਾਅਦ ਕਮੇਟੀ ਦੇ ਮੈਂਬਰ ਅਤੇ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸ੍ਰੀ ਸਾਹਨੀ ਅਤੇ ਪ੍ਰੋ. ਚਾਵਲਾ ਦਾ ਪੱਖ ਸੁਣ ਲਿਆ ਗਿਆ ਹੈ ਅਤੇ ਇਸ ਮਾਮਲੇ ਵਿਚ ਨਿਰਪੱਖ ਜਾਂਚ ਕੀਤੀ ਜਾ ਰਹੀ ਹੈ ਅਤੇ ਇਸ ਦੀ ਰਿਪੋਰਟ ਉਨ੍ਹਾਂ ਵਲੋਂ ਅਗਲੇ ਇੱਕ ਦੋ ਦਿਨਾਂ ਵਿਚ ਪਾਰਟੀ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਨੂੰ ਭੇਜ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਬਾਰੇ ਜੋ ਵੀ ਫੈਸਲਾ ਹੋਵੇਗਾ ਉਹ ਪਾਰਟੀ ਹਾਈਕਮਾਂਡ ਕਰੇਗੀ। ਕਮੇਟੀ ਦੇ ਦੂਜੇ ਮੈਂਬਰ ਨਵਜੋਤ ਸਿੰਘ ਸਿੱਧੂ, ਜੋ ਕਿ ਅੰਮ੍ਰਿਤਸਰ ਹਲਕੇ ਤੋਂ ਮੌਜੂਦਾ ਐਮ. ਪੀ. ਅਤੇ ਭਾਜਪਾ ਦੇ ਰਾਸ਼ਟਰੀ ਸਕੱਤਰ ਹਨ, ਨੇ ਪੱਤਰਕਾਰਾਂ ਦੇ ਸਵਾਲਾਂ ਦੇ ਜੁਆਬ ਦਿੰਦਿਆਂ ਮੀਟਿੰਗ 'ਚ ਹੋਈਆਂ ਅੰਦਰੂਨੀ ਗੱਲਾਂ ਬਾਰੇ ਦੱਸਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਨ੍ਹਾਂ ਵਲੋਂ ਸਾਰੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਇਸ ਦੀ ਰਿਪੋਰਟ ਤਿਆਰ ਕਰਕੇ ਪਾਰਟੀ ਪ੍ਰਧਾਨ ਨੂੰ ਭੇਜ ਦਿਤਾ ਜਾਵੇਗੀ। ਸ੍ਰੀ ਸਿੱਧੂ ਨੇ ਕਿਹਾ ਕਿ ਦੋਵੇਂ ਪੱਖਾਂ ਦੇ ਵਿਚਾਰ ਸੁਣੇ ਗਏ ਹਨ ਅਤੇ ਦੋਵਾਂ ਨੂੰ ਆਪੋ ਆਪਣੀ ਗੱਲ ਕਹਿਣ ਦਾ ਪੂਰਾ ਪੂਰਾ ਮੌਕਾ ਦਿੱਤਾ ਗਿਆ ਹੈ। ਇੱਕ ਸਵਾਲ ਦੇ ਜੁਆਬ ਵਿਚ ਉਨ੍ਹਾਂ ਮੰਨਿਆ ਕਿ ਇਸ ਸਾਰੇ ਵਿਵਾਦ ਨਾਲ ਪਾਰਟੀ ਨੂੰ ਨੁਕਸਾਨ ਪੁੱਜਾ ਹੈ।

**ਯਾਦ ਰਹੇ** ਲਕਸ਼ਮੀ ਕਾਂਤਾ ਚਾਵਲਾ ਅਤੇ ਮੁੱਖ ਸੰਸਦੀ ਸਕੱਤਰ ਜਗਦੀਸ਼ ਸਾਹਨੀ ਦੀ ਲੜਾਈ 'ਚ ਕਈ ਤਰ੍ਹਾਂ ਦੇ ਗੁੱਝੇ ਭੇਦ ਖੁਲ੍ਹ ਰਹੇ ਹਨ। ਮੁੱਖ ਸੰਸਦੀ ਸਕੱਤਰ ਸ੍ਰੀ ਸਾਹਨੀ ਨੇ ਸਿਹਤ ਮੰਤਰੀ ਚਾਵਲਾ ਵਿਰੁਧ ਦੋਸ਼ ਲਾਇਆ ਕਿ ਸਿਹਤ ਮਹਿਕਮਾ ਇਕ ਸਾਲ ਵਿਚ 350 ਕਿਲੋ ਅਫ਼ੀਮ "ਛੱਕ" ਗਿਆ ਹੈ ਜੋ ਕਿ ਕੇਂਦਰ ਸਰਕਾਰ ਵਲੋਂ ਪੰਜਾਬ ਨੂੰ ਅੰਗਰੇਜ਼ੀ ਅਤੇ ਆਯੁਰਵੈਦਿਕ ਦਵਾਈਆਂ ਲਈ ਦਿਤੀ ਗਈ ਸੀ। ਉਨ੍ਹਾਂ ਦਸਿਆ ਕਿ ਕਈ ਸੂਬਿਆਂ ਵਿਚ ਅਫ਼ੀਮ ਵੇਚਣ ਦੇ ਲਾਇਸੈਂਸ ਹਨ ਪਰ ਪੰਜਾਬ ਵਿਚ ਲਾਇਸੈਂਸ ਨਾ ਹੋਣ ਕਾਰਨ ਕੇਂਦਰ ਸਰਕਾਰ ਦਵਾਈਆਂ ਲਈ ਅਫ਼ੀਮ ਦੀ ਸਪਲਾਈ ਕਰਦੀ ਹੈ। ਮੈਡੀਕਲ ਕਿੱਤੇ ਦੇ ਮਾਹਰਾਂ ਅਨੁਸਾਰ ਪੰਜਾਬ ਵਿਚ ਦਵਾਈਆਂ ਦੀ ਵਰਤੋਂ ਲਈ ਕਿੱਲੋ ਅਫ਼ੀਮ ਇਕ ਸਾਲ ਲਈ ਬਹੁਤ ਹੈ ਪਰ ਸਿਹਤ ਮੰਤਰੀ ਦੀ ਮਿਲੀਭੁਗਤ ਨਾਲ ਅੰਮ੍ਰਿਤਸਰ ਦੀ ਇਕ ਫ਼ਾਰਮਾ ਕੰਪਨੀ ਨੂੰ 2 ਸਾਲਾਂ ਵਿਚ 350 ਕਿਲੋ ਅਫ਼ੀਮ ਦਿਤੀ ਗਈ ਹੈ ਜਦਕਿ ਬਾਕੀ ਕਿਸੇ ਹੋਰ ਫ਼ਾਰਮਾ ਕੰਪਨੀ ਨੂੰ ਅਫ਼ੀਮ ਦੀ ਸਪਲਾਈ ਨਹੀਂ ਕੀਤੀ ਗਈ। ਸ੍ਰੀ ਸਾਹਨੀ ਨੇ ਕਿਹਾ ਕਿ ਕੌਮੀ ਹੈਲਥ ਮਿਸ਼ਨ ਤਹਿਤ ਕੇਂਦਰ ਨੇ ਕਰੋੜਾਂ ਰੁਪਏ ਭੇਜੇ ਹਨ ਪਰ ਪੰਜਾਬ ਵਿਚ ਪੈਸਾ ਠੀਕ ਢੰਗ ਨਾਲ ਨਹੀਂ ਵਰਤਿਆ ਗਿਆ, ਉਲਟਾ ਖੁਰਦ-ਬੁਰਦ ਕੀਤਾ ਗਿਆ ਹੈ। ਮਹਿਕਮੇ ਨੇ ਭ੍ਰਿਸ਼ਟ ਸੇਵਾ-ਮੁਕਤ ਅਫ਼ਸਰਾਂ ਨੂੰ ਮੁੜ ਉਚੇ ਅਹੁਦਿਆਂ 'ਤੇ ਭਰਤੀ ਕੀਤਾ। ਇਨ੍ਹਾਂ ਵਿਚ ਡਾਕਟਰ, ਡਾਇਰੈਕਟਰ ਤੇ ਹੋਰ ਅਮਲਾ ਸ਼ਾਮਲ ਹੈ। ਇਨ੍ਹਾਂ ਅਫ਼ਸਰਾਂ ਨੂੰ 40-40 ਹਜ਼ਾਰ ਤਨਖ਼ਾਹ, ਸਰਕਾਰੀ ਗੱਡੀਆਂ ਅਤੇ ਹੋਰ ਭੱਤਿਆਂ 'ਤੇ ਰਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਵਿਖੇ ਬਣਾਏ ਦਫ਼ਤਰ ਵਿਚ ਏਨੀਆਂ ਕੁਰਸੀਆਂ ਨਹੀਂ ਹਨ, ਜਿੰਨੇ ਅਫ਼ਸਰ ਤੈਨਾਤ ਕਰ ਦਿਤੇ ਹਨ। ਸ੍ਰੀ ਸਾਹਨੀ ਨੇ ਕਿਹਾ ਕਿ ਮੈਡੀਕਲ ਪਲਾਂਟੇਸ਼ਨ ਵਿਚ ਵੀ ਲੱਖਾਂ ਰੁਪਏ ਦੀ ਗੜਬੜੀ ਹੋਈ ਹੈ। ਇਸ ਸਕੀਮ ਤਹਿਤ ਕਿਸਾਨਾਂ ਨੂੰ ਪੰਦਰਾਂ ਹਜ਼ਾਰ ਰੁਪਏ ਦੀ ਸਬਸਿਡੀ ਦਿਤੀ ਜਾਂਦੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਮੁਹਾਲੀ ਦੇ ਇਕ ਪਤੇ 'ਤੇ 80 ਕਿਸਾਨ ਵਿਖਾਏ ਗਏ ਹਨ। ਮੰਤਰੀ ਵਲੋਂ ਪੰਜ ਕਰੋੜੀ ਪ੍ਰਾਜੈਕਟ ਵਿਚ ਹੋਈ ਹੇਰਾਫੇਰੀ ਨੂੰ ਵੀ ਛੁਪਾ ਕੇ ਰਖਿਆ ਗਿਆ ਹੈ। ਵਿਜੀਲੈਂਸ ਬਿਊਰੋ ਨੇ ਅਪਣੀ ਰੀਪੋਰਟ ਵਿਚ ਧੋਖਾਧੜੀ ਦੇ ਤੱਥ ਪੇਸ਼ ਕੀਤੇ ਹਨ ਪਰ ਮੰਤਰੀ ਨੇ ਦੋਸ਼ੀ ਅਧਿਕਾਰੀਆਂ ਵਿਰੁਧ ਕਾਰਵਾਈ ਨਹੀਂ ਹੋਣ ਦਿਤੀ। ਸ੍ਰੀ ਸਾਹਨੀ ਨੇ ਕਿਹਾ ਕਿ ਸਾਰੇ ਪੰਜਾਬ ਨੂੰ ਭਰਮ ਸੀ ਕਿ ਸਿਹਤ ਮੰਤਰੀ ਬਹੁਤ ਈਮਾਨਦਾਰ ਹਨ ਪਰ ਉਹ ਉਨ੍ਹਾਂ ਵਲੋਂ ਲਾਏ ਦੋਸ਼ਾਂ ਨੂੰ ਰੱਦ ਨਹੀਂ ਕਰ ਸਕਦੇ ਕਿਉਂਕਿ ਸਚਾਈ ਸਭ ਜਾਣਦੇ ਹਨ। ਉਨ੍ਹਾਂ ਦਸਿਆ ਕਿ ਵਿਧਾਨ ਸਭਾ ਦੇ ਬਜਟ ਇਜਲਾਸ ਦੌਰਾਨ ਵੀ ਇਕ ਕਾਂਗਰਸੀ ਮੈਂਬਰ ਨੇ ਸਦਨ ਵਿਚ ਦੋਸ਼ ਲਾਏ ਸਨ ਕਿ ਜਲੰਧਰ ਦੇ ਇਕ ਸਰਕਾਰੀ ਡਾਕਟਰ ਨੂੰ ਵਿਜੀਲੈਂਸ ਵਲੋਂ ਰੰਗੇ ਹੱਥੀਂ ਗ੍ਰਿਫ਼ਤਾਰ ਕਰਨ ਦੇ ਬਾਵਜੂਦ ਕਾਰਵਾਈ ਕਰਨ ਦੀ ਬਜਾਏ ਤਰੱਕੀ ਦੇ ਰੂਪ ਵਿਚ ਇਨਾਮ ਦਿਤਾ ਗਿਆ। ਸ੍ਰੀ ਸਾਹਨੀ ਨੇ ਸਿਹਤ ਮੰਤਰੀ ਤੋਂ ਅਸਤੀਫ਼ੇ ਦੀ ਮੰਗ ਕੀਤੀ ਹੈ।

ਜ਼ਿਕਰਯੋਗ ਹੈ ਕਿ ਸਿਹਤ ਮੰਤਰੀ ਵਲੋਂ ਬਟਾਲਾ ਵਿਖੇ ਕਈ ਨਿੱਜੀ ਹਸਪਤਾਲਾਂ ਵਿਚ ਛਾਪੇ ਮਾਰੇ ਗਏ ਸਨ, ਜੋ ਸਾਹਨੀ ਦੇ ਰਿਸ਼ਤੇਦਾਰਾਂ ਦੇ ਸਨ। ਇਸ ਤੋਂ ਬਾਅਦ ਇਹ ਲੜਾਈ ਸਿਖਰਾਂ 'ਤੇ ਪੁੱਜ ਗਈ ਪਰ ਹਾਲੇ ਤਕ ਭਾਜਪਾ ਹਾਈ ਕਮਾਨ ਚੁੱਪ ਹੈ ਜਦਕਿ ਅਕਾਲੀ ਪਾਰਟੀ ਤਮਾਸ਼ਾ ਵੇਖ ਰਹੀ ਹੈ। ਇਸ ਆਰ-ਪਾਰ ਦੀ ਲੜਾਈ ਵਿਚ ਸ੍ਰੀ ਸਾਹਨੀ ਦਾ ਕਹਿਣਾ ਹੈ ਕਿ ਉਹ ਅਗਲੇ ਹਫ਼ਤੇ ਕੌਮੀ ਪ੍ਰਧਾਨ ਗਡਕਰੀ ਨੂੰ ਵੀ ਮਿਲਣਗੇ। ਹਾਲੇ ਸ਼ਿਕਾਇਤ ਭੇਜੀ ਗਈ ਹੈ।ਯਾਦ ਰਹੇ ਸ੍ਰੀ ਸਾਹਨੀ ਨੇ ਬੀਤੀ 6 ਮਈ ਨੂੰ ਭ੍ਰਿਸ਼ਟਾਚਾਰ ਬਾਰੇ ਬਿਆਨਬਾਜ਼ੀ ਕਰਕੇ ਸਰਕਾਰ ਦੀਆਂ ਮੁਸ਼ਕਲਾਂ 'ਚ ਹੋਰ ਵਾਧਾ ਕਰ ਦਿੱਤਾ ਸੀ। ਮੁੱਖ ਪਾਰਲੀਮਾਨੀ ਸਕੱਤਰ ਤੇ ਭਾਜਪਾ ਆਗੂ ਜਗਦੀਸ਼ ਸਾਹਨੀ ਵਲੋਂ ਸਿਹਤ ਮੰਤਰੀ ਲਕਸ਼ਮੀ ਕਾਂਤ ਚਾਵਲਾ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਗਾਉਣ ਨਾਲ ਕੈਪਟਨ ਅਮਰਿੰਦਰ ਵਿਰੁਧ ਭ੍ਰਿਸ਼ਟਾਚਾਰ ਦੇ ਮੁਕੱਦਮੇ ਦਰਜ ਕਰਨ ਵਾਲੀ ਬਾਦਲ ਸਰਕਾਰ ਦੀ ਹਕੂਮਤ ਦੀ ਪੁਜੀਸ਼ਨ ਹੁਣ ਕਾਂਗਰਸ ਪਾਰਟੀ ਸਾਹਮਣੇ ਕਮਜ਼ੋਰ ਪੈ ਚੁੱਕੀ ਹੈ। ਭਾਵੇਂ ਕਿ ਲੜਾਈ ਭਾਜਪਾ ਦੇ ਅੰਦਰੂਨੀ ਕਲੇਸ਼ ਦੀ ਹੈ, ਪਰ ਸੂਬਾ ਸਰਕਾਰ 'ਚ ਭਾਈਵਾਲ ਹੋਣ ਕਰਕੇ ਅਕਾਲੀ ਸਰਕਾਰ ਭਾਈਵਾਲ ਦੇ ਦੋਸ਼ ਤੋਂ ਆਪਣੇ ਆਪ ਨੂੰ ਮੁਕਤ ਨਹੀਂ ਕਰ ਪਾ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪ ਵਿਦੇਸ਼ ਗਏ ਹੋਏ ਹਨ, ਪਰ ਭ੍ਰਿਸ਼ਟਾਚਾਰ ਨੂੰ ਲੈ ਕੇ ਪੰਜਾਬ ਸਰਕਾਰ ਦਾ ਕੋਈ ਵੀ ਜ਼ਿੰਮੇਵਾਰ ਵਿਅਕਤੀ ਕੁਝ ਬੋਲਣ ਨੂੰ ਤਿਆਰ ਨਹੀਂ ਹੈ।

ਚਾਵਲਾ-ਸਾਹਨੀ ਦਰਮਿਆਨ ਸ਼ੁਰੂ ਹੋਈ ਸ਼ਬਦੀ ਜੰਗ ਦਾ ਮਾਮਲਾ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਪੰਜਾਬ ਭਾਜਪਾ ਮਾਮਲਿਆਂ ਦੇ ਇੰਚਾਰਜ ਬਲਬੀਰ ਪੁੰਜ ਕੋਲ ਨਵੀਂ ਦਿੱਲੀ ਪੁੱਜਦਾ ਕਰ ਦਿਤਾ ਹੈ। ਪਾਰਟੀ ਸੂਤਰਾਂ ਦਾ ਕਹਿਣਾ ਹੈ ਕਿ ਪਾਰਟੀ ਸਫ਼ਾਂ 'ਚ ਚਾਵਲਾ ਦੀ ਹੋ ਰਹੀ ਜ਼ਬਰਦਸਤ ਵਿਰੋਧਤਾ 'ਤੇ ਸਰਕਾਰ ਦੀ ਹੋ ਰਹੀ ਬਦਨਾਮੀ ਦੀ ਵਜ੍ਹਾ ਕਰਕੇ ਪਾਰਟੀ ਚਾਵਲਾ ਕੋਲੋਂ ਕੈਬਨਿਟ ਮੰਤਰੀ ਦੇ ਪਦ ਤੋਂ ਅਸਤੀਫ਼ੇ ਦੀ ਮੰਗ ਕਰ ਸਕਦੀ ਹੈ। ਪਤਾ ਲੱਗਾ ਹੈ ਕਿ ਪੰਜਾਬ ਭਾਜਪਾ ਵਿਦੇਸ਼ ਗਏ ਮੁੱਖ ਮੰਤਰੀ ਪ੍ਰਕਾਸ਼ ਸਿੰਘ ਦੀ ਵਾਪਸੀ ਦੀ ਉਡੀਕ ਕਰ ਰਹੀ ਹੈ। ਭਾਜਪਾ ਦੇ ਮੁੱਖ ਦਫ਼ਤਰ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਭਾਜਪਾ ਦੀ ਹਾਈਕਮਾਂਡ ਚਾਵਲਾ ਦੀ ਵਜ੍ਹਾ ਕਰਕੇ ਪਾਰਟੀ ਨੂੰ ਨੁਕਸਾਨ ਪਹੁੰਚਾਉਣ ਦੇ ਹੱਕ 'ਚ ਨਹੀਂ ਹੈ। ਇਹ ਸੂਚਨਾ ਹੈ ਕਿ ਸਵਰਨਾ ਰਾਮ ਦੀ ਸਿਹਤ ਠੀਕ ਨਾ ਹੋਣ ਕਰਕੇ ਪਾਰਟੀ 'ਚੋਂ ਉਨ੍ਹਾਂ ਦੀ ਵੀ ਛਾਂਟੀ ਹੋ ਸਕਦੀ ਹੈ।

## ਚੰਦੂਮਾਜਰਾ ਦੇ ਭਤੀਜੇ ਨੂੰ ਘੂਰਨਾ ਪੁਲਿਸ ਨੂੰ ਮਹਿੰਗਾ ਪਿਆ ਦੋ ਥਾਣੇਦਾਰ ਤੇ ਇੱਕ ਹੌਲਦਾਰ ਸਣੇ ਤਿੰਨ ਮੁਅੱਤਲ



**ਰਾਜਪੁਰਾ :** ਬੀਤੀ 7-8 ਮਈ ਦੀ ਰਾਤ ਰਾਜਪੁਰਾ-ਚੰਡੀਗੜ੍ਹ ਰੋਡ 'ਤੇ ਪੈਂਦੇ ਪਿੰਡ ਜਨਸੂਆਂ ਲਾਗੇ ਫ਼ਸਲਾਂ ਦੇ ਬੀਜ ਅਤੇ ਕੀੜੇਮਾਰ ਦਵਾਈਆਂ ਤਿਆਰ ਕਰਨ ਵਾਲੀ ਬਾਹਰਿ ਕੰਪਨੀ ਵਲੋਂ ਗੁਰਦਾਸ ਮਾਨ ਨਾਈਟ ਕਰਵਾਈ ਗਈ। ਨਾਈਟ ਦੌਰਾਨ ਅਕਾਲੀ ਦਲ ਦੇ ਜਨਰਲ ਸਕੱਤਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਦੇ ਭਤੀਜੇ ਨਾਲ ਪੁਲਿਸ ਵਲੋਂ ਦੁਰਵਿਹਾਰ ਕੀਤਾ ਗਿਆ।

ਫਿਰ ਇਹ ਮਾਮਲਾ ਅਕਾਲੀ ਆਗੂਆਂ ਨਾਲ ਪੁਲਿਸ ਵਲੋਂ ਕਥਿਤ ਤੌਰ 'ਤੇ ਦੁਰਵਿਵਹਾਰ ਕਰਨ ਡੀ ਐਸ ਪੀ ਨੇ ਦੋ ਥਾਣੇਦਾਰਾਂ ਤੇ ਇੱਕ ਹੌਲਦਾਰ ਨੂੰ ਮੁਅੱਤਲ ਕਰ ਦੇਣ ਦੀ ਖਬਰ ਮਿਲੀ ਹੈ। ਮਾਰਕਿਟ ਕਮੇਟੀ ਪਟਿਆਲਾ ਦੇ ਚੇਅਰਮੈਨ ਹਰਵਿੰਦਰ ਸਿੰਘ ਹਰਪਾਲਪੁਰ ਤੇ ਹੋਰਨਾਂ ਨੇ ਦੱਸਿਆ ਕਿ ਗੁਰਦਾਸ ਮਾਨ ਨਾਈਟ ਮੌਕੇ ਜਦੋਂ ਪਿੰਡ ਸੇਹਰਾ ਵਾਸੀ ਗੁਰਵਿੰਦਰ ਸਿੰਘ ਪੰਡਾਲ ਵਿਚ ਜਾਣ ਲੱਗਿਆ ਤਾਂ ਪੁਲਿਸ ਨੇ ਕਥਿਤ ਤੌਰ 'ਤੇ ਉਸ ਦੀ ਕੁੱਟਮਾਰ ਕਰ ਦਿੱਤੀ।

ਇਹ ਵੇਖ ਕੇ ਪਿੰਡ ਚੰਦੂਮਾਜਰਾ ਵਾਸੀ ਤਰਨਜੀਤ ਸਿੰਘ ਪੁੱਤਰ ਤਰਲੋਚਨ ਸਿੰਘ ਜਿਹੜਾ ਕਿ ਪ੍ਰੋ. ਚੰਦੂਮਾਜਰਾ ਦਾ ਭਤੀਜਾ ਹੈ, ਨੇ ਮੌਕੇ 'ਤੇ ਮੌਜੂਦ ਐਸ ਐਚ ਓ ਕੋਲ ਜਾ ਕੇ ਆਪਣੀ ਪਛਾਣ ਦੱਸਦਿਆਂ ਸੇਹਰਾ ਵਾਸੀ ਗੁਰਵਿੰਦਰ ਸਿੰਘ ਦੀ ਬੇਵਜ੍ਹਾ ਕੁੱਟਮਾਰ ਕਰਨ 'ਤੇ ਰੋਸ ਪ੍ਰਗਟ ਕੀਤਾ। ਇਸ ਦੌਰਾਨ ਪੁਲਿਸ ਦੀ ਤਰਨਜੀਤ ਨਾਲ ਧੱਕਾ-ਮੁੱਕੀ ਹੋ ਗਈ। ਪੁਲਿਸ ਗੁਰਵਿੰਦਰ ਸਿੰਘ ਅਤੇ ਤਰਨਜੀਤ ਸਿੰਘ ਨੂੰ ਥਾਣਾ ਸਦਰ ਲੈ ਗਈ। ਇਸ ਬਾਰੇ ਤਰਨਜੀਤ ਸਿੰਘ ਨੇ ਆਪਣੇ ਮੋਬਾਇਲ ਫੋਨ 'ਤੇ ਆਪਣੇ ਨੇਤਲਿਆਂ ਨੂੰ ਸੂਚਿਤ ਕੀਤਾ। ਇਸ 'ਤੇ ਉਸ ਦਾ ਪਿਤਾ ਤਰਲੋਚਨ ਸਿੰਘ ਹੋਰਨਾਂ ਅਕਾਲੀ ਆਗੂਆਂ ਨਾਲ ਥਾਣੇ ਪੁੱਜ ਗਿਆ। ਇਸੇ ਦੌਰਾਨ ਪ੍ਰੋ. ਚੰਦੂਮਾਜਰਾ ਦਾ ਪੀਏ, ਰਾਜਪੁਰਾ ਦੇ ਵਿਧਾਇਕ ਰਾਜ ਖੁਰਾਣਾ ਵੀ ਥਾਣਾ ਸਦਰ ਪੁੱਜ ਗਏ।

ਪਤਾ ਲੱਗਣ 'ਤੇ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ ਨਰਦੇਵ ਸਿੰਘ ਆਕੜੀ, ਪੀ ਏ ਡੀ ਬੀ ਦੇ ਚੇਅਰਮੈਨ ਨਿਰਮਲ ਸਿੰਘ ਬੜਿੰਗ, ਜਥੇਦਾਰ ਟੋਡਰ ਸਿੰਘ, ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਕ੍ਰਿਸ਼ਨ ਵਲੇਚਾ ਸਮੇਤ ਹੋਰ ਆਗੂ ਸੂਚਨਾ ਮਿਲਦੇ ਸਾਰ ਡੀ ਐਸ ਪੀ ਮਨਮੋਹਨ ਸ਼ਰਮਾ ਵੀ ਮੌਕੇ 'ਤੇ ਪੁੱਜ ਗਏ ਤੇ ਮਾਮਲੇ ਦੀ ਜਾਂਚ ਪੜਤਾਲ ਕਰਨ ਉਪਰੰਤ ਦੇਰ ਰਾਤ ਨੂੰ ਥਾਣਾ ਸਦਰ ਦੇ ਥਾਣੇਦਾਰ ਸੋਹਣ ਸਿੰਘ, ਪੁਲਿਸ ਚੌਕੀ ਬਸੰਤਪੁਰਾ ਦੇ ਇੰਚਾਰਜ ਹਰਮਨਪ੍ਰੀਤ ਸਿੰਘ ਚੀਮਾ ਤੇ ਹੌਲਦਾਰ ਅਮਰਜੀਤ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ । ਅਕਾਲੀ ਆਗੂ ਥਾਣਾ ਸਦਰ ਦੇ ਐਸ ਐਚ ਓ ਗੁਰਮੀਤ ਸਿੰਘ ਨੂੰ ਵੀ ਮੁਅੱਤਲ ਕਰਨ ਦੀ ਮੰਗ ਕਰ ਰਹੇ ਸਨ। ਉਨ੍ਹਾਂ ਇਸ ਸਬੰਧੀ ਆਈਜੀ ਪਟਿਆਲਾ ਰੇਂਜ ਨੂੰ ਸ਼ਿਕਾਇਤ ਵੀ ਭੇਜੀ ਹੈ।

## ਸੁਖਬੀਰ ਨੂੰ ਮਿਲਣ ਗਈ 'ਪੰਥ ਦੀ ਧੀ' ਹਿਰਾਸਤ 'ਚ ਲਈ!

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 'ਪੰਥ ਦੀ ਧੀ' ਦਾ ਖਿਤਾਬ ਹਾਸਲ ਕਰਨ ਵਾਲੀ ਪ੍ਰਵੀਨ ਕੌਰ ਨੂੰ 8 ਮਈ ਨੂੰ ਸਥਾਨਕ ਪੁਲਸ ਪ੍ਰਸ਼ਾਸਨ ਵੱਲੋਂ ਕੁਝ ਸਮੇਂ ਲਈ ਹਿਰਾਸਤ ਵਿਚ ਲਏ ਜਾਣ ਦੀ ਸੂਚਨਾ ਮਿਲੀ ਹੈ।

ਜਾਣਕਾਰੀ ਮੁਤਾਬਕ ਜਦੋਂ ਹੀ ਬੀਬੀ ਪ੍ਰਵੀਨ ਕੌਰ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਮਿਲਣ ਲਈ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਨ 'ਤੇ ਕੀਤੇ ਜਾ ਰਹੇ ਰਾਜ ਪੱਧਰੀ ਸਮਾਗਮ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ, ਸਥਾਨਕ ਪੁਲਸ ਪ੍ਰਸ਼ਾਸਨ ਨੇ ਹਿਰਾਸਤ ਵਿਚ ਲੈ ਲਿਆ ਅਤੇ ਗੱਡੀ ਵਿਚ ਬਿਠਾ ਕੇ ਲੈ ਗਏ। ਸਮਾਗਮ ਖਤਮ ਹੋਣ ਤੋਂ ਬਾਅਦ ਬੀਬੀ ਪ੍ਰਵੀਨ ਕੌਰ ਨੂੰ ਬਿਨਾਂ ਸ਼ਰਤ ਰਿਹਾਅ ਕਰ ਦਿੱਤਾ ਗਿਆ।

## ਟਰਾਂਸਪੋਰਟ ਮੰਤਰੀ ਤੇ ਗੁਰਦਾਸਪੁਰ ਦੇ ਡੀ.ਟੀ.ਓ. 'ਚ ਠਣੀ



**ਜਲੰਧਰ:** ਟਰਾਂਸਪੋਰਟ ਮੰਤਰੀ ਮਾਸਟਰ ਮੋਹਨ ਲਾਲ ਅਤੇ ਗੁਰਦਾਸਪੁਰ ਦੇ ਡੀ.ਟੀ.ਓ. ਸ੍ਰੀ ਗਰੇਵਾਲ ਵਿਚ ਠਣ ਗਈ ਹੈ ਅਤੇ ਟਰਾਂਸਪੋਰਟ ਮੰਤਰੀ ਨੇ ਸੂਬਾ ਸਰਕਾਰ ਤੋਂ ਉਕਤ ਅਧਿਕਾਰੀ ਨੂੰ ਤੁਰੰਤ ਤਬਦੀਲ ਕਰਨ ਦੀ ਮੰਗ ਕੀਤੀ ਹੈ। ਜਾਣਕਾਰੀ ਅਨੁਸਾਰ ਇਕ ਅਕਾਲੀ ਨੇਤਾ ਦੇ ਦਬਾਅ ਵਿਚ ਉਕਤ ਟਰਾਂਸਪੋਰਟ ਅਧਿਕਾਰੀ ਦੀ ਨਿਯੁਕਤੀ ਮਾਸਟਰ ਮੋਹਨ ਲਾਲ ਦੇ ਜੱਦੀ ਸ਼ਹਿਰ ਵਿਚ ਕੀਤੀ ਗਈ ਸੀ। ਮੰਤਰੀ ਦਾ ਜੱਦੀ ਸ਼ਹਿਰ ਹੋਣ ਦੇ ਬਾਵਜੂਦ ਅਧਿਕਾਰੀ ਦੀ ਨਿਯੁਕਤੀ ਕਰਦੇ ਸਮੇਂ ਉਨ੍ਹਾਂ ਨੂੰ ਭਰੋਸੇ ਵਿਚ ਨਹੀਂ ਲਿਆ ਗਿਆ।

ਦੱਸਿਆ ਜਾਂਦਾ ਹੈ ਕਿ ਟਰਾਂਸਪੋਰਟ ਮੰਤਰੀ ਨੇ ਮੁੱਖ ਸਕੱਤਰ ਨੂੰ ਲਿਖੀ ਚਿੱਠੀ ਵਿਚ ਕਿਹਾ ਹੈ ਕਿ ਉਕਤ ਅਧਿਕਾਰੀ ਕੋਲ ਤਿੰਨ-ਤਿੰਨ ਵਿਭਾਗਾਂ ਦਾ ਚਾਰਜ ਹੈ। ਇਸ ਲਈ ਉਹ ਆਪਣਾ ਕੰਮ ਕਿੰਨੀ ਕੁ ਈਮਾਨਦਾਰੀ ਨਾਲ ਕਰਦਾ ਹੋਵੇਗਾ, ਇਸ ਉਤੇ ਸਰਕਾਰ ਆਪ ਹੀ ਵਿਚਾਰ ਕਰ ਸਕਦੀ ਹੈ। ਸੰਪਰਕ ਕਰਨ 'ਤੇ ਮਾਸਟਰ ਮੋਹਨ ਲਾਲ ਨੇ ਕਿਹਾ ਕਿ ਉਕਤ ਅਧਿਕਾਰੀ ਨੂੰ ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਦੇ ਜੀ.ਏ. ਤੋਂ ਇਲਾਵਾ ਡੇਰਾ ਬਾਬਾ ਨਾਨਕ ਵਿਚ ਐਸ.ਡੀ.ਐਮ. ਦਾ ਚਾਰਜ ਸੌਂਪਿਆ ਗਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਜਨਤਾ ਵਲੋਂ ਸ਼ਿਕਾਇਤਾਂ ਮਿਲਦੀਆਂ ਹਨ ਕਿ ਅਧਿਕਾਰੀ ਦਫਤਰ ਵਿਚ ਮੌਜੂਦ ਨਹੀਂ ਰਹਿੰਦੇ। ਇਸ ਲਈ ਜਨਤਾ ਨੂੰ ਵਾਰ-ਵਾਰ ਸਰਕਾਰੀ ਦਫਤਰਾਂ ਵਿਚ ਭਟਕਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਵਤਨ ਪਰਤਣ 'ਤੇ ਉਹ ਇਸ ਮੁੱਦੇ 'ਤੇ ਉਨ੍ਹਾਂ ਨਾਲ ਗੱਲ ਕਰਨਗੇ। ਇਸ ਦਰਮਿਆਨ ਸਰਕਾਰੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਸੂਬੇ ਵਿਚ ਪੀ.ਸੀ.ਐਸ. ਅਫਸਰਾਂ ਦੀ ਕਮੀ ਕਾਰਨ ਹੀ ਇਹ ਨੌਬਤ ਆਈ ਹੈ। ਸਰਕਾਰ ਕੋਲ ਦੂਜੇ ਵਿਭਾਗਾਂ ਵਿਚ ਨਿਯੁਕਤ ਕਰਨ ਲਈ ਪੀ.ਸੀ.ਐਸ. ਅਧਿਕਾਰੀ ਮੌਜੂਦ ਨਹੀਂ ਹਨ, ਹੁਣ ਵੇਖਣਾ ਇਹ ਹੋਵੇਗਾ ਕਿ ਉਕਤ ਅਧਿਕਾਰੀ ਅਤੇ ਮੰਤਰੀ ਵਿਚ ਪੇਚਅਪ ਹੁੰਦਾ ਹੈ ਜਾਂ ਮਾਮਲਾ ਹੋਰ ਤਿੱਖਾ ਰੂਪ ਧਾਰਦਾ ਹੈ।


ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ

ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ


Attorny At Law

Law Offices Of Jaspreet Singh

37-18, 73 Street, Suite 401
(Near Subzi Mandi)
Jackson Hts, NY-11372
Ph:718-533-8444
Fax: 718-533-8460

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440

## ਪੰਜਾਬੀ ਨਾ ਪੜ੍ਹਾਉਣ ਵਾਲੇ ਸੀ.ਬੀ.ਐਸ.ਈ. ਸਕੂਲਾਂ ਦੀ ਮਾਨਤਾ ਹੋਵਗੀ ਰੱਦ

**ਲੁਧਿਆਣਾ:** ਕੇਂਦਰੀ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ (ਸੀ.ਬੀ.ਐਸ.ਈ.) ਨਾਲ ਜੁੜੇ ਸਕੂਲਾਂ ਵਿਚ ਪੰਜਾਬੀ ਪੜ੍ਹਾਈ ਜਾ ਰਹੀ ਹੈ ਜਾਂ ਨਹੀਂ, ਉਤੇ ਨਜ਼ਰ ਰਖਣ ਲਈ ਜ਼ਿਲ੍ਹਾ ਪੱਧਰ 'ਤੇ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ। ਹਰ ਜ਼ਿਲ੍ਹੇ ਵਿਚ ਕਮੇਟੀ ਦੀ ਕਮਾਨ ਜ਼ਿਲ੍ਹਾ ਸਿਖਿਆ ਅਫ਼ਸਰ (ਸਕੂਲਜ਼) ਨੂੰ ਸੌਂਪੀ ਗਈ ਹੈ। ਕਮੇਟੀ ਦੇ ਮੈਂਬਰ ਸਕੂਲਾਂ ਵਿਚ ਜਾ ਕੇ ਵੇਖਣਗੇ ਅਤੇ ਜਾਇਜ਼ਾ ਲੈਣਗੇ ਕਿ ਪੰਜਾਬੀ ਪੜ੍ਹਾਈ ਜਾ ਰਹੀ ਹੈ ਜਾਂ ਨਹੀਂ। ਫਿਰ ਰੀਪੋਰਟ ਤਿਆਰ ਕਰ ਕੇ ਸਰਕਾਰ ਨੂੰ ਭੇਜੀ ਜਾਵੇਗੀ।

ਪੰਜਾਬੀ ਨਾ ਪੜ੍ਹਾਉਣ ਵਾਲੇ ਸਕੂਲਾਂ ਦੀ ਮਾਨਤਾ ਰੱਦ ਕਰਨ ਦੀ ਸਿਫ਼ਾਰਸ਼ ਸਬੰਧਤ ਬੋਰਡ ਨੂੰ ਭੇਜੀ ਜਾਵੇਗੀ। ਦੂਜੇ ਪਾਸੇ ਸੀ.ਬੀ.ਐਸ.ਈ. ਨਾਲ ਸਬੰਧਤ ਕਈ ਸਕੂਲਾਂ ਦੇ ਮੁਖੀਆਂ ਦਾ ਕਹਿਣਾ ਹੈ ਕਿ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣਾ ਸੰਭਵ ਨਹੀਂ ਹੈ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਇਕ ਬਿਲ ਪਾਸ ਕੇ ਸਕੂਲਾਂ ਨੂੰ ਪਹਿਲੀ ਜਮਾਤ ਤੋਂ ਪੰਜਾਬੀ ਲਾਜ਼ਮੀ ਤੌਰ 'ਤੇ ਪੜ੍ਹਾਉਣ ਬਾਰੇ ਹੁਕਮ ਜਾਰੀ ਕੀਤੇ ਸਨ ਪਰ ਰਾਜ ਦੇ ਜ਼ਿਆਦਾਤਰ ਸੀ.ਬੀ.ਐਸ.ਈ. ਸਕੂਲਾਂ ਨੇ ਹਾਲੇ ਤਕ ਪਹਿਲੀ ਜਮਾਤ ਤੋਂ ਪੰਜਾਬੀ ਲਾਗੂ ਨਹੀਂ ਕੀਤੀ। ਇਸੇ ਕਾਰਨ ਹੁਣ ਰਾਜ ਸਰਕਾਰ ਨੇ ਕਮੇਟੀਆਂ ਗਠਤ ਕਰ ਕੇ ਇਨ੍ਹਾਂ ਸਕੂਲਾਂ ਵਿਰੁਧ ਸ਼ਿਕੰਜਾ ਕਸਣ ਦੀ ਤਿਆਰੀ ਕੀਤੀ ਹੈ। ਗਠਤ ਕਮੇਟੀਆਂ ਵਿਚ ਜ਼ਿਲ੍ਹਾ ਸਿਖਿਆ ਅਫ਼ਸਰ ਨੂੰ ਚੇਅਰਮੈਨ ਅਤੇ ਦੋ ਪੰਜਾਬੀ ਮਾਹਰਾਂ ਨੂੰ ਮੈਂਬਰ ਨਿਯੁਕਤ ਕੀਤਾ ਗਿਆ ਹੈ। ਸਿਖਿਆ ਸਕੱਤਰ ਨੇ ਸਾਰੇ ਜ਼ਿਲ੍ਹਾ ਸਿਖਿਆ ਦਫ਼ਤਰਾਂ ਨੂੰ ਕਮੇਟੀਆਂ ਦੀ ਸੂਚੀ ਭੇਜੀ ਹੈ ।

# ਮੰਤਰੀਆਂ ਦੇ ਵਿਦੇਸ਼ ਦੌਰਿਆਂ ਦਾ ਪੰਜਾਬ ਨੂੰ ਲਾਭ ਨਹੀਂ

**ਚੰਡੀਗੜ੍ਹ :** ਪੰਜਾਬ ਦੇ ਮੁੱਖ ਮੰਤਰੀ, ਮੰਤਰੀਆਂ ਅਤੇ ਪਾਰਲੀਮਾਨੀ ਸਕੱਤਰਾਂ ਵਲੋਂ ਸਰਕਾਰੀ ਖਰਚੇ 'ਤੇ ਵਿਦੇਸ਼ ਯਾਤਰਾ 'ਤੇ ਲੱਖਾਂ ਰੁਪਏ ਤਾਂ ਉਡਾਏ ਜਾਂਦੇ ਹਨ, ਪਰ ਇਨ੍ਹਾਂ ਵਿਦੇਸ਼ੀ ਦੌਰਿਆਂ ਦਾ ਪੰਜਾਬ ਨੂੰ ਕੀ ਲਾਭ ਹੋਇਆ, ਇਸ ਬਾਰੇ ਕੁਝ ਦੱਸਣ ਤੋਂ ਸਰਕਾਰੀ ਬੁੱਲ੍ਹ ਸੀਤੇ ਪਏ ਹਨ। ਸੂਚਨਾ ਅਧਿਕਾਰ ਕਾਨੂੰਨ ਤਹਿਤ ਮੰਗੀ ਗਈ ਜਾਣਕਾਰੀ ਦੌਰਾਨ ਇਹ ਤੱਥ ਸਾਹਮਣੇ ਆਏ ਹਨ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੀ ਵਜ਼ਾਰਤ ਦੇ ਬਹੁਗਿਣਤੀ ਮੰਤਰੀਆਂ ਤੇ ਪਾਰਲੀਮਾਨੀ ਸਕੱਤਰਾਂ ਨੇ ਵਿਦੇਸ਼ਾਂ ਦੇ ਦੌਰੇ ਕੀਤੇ ਹਨ। ਸਰਕਾਰ ਵਲੋਂ ਵਿਦੇਸ਼ ਦੌਰਿਆਂ ਸੰਬੰਧੀ ਦਿੱਤੇ ਗਏ ਤੱਥਾਂ ਤੋਂ ਇਹ ਗੱਲ ਵੀ ਸਾਹਮਣੇ ਆਉਂਦੀ ਹੈ ਕਿ ਮੰਤਰੀਆਂ ਦੇ ਜ਼ਿਆਦਾਤਰ ਸਰਕਾਰੀ ਦੌਰੇ ਪੰਜਾਬ ਨਾਲ ਢੁਕਵੇਂ ਮਸਲਿਆਂ 'ਤੇ ਕੇਂਦਰਤ ਨਹੀਂ ਹੁੰਦੇ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਵਜ਼ਾਰਤੀ ਸਾਥੀ ਵੀ ਸਰਕਾਰੀ ਪੈਸੇ 'ਤੇ ਵਿਦੇਸ਼ ਉਡਾਰੀ ਮਾਰਨ ਵਿਚ ਜ਼ਿਆਦਾ ਸਰਗਰਮ ਰਹੇ। ਪ੍ਰਕਾਸ਼ ਸਿੰਘ ਬਾਦਲ ਤਾਂ ਪਿਛਲੇ ਤਿੰਨਾਂ ਸਾਲਾਂ ਦੌਰਾਨ ਇੱਕੋ ਵਾਰੀ ਵਿਦੇਸ਼ ਦੌਰੇ 'ਤੇ ਗਏ ਜਦੋਂ ਕਿ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਕਾਰਜਕਾਲ ਦੌਰਾਨ 5 ਵਾਰੀ ਵਿਦੇਸ਼ ਦੌਰਾ ਕੀਤਾ। ਪੰਜਾਬ ਦੇ ਮੌਜੂਦਾ ਮੰਤਰੀਆਂ ਵਿਚ ਸਿਵਲ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਸਰਕਾਰੀ ਖਜ਼ਾਨੇ ਦੇ ਸਿਰ 'ਤੇ ਵਿਦੇਸ਼ ਦੌਰੇ ਕਰਨ ਵਾਲਿਆਂ ਵਿਚ ਪ੍ਰਮੁੱਖ ਮੰਨੇ ਜਾ ਰਹੇ ਹਨ।

ਪੰਜਾਬ ਦੇ ਮੌਜੂਦਾ ਮੰਤਰੀਆਂ ਵਿਚੋਂ ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ ਰਣਜੀਤ ਸਿੰਘ ਬ੍ਰਹਮਪੁਰਾ ਨੇ ਪਾਕਿਸਤਾਨ ਵਿਚ ਸਥਾਨਕ ਸਰਕਾਰ ਸੰਬੰਧੀ ਪ੍ਰੋਗਰਾਮ ਵਿਚ ਸ਼ਮੂਲੀਅਤ, ਮਰਹੂਮ ਕੈਪਟਨ ਕੰਵਲਜੀਤ ਸਿੰਘ ਨੇ ਜਰਮਨ, ਹਾਲੈਂਡ, ਨਿਊਜ਼ੀਲੈਂਡ, ਆਸਟਰੇਲੀਆ ਅਤੇ ਹੈਨੋਈ, ਸਿਵਲ ਸਪਲਾਈ ਮੰਤਰੀ ਆਦੇਸ਼



ਪ੍ਰਤਾਪ ਸਿੰਘ ਕੈਰੋਂ ਨੇ ਅਮਰੀਕਾ ਵਿਚ ਟਾਈ ਕਾਨਫਰੰਸ ਵਿਚ ਸ਼ਮੂਲੀਅਤ, ਬਾਲੀ (ਇੰਡੋਨੇਸ਼ੀਆ) ਵਿਚ ਚੌਥੀ ਸਾਲਾਨਾ ਫਿਊਚਰ ਗਵਰਨੈਂਸ-08 ਵਿਚ ਸ਼ਮੂਲੀਅਤ, ਸਵਿੱਟਜ਼ਰਲੈਂਡ ਵਿਚ ਐਸ.ਆਈ.ਐਮ. ਪ੍ਰਦਰਸ਼ਨੀ ਵਿਚ ਸ਼ਮੂਲੀਅਤ ਅਤੇ ਜਾਪਾਨ ਵਿਚ ਉਤਪਾਦਨ ਸੁਵਿਧਾਵਾਂ ਦੇ ਰੱਖ-ਰਖਾਵ ਸਬੰਧੀ ਪ੍ਰੋਗਰਾਮ ਵਿਚ ਸ਼ਾਮਿਲ ਹੋਏ, ਪਸ਼ੂ ਪਾਲਣ ਵਿਭਾਗ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਕੈਨੇਡਾ ਵਿਚ ਸਰੇਫੀਲਡ ਹਾਕੀ ਟੂਰਨਾਮੈਂਟ ਵਿਚ ਸ਼ਮੂਲੀਅਤ ਅਤੇ ਫਰਾਂਸ ਵਿਖੇ ਪ੍ਰਦਰਸ਼ਨੀ ਸਪੇਸ-2008 ਵਿਚ ਭਾਗ ਲਿਆ, ਸਿੱਖਿਆ ਮੰਤਰੀ ਡਾ. ਉਪਿੰਦਰਜੀਤ ਕੌਰ ਚੀਨ ਵਿਚ ਹੋਈ ਵਿਦਿਅਕ ਕਾਨਫਰੰਸ ਵਿਚ ਸ਼ਾਮਲ ਹੋਣ ਗਏ। ਖੇਤੀਬਾੜੀ ਮੰਤਰੀ ਸੁੱਚਾ ਸਿੰਘ ਲੰਗਾਹ ਜਪਾਨ ਅਤੇ ਕੋਰੀਆ ਵਿਚ ਝੋਨਾ ਲਾਉਣ ਵਾਲੀਆਂ ਮਸ਼ੀਨਾਂ ਬਾਰੇ ਪਤਾ ਕਰਨ ਗਏ ਤੇ ਉਨ੍ਹਾਂ ਕੈਨੇਡਾ ਦਾ ਦੌਰਾ ਕਰਕੇ ਪੰਜਾਬ ਵਿਚ ਐਗਰੋਫੂਡ ਪ੍ਰੋਸੈਸਿੰਗ ਤਕਨਾਲੋਜੀ ਨੂੰ ਪ੍ਰਫੁੱਲਤ ਕਰਨ ਬਾਰੇ ਪਤਾ ਲਗਾਇਆ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪਿਛਲੇ ਵਰ੍ਹੇ ਮਿਸਰ, ਇਜ਼ਰਾਇਲ ਅਤੇ ਤੁਰਕੀ ਗਏ ਸਨ। ਸਰਕਾਰ ਵਲੋਂ ਮੁਹੱਈਆ ਕਰਵਾਈ ਗਈ ਜਾਣਕਾਰੀ ਵਿਚ ਇਹ ਜ਼ਿਕਰ ਹੀ ਨਹੀਂ ਕੀਤਾ ਗਿਆ ਕਿ ਮੁੱਖ ਮੰਤਰੀ ਦੇ ਤਿੰਨ ਮੁਲਕਾਂ ਦੀ ਵਿਦੇਸ਼ ਯਾਤਰਾ ਦਾ ਮੰਤਵ ਕੀ ਸੀ। ਚੀਫ ਪਾਰਲੀਮਾਨੀ ਸਕੱਤਰ ਜਗਦੀਪ ਸਿੰਘ ਨਕਈ ਦੁਬਈ ਤੇ ਉਮਾਨ ਵਿਚ ਨਿਰਯਾਤ ਵਧਾਉਣ ਅਤੇ ਜਨੇਵਾ ਵਿਚ ਸਹਿਕਾਰਤਾ ਲਹਿਰ ਸਬੰਧੀ ਹੋਏ ਸਮਾਗਮ ਵਿਚ ਸ਼ਮੂਲੀਅਤ ਕਰਨ ਗਏ ਸਨ। ਸਾਬਕਾ ਕਾਂਗਰਸੀ ਵਜ਼ਾਰਤ ਦੇ ਮੰਤਰੀਆਂ ਦੇ ਦੌਰਿਆਂ ਤੋਂ ਵੀ ਅਜਿਹਾ ਕੋਈ ਤੱਥ ਸਾਹਮਣੇ ਨਹੀਂ ਆਉਂਦਾ ਕਿ ਕਿਸੇ ਮੰਤਰੀ ਦਾ ਦੌਰਾ ਪੰਜਾਬ ਦੇ ਕਿਸੇ ਭਖਦੇ ਮੁੱਦੇ ਜਾਂ ਵਿਕਾਸ ਦੇ ਮਾਮਲੇ ਨੂੰ ਮੁੱਖ ਰੱਖ ਕੇ ਕੀਤਾ ਗਿਆ ਹੋਵੇ। ਮਿਸਾਲ ਦੇ ਤੌਰ 'ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਬਕਾ ਉਪ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ, ਚੌਧਰੀ ਜਗਜੀਤ ਸਿੰਘ, ਲਾਲਾ ਸਿੰਘ, ਮਲਕੀਤ ਸਿੰਘ ਬੀਰਮੀ, ਪ੍ਰਤਾਪ ਸਿੰਘ ਬਾਜਵਾ, ਅਵਤਾਰ ਹੈਨਰੀ ਆਦਿ ਦੇ ਦੌਰੇ ਕਿਸੇ ਨਾਨ ਕਿਸੇ ਸਮਾਗਮ ਵਿਚ ਸ਼ਿਰਕਤ ਕਰਨ ਬਾਰੇ ਹੀ ਸਨ। ਸੰਭਵ ਹੈ ਕਿ ਇਨ੍ਹਾਂ ਦੌਰਿਆਂ ਦੀ ਕੋਈ ਅਧਿਐਨ ਰਿਪੋਰਟ ਪੰਜਾਬ ਸਰਕਾਰ ਨੂੰ ਸੌਂਪੀ ਨਹੀਂ ਗਈ ਹੋਵੇਗੀ। ਸੂਚਨਾ ਅਧਿਕਾਰ ਕਾਨੂੰਨ ਤਹਿਤ ਮੁੱਖ ਸਕੱਤਰ ਪੰਜਾਬ ਦੇ ਦਫਤਰ ਤੋਂ ਇਹ ਵੀ ਪੁੱਛਿਆ ਗਿਆ ਸੀ ਕਿ ਮੰਤਰੀਆਂ ਦੇ ਦੌਰਿਆਂ ਪੰਜਾਬ ਨੂੰ ਕੀ ਲਾਭ ਹੋਇਆ। ਸਰਕਾਰ ਵਲੋਂ ਸਾਬਕਾ ਜਾਂ ਮੌਜੂਦਾ ਮੰਤਰੀਆਂ ਦੇ ਦੌਰਿਆਂ ਦਾ ਪੰਜਾਬ ਨੂੰ ਕੀ ਲਾਭ ਹੋਇਆ, ਬਾਰੇ ਕੁਝ ਨਹੀਂ ਦਸਿਆ ਗਿਆ।

ਇਕ ਉਚ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਦਿਆਂ ਕਿਹਾ ਕਿ ਜ਼ਿਆਦਾਤਰ ਮੰਤਰੀਆਂ ਦੇ ਵਿਦੇਸ਼ ਦੌਰੇ ਨਿੱਜੀ ਹੁੰਦੇ ਹਨ, ਪਰ ਸਰਕਾਰੀ ਖਜ਼ਾਨੇ 'ਚੋਂ ਇਨ੍ਹਾਂ ਦੌਰਿਆਂ ਦਾ ਖਰਚਾ ਲੈਣ ਲਈ ਸਰਕਾਰੀ ਦੌਰੇ ਦਾ ਨਾਮ ਦੇ ਦਿੱਤਾ ਜਾਂਦਾ ਹੈ। ਜ਼ਿਆਦਾਤਰ ਮੰਤਰੀ ਪਰਵਾਸੀ ਪੰਜਾਬੀਆਂ ਦੇ ਨਿੱਜੀ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਜਾਂਦੇ ਦੱਸੇ ਜਾਂਦੇ ਹਨ। ਇਸ ਲਈ ਸਰਕਾਰ ਲਈ ਇਹ ਦੱਸਣਾ ਅਸੰਭਵ ਹੋਵੇਗਾ ਕਿ ਮੰਤਰੀਆਂ ਦੇ ਦੌਰਿਆਂ ਦਾ ਸੂਬੇ ਨੂੰ ਕੀ ਲਾਭ ਹੋਇਆ। ਸੂਤਰਾਂ ਦਾ ਇਹ ਵੀ ਦੱਸਣਾ ਹੈ ਕਿ ਪਿਛਲੇ 8 ਸਾਲਾਂ ਦੌਰਾਨ ਮੁੱਖ ਮੰਤਰੀ ਅਤੇ ਮੰਤਰੀਆਂ ਦੇ ਦੌਰਿਆਂ 'ਤੇ 2 ਕਰੋੜ ਦੇ ਕਰੀਬ ਦਾ ਭਾਰ ਸਰਕਾਰੀ ਖਜ਼ਾਨੇ 'ਤੇ ਪਿਆ ਹੈ।

## Matrimonials

Ramgarhia Sikh family looking for Medico/ Engineer/ professionally qualified, under 35, issueless match from US/Canada for their Dentist (D.D.S) daughter, 31, 5'-5", PR Canada, divorced/ issueless.Contact:Email: match2k@gmail.com

Jat Sikh parents from Midwest seek suitable match for their US born, handsome, clean shaven, 26, 6'-1" Engineer son, manager in a large national corporation. Please contact: sikh5family@gmail.com

US citizen or green card holder Jatt Sikh match for US citizen girl, 25, 5'-4", Master's in accounting, working with state government. Boy on work visa can also be considered. Contact-bains1956@yahoo.com

Match for 27, 5'-2" Jatt Sikh, MA English, B.ed., doing masters in Information Techonology, has one sistor married in canada, brother doing Mech Engg. e-mail bio data-Hsingh2222@gmail.com

## Public Notice

**Change of Name**

"I, Narinder Kaur w/o Pankaj Kumar Ansal, resident of 20800 Valley Green Drive #445 Cupertino, CA 95014 have changed my name to Narinder Kaur Ansal". All concerned please note.

**Change of Name**

I Daljeet Kaur W/O Kehar Singh Chauhan, resident of Jyoti Surup Chowk, near Jassar Filling Station, W. No. 6, Sirhind, Distt. Fatehgarh Sahib, (Pb), India. Currently living at 6039 N. Augusta St. #203, Fresno, CA, 93710, has changes my name from Daljeet Kaur to Daljeet Kaur Chauhan. All concerned please note.

MRP TRAVEL
*Lowest International and Domestic Fares*
ARC FLY ANY AIRLINE OF YOUR CHOICE IATA
*Providing the lowest Air-fare, Cruise and Travel Packages to Asia, Africa, Europe, the Middle East and North America*
408-929-8005
E-mail:mrptravel@gmail.com
2123 Port Way, San Jose, CA 95133
*CST: 2097308-40*



Emirates
Asiana Airlines
KOREAN AIR
SINGAPORE AIRLINES CATHAY PACIFIC Lufthansa CHINA AIRLINES
We Also Offer Notary Service

B & Sons Travel
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri:
9am -6pm
Saturday
9am-5pm



CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere

NCP College of Nursing
Educate | Grow | Succeed
100% NCLEX-PN Pass Rate!
SSF Campus
5 Consecutive Quarters
January 1008 - March 2009
Affordable Payment Plans!
Up to 10 years Repayment Terms on Approved Credit
Start your career now!
Find a job fast using our Job Placement Office.
Full Time
Part Time
Day & Evening
Start Your Nursing Career Today!



12 Month LVN Program • 20 Day CNA Program
• LVN Vocational Nursing Program
• CNA Nursing Assistant Training
• CNA Acute Care Training
• IV Therapy & Blood Withdrawal Certification Course
• NCLEX-PN Test Preparation Workshop
• CPR
• Medical Terminology
• Continuing Education for RNs
Choose which is right for you...
Your career is a call away. Call today!
www.ncpcollegeofnursing.com
Peninsula Campus
257 Longford Drive #5
So. San Francisco, CA 94080
1.800.339.5145
East Bay Campus
21615 Hesperian Blvd, Ste A
Hayward, CA 94541
1.800.611.4054

FARMERS INSURANCE GROUP
Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਕੈਪਟਨ ਅਮਰਿੰਦਰ ਸਿੰਘ ਦੀ ਅੰਮ੍ਰਿਤਸਰ ਫੇਰੀ ਨੂੰ ਭਰਵਾਂ ਹੁੰਗਾਰਾ

**ਅੰਮ੍ਰਿਤਸਰ:** ਪੰਜਾਬ ਭਰ ਤੋਂ ਆਏ ਕਾਂਗਰਸੀ ਵਰਕਰਾਂ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਬੀਤੀ 9 ਮਈ ਨੂੰ ਇਥੇ ਜਿਸ ਸ਼ਾਹੀ ਅੰਦਾਜ਼ ਨਾਲ ਸਵਾਗਤ ਕੀਤਾ ਉਸ ਨਾਲ ਇਹ ਪ੍ਰਦਰਸ਼ਨ ਇਸ ਆਗੂ ਦਾ ਇਕ ਢੰਗ ਨਾਲ ਸ਼ਕਤੀ ਪ੍ਰਦਰਸ਼ਨ ਹੀ ਜਾਪਿਆ।

ਮਾਝੇ ਦੇ ਲੋਕਾਂ ਨੇ ਜਿਵੇਂ ਇਕ ਵਾਰ ਫਿਰ ਤੋਂ ਉਨ੍ਹਾਂ ਦੀ ਅਗਵਾਈ ਵਿਚ ਭਰੋਸਾ ਪ੍ਰਗਟ ਕੀਤਾ ਹੈ। ਵਿਧਾਨ ਸਭਾ ਦੀ ਮੈਂਬਰੀ ਬਹਾਲ ਕਰਨ ਬਾਰੇ ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਮੱਥਾ ਟੇਕਣ ਲਈ ਸ੍ਰੀ ਦਰਬਾਰ ਸਾਹਿਬ ਪੁੱਜੇ ਕੈਪਟਨ ਅਮਰਿੰਦਰ ਸਿੰਘ ਦਾ ਅੰਮ੍ਰਿਤਸਰ ਵਿਖੇ ਜ਼ੋਰਦਾਰ ਸਵਾਗਤ ਹੋਇਆ। ਸ਼ਾਇਦ ਹੀ ਅਜਿਹਾ ਸਵਾਗਤ ਪਿਛਲੇ 25 ਸਾਲਾਂ 'ਚ ਕਿਸੇ ਵੀ ਆਗੂ ਦਾ ਹੋਇਆ ਹੋਵੇ। ਸਥਾਨਕ ਰਾਜਾਸਾਂਸੀ ਹਵਾਈ ਅੱਡੇ ਤੋਂ ਕੈਪਟਨ ਅਮਰਿੰਦਰ ਸਿੰਘ ਨੂੰ ਫੁੱਲਾਂ ਨਾਲ ਸ਼ਿੰਗਾਰੀ ਹੋਈ ਖੁਲ੍ਹੀ ਜੀਪ ਵਿਚ ਦਰਬਾਰ ਸਾਹਿਬ ਤਕ ਇਕ ਵੱਡੇ ਕਾਫ਼ਲੇ ਦੇ ਰੂਪ 'ਚ ਲਿਆਂਦਾ ਗਿਆ। ਸਾਬਕਾ ਮੁੱਖ ਮੰਤਰੀ ਦਾ ਸਵਾਗਤ ਕਰਨ ਵਾਲਿਆਂ ਦੀ ਭੀੜ ਐਨੀ ਸੀ ਕਿ ਹਵਾਈ ਅੱਡੇ ਤੋਂ ਦਰਬਾਰ ਸਾਹਿਬ ਤਕ 12 ਕਿਲੋਮੀਟਰ ਦਾ ਸਫ਼ਰ ਤੈਅ ਕਰਨ ਲਈ ਕਾਫ਼ਲੇ ਨੂੰ ਸਾਢੇ ਚਾਰ ਘੰਟੇ ਲੱਗ ਗਏ। ਥਾਂ-ਥਾਂ 'ਤੇ ਉਨ੍ਹਾਂ ਦੇ ਸਵਾਗਤ ਲਈ ਲੋਕ ਗਰਮੀ ਦੀ ਪਰਵਾਹ ਕੀਤੇ ਬਗ਼ੈਰ ਪਲਕਾਂ ਵਿਛਾਈ ਖੜੇ ਸਨ। ਕਈ ਥਾਵਾਂ 'ਤੇ ਉਨ੍ਹਾਂ ਦਾ ਸਿਰੋਪੇ, ਕਿਰਪਾਨਾਂ ਅਤੇ ਫੁੱਲਾਂ ਦੇ ਹਾਰਾਂ ਨਾਲ ਸਨਮਾਨ ਕੀਤਾ ਗਿਆ। ਦਰਬਾਰ ਸਾਹਿਬ ਪੁੱਜਣ 'ਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਸੁਖਵਿੰਦਰ ਸਿੰਘ, ਸ. ਸ਼ਿੰਗਾਰਾ ਸਿੰਘ ਵਲਟੋਹਾ ਅਤੇ ਸ. ਜਗਜੀਤ ਸਿੰਘ ਭੁੱਲਰ ਨੇ ਸੂਚਨਾ ਦਫ਼ਤਰ ਵਿਖੇ ਉਨ੍ਹਾਂ ਨੂੰ ਸਿਰੋਪਾਉ ਦੇ ਕੇ ਸਨਮਾਨਤ ਕੀਤਾ ਗਿਆ।

ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਸਾਬਕਾ ਵਿਧਾਇਕ ਸ. ਜਸਬੀਰ ਸਿੰਘ ਡਿੰਪਾ ਦੀ ਅੰਮ੍ਰਿਤਸਰ ਸਥਿਤ ਰਿਹਾਇਸ਼ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਅਪਣੇ ਸਵਾਗਤ ਲਈ ਪੁੱਜੇ ਪ੍ਰਸ਼ੰਸਕਾਂ ਅਤੇ ਹਮਾਇਤੀਆਂ ਦਾ ਧਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਮੇਰਾ ਪਹਿਲਾ ਦੌਰਾ ਹੈ ਅਤੇ ਲੋਕਾਂ ਨੇ ਜੋ ਪਿਆਰ ਦਿਤਾ, ਉਸ ਨਾਲ ਕਾਂਗਰਸ ਪਾਰਟੀ ਨੂੰ ਮਜ਼ਬੂਤੀ ਮਿਲੀ ਹੈ। ਉਨ੍ਹਾਂ ਕਿਹਾ ਕਿ ਠਾਠਾਂ ਮਾਰਦਾ ਇਕੱਠ ਲੋਕਾਂ ਦੇ ਪਿਆਰ ਦਾ ਨਤੀਜਾ ਹੈ। ਅਕਾਲੀਆਂ ਉਤੇ ਵਰ੍ਹਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਮੌਜੂਦਾ ਸਰਕਾਰ ਨੇ ਪੰਜਾਬ ਵਾਸੀਆਂ ਨੂੰ ਤੰਗ ਪ੍ਰੇਸ਼ਾਨ ਕੀਤਾ ਹੋਇਆ ਹੈ। ਸਰਕਾਰ ਲੋਕਾਂ ਦੀਆਂ ਮੁਢਲੀਆਂ ਲੋੜਾਂ ਵੀ ਨਹੀਂ ਸਮਝ ਸਕੀ। ਉਨ੍ਹਾਂ ਪੂਰੇ ਵਿਸ਼ਵਾਸ ਨਾਲ ਕਿਹਾ ਕਿ ਜੇ ਅੱਜ ਚੋਣਾਂ ਐਲਾਨ ਦਿਤੀਆਂ ਜਾਣ ਤਾਂ ਕਾਂਗਰਸ ਉਨ੍ਹਾਂ ਲਈ ਤਿਆਰ ਬਰ ਤਿਆਰ ਹੈ। ਸ਼੍ਰੋਮਣੀ ਕਮੇਟੀ ਚੋਣਾਂ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਅਕਾਲੀ ਦਲ ਵਿਰੁਧ ਬਣਨ ਵਾਲੇ ਕਿਸੇ ਵੀ ਗਠਜੋੜ ਦੀ ਉਹ ਨਿਜੀ ਤੌਰ 'ਤੇ ਮਦਦ ਕਰਨਗੇ ਪਰ ਕਾਂਗਰਸ ਸਿੱਧੇ ਤੌਰ 'ਤੇ ਇਨ੍ਹਾਂ ਚੋਣਾਂ ਵਿਚ ਹਿੱਸਾ ਨਹੀਂ ਲਵੇਗੀ। ਅਕਾਲੀ-ਭਾਜਪਾ ਸਰਕਾਰ ਨੂੰ ਕਰੜੇ ਹੱਥੀਂ ਲੈਂਦਿਆਂ ਉਨ੍ਹਾਂ ਕਿਹਾ ਕਿ ਮਾੜੀਆਂ ਨੀਤੀਆਂ ਕਾਰਨ ਸੂਬੇ ਦੀ ਆਰਥਕ ਹਾਲਤ ਬੁਰੀ ਤਰ੍ਹਾਂ ਨਿਘਰ ਚੁੱਕੀ ਹੈ। ਕਿਸਾਨੀ ਪੰਜਾਬ ਦੀ ਰੀੜ੍ਹ ਦੀ ਹੱਡੀ ਹੈ ਪਰ ਇਸ ਸਰਕਾਰ ਨੇ ਕਿਸਾਨਾਂ ਨੂੰ ਨਾ ਤਾਂ ਬਿਜਲੀ ਦਿੱਤੀ ਅਤੇ ਨਾ ਹੀ ਪਾਣੀ ਜਿਸ ਕਾਰਨ ਕਣਕ ਦਾ ਝਾੜ ਘਟ ਗਿਆ। ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਸੂਬੇ ਦਾ ਉਦਯੋਗ ਬਰਬਾਦ ਹੋ ਗਿਆ ਅਤੇ ਬੇਰੁਜ਼ਗਾਰੀ ਵਧੀ ਹੈ। ਵਿਧਾਨ ਸਭਾ ਦੀ ਮੈਂਬਰੀ ਖ਼ਾਰਜ ਕੀਤੇ ਜਾਣ ਬਾਰੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਬਿਆਨ ਕਿ ਉਨ੍ਹਾਂ ਨੂੰ ਕੁਝ ਨਹੀਂ ਪਤਾ, ਬਾਰੇ ਤਿੱਖੀ ਟਿੱਪਣੀ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸ. ਬਾਦਲ ਬਿਲਕੁਲ ਸੱਚ ਬੋਲਦੇ ਹਨ ਕਿਉਂਕਿ ਉਹ ਸਿਰਫ਼ ਨਾਂ ਦੇ ਮੁੱਖ ਮੰਤਰੀ ਰਹਿ ਗਏ ਹਨ। ਅਸਲ ਵਿਚ ਉਨ੍ਹਾਂ ਨੂੰ ਨਹੀਂ ਪਤਾ ਕਿ ਪੰਜਾਬ ਕੌਣ ਚਲਾ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਗ਼ੈਰ ਤਜਰਬੇਕਾਰ ਸੁਖਬੀਰ ਸਿੰਘ ਬਾਦਲ ਨੇ ਸਾਰਾ ਕੰਮ ਅਪਣੇ ਹੱਥਾਂ ਵਿਚ ਲਿਆ ਹੋਇਆ ਹੈ ਜੋ ਅਹਿਮ ਮੁੱਦਿਆਂ ਨਾਲ ਨਜਿੱਠਣ ਦੇ ਸਮਰੱਥ ਨਹੀਂ। ਬਾਦਲ ਸਰਕਾਰ ਪੰਜਾਬ ਵਿਚ ਨਕਸਲੀ ਜਥੇਬੰਦੀਆਂ ਦੀਆਂ ਗਤੀਵਿਧੀਆਂ ਨੂੰ ਨੱਥ ਪਾਉਣ ਵਿਚ ਵੀ ਪੂਰੀ ਤਰ੍ਹਾਂ ਅਸਫ਼ਲ ਰਹੀ ਹੈ। ਉਨ੍ਹਾਂ ਕਿਹਾ ਕਿ ਜਦੋਂ ਸਪੀਕਰ ਨੇ ਮੇਰੀ ਮੈਂਬਰੀ ਖ਼ਾਰਜ ਕਰਨ ਦਾ ਫ਼ੈਸਲਾ ਲਿਆ ਸੀ ਤਾਂ ਸ. ਬਾਦਲ ਕੁੱਝ ਗਜ਼ ਦੀ ਦੂਰੀ 'ਤੇ ਹੀ ਬੈਠੇ ਸਨ। ਦੁਬਈ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਪੰਜਾਬੀ ਨੌਜਵਾਨਾਂ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ



ਕਿਹਾ ਕਿ ਨੌਜਵਾਨਾਂ ਦੇ ਮਾਮਲੇ ਦੀ ਪੈਰਵੀ ਲਈ ਨਵਾਂ ਵਕੀਲ ਨਿਯੁਕਤ ਕੀਤਾ ਗਿਆ ਹੈ ਅਤੇ ਕੇਂਦਰ ਸਰਕਾਰ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਮੁਆਫ਼ ਕਰਵਾਉਣ ਲਈ ਹਰ ਸੰਭਵ ਕੋਸ਼ਿਸ਼ ਕਰੇਗੀ।

ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਵੱਡੀ ਸਮੱਸਿਆ ਇਹ ਸੀ ਕਿ ਉਥੇ ਕੰਮ ਕਰਨ ਵਾਲੇ ਨੌਜਵਾਨ ਅਰਬੀ ਭਾਸ਼ਾ ਨਹੀਂ ਜਾਣਦੇ ਅਤੇ ਕੇਸ ਸੁਣਨ ਵਾਲਾ ਜੱਜ ਪੰਜਾਬੀ ਜਾਂ ਉਰਦੂ ਨਹੀਂ ਸਮਝ ਸਕਦਾ ਸੀ। ਉਨ੍ਹਾਂ ਕਿਹਾ ਕਿ 16 ਮਹੀਨੇ ਪੁਰਾਣੀ ਘਟਨਾ ਵਿਚ ਪੰਜਾਬੀ ਨੌਜਵਾਨਾਂ ਨੂੰ ਫਸਾਇਆ ਜਾ ਰਿਹਾ ਹੈ। ਮਾਮਲੇ ਦੀ ਅਗਲੀ ਸੁਣਵਾਈ 19 ਮਈ ਨੂੰ ਹੋਣੀ ਹੈ। ਬੀਤੀ ਰਾਤ ਰੇਲਵੇ ਸਟੇਸ਼ਨ ਨੇੜਿਉਂ ਆਰ.ਡੀ.ਐਕਸ. ਫੜੇ ਜਾਣ ਬਾਰੇ ਮਜ਼ਾਕੀਆ ਲਹਿਜ਼ੇ ਵਿਚ ਟਿੱਪਣੀ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਹ ਸਭ ਡਰਾਮਾ ਸੀ ਤਾਂ ਕਿ ਲੋਕ ਮੇਰੇ ਸਵਾਗਤ ਲਈ ਨਾ ਆ ਸਕਣ। ਲੋਕਾਂ ਨੂੰ ਦੋ ਘੰਟੇ ਤਕ ਦਹਿਸ਼ਤ ਵਿਚ ਪਾਈ ਰਖਿਆ ਅਤੇ ਫਿਰ ਪੁਲਿਸ ਕਰਮਚਾਰੀ ਕਾਰ ਚਲਾ ਕੇ ਸਰਕਟ ਹਾਊਸ ਲੈ ਆਏ। ਮਜੀਠਾ ਹਲਕੇ ਤੋਂ ਅਕਾਲੀ ਵਿਧਾਇਕ ਬਿਕਰਮਜੀਤ ਸਿੰਘ ਮਜੀਠੀਆ ਵਲੋਂ 1984 ਦੇ ਸਿੱਖ ਕਤਲੇਆਮ ਬਾਰੇ ਲਾਏ ਦੋਸ਼ਾਂ ਨੂੰ ਹਾਸੋਹੀਣਾ ਕਰਾਰ ਦਿੰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਕਿ ਮਜੀਠੀਏ ਦੀ ਉਮਰ ਸਿਰਫ਼ 32 ਸਾਲ ਦੀ ਹੈ ਅਤੇ ਜਦੋਂ ਦੀ ਉਹ ਗੱਲ ਕਰਦਾ ਹੈ, ਉਸ ਸਮੇਂ ਉਸ ਦੀ ਉਮਰ ਸਿਰਫ਼ ਛੇ ਸਾਲ ਦੀ ਹੋਵੇਗੀ। ਇਸ ਉਮਰ ਦੇ ਬੱਚੇ ਡਾਇਪਰਾਂ ਵਿਚੋਂ ਨਿਕਲ ਕੇ ਮਸਾਂ ਤੁਰਨਾ ਹੀ ਸਿੱਖਦੇ ਹਨ।

ਇਸ ਦੌਰਾਨ ਦੁਰਗਿਆਣਾ ਮੰਦਰ ਵਿਚ ਮੱਥਾ ਟੇਕਣ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਦੁਰਗਿਆਣਾ ਮੰਦਰ ਕਮੇਟੀ ਵਲੋਂ ਕਰਵਾਏ ਸਨਮਾਨ ਸਮਾਰੋਹ ਵਿਚ ਸ਼ਾਮਲ ਹੋਣ ਲਈ ਕਮੇਟੀ ਦੇ ਦਫਤਰ ਪਹੁੰਚੇ ਤੇ ਵਿਧਾਇਕ ਓਮ ਪ੍ਰਕਾਸ਼ ਸੋਨੀ ਧੜੇ ਦੇ ਨੇਤਾ ਸਾਬਕਾ ਵਿਧਾਇਕ ਜੁਗਲ ਕਿਸ਼ੋਰ ਸ਼ਰਮਾ ਦਫਤਰ ਵਿਚ ਚਲ ਰਹੇ ਸਮਾਰੋਹ ਵਿਚ ਸ਼ਾਮਲ ਹੋਣ ਲਈ ਕੁਝ ਲੇਟ ਹੋ ਗਏ। ਇਸ ਦੌਰਾਨ ਉਨ੍ਹਾਂ ਦੀ ਕਮੇਟੀ ਦੇ ਮੈਂਬਰ (ਪ੍ਰੋ: ਦਰਬਾਰੀ ਲਾਲ ਧੜੇ ਦੇ ਨੇਤਾ) ਮਹੇਸ਼ ਖੰਨਾ ਨਾਲ ਰਸਤੇ 'ਚੋਂ ਲੰਘਣ ਸਬੰਧੀ ਤਕਰਾਰ ਹੋ ਗਈ। ਖੰਨਾ ਨੇ ਸ਼ਰਮਾ ਨੂੰ ਸਟੇਜ ਵਲ ਜਾਣ ਤੋਂ ਰੋਕਿਆ। ਇਸ 'ਤੇ ਭੜਕੇ ਸ਼ਰਮਾ ਦੇ ਪੀ.ਏ. ਰਵੀ ਕੁਮਾਰ ਨੇ ਮਹੇਸ਼ ਖੰਨਾ ਦੇ ਮੂੰਹ 'ਤੇ ਘਸੁੰਨ ਮਾਰ ਦਿੱਤਾ। ਇਸ ਤੋਂ ਬਾਅਦ ਗਾਲ੍ਹਾਂ ਤੋਂ ਚਲੀ ਗੱਲ ਘਸੁੰਨ-ਮੁੱਕਿਆਂ ਤੱਕ ਵਧ ਗਈ। ਸੋਨੀ ਤੇ ਪ੍ਰੋ. ਦਰਬਾਰੀ ਲਾਲਾ ਧੜੇ ਵਿਚ ਇਹ ਟਕਰਾਅ 15 ਮਿੰਟ ਤੱਕ ਕੈਪਟਨ ਦੀ ਮੌਜੂਦਗੀ ਵਿਚ ਚਲਦਾ ਰਿਹਾ। ਹਥੋਪਾਈ ਦੌਰਾਨ ਸੰਜੇ ਮਹਾਜਨ ਨੇ ਵੀ ਘਸੁੰਨ ਮਾਰੇ ਜਿਸ ਦਾ ਜਵਾਬ ਜੁਗਲ ਕਿਸ਼ੋਰ ਸ਼ਰਮਾ ਦੇ ਹਮਾਇਤੀ ਵੀ ਦਿੰਦੇ ਰਹੇ। ਸਥਿਤੀ ਕਾਬੂ ਕਰਦੇ ਹੋਏ ਵਿਧਾਇਕ ਸੋਨੀ ਨੇ ਕੈਪਟਨ ਨੂੰ ਇਸ ਖੱਪਖਾਨੇ ਵਿਚੋਂ ਕੱਢਿਆ ਤੇ ਬਾਹਰ ਲੈ ਆਏ। ਬਾਅਦ ਵਿਚ ਦੋਵਾਂ ਗਰੁੱਪਾਂ ਨੂੰ ਸ਼ਾਂਤ ਕੀਤਾ, ਕਮੇਟੀ ਦੇ ਮੈਂਬਰਾਂ ਨੇ ਇਸ ਕਾਰਵਾਈ ਨੂੰ ਮੰਦਭਾਗਾ ਕਰਾਰ ਦਿੱਤਾ। ਦਿਹਾਤੀ ਕਾਂਗਰਸੀਆਂ ਵਿਚਾਲੇ ਜਲਿਆਂਵਾਲਾ ਬਾਗ ਵਿਖੇ ਵੀ ਗਾਲਬਾਜ਼ੀ ਤੇ ਹਥੋਪਾਈ ਹੁੰਦੀ ਕੈਪਟਨ ਨੇ ਅੱਖੀਂ ਦੇਖੀ ਤੇ ਕੰਨੀਂ ਸੁਣੀ ਪਰ ਕੁਝ ਨਹੀਂ ਬੋਲੇ।

## ਸ਼੍ਰੋਮਣੀ ਕਮੇਟੀ ਚੋਣਾਂ 'ਚ ਦਖਲ ਨਹੀਂ-ਭੱਠਲ

**ਬਰਨਾਲਾ :** ਕਾਂਗਰਸ ਪਾਰਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਨਾ ਤਾਂ ਹਿੱਸਾ ਲਵੇਗੀ ਤੇ ਨਾ ਹੀ ਉਹ ਸ਼੍ਰੋਮਣੀ ਅਕਾਲੀ ਦਲ ਵਿਰੋਧੀ ਕਿਸੇ ਵੀ ਧੜੇ ਦੀ ਹਮਾਇਤ ਕਰੇਗੀ।' ਇਹ ਵਿਚਾਰ ਸਥਾਨਕ ਰੈਸਟ ਹਾਊਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਆਗੂ ਬੀਬੀ ਰਜਿੰਦਰ ਕੌਰ ਭੱਠਲ ਨੇ ਪ੍ਰਗਟ ਕਰਦਿਆਂ ਕਿਹਾ ਕਿ ਸੂਬੇ ਵਿਚ ਬਿਜਲੀ ਅਤੇ ਪਾਣੀ ਦਾ ਕਾਲ ਪੈ ਗਿਆ ਹੈ ਅਤੇ ਹੁਣ ਤਾਂ ਪੰਜਾਬ ਵਿਚ ਇਨਵਰਟਰਾਂ ਦਾ ਕੰਮ ਫੇਲ੍ਹ ਹੋ ਚੁੱਕਾ ਹੈ, ਕਿਉਂਕਿ ਜਦੋਂ ਸਾਰਾ-ਸਾਰਾ ਦਿਨ ਬਿਜਲੀ ਹੀ ਨਹੀਂ ਆਵੇਗੀ, ਤਾਂ ਉਹ ਵੀ ਕਿੱਥੋਂ ਚਾਰਜ ਹੋਣਗੇ। ਇਸ ਨਾਲ ਸੁਖਬੀਰ ਸਿੰਘ ਬਾਦਲ ਦੇ ਉਨ੍ਹਾਂ ਬਿਆਨਾਂ ਦਾ ਵੀ ਮਜ਼ਾਕ ਉਡ ਰਿਹਾ ਹੈ ਕਿ ਪੰਜਾਬ ਵਿਚ ਬਿਜਲੀ ਸਰਪਲੱਸ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦਾ ਹਰ ਵਰਗ ਚਾਹੇ ਉਹ ਮੁਲਾਜ਼ਮ, ਕਿਸਾਨ, ਮਜ਼ਦੂਰ ਜਾਂ ਵਪਾਰੀ ਹੈ, ਸਭ ਦੁਖੀ ਹਨ ਅਤੇ ਪੰਜਾਬ ਵਿਚੋਂ ਅਕਾਲੀ-ਭਾਜਪਾ ਸਰਕਾਰ ਨੂੰ ਭਜਾਉਣ ਲਈ ਇਕਮਤ ਹਨ, ਕਿਉਂਕਿ ਅਕਾਲੀ-ਭਾਜਪਾ ਸਰਕਾਰ ਵੱਲੋਂ ਕੀਤੀ ਜਾ ਰਹੀ ਇਨ੍ਹਾਂ ਵਰਗਾਂ ਦੀ ਲੁੱਟ-ਖਸੁੱਟ ਨੂੰ ਬਰਦਾਸ਼ਤ ਦੀ ਹੱਦ ਖਤਮ ਹੋ ਚੁੱਕੀ ਹੈ।

ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਮਹਿੰਦਰ ਸਿੰਘ ਕੇਪੀ ਨੇ ਵੀ ਕਿਹਾ ਹੈ ਕਿ ਕਾਂਗਰਸ ਪਾਰਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਨਾ ਤਾਂ ਹਿੱਸਾ ਲਵੇਗੀ ਤੇ ਨਾ ਹੀ ਉਹ ਸ਼੍ਰੋਮਣੀ ਅਕਾਲੀ ਦਲ ਵਿਰੋਧੀ ਕਿਸੇ ਵੀ ਧੜੇ ਦੀ ਹਮਾਇਤ ਕਰੇਗੀ।

## ਕੈਪਟਨ ਦੇ ਦੌਰੇ ਤੋਂ ਪਹਿਲਾਂ ਅੰਮ੍ਰਿਤਸਰ ਰੇਲਵੇ ਸਟੇਸ਼ਨ ਨੇੜਿਉਂ ਬੰਬ ਮਿਲਿਆ

**ਅੰਮ੍ਰਿਤਸਰ:** ਪਵਿੱਤਰ ਸ਼ਹਿਰ ਵਿਚ ਬੀਤੀ 8 ਮਈ ਨੂੰ ਉਸ ਸਮੇਂ ਵੱਡਾ ਹਾਦਸਾ ਟਲ ਗਿਆ ਜਦੋਂ ਪੁਲਿਸ ਨੇ ਰੇਲਵੇ ਸਟੇਸ਼ਨ ਦੇ ਨਾਲ ਸਥਿਤ ਕੁੰਦਨ ਢਾਬੇ ਨੇੜੇ ਖੜੀ ਇਕ ਲਾਵਾਰਸ ਕਾਰ ਵਿਚੋਂ ਦੋ ਕਿਲੋ ਆਰ.ਡੀ.ਐਕਸ. ਅਤੇ ਐਲ.ਪੀ.ਜੀ. ਸਿਲੰਡਰ ਬਰਾਮਦ ਕੀਤਾ। ਪੁਲਿਸ ਕਮਿਸ਼ਨਰ ਵਰਿੰਦਰ ਕੁਮਾਰ ਨੇ ਦਸਿਆ ਕਿ ਧਮਾਕਾ ਕਰਨ ਲਈ ਦੋ ਕਿਲੋ ਆਰ.ਡੀ.ਐਕਸ. ਅਤੇ ਇਕ ਐਲ.ਪੀ.ਜੀ. ਸਿਲੰਡਰ ਨੂੰ ਤਾਰਾਂ ਨਾਲ ਡੈਟੋਨੇਟਰ ਤੇ ਟਾਈਮਿੰਗ ਮਸ਼ੀਨ ਨਾਲ ਜੋੜਿਆ ਹੋਇਆ ਸੀ। ਉਨ੍ਹਾਂ ਦਸਿਆ ਕਿ ਜੇ ਇਹ ਫਟ ਜਾਂਦਾ ਤਾਂ ਭਾਰੀ ਨੁਕਸਾਨ ਹੋ ਸਕਦਾ ਸੀ ਕਿਉਂਕਿ ਜਿਸ ਥਾਂ 'ਤੇ ਕਾਰ ਖੜੀ ਸੀ, ਉਸ ਸੜਕ ਉਪਰ ਕਾਫ਼ੀ ਆਵਾਜਾਈ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਧਮਾਕਾਖ਼ੇਜ਼ ਸਮੱਗਰੀ ਦੀ ਕਿਸਮ ਬਾਰੇ ਸਹੀ ਤੌਰ 'ਤੇ ਫ਼ੋਰੈਂਸਿਕ ਮਾਹਰਾਂ ਵਲੋਂ ਜਾਂਚ ਤੋਂ ਬਾਅਦ ਹੀ ਦਸਿਆ ਜਾ ਸਕਦਾ ਹੈ। ਪੁਲਿਸ ਪਾਰਟੀ ਨੂੰ ਆਮ ਚੈਕਿੰਗ ਦੌਰਾਨ ਬੰਬ ਦਾ ਪਤਾ ਲੱਗਾ ਜਦੋਂ ਉਨ੍ਹਾਂ ਨੇ ਇਕ ਲਾਵਾਰਸ ਕਾਰ ਖੜੀ ਵੇਖੀ। ਕਾਰ ਉਪਰ ਦਿੱਲੀ ਦਾ ਨੰਬਰ (ਡੀ.ਈ.ਏ. 5554) ਲੱਗਾ ਹੋਇਆ ਸੀ। ਆਮ ਤੌਰ 'ਤੇ ਰੇਲ ਗੱਡੀਆਂ ਵਿਚੋਂ ਉਤਰਨ ਵਾਲੇ ਯਾਤਰੀ ਸ਼ਹਿਰ ਦੇ ਸਿਵਲ ਲਾਈਨ ਇਲਾਕੇ ਵਿਚ ਜਾਣ ਲਈ ਇਸ ਸੜਕ ਦੀ ਵਰਤੋਂ ਕਰਦੇ ਹਨ। ਵਰਿੰਦਰ ਕੁਮਾਰ ਨੇ ਦਸਿਆ ਕਿ ਇਸ ਲਾਵਾਰਸ ਕਾਰ ਦਾ ਦਿੱਲੀ ਤੋਂ ਆਉਣ ਵਾਲੀ ਸ਼ਾਨ-ਏ-ਪੰਜਾਬ ਐਕਸਪ੍ਰੈੱਸ ਦੇ ਪੁੱਜਣ ਤੋਂ ਕੁੱਝ ਸਮਾਂ ਪਹਿਲਾਂ ਹੀ ਲੱਗਾ। ਕਾਰ ਨੂੰ ਸੁਰੱਖਿਅਤ ਸਥਾਨ 'ਤੇ ਲਗਾ ਕੇ ਬੰਬ ਨਕਾਰਾ ਕਰਨ ਵਾਲੇ ਦਸਤੇ ਨੂੰ ਸੱਦਿਆ ਗਿਆ। ਉਨ੍ਹਾਂ ਇਸ ਘਟਨਾ ਪਿੱਛੇ ਖ਼ਾਲਿਸਤਾਨ ਪੱਖੀ ਤੱਤਾਂ ਦੀ ਸ਼ਮੂਲੀਅਤ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ। ਰੇਲਵੇ ਸਟੇਸ਼ਨ ਤੋਂ ਬੰਬ ਦੀ ਬਰਾਮਦਗੀ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਇਥੇ ਪੁੱਜਣ ਤੋਂ ਇਕ ਦਿਨ ਪਹਿਲਾਂ ਹੋਈ । ਸੂਬਾ ਕਾਂਗਰਸ ਵਲੋਂ ਅਗਲੇ ਦਿਨ ਇਥੇ ਸਾਬਕਾ ਮੁੱਖ ਮੰਤਰੀ ਦਾ ਵੱਡੇ ਪੱਧਰ 'ਤੇ ਸਵਾਗਤ ਕੀਤਾ ਗਿਆ । ਪਿਛਲੇ 15 ਦਿਨਾਂ ਤੋਂ ਵੀ ਘੱਟ ਸਮੇਂ 'ਚ ਸ਼ਹਿਰ ਵਿਚ ਇਹ ਦੂਜਾ ਬੰਬ ਬਰਾਮਦ ਹੋਇਆ ਹੈ। ਦਸਣਯੋਗ ਹੈ ਕਿ ਇਕ ਹਫ਼ਤਾ ਪਹਿਲਾਂ ਸੁਲਤਾਨਵਿੰਡ ਸੜਕ 'ਤੇ ਇਕ ਸਾਈਕਲ ਉਪਰ ਰਖਿਆ ਪੈਟਰੋਲ ਬੰਬ ਬਰਾਮਦ ਹੋਇਆ ਸੀ।

**ਫਟਣ ਵਾਲਾ ਮੋਬਾਈਲ ਨਹੀਂ, ਡੈਟੋਨੇਟਰ ਸੀ:** ਸੁਲਤਾਨਵਿੰਡ ਰੋਡ 'ਤੇ ਸਨਿੱਚਰਵਾਰ ਨੂੰ ਫੱਟਣ ਵਾਲਾ ਮੋਬਾਈਲ ਡੈਟੋਨੇਟਰ ਨਿਕਲਿਆ। ਇਹ ਜਾਣਕਾਰੀ ਪੰਜਾਬ ਪੁਲਿਸ ਦੇ ਡੀ.ਜੀ.ਪੀ. ਪੀ ਐਸ ਗਿੱਲ ਨੇ ਬੀਤੀ 5 ਮਈ ਨੂੰ ਪ੍ਰੈਸ ਕਾਨਫਰੰਸ 'ਚ ਦਿੱਤੀ। ਉਨ੍ਹਾਂ ਕਿਹਾ ਕਿ ਇਸ ਘਟਨਾ ਨੂੰ ਅੰਜਾਮ ਦੇਣ ਵਾਲਿਆਂ ਨੂੰ ਛੇਤੀ ਹੀ ਗ੍ਰਿਫਤਾਰ ਕਰਾਂਗੇ।

## ਹਵਾਰੇ ਬਣਾਇਆ ਧਮਾਕੇ ਵਾਲੀ ਥਾਂ ਦਾ ਨਕਸ਼ਾ




**ਚੰਡੀਗੜ੍ਹ :** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਅਤੇ 12 ਹੋਰਾਂ ਦੇ ਕਤਲ ਹੋਣ ਦੇ ਕਰੀਬ 15 ਸਾਲਾਂ ਬਾਅਦ ਸੀ.ਬੀ.ਆਈ. ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਦੱਸਿਆ ਕਿ ਕਾਤਲ ਜਗਤਾਰ ਸਿੰਘ ਹਵਾਰਾ ਨੇ ਖੇਤਰ ਦਾ ਨਕਸ਼ਾ ਤਿਆਰ ਕੀਤਾ ਹੋਇਆ ਸੀ। ਸਾਬਕਾ ਮੁੱਖ ਮੰਤਰੀ ਪੰਜਾਬ ਸਿਵਲ ਸਕੱਤਰੇਤ ਦੇ ਬਾਹਰ ਬੰਬ ਧਮਾਕੇ ਵਿਚ ਮਾਰੇ ਗਏ ਸਨ। ਕਾਤਲ ਅਤੇ ਹੋਰ ਦੋਸ਼ੀਆਂ ਵਲੋਂ ਸੀਨੀਅਰ ਵਕੀਲ ਬਲਦੇਵ ਸਿੰਘ ਰਾਹੀਂ ਪਾਈ ਅਪੀਲ ਦੀ ਸੁਣਵਾਈ ਜਸਟਿਸ ਮਹਿਤਾਬ ਸਿੰਘ ਗਿੱਲ ਅਤੇ ਜਸਟਿਸ ਅਰਵਿੰਦ ਕੁਮਾਰ ਦੀ ਬੈਂਚ ਵਲੋਂ ਕੀਤੀ ਗਈ। ਸੀ.ਬੀ.ਆਈ. ਦੇ ਵਕੀਲਾਂ ਐਸ.ਕੇ. ਸਕਸੈਨਾ ਅਤੇ ਆਰ.ਕੇ. ਹਾਂਡਾ ਨੇ ਦੱਸਿਆ ਕਿ ਇਹ ਨਕਸ਼ਾ (ਸਕੈਚ) ਹਵਾਰਾ ਦੇ ਦੱਸਣ 'ਤੇ ਗਾਜ਼ੀਆਬਾਦ ਤੋਂ ਬਰਾਮਦ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਹਵਾਰਾ ਸੀ.ਬੀ.ਆਈ. ਦੀ ਟੀਮ ਨੂੰ ਮੇਰਠ ਰੋਡ 'ਤੇ ਪੈਂਦੇ ਨੰਦਗਰਾਮ ਖੇਤਰ ਵਿਚਲੇ ਉਸ ਘਰ ਵਿਚ ਲੈ ਗਿਆ ਜਿਥੇ ਉਹ ਰਿਹਾ ਕਰਦਾ ਸੀ। ਸੀ.ਬੀ.ਆਈ. ਟੀਮ ਨੇ ਇਥੋਂ ਰੋਲ ਕੀਤਾ ਹੋਇਆ ਨਕਸ਼ਾ ਅਤੇ 'ਬੰਬ ਬੈਲਟ' ਬਰਾਮਦ ਕਰ ਲਏ। ਜਾਂਚ ਏਜੰਸੀ ਨੇ ਦਾਅਵਾ ਕੀਤਾ ਕਿ ਇਹ ਨਕਸ਼ਾ ਹਵਾਰਾ ਨੇ ਖੁਦ ਬਣਾਇਆ ਸੀ। ਹੱਥ ਲਿਖਤ ਪਛਾਨਣ ਦੇ ਮਾਹਰ ਐਮ.ਏ. ਅਲੀ ਨੇ ਵੀ ਆਪਣੀ ਰਿਪੋਰਟ ਵਿਚ ਇਸ ਦਾਅਵੇ ਦੀ ਤਸਦੀਕ ਕੀਤੀ ਸੀ। ਇਹ ਨਕਸ਼ਾ ਉਸੇ ਥਾਂ ਦਾ ਸੀ ਜਿਥੇ ਸਕੱਤਰੇਤ ਦੇ ਸਾਹਮਣੇ ਦਰਵਾਜ਼ੇ ਨੇੜੇ ਬੰਬ ਧਮਾਕਾ ਹੋਇਆ ਸੀ। ਇਸ ਕਤਲ ਕੇਸ ਵਿਚ ਹਵਾਰਾ ਅਤੇ ਬਲਵੰਤ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾਈ ਹੋਈ ਹੈ ਅਤੇ ਤਿੰਨ ਹੋਰ ਦੋਸ਼ੀਆਂ ਸ਼ਮਸ਼ੇਰ ਸਿੰਘ, ਗੁਰਮੀਤ ਸਿੰਘ ਅਤੇ ਲਖਵਿੰਦਰ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਮਿਲੀ ਹੋਈ ਹੈ। ਸੀ.ਬੀ.ਆਈ. ਨੇ ਅਦਾਲਤ ਨੂੰ ਦੱਸਿਆ ਕਿ ਬਲਵੰਤ ਸਿੰਘ ਨੇ 22 ਬੋਲਟ ਅਤੇ ਬੈਰਿੰਗ ਪਟਿਆਲਾ ਦੀ ਕਬਾੜੀ ਮਾਰਕੀਟ ਵਿਚੋਂ ਖਰੀਦੇ ਸਨ ਤਾਂ ਕਿ ਇਨ੍ਹਾਂ ਨੂੰ ਬੈਲਟ ਹੇਠਾਂ ਰੱਖਿਆ ਜਾ ਸਕੇ ਅਤੇ ਵਿਸਫੋਟਕ ਇਨ੍ਹਾਂ ਵਿਚ ਛੁਪਾਇਆ ਜਾਂ ਸਾਂਭਿਆ ਜਾ ਸਕੇ। ਪਟਿਆਲਾ ਦੇ ਰਤਨ ਨਗਰ ਵਿਚਲੇ ਉਸ ਦੇ ਘਰ ਤੋਂ ਦਿਲਾਵਰ ਸਿੰਘ ਨਾਲ ਸੰਬੰਧਿਤ ਕੁਝ ਕਾਗਜ਼ ਵੀ ਮਿਲੇ ਸਨ। ਬੱਬਰ ਖਾਲਸਾ ਇੰਟਰਨੈਸ਼ਨਲ ਦਾ ਇਕ ਲੈਟਰ ਪੈਡ ਵੀ ਬਰਾਮਦ ਹੋਇਆ ਸੀ। ਇਸ ਤੋਂ ਇਲਾਵਾ 12 ਸਤੰਬਰ, 1995 ਨੂੰ ਮਾਨਵ ਬੰਬ ਦਿਲਾਵਰ ਸਿੰਘ ਅਤੇ ਬਲਵੰਤ ਸਿੰਘ ਦੀਆਂ ਪੁਲੀਸ ਵਰਦੀ ਸਮੇਤ 90 ਤਸਵੀਰਾਂ ਵੀ ਕਬਜ਼ੇ ਵਿਚ ਲਈਆਂ ਸਨ। ਸੀ.ਬੀ.ਆਈ. ਨੇ ਬੈਂਚ ਨੂੰ ਦੱਸਿਆ ਕਿ ਰੋਪੜ ਜ਼ਿਲ੍ਹੇ ਦੇ ਪਿੰਡ ਝੀਗੜਾ ਕਲਾਂ ਵਿਚਲੇ ਘਰ ਤੋਂ 30 ਕਿਲੋ ਵਿਸਫੋਟਕ ਵੀ ਬਰਾਮਦ ਹੋਇਆ ਸੀ।


Realtor & Mortgage Specialist
Bay Area & Central Valley

ਚੰਗੀ ਜੁਗਤਤ-ਚਿੰਤਾ ਮੁਕਤਤ

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Refinance, Home Loan, SBA Loan
(All at Best Rates)

RAJ SINGH

Notary Free

Cell:510-452-7370

MISSIONPEAK

RAJ SINGH
M.A., M.Ed Retd. Principal
Realtor & Financial Adviser
Lic#01776459 & OG22467

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ

46560 Fremont Blvd.,
Suite #111 Fremont, CA 94538
singhrajpaul@yahoo.com

## ਜ਼ਹਿਰੀਲੇ ਹਿਮਾਚਲੀ ਪਾਣੀ ਨੇ ਕੀਤਾ ਹਜ਼ਾਰਾਂ ਮੱਛੀਆਂ ਦਾ ਕਤਲੇਆਮ

**ਨੰਗਲ :** ਬੀਤੀ 8 ਮਈ ਨੂੰ ਉਸ ਵਕਤ ਫਿਰ ਪ੍ਰਸ਼ਾਸਨ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਅਣਗਹਿਲੀ ਕਾਰਨ ਵੱਡੀ ਗਿਣਤੀ ਵਿਚ ਸਤਲੁਜ ਦਰਿਆ ਵਿਚ ਮੱਛੀਆਂ ਮਰੀਆਂ। ਜਾਣਕਾਰੀ ਮੁਤਾਬਕ ਨਜ਼ਦੀਕੀ ਉਦਯੋਗਿਕ ਇਕਾਈਆਂ ਦਾ ਕੈਮੀਕਲ ਯੁਕਤ ਪਾਣੀ ਦਰਿਆ ਵਿਚ ਆਉਂਦਾ ਹੈ। ਇਸ ਜ਼ਹਿਰੀਲੇ ਪਾਣੀ ਕਾਰਨ ਹੀ ਹਜ਼ਾਰਾਂ ਦੀ ਗਿਣਤੀ ਵਿਚ ਮੱਛੀਆਂ ਮਰੀਆਂ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਕਈ ਵਾਰ ਅਜਿਹਾ ਹੋ ਚੁੱਕਾ ਹੈ। ਘਟਨਾ ਪਿੱਛੋਂ ਹਰ ਵਾਰ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਪ੍ਰਸ਼ਾਸਨ ਹਰਕਤ ਵਿਚ ਤਾਂ ਜ਼ਰੂਰ ਆ ਜਾਂਦਾ ਹੈ ਪਰ ਕੋਈ ਪੁਖ਼ਤਾ ਇੰਤਜ਼ਾਮ ਹਾਲੇ ਤਕ ਨਹੀਂ ਕੀਤੇ ਗਏ। ਦਸਿਆ ਜਾ ਰਿਹਾ ਹੈ ਕਿ ਕੈਮੀਕਲ ਯੁਕਤ ਇਹੀ ਪਾਣੀ ਸਥਾਨਕ ਲੋਕ ਪੀਣ ਲਈ ਵੀ ਵਰਤਦੇ ਹਨ। ਇਸੇ ਕਾਰਨ ਉਨ੍ਹਾਂ ਵਿਚ ਕਈ ਤਰ੍ਹਾਂ ਦੀਆਂ ਚਮੜੀ ਨਾਲ ਜੁੜੀਆਂ ਬੀਮਾਰੀਆਂ ਪੈਦਾ ਹੋ ਰਹੀਆਂ ਹਨ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਐਕਸੀਅਨ ਸ੍ਰੀ ਕਰਨੇਸ਼ ਗਰਗ ਨਾਲ ਗੱਲ ਕਰਣ ਤੇ ਉਨ੍ਹਾਂ ਨੇ ਇਸ ਸਬੰਧੀ ਕੋਈ ਵੀ ਜਾਣਕਾਰੀ ਹੋਣ ਤੋਂ ਇਨਕਾਰ ਕਰ ਦਿਤਾ। ਉਨ੍ਹਾਂ ਕਿਹਾ ਕਿ ਉਹ ਇਸ ਬਾਰੇ ਸਚਾਈ ਪਤਾ ਲਗਾਉਣਗੇ। ਅਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਸ. ਰਵਨੀਤ ਸਿੰਘ ਬਿਟੂ ਨੇ ਕਿਹਾ ਕਿ ਹਿਮਾਚਲ ਪ੍ਰਦੇਸ਼ ਦੀਆਂ ਉਦਯੋਗਿਕ ਇਕਾਈਆਂ ਦਾ ਜ਼ਹਿਰੀਲਾ ਪਾਣੀ ਪੰਜਾਬ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ ਪਰ ਅਕਾਲੀ ਸਰਕਾਰ ਹਿਮਾਚਲ ਸਰਕਾਰ ਨਾਲ ਯਾਰੀ ਪੁਗਾ ਰਹੀ ਅਤੇ ਕੋਈ ਵਿਰੋਧ ਨਹੀਂ ਕਰਦੀ। ਉਨ੍ਹਾਂ ਕਿਹਾ ਕਿ ਅਗਲੇ ਪਾਰਲੀਮੈਂਟ ਸੈਸ਼ਨ ਵਿਚ ਇਹ ਮਾਮਲਾ ਉਠਾਇਆ ਜਾਵੇਗਾ। ਵਿਧਾਇਕ ਰਾਣਾ ਕੇ.ਪੀ. ਸਿੰਘ ਨੇ ਕਿਹਾ ਕਿ ਉਹ ਇਲਾਕੇ ਦੇ ਲੋਕਾਂ ਦੀ ਸਿਹਤ ਨਾਲ ਸਰਕਾਰ ਨੂੰ ਖਿਲਵਾੜ ਨਹੀਂ ਕਰਨ ਦੇਣਗੇ। ਉਨ੍ਹਾਂ ਕਿਹਾ ਕਿ ਇਸ ਬਾਰੇ ਉਹ ਅਦਾਲਤ ਵਿਚ ਪਟੀਸ਼ਨ ਦਾਖ਼ਲ ਕਰਨਗੇ।

## ਇਕ ਹੋਰ ਕਿਸਾਨ ਵੱਲੋਂ ਖੁਦਕੁਸ਼ੀ

**ਮਖੂ :** ਮਖੂ ਬਲਾਕ ਦੇ ਪਿੰਡ ਬਹਿਕ ਫੱਤੂ ਦਾ ਵਾਸੀ ਕਿਸਾਨ ਨਰਿੰਦਰ ਸਿੰਘ ਪੁੱਤਰ ਜਗੀਰ ਸਿੰਘ ਜੋ ਕਿ ਆਪਣੇ ਸਿਰ ਵਧ ਰਹੇ ਕਰਜ਼ੇ ਦੇ ਬੋਝ ਤੋਂ ਪ੍ਰੇਸ਼ਾਨ ਸੀ, ਨੇ 8 ਮਈ ਨੂੰ ਇਥੇ ਸਲਫਾਸ ਦੀਆਂ ਗੋਲੀਆਂ ਖਾ ਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ। ਮ੍ਰਿਤਕ ਆਪਣੇ ਪਿੱਛੇ ਪਤਨੀ, ਪੁੱਤਰ ਤੇ ਧੀ ਨੂੰ ਛੱਡ ਗਿਆ, ਜਦੋਂਕਿ ਇਕ ਧੀ ਦਾ ਕੁਝ ਸਮਾਂ ਪਹਿਲਾਂ ਉਸ ਨੇ ਵਿਆਹ ਕਰ ਦਿੱਤਾ ਸੀ।

# ਜੱਸਾ ਸਿੰਘ ਰਾਮਗੜ੍ਹੀਆ ਪੁਰਸਕਾਰ ਦੇਵੇਗੀ ਸਰਕਾਰ

**ਪਟਿਆਲਾ :** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਬੀਤੀ 5 ਮਈ ਨੂੰ ਇਥੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸਿੱਖ ਪੰਥ ਦੇ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੀ ਯਾਦ ਤਾਜ਼ਾ ਰੱਖਣ ਲਈ ਹਰ ਵਰ੍ਹੇ ਸਿਰਮੌਰ ਸਖਸ਼ੀਅਤ ਨੂੰ 'ਜੱਸਾ ਸਿੰਘ ਰਾਮਗੜ੍ਹੀਆ ਪੁਰਸਕਾਰ' ਦਿੱਤਾ ਜਾਵੇਗਾ।



ਸੂਬਾ ਸਰਕਾਰ ਰਾਮਗੜ੍ਹੀਆ ਭਾਈਚਾਰੇ ਦੀ ਵਿੱਤੀ ਮਦਦ ਨਾਲ ਜੱਸਾ ਸਿੰਘ ਰਾਮਗੜ੍ਹੀਆ ਦੇ ਨਾਂਅ 'ਤੇ ਯੂਨੀਵਰਸਿਟੀ ਖੋਲ੍ਹਣ ਦਾ ਵੀ ਤਹੱਈਆ ਕਰੇਗੀ। ਇਹ ਐਲਾਨ ਉਨ੍ਹਾਂ ਜੱਸਾ ਸਿੰਘ ਰਾਮਗੜ੍ਹੀਆ ਦੇ 287ਵੇਂ ਜਨਮ ਦਿਨ ਮੌਕੇ ਕੈਬਨਿਟ ਮੰਤਰੀ ਹੀਰਾ ਸਿੰਘ ਗਾਬੜੀਆ ਦੀ ਅਗਵਾਈ ਹੇਠ ਹੋਏ ਰਾਜ ਪੱਧਰੀ ਸਮਾਗਮ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਲਈ ਜਲਦੀ ਹੀ ਜਗ੍ਹਾ ਲੱਭ ਲਈ ਜਾਵੇਗੀ। ਸ੍ਰੀ ਬਾਦਲ ਨੇ ਜੱਸਾ ਸਿੰਘ ਰਾਮਗੜ੍ਹੀਆ ਦੇ ਬਹਾਦਰੀ ਦੇ ਕੁਝ ਕਿੱਸਿਆ 'ਤੇ ਚਾਨਣਾ ਪਾਉਣ ਦੇ ਨਾਲ ਨਾਲ ਪੰਜਾਬ ਸਰਕਾਰ ਵਲੋਂ ਕੀਤੇ ਗਏ ਵਿਕਾਸ ਕੰਮਾਂ ਅਤੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਵੀ ਦੱਸਿਆ। ਉਨ੍ਹਾਂ ਐਲਾਨ ਕੀਤਾ ਕਿ ਸ਼ਹਿਰਾਂ ਦੇ ਵਿਕਾਸ 'ਤੇ ਜਲਦੀ ਹੀ ਦੋ ਹਜ਼ਾਰ ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਇਨ੍ਹਾਂ ਵਿਚ ਇੱਕਲੇ ਪਟਿਆਲਾ ਵਿਚ ਹੀ ਸੌ ਕਰੋੜ ਰੁਪਏ ਦੀ ਲਾਗਤ ਨਾਲ ਸੀਵਰੇਜ ਪਾਇਆ ਜਾ ਰਿਹਾ ਹੈ।

ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਪ੍ਰੇਮ ਸਿੰਘ ਚੰਦੂਮਜਾਰਾ ਨੇ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ ਦੇ ਕੁਝ ਅਹਿਮ ਪਹਿਲੂਆਂ 'ਤੇ ਚਾਨਣਾ ਪਾਇਆ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਸ੍ਰੀ ਗਾਬੜੀਆ ਨੇ ਕਿਹਾ ਕਿ ਰਾਮਗੜ੍ਹੀਆ ਭਾਈਚਾਰੇ ਦਾ ਯੋਗਦਾਨ ਨਾ ਕੇਵਲ ਸਿੱਖ ਇਤਿਹਾਸ ਵਿਚ ਹੈ, ਸਗੋਂ ਰਾਮਗੜ੍ਹੀਆ ਬਰਾਦਰੀ ਨੇ ਪੰਜਾਬ ਦਾ ਨਾਮ ਦੁਨੀਆ ਦੇ ਕੋਨੇ-ਕੋਨੇ ਵਿਚ ਰੌਸ਼ਨ ਕੀਤਾ ਹੈ। ਉਨ੍ਹਾਂ ਭਾਈਚਾਰੇ ਦੀਆਂ ਮੰਗਾਂ ਦਾ ਚਾਰਟ ਵੀ ਉਪ ਮੁੱਖ ਮੰਤਰੀ ਨੂੰ ਦਿੱਤਾ।

ਬਤੌਰ ਵਿਸ਼ੇਸ ਮਹਿਮਾਨ ਪਹੁੰਚੇ ਲੋਕ ਸੰਪਰਕ ਮੰਤਰੀ ਸੇਵਾ ਸਿੰਘ ਸੇਖਵਾਂ ਨੇ ਕਿਹਾ ਕਿ ਜੱਸਾ ਸਿੰਘ ਰਾਮਗੜ੍ਹੀਆ ਦੀ ਬਹਾਦਰੀ ਦਾ ਲੋਹਾ ਦੁਨੀਆ ਨੇ ਮੰਨਿਆ ਹੈ। ਰਾਮਗੜ੍ਹੀਆ ਬਰਾਦਰੀ ਵਲੋਂ ਸਮਾਗਮ ਦੇ ਕਨਵੀਨਰ ਬਲਵੰਤ ਸਿੰਘ ਜੰਡੂ ਦੀ ਅਗਵਾਈ ਵਿਚ ਅਤੇ ਆੜ੍ਹਤੀ ਐਸੋਸੀਏਸ਼ਨ ਵਲੋਂ ਚੇਅਰਮੈਨ ਹਰਵਿੰਦਰ ਸਿੰਘ ਹਰਪਾਲਪੁਰ ਦੀ ਅਗਵਾਈ ਵਿਚ ਉਪ ਮੁੱਖ ਮੰਤਰੀ ਨੂੰ ਸਨਮਾਨਤ ਵੀ ਕੀਤਾ ਗਿਆ।

**ਰਾਮਗੜ੍ਹੀਆ ਬੁੰਗੇ ਦਾ ਮੁਰੰਮਤ ਕਾਰਜ ਜੂਨ ਤੱਕ ਮੁਕੰਮਲ ਕਰਨ ਦਾ ਐਲਾਨ :** ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਵਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਸੁਰੱਖਿਆ ਲਈ ਉਸਾਰੇ ਗਏ ਰਾਮਗੜ੍ਹੀਆ ਬੁੰਗਾ ਦੀ ਚੱਲ ਰਹੀ ਮੁਰੰਮਤ ਦੇ ਕਾਰਜ ਨੂੰ ਤੇਜ਼ ਕਰਦਿਆਂ ਸ਼੍ਰੋਮਣੀ ਕਮੇਟੀ ਨੇ ਇਹ ਕੰਮ ਜੂਨ ਤੱਕ ਮੁਕੰਮਲ ਕਰਨ ਦਾ ਐਲਾਨ ਕੀਤਾ ਹੈ। ਕਮੇਟੀ ਵਲੋਂ ਇਸ ਬੁੰਗੇ ਦੇ ਹੇਠਲੇ ਹਿੱਸੇ ਵਿਚ ਇਕ ਅਜਾਇਬ ਘਰ ਬਣਾ ਕੇ ਕਰੀਬ 100 ਸਾਲ ਦਾ ਸਿੱਖ ਇਤਿਹਾਸ ਦਰਸਾਉਣ ਦਾ ਫੈਸਲਾ ਵੀ ਕੀਤਾ ਗਿਆ ਹੈ।

ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਇਕ ਹੰਗਾਮੀ ਮੀਟਿੰਗ ਕੀਤੀ ਗਈ, ਜਿਸ ਵਿਚ ਡਿਪਟੀ ਕਮਿਸ਼ਨਰ ਕੇ.ਐਸ. ਪੰਨੂ, ਦਲਮੇਘ ਸਿੰਘ ਅਤੇ ਮੁਰੰਮਤ ਦਾ ਕਾਰਜ ਕਰ ਰਹੇ ਪੁਰਾਤਤਵ ਕਲਾ ਨਾਲ ਸੰਬੰਧਿਤ ਮਾਹਰ ਸ਼ਾਮਲ ਹੋਏ।

ਇਸ ਇੱਕਤਰਤਾ ਵਿਚ ਕੀਤੇ ਗਏ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਨੇ ਦੱਸਿਆ ਕਿ ਇਸ ਬੁੰਗੇ ਵਿਚ ਚੱਲ ਰਹੀ ਮੁਰੰਮਤ ਦਾ ਕਾਰਜ ਜੂਨ ਮਹੀਨੇ ਵਿਚ ਮੁਕੰਮਲ ਕਰ ਲਿਆ ਜਾਵੇਗਾ। ਉਪਰੰਤ ਬੁੰਗੇ ਨੂੰ ਅਜਾਇਬ ਘਰ ਵਜੋਂ ਵਰਤਿਆ ਜਾਵੇਗਾ। ਇਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ 1708 ਤੋਂ 1800 ਤੱਕ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੱਕ ਇਤਿਹਾਸ ਦਰਸਾਇਆ ਜਾਵੇਗਾ।


Wraich Transport LLS
North American Truck Stop
14320 Slover Ave., Fontana, CA 92337



ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ

*We have trailer engine for carrier and thermo king *North american truck stop offer all kind of truck repair @ economy price. *We have special deal on oil change $189 +

ਤੁਰਤ ਕਾਲ ਕਰੋ:800-746-6201, 9093-350-3310



ਆਪਣਾ ਕਰੈਡਿਟ ਬਚਾਉ / FORECLOSURE ਤੋਂ ਬਚੋ
SELL YOUR HOME FOR CASH TODAY
#1 SHORT SALE EXPERT
CALL TOADY & STOP WORRYING
Manjit Gill - 209.524.4008
Real Estate & Loans - 510.415.2368
ਸਸਤੀ ਅਤੇ ਵਧੀਆ ਇੰਸ਼ੋਰੈਂਸ
GILL FINANCIAL & INSURANCE



Manjit Gill
President
CA Lic#0B23990

- AUTO
- HOME
- LIFE
- HEALTH
- LIQUOR STORES
- GAS STATIONS
- TRUCK INSURANCE

EDUCATION FUNDING
RETIREMENT ਦੇ ਵਧੀਆ PROGRAM
ਅੱਜ ਹੀ ਕਾਲ ਕਰੋ
510-415-2368 / 209-524-4008
www.gillfinancial.com



Worrying About Your Ancestral Property In India?

Geomedia Engineering and Consultancy Services (India)
is here to help you

ਇੰਡੀਆ ਵਾਲੀ ਜੱਦੀ ਜਾਇਦਾਦ ਦੀ ਪਲਾਨਿੰਗ ਲਈ
ਸਾਡੇ ਨਾਲ ਸੰਪਰਕ ਕਰੋ

*Please Call:*

G S Bath (India) 011-91-95694-70701
Harjinder Paul Singh (USA) 209- 456- 2285
e-mail: geomediaengineering@gmail.com

"Geomedia" is a Well-Established and Experienced Team of Engineers, Architects, Planners and Builders Well Versed with Foreign & Local Projects

*We Offer Services In:*

- SURVEYING
- CONCEPTUAL PLANS
- REVENUE(TEHSIL) RECORDS
- DESIGN AND APPROVALS
- TESTING- SOIL/MATERIALS
- CONSTRUCTION

We can personally meet you at your convenience in United States or in India

# ਸੁਪਰੀਮ ਕੋਰਟ ਦੀ 4 ਕੇਸਾਂ 'ਚ ਸੇਧ ਜਮਹੂਰੀਅਤ ਲਈ ਸ਼ੁਭ ਸ਼ਗਨ

-ਜਤਿੰਦਰ ਪਨੂੰ

ਭਾਰਤ ਦੀ ਸੁਪਰੀਮ ਕੋਰਟ ਫਿਰ ਪਿਛਲੇ ਹਫਤੇ ਤੋਂ ਇਕਦਮ ਅਖ਼ਬਾਰਾਂ ਦੀਆਂ ਸੁਰਖੀਆ ਮੱਲਣ ਲੱਗ ਪਈ ਹੈ। ਇਸ ਵਲੋਂ ਦਿੱਤੇ ਜਾ ਰਹੇ ਫੈਸਲੇ ਏਨੇ ਵੱਡੇ ਪ੍ਰਭਾਵ ਵਾਲੇ ਹਨ ਕਿ ਕੋਈ ਵੀ ਧਿਰ ਉਨ੍ਹਾਂ ਨੂੰ ਅਣਗੌਲੇ ਨਹੀਂ ਕਰ ਸਕਦੀ। ਨਾ ਸਰਕਾਰਾਂ ਦਾ ਲਿਹਾਜ਼ ਕੀਤਾ ਗਿਆ ਹੈ, ਨਾ ਸਨਅਤਕਾਰਾਂ ਦਾ। ਨਿਰਣੇ ਇਸ ਤਰ੍ਹਾਂ ਦੇ ਦਿੱਤੇ ਗਏ ਹਨ, ਜਿਨ੍ਹਾਂ ਦਾ ਪ੍ਰਭਾਵ ਚਿਰ-ਸਥਾਈ ਰਹਿਣਾ ਹੈ।

ਪਹਿਲਾ ਅਜਿਹਾ ਮਾਮਲਾ ਸੁਪਰੀਮ ਕੋਰਟ ਦੇ ਸੰਵਿਧਾਨ ਬੈਂਚ ਨੇ ਕੈਪਟਨ ਅਮਰਿੰਦਰ ਸਿੰਘ ਦੀ ਵਿਧਾਨ ਸਭਾ ਮੈਂਬਰੀ ਦਾ ਨਿਪਟਾਇਆ ਸੀ। ਸਿਰਫ ਏਨਾ ਨਹੀਂ ਸੀ ਕੀਤਾ ਕਿ ਉਸ ਦੀ ਬਰਖਾਸਤਗੀ ਰੱਦ ਕਰ ਦਿੱਤੀ ਜਾਵੇ, ਸਗੋਂ ਇਹ ਟਿਪਣੀ ਵੀ ਕਰ ਦਿੱਤੀ ਸੀ ਕਿ ਇੰਜ ਬਹੁ-ਸੰਮਤੀ ਨਾਲ ਵਿਰੋਧੀ ਧਿਰ ਦੇ ਕਿਸੇ ਮੈਂਬਰ ਨੂੰ ਸਦਨ ਤੋਂ ਬਾਹਰ ਕਰ ਦੇਣ ਦੀ ਰੀਤ ਨਹੀਂ ਪੈਣ ਦਿੱਤੀ ਜਾਣੀ ਚਾਹੀਦੀ। ਨਾਲ ਹੀ ਇਹ ਵੀ ਸਪੱਸ਼ਟ ਕੀਤਾ ਸੀ ਕਿ ਪੰਜਾਬ ਦੀ ਵਿਧਾਨ ਸਭਾ ਨੇ ਇਹ ਫੈਸਲਾ ਕਰਨ ਸਮੇਂ ਸ਼ਿਕਾਇਤ-ਕਰਤਾ, ਜਾਂਚ-ਕਰਤਾ ਅਤੇ ਨਿਆਂ-ਕਰਤਾ ਤਿੰਨਾਂ ਦੀ ਭੂਮਿਕਾ ਇੱਕੋ ਥਾਂ ਕਰਕੇ ਗਲਤ ਕੀਤਾ ਹੈ। ਫੈਸਲਾ ਏਨਾ ਸਪੱਸ਼ਟ ਸੀ ਕਿ ਰਾਜ ਕਰਦੀ ਧਿਰ ਅਜੇ ਤੱਕ ਉਸ ਬਾਰੇ ਆਪਣੀ ਪ੍ਰਤੀਕਿਰਿਆ ਵੀ ਨਹੀਂ ਦੇ ਸਕੀ।

ਦੂਜਾ ਮਾਮਲਾ ਆਇਆ ਸੀ ਪਾਰਲੀਮੈਂਟ ਮੈਂਬਰਾਂ ਦੇ ਹਲਕਾ ਵਿਕਾਸ ਫੰਡ ਦਾ। ਇਸ ਦੀ ਦੁਰਵਰਤੋਂ ਦੇ ਦੋਸ਼ਾਂ ਕਾਰਨ ਇਹ ਫੰਡ ਬੰਦ ਕਰਨ ਦੀ ਮੰਗ ਕੀਤੀ ਗਈ ਸੀ। ਸੁਪਰੀਮ ਕੋਰਟ ਨੇ ਮੰਗ ਰੱਦ ਕਰ ਕੇ ਕਿਹਾ ਹੈ ਕਿ ਵਿਕਾਸ ਦਾ ਇਹ ਫੰਡ ਜਾਰੀ ਰਹਿਣਾ ਚਾਹੀਦਾ ਹੈ। ਨਾਲ ਹੀ ਇਸ ਦੀ ਦੁਰਵਰਤੋਂ ਰੋਕਣ ਦਾ ਸੰਦੇਸ਼ ਦੇਣ ਤੋਂ ਵੀ ਸੁਪਰੀਮ ਕੋਰਟ ਨਹੀਂ ਸੀ ਖੁੰਝੀ।

ਤੀਜਾ ਮਾਮਲਾ ਰਿਲਾਇੰਸ ਘਰਾਣੇ ਦੇ ਅੰਬਾਨੀ ਭਰਾਵਾਂ ਦਾ ਹੈ। ਗੈਸ ਕੱਢਣ ਦਾ ਕੰਮ ਇਕ ਭਰਾ ਦੀ ਕੰਪਨੀ ਕਰਦੀ ਹੈ ਤੇ ਵੇਚਣ ਦਾ ਦੂਜੇ ਭਰਾ ਦੀ। ਦੋਵਾਂ ਦਾ ਸਮਝੌਤਾ ਮਾਂ ਨੇ ਕਰਵਾਇਆ ਸੀ ਤੇ ਮਾਂ ਦੀ ਮੌਤ ਮਗਰੋਂ ਵੱਡੇ ਭਰਾ ਨੇ ਗੈਸ ਦਾ ਵੱਧ ਮੁੱਲ ਮੰਗ ਲਿਆ। ਕੇਂਦਰ ਸਰਕਾਰ ਨੂੰ ਵੱਡੇ ਭਰਾ ਨਾਲ ਖੜਾ ਵੇਖ ਕੇ ਛੋਟਾ ਸੁਪਰੀਮ ਕੋਰਟ ਜਾ ਪਹੁੰਚਾ ਸੀ।

ਸੁਪਰੀਮ ਕੋਰਟ ਵਿਚ ਜਾ ਕੇ ਇਹ ਮੁਕੱਦਮਾ ਬੜੀ ਦਿਲਚਸਪ ਬਹਿਸ ਦਾ ਕਾਰਨ ਬਣ ਗਿਆ। ਵੱਡੇ ਭਰਾ ਨੇ ਕਹਿ ਦਿੱਤਾ ਕਿ ਸਰਕਾਰ ਨੇ ਗੈਸ ਦੀਆਂ ਕੀਮਤਾਂ ਨਵੇਂ ਸਿਰਿਓਂ ਮਿਥ ਦਿੱਤੀਆਂ ਹਨ, ਰੇਟ ਤਾਂ ਵਧੇਗਾ ਹੀ। ਛੋਟੇ ਨੇ ਦੋ ਗੱਲਾਂ ਨੂੰ ਆਧਾਰ ਬਣਾਇਆ। ਪਹਿਲੀ ਇਹ ਕਿ ਸਰਕਾਰ ਨੂੰ ਗੈਸ ਦੀਆਂ ਕੀਮਤਾਂ ਵਧਾਉਣ ਦਾ ਹੱਕ ਨਹੀਂ ਤੇ ਦੂਜੀ ਇਹ ਕਿ ਦੋਵਾਂ ਭਰਾਵਾਂ ਵਿਚਾਲੇ ਇਕ ਸਮਝੌਤਾ ਮਾਂ ਦੀ ਮੌਜੂਦਗੀ ਵਿਚ ਹੋਇਆ ਸੀ, ਉਹ ਲਾਗੂ ਹੋਣਾ ਚਾਹੀਦਾ ਹੈ। ਸੁਪਰੀਮ ਕੋਰਟ ਨੇ ਲੰਮੀ ਸੁਣਵਾਈ ਮਗਰੋਂ ਫੈਸਲਾ ਛੋਟੇ ਦੇ ਖਿਲਾਫ ਦੇ ਦਿੱਤਾ ਹੈ। ਆਧਾਰ ਇਸ ਦਾ ਪਹਿਲਾ ਤਾਂ ਇਹੋ ਮੰਨਿਆ ਕਿ ਖੋਜ ਕਰਨ ਤੋਂ ਲੈ ਕੇ ਗੈਸ ਕੱਢਣ ਤੱਕ ਦਾ ਕੰਮ ਭਾਵੇਂ ਰਿਲਾਇੰਸ ਦੇ ਦੋਵਾਂ ਗਰੁੱਪਾਂ 'ਚੋਂ ਕੋਈ ਵੀ ਕਰੇ, ਅਸਲ ਵਿਚ ਇਹ ਭਾਰਤੀ ਖੇਤਰ 'ਚੋਂ ਨਿਕਲੀ ਕੁਦਰਤੀ ਦਾਤ ਹੈ ਤੇ ਇਸ ਦੀ ਕੀਮਤ ਤੈਅ ਕਰਨ ਦਾ ਅਧਿਕਾਰ ਦੇਸ਼ ਦੀ ਸਰਕਾਰ ਦਾ ਬਣਦਾ ਹੈ। ਦੂਜੀ ਗੱਲ ਇਹ ਕਹਿ ਦਿੱਤੀ ਕਿ ਦੋਵੇਂ ਭਰਾਵਾਂ ਨੇ ਆਪਣੀ ਮਾਂ ਨਾਲ ਬੈਠ ਕੇ ਪਰਿਵਾਰ ਵਿਚ ਜੋ ਵੀ ਸਮਝ ਬਣਾ ਲਈ ਹੋਵੇ, ਉਸ ਦੀ ਕਾਨੂੰਨੀ ਮਾਨਤਾ ਕੋਈ ਨਹੀਂ ਤੇ ਕਾਰੋਬਾਰ ਦੇਸ਼ ਦੇ ਕਾਨੂੰਨ ਅਨੁਸਾਰ ਚੱਲਣੇ ਹਨ, ਪਰਿਵਾਰ ਦੇ ਅੰਦਰੂਨੀ ਸਮਝੌਤਿਆਂ ਨਾਲ ਨਹੀਂ।

ਮਹੱਤਵ ਭਾਵੇਂ ਮਾਂ ਅਤੇ ਮੁੰਡਿਆਂ ਵਿਚਾਲੇ ਹੋਈ ਸਮਝਦਾਰੀ ਬਾਰੇ ਸੁਪਰੀਮ ਕੋਰਟ ਦੀ ਟਿੱਪਣੀ ਦਾ ਵੀ ਘੱਟ ਨਹੀਂ, ਪਰ ਪਹਿਲੇ ਕੁਦਰਤੀ ਦਾਤ ਵਾਲੇ ਪੱਖ ਦਾ ਮਹੱਤਵ ਬਹੁਤ ਹੀ ਵੱਡਾ ਹੈ। ਇਥੇ ਬਹੁਤ ਸਾਰੀਆਂ ਦੇਸੀ ਜਾਂ ਬਹੁ-ਕੌਮੀ ਵਿਦੇਸ਼ੀ ਕੰਪਨੀਆਂ ਨਾਲ ਕਈ ਰਾਜ ਸਰਕਾਰਾਂ ਨੇ ਸੌਦੇ-ਸਮਝੌਤੇ ਕੀਤੇ ਹਨ। ਮਾਓਵਾਦੀ ਪ੍ਰਭਾਵ ਵਾਲੇ ਕਬਾਇਲੀ ਖੇਤਰਾਂ ਵਿਚ ਤਾਂ ਜੰਗਲਾਂ ਅਤੇ ਖਣਿਜਾਂ ਬਾਰੇ ਆਪੋ ਆਪਣਾ ਕਮਿਸ਼ਨ ਵਸੂਲ ਕੇ ਰਾਜਾਂ ਦੇ ਜਾਂ ਕੇਂਦਰ ਦੇ ਕਈ ਆਗੂਆਂ ਨੇ ਸਮਝੌਤਿਆਂ 'ਤੇ ਦਸਖ਼ਤ ਕਰ ਛੱਡੇ ਹਨ। ਹੁਣ ਸੁਪਰੀਮ ਕੋਰਟ ਵਲੋਂ ਗੈਸ ਦੇ ਸਵਾਲ 'ਤੇ ਆਏ ਫੈਸਲੇ ਮਗਰੋਂ ਬਾਕੀ ਦੀਆਂ ਕੁਦਰਤੀ ਦਾਤਾਂ ਬਾਰੇ ਵੀ ਨਵੇਂ ਸਿਰਿਓਂ ਵਿਚਾਰ ਕਰਨ ਦਾ ਕੇਂਦਰ ਸਰਕਾਰ ਦਾ ਹੱਕ ਫੇਰ ਮੰਨ ਲਿਆ ਜਾਵੇਗਾ।

ਇਨ੍ਹਾਂ ਸਾਰਿਆਂ ਨਾਲੋਂ ਵੱਧ ਵੱਡੇ ਅਰਥ ਰੱਖਣ ਵਾਲਾ ਫੈਸਲਾ ਭਾਰਤ ਦੀ ਸਭ ਤੋਂ ਉੱਚੀ ਅਦਾਲਤ ਨੇ ਰਾਜਾਂ ਦੇ ਗਵਰਨਰਾਂ ਦੇ ਸੰਬੰਧ ਵਿਚ ਦਿੱਤਾ ਹੈ। ਲੰਮੀ ਸੁਣਵਾਈ ਮਗਰੋਂ ਸੰਵਿਧਾਨਕ ਬੈਂਚ ਨੇ ਇਹ ਫੈਸਲਾ ਸੁਣਾ ਦਿੱਤਾ ਹੈ ਕਿ ਰਾਜਾਂ ਦੇ ਗਵਰਨਰਾਂ ਨੂੰ ਕੇਂਦਰ ਦੀ ਸਰਕਾਰ ਮਨਮਰਜ਼ੀ ਨਾਲ, ਜਦੋਂ ਜੀਅ ਕਰੇ, ਨਹੀਂ ਹਟਾ ਸਕਦੀ।

ਮੁੱਦਾ ਇਹ ਅਟਲ ਬਿਹਾਰੀ ਵਾਜਪਾਈ ਸਰਕਾਰ ਦਾ ਬਿਸਤਰਾ ਲਪੇਟੇ ਜਾਣ ਮਗਰੋਂ ਸਾਲ 2004 ਵਿਚ ਨਵੀਂ ਮਨਮੋਹਨ ਸਿੰਘ ਸਰਕਾਰ ਵਲੋਂ ਕੁਝ ਰਾਜਾਂ ਦੇ ਗਵਰਨਰਾਂ ਦੀ ਛੁੱਟੀ ਕੀਤੇ ਜਾਣ ਕਰਕੇ ਉਠਿਆ ਸੀ। ਵਿਸ਼ਨੂੰ ਕਾਂਤ ਸ਼ਾਸਤਰੀ, ਬਾਬਾ ਪਰਮਾਨੰਦ, ਕੈਲਾਸ਼ਪਤੀ ਮਿਸ਼ਰਾ ਤੇ ਕੇਦਾਰ ਨਾਥ ਸਾਹਨੀ ਨੂੰ ਵਾਜਪਾਈ ਸਰਕਾਰ ਨੇ ਲਾਇਆ ਸੀ ਤੇ ਕਾਂਗਰਸ ਪਾਰਟੀ ਨੂੰ ਯਕੀਨ ਸੀ ਕਿ ਇਹ ਨਵੀਂ ਕੇਂਦਰ ਸਰਕਾਰ ਨਾਲ ਸਹਿਯੋਗ ਨਹੀਂ ਕਰਨਗੇ। ਇਨ੍ਹਾਂ ਸਾਰਿਆਂ ਦੀ ਬਰਖਾਸਤਗੀ ਮਗਰੋਂ ਬਰਖਾਸਤਗੀ ਨੂੰ ਨਹੀਂ, ਬਰਖਾਸਤਗੀ ਦੇ ਇਸ ਪ੍ਰਬੰਧ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇ ਦਿੱਤੀ ਗਈ। ਆਧਾਰ ਇਹ ਸੀ ਕਿ ਇਹ ਪੰਜ ਸਾਲਾਂ ਲਈ ਲਾਏ ਜਾਂਦੇ ਹਨ, ਵਿਚੋਂ ਹਟਾ ਸਕਣ ਦਾ ਪ੍ਰਬੰਧ ਗਵਰਨਰਾਂ ਨੂੰ ਕੇਂਦਰ ਦੇ ਹੱਥ-ਠੋਕੇ ਬਣਾ ਦੇਂਦਾ ਹੈ।

ਦਲੀਲ ਇਹ ਗਲਤ ਨਹੀਂ, ਪਰ ਸਿਰਫ ਦਲੀਲ ਹੀ ਕਿਉਂ, ਗਵਰਨਰਾਂ ਦਾ ਕੰਮ ਵੀ ਕੇਂਦਰ ਦੇ ਦੂਤ ਵਾਲਾ ਹੀ ਹੈ। ਕੰਮ ਉਨ੍ਹਾਂ ਜ਼ਿੰਮੇ ਸਿਰਫ ਐਸ਼ ਕਰਨ ਦਾ ਹੈ ਜਾਂ ਫਿਰ ਰਾਜ ਸਰਕਾਰ ਦੇ ਜਾਰੀ ਕੀਤੇ ਜਾਂਦੇ ਆਰਡੀਨੈਂਸ ਆਦਿ 'ਤੇ ਵੇਲੇ-ਕੁਵੇਲੇ ਦਸਖ਼ਤ ਕਰ ਦੇਣ ਦਾ। ਰਾਜ ਸਰਕਾਰ ਨਾਲ ਸੁਰ ਮਿਲੇ ਜਾਂ ਨਾ ਮਿਲੇ, ਜਿਹੜਾ ਭਾਸ਼ਣ ਉਸ ਨੇ ਲਿਖ ਦਿੱਤਾ, ਇਕ ਅੱਖਰ ਦਾ ਵਾਧਾ-ਘਾਟਾ ਕੀਤੇ ਬਿਨਾਂ ਗਵਰਨਰ ਜਾ ਕੇ ਵਿਧਾਨ ਸਭਾ ਵਿਚ ਪੜ੍ਹ ਆਉਂਦੇ ਹਨ ਤੇ ਜੇ ਉਥੇ ਖ਼ਰੂਦ ਸ਼ੁਰੂ ਹੋ ਜਾਵੇ, ਫਿਰ ਇਹ ਕਹਿ ਕੇ ਮੁੜ ਜਾਂਦੇ ਹਨ ਕਿ ਪਹਿਲਾ ਪੈਰਾ ਪੜ੍ਹ ਦਿੱਤਾ ਹੈ, ਬਾਕੀ ਦਾ ਭਾਸ਼ਣ



'ਪੜ੍ਹਿਆ ਗਿਆ ਸਮਝ ਲਿਆ ਜਾਵੇ।' ਇਹਦੇ ਤੋਂ ਬਿਨਾਂ ਉਹ ਸੱਭਿਆਚਾਰਕ ਸਮਾਗਮਾਂ ਵਿਚ ਜਾਂਦੇ ਹਨ, ਮਨਾਹੀ ਵਾਲੇ ਖੇਤਰ ਵਿਚ ਜਾ ਕੇ ਮੱਛੀਆਂ ਫੜਦੇ ਹਨ ਤੇ ਜੇ ਕੋਈ ਨਰਾਇਣ ਦੱਤ ਤਿਵਾੜੀ ਵਰਗਾ ਹੋਵੇ ਤਾਂ ਉਹ 'ਰਾਜ ਭਵਨ' (ਗਵਰਨਰ ਦੀ ਸਰਕਾਰੀ ਰਿਹਾਇਸ਼) ਨੂੰ ਰੰਗਰਲੀਆਂ ਦਾ ਅੱਡਾ ਵੀ ਬਣਾ ਬਹਿੰਦਾ ਹੈ। ਗਵਰਨਰਾਂ ਦੇ ਇਸੇ ਵਿਹਲੀਆਂ ਖਾਣ ਦੇ ਰੋਲ ਕਾਰਨ ਕਈ ਰਾਜਸੀ ਧਿਰਾਂ ਇਨ੍ਹਾਂ ਨੂੰ 'ਚਿੱਟਾ ਹਾਥੀ' ਆਖ ਕੇ ਇਹ ਅਹੁਦਾ ਖਤਮ ਕਰਨ ਦੀ ਮੰਗ ਵੀ ਕਰਦੀਆਂ ਹਨ।

ਜਿਹੜਾ ਅਸਲ ਕੰਮ ਉਨ੍ਹਾਂ ਦੇ ਜ਼ਿੰਮੇ ਹੁੰਦਾ ਹੈ, ਉਹ ਬਰਤਾਨਵੀ ਸਾਮਰਾਜ ਦੇ ਦਿਨਾਂ ਤੋਂ ਜਾਸੂਸੀ ਕਰਨ ਤੇ ਕੇਂਦਰ ਦੇ ਕੰਨ ਭਰਨ ਦਾ ਹੁੰਦਾ ਹੈ। ਗਵਰਨਰ ਦੀ ਭੇਜੀ ਹੋਈ ਰਿਪੋਰਟ 'ਤੇ ਰਾਜ ਸਰਕਾਰ ਦੀ ਕਿਸਮਤ ਨਿਰਭਰ ਕਰਦੀ ਹੈ। ਜੇ ਕੋਈ ਗਵਰਨਰ ਇਹ ਲਿਖ ਕੇ ਭੇਜ ਦੇਵੇ ਕਿ ਰਾਜ ਦੀ ਸਰਕਾਰ ਜ਼ਿੰਮੇਵਾਰੀਆਂ ਨਿਭਾਉਣ ਵਿਚ ਅਸਫਲ ਸਾਬਤ ਹੋ ਰਹੀ ਹੈ ਤਾਂ ਕੇਂਦਰ ਉਹ ਸਰਕਾਰ ਖੜੇ ਪੈਰੇ ਤੋੜ ਕੇ ਗਵਰਨਰ ਦੇ ਹੱਥ ਕਮਾਨ ਦੇ ਦੇਂਦਾ ਹੈ। ਇਸ ਦੇ ਬਾਵਜੂਦ ਕਦੇ ਕੋਈ ਗਵਰਨਰ ਕਦੇ ਅਜਿਹੀ ਰਿਪੋਰਟ ਆਪਣੇ ਆਪ ਭੇਜਦਾ ਨਹੀਂ। ਅੰਤਾਂ ਦੇ ਮੰਦੇ ਹਾਲਾਤ ਵਿਚ ਵੀ ਗਵਰਨਰ ਇਹੋ ਜਿਹੀ ਰਿਪੋਰਟ ਬਣਾ ਕੇ ਫਾਈਲ ਤਿਆਰ ਰੱਖਦੇ ਹਨ ਤੇ ਜਦੋਂ ਕੇਂਦਰ ਵਾਲੇ ਫੋਨ 'ਤੇ ਕਹਿ ਦੇਣ ਕਿ ਰਿਪੋਰਟ ਚਾਹੀਦੀ ਹੈ, ਖੜੇ ਪੈਰ ਤਰੀਕ ਤੇ ਸਮਾਂ ਪਾ ਕੇ ਗਵਰਨਰ ਦਸਖ਼ਤ ਕਰਦਾ ਤੇ ਕੇਂਦਰ ਨੂੰ ਭੇਜ ਦੇਂਦਾ ਹੈ। ਮਾੜੀ ਰਿਪੋਰਟ ਦਾ ਆਧਾਰ ਉਸ ਰਾਜ ਵਿਚ ਵਧ ਗਈ ਗੜਬੜ, ਖ਼ੂਨ-ਖਰਾਬਾ ਜਾਂ ਭ੍ਰਿਸ਼ਟਾਚਾਰ ਵੀ ਹੋ ਸਕਦਾ ਹੈ, ਫਿਰਕੂ ਟਕਰਾਓ ਵੀ ਤੇ ਰਾਜ ਚਲਾ ਰਹੀ ਪਾਰਟੀ ਜਾਂ ਪਾਰਟੀਆਂ ਦੇ ਗਠਜੋੜ ਦੇ ਅੰਦਰ ਵਧ ਰਿਹਾ ਭੇੜ ਵੀ। ਇਨ੍ਹਾਂ 'ਚੋਂ ਕਿਸੇ ਵੀ ਕਾਰਨ ਨੂੰ ਮਜ਼ਬੂਤ ਆਧਾਰ ਮੰਨ ਕੇ ਗਵਰਨਰ ਇਹ ਰਿਪੋਰਟ ਕੇਂਦਰ ਅੱਗੇ ਰੱਖ ਦੇਵੇ ਤਾਂ ਰਾਜ ਸਰਕਾਰ ਦਾ ਭੋਗ ਪੈ ਜਾਂਦਾ ਹੈ।

ਕਿਉਂਕਿ ਕੇਂਦਰ ਦੀਆਂ ਸਰਕਾਰਾਂ ਨੇ ਗਵਰਨਰਾਂ ਤੋਂ ਸੰਵਿਧਾਨ ਨਾਲੋਂ ਵਧ ਰਾਜਸੀ ਲੋੜ ਮੁਤਾਬਕ ਅੱਖਾਂ ਅਤੇ ਕੰਨਾਂ ਦਾ ਕੰਮ ਲੈਣਾ ਹੁੰਦਾ ਹੈ, ਇਸ ਕਰ ਕੇ ਉਹ ਇਸ ਕੁਰਸੀ 'ਤੇ ਆਪਣਾ ਪੱਕਾ ਭਰੋਸੇਮੰਦ ਬੰਦਾ ਬੈਠਾ ਵੇਖਣਾ ਚਾਹੁੰਦੀਆਂ ਹਨ। ਪਹਿਲਾਂ ਇਸ ਬਹਿਸ ਦੀ ਲੋੜ ਨਹੀਂ ਸੀ ਪਈ, ਕਿਉਂਕਿ ਆਜ਼ਾਦੀ ਤੋਂ ਬਾਅਦ ਸਿਰਫ ਕਾਂਗਰਸ ਪਾਰਟੀ ਦਾ ਕੇਂਦਰ ਵਿਚ ਰਾਜ ਰਿਹਾ ਸੀ ਤੇ ਉਸ ਨੂੰ ਆਪਣੇ ਲਾਏ ਬੰਦੇ ਕਿਸੇ ਗੱਲੋਂ ਨਾਂਹ ਵੀ ਨਹੀਂ ਸਨ ਕਰਦੇ। ਐਮਰਜੈਂਸੀ ਹਟਣ ਮਗਰੋਂ ਜਦੋਂ ਕੇਂਦਰ ਵਿਚ ਮੋਰਾਰ ਜੀ ਡਿਸਾਈ ਦੀ ਜਨਤਾ ਪਾਰਟੀ ਵਾਲੀ ਸਰਕਾਰ ਬਣੀ, ਜਿਸ ਵਿਚ ਅਕਾਲੀ ਵੀ ਸ਼ਾਮਲ ਸਨ ਤੇ ਮਾਰਕਸੀ ਕਮਿਊਨਿਸਟ ਪਾਰਟੀ ਵੀ ਬਾਹਰੋਂ ਹਮਾਇਤ ਦੇ ਰਹੀ ਸੀ, ਉਸ ਸਰਕਾਰ ਨੇ ਪਹਿਲੀ ਵਾਰੀ ਇਹ ਪਿਰਤ ਪਾਈ ਸੀ। ਪੰਜਾਬ ਅਤੇ ਪੱਛਮੀ ਬੰਗਾਲ ਸਮੇਤ ਕਈ ਸੂਬਿਆਂ ਦੇ ਗਵਰਨਰ ਬਦਲੇ ਤੇ ਫਿਰ ਨਵੇਂ ਗਵਰਨਰਾਂ ਤੋਂ ਰਿਪੋਰਟਾਂ ਮੰਗਵਾ ਕੇ ਉਨ੍ਹਾਂ ਰਾਜਾਂ ਦੀਆਂ ਸਰਕਾਰਾਂ ਦਾ ਭੋਗ ਪਾ ਕੇ ਵਿਧਾਨ ਸਭਾ ਚੋਣਾਂ ਕਰਵਾ ਦਿੱਤੀਆਂ ਸਨ, ਜਿਨ੍ਹਾਂ ਵਿਚ ਜਨਤਾ ਪਾਰਟੀ ਤੇ ਉਸ ਦੇ ਹਮਾਇਤੀ ਜਿੱਤ ਗਏ ਸਨ। ਸਿਰਫ ਪੌਣੇ ਤਿੰਨ ਸਾਲ ਬਾਅਦ ਪੁਰਾਣੀ ਕਾਂਗਰਸ ਤੋਂ ਪੱਲਾ ਛੁਡਾ ਕੇ ਇੰਦਰਾ ਗਾਂਧੀ ਦੀ ਅਗਵਾਈ ਹੇਠ ਕਾਂਗਰਸ (ਆਈ) ਨੇ ਕੇਂਦਰ ਦਾ ਰਾਜ ਸਾਂਭ ਲਿਆ ਤੇ ਆਉਂਦੇ ਸਾਰ ਜਨਤਾ ਪਾਰਟੀ ਤੇ ਉਸ ਦੀਆਂ ਹਮਾਇਤੀ ਧਿਰਾਂ ਦੇ ਲਵਾਏ ਗਵਰਨਰ ਘਰਾਂ ਨੂੰ ਤੋਰ ਕੇ ਨਾ ਸਿਰਫ ਇਸ ਮਾਮਲੇ ਵਿਚ ਭਾਜੀ ਮੋੜ ਦਿੱਤੀ, ਸਗੋਂ ਉਨ੍ਹਾਂ ਜਿੰਨੀਆਂ ਹੀ ਰਾਜ ਸਰਕਾਰਾਂ ਵੀ ਤੋੜ ਕੇ ਕਾਂਗਰਸ ਨੇ ਮੁੜ ਭਾਜੀ ਪਾਉਣ ਦਾ ਪ੍ਰਬੰਧ ਕਰ ਲਿਆ ਸੀ। ਉਹ ਦਿਨ ਤੇ ਆਹ ਦਿਨ, ਗਵਰਨਰ ਲਾਉਣ-ਹਟਾਉਣ ਦੀ ਖੇਡ 'ਰਘੂ ਕੁਲ ਰੀਤ' ਹੀ ਬਣੀ ਪਈ ਹੈ।

ਪੰਜਾਬ ਸਾਡੇ ਦੇਸ਼ ਦਾ ਉਹ ਰਾਜ ਹੈ, ਜਿੱਥੇ ਆਜ਼ਾਦੀ ਤੋਂ ਬਾਅਦ ਸਭ ਤੋਂ ਵਧ ਵਾਰ ਚੁਣੀ ਹੋਈ ਸਰਕਾਰ ਤੋੜ ਕੇ ਗਵਰਨਰੀ ਰਾਜ ਲਾਗੂ ਕੀਤਾ ਗਿਆ। ਪਹਿਲਾ ਗਵਰਨਰੀ ਰਾਜ ਵੀ ਇਥੇ ਹੀ ਲੱਗਾ ਸੀ ਤੇ ਸਭ ਤੋਂ ਲੰਮਾ ਸਮਾਂ ਗਵਰਨਰੀ ਰਾਜ ਹੇਠ ਵੀ ਵੱਖ-ਵੱਖ ਮੌਕੇ ਗਿਣੇ ਜਾਣ ਤਾਂ ਏਸੇ ਰਾਜ ਨੇ ਗੁਜ਼ਾਰਿਆ ਹੈ। ਮਾੜੀ ਗੱਲ ਇਹ ਕਿ ਇਸ ਤਰ੍ਹਾਂ ਪੰਜਾਬ ਅੰਦਰ ਜਮਹੂਰੀਅਤ ਨਾਲ ਖਿਲਵਾੜ ਕਰਨ ਵਿਚ ਨਾ ਕਾਂਗਰਸੀਆਂ ਨੇ ਘੱਟ ਕੀਤੀ, ਨਾ ਭਾਜਪਾਈਆਂ ਨੇ, ਨਾ ਮੋਰਾਰਜੀ ਡਿਸਾਈ ਤੇ ਵੀ ਪੀ ਸਿੰਘ ਵਰਗੇ ਵਿਚ-ਵਿਚਾਲੇ ਵਾਲਿਆਂ ਨੇ ਤੇ ਨਾ ਅਕਾਲੀਆਂ ਨੇ। ਲਛਮਣ ਸਿੰਘ ਗਿੱਲ, ਜਸਟਿਸ ਗੁਰਨਾਮ ਸਿੰਘ, ਪ੍ਰਕਾਸ਼ ਸਿੰਘ ਬਾਦਲ ਤੇ ਸੁਰਜੀਤ ਸਿੰਘ ਬਰਨਾਲਾ ਦੀਆਂ ਸਰਕਾਰਾਂ ਦਾ ਭੋਗ ਅਕਾਲੀਆਂ ਨੇ ਇਕ ਦੂਜੇ ਵਿਰੁਧ ਮੁਹਿੰਮ ਚਲਾ ਕੇ ਪਵਾਇਆ ਸੀ। ਬਾਅਦ ਵਿਚ ਭਾਵੇਂ 'ਖੁਆਰ ਹੋਏ ਸਭ ਮਿਲੇਂਗੇ' ਦੀ ਭਾਵਨਾ ਤਹਿਤ ਸਾਰੇ ਇਕੱਠੇ ਵੀ ਹੋ ਜਾਂਦੇ ਰਹੇ ਸਨ। ਇਹ ਵੀ ਇਕ ਰਾਜਨੀਤਕ ਦੁਖਾਂਤ ਹੀ ਸੀ।

ਸੁਪਰੀਮ ਕੋਰਟ ਦਾ ਹੁਣ ਆਇਆ ਫੈਸਲਾ ਠੀਕ ਸੇਧ ਵਿਚ ਹੈ। ਕੇਂਦਰ ਸਰਕਾਰ ਹੁਣ ਮਨਮਰਜ਼ੀ ਨਾਲ ਗਵਰਨਰਾਂ ਨੂੰ ਬਦਲ ਨਹੀਂ ਸਕੇਗੀ ਤੇ ਵਿਰੋਧੀ ਰਾਜਸੀ ਵਿਚਾਰਾਂ ਵਾਲੇ ਹੀ ਨਹੀਂ, ਕੇਂਦਰ ਨਾਲ ਰਾਜਸੀ ਸੁਰ ਸਾਂਝੀ ਰੱਖਦੇ ਗਵਰਨਰ ਵੀ ਕਿਸੇ ਅਹਿਮ ਮੋੜ 'ਤੇ ਆਕਾਵਾਂ ਦੀ ਥਾਂ ਆਤਮਾ ਦੀ ਆਵਾਜ਼ ਸੁਣ ਸਕਣ ਲਈ ਆਜ਼ਾਦ ਹੋਣਗੇ। ਇਹ ਫੈਸਲਾ ਹਰ ਪੱਖੋਂ ਸਵਾਗਤਯੋਗ ਹੈ। ਗੱਲ ਹੁਣ ਇਥੇ ਨਹੀਂ ਰੁਕਣੀ ਚਾਹੀਦੀ, ਇਸ ਤੋਂ ਅੱਗੇ ਵੀ ਵਧਣੀ ਚਾਹੀਦੀ ਹੈ।

ਕੋਈ ਦਸ-ਬਾਰਾਂ ਸਾਲ ਪਹਿਲਾਂ ਭਾਰਤ ਸਰਕਾਰ ਦਾ ਪੁਲਸ ਦੇ ਸੁਧਾਰਾਂ ਬਾਰੇ ਕਮਿਸ਼ਨ ਪੰਜਾਬ ਦੇ ਦੌਰੇ ਉਤੇ ਆਇਆ ਸੀ। ਪੰਜਾਬ ਦੇ ਸਾਬਕਾ ਪੁਲਸ ਮੁਖੀ ਜੇ.ਐਫ ਰਿਬੇਰੋ ਦੀ ਅਗਵਾਈ ਹੇਠਲੇ ਉਸ ਕਮਿਸ਼ਨ ਨੇ ਜਦੋਂ ਰਾਜਸੀ ਪਾਰਟੀਆਂ ਅਤੇ ਉੱਘੇ ਬੁੱਧੀਜੀਵੀਆਂ ਨਾਲ ਗੱਲ ਕੀਤੀ ਤਾਂ ਉਥੇ ਵੀ ਇਹ ਵਿਚਾਰ ਉਭਰਿਆ ਸੀ ਕਿ ਰਾਜ ਦੀ ਪੁਲਸ ਦਾ ਮੁਖੀ ਰਾਜ ਸਰਕਾਰ ਦੇ ਰਹਿਮ ਦਾ ਮੁਥਾਜ ਨਹੀਂ ਹੋਣਾ ਚਾਹੀਦਾ। ਫੌਜ ਦਾ ਮੁਖੀ ਇਕ ਵਾਰੀ ਲਾਏ ਜਾਣ ਮਗਰੋਂ ਤਿੰਨ ਸਾਲ ਬਦਲਿਆ ਨਹੀਂ ਜਾਂਦਾ ਤੇ ਇਸ ਕਰ ਕੇ ਉਹ ਆਜ਼ਾਦ ਤੌਰ 'ਤੇ ਫੈਸਲੇ ਲੈਂਦਾ ਤੇ ਅਮਲ ਕਰਦਾ ਹੈ। ਰਾਜਾਂ ਦੇ ਪੁਲਸ ਮੁਖੀ ਨੂੰ ਰਾਜ ਸਰਕਾਰ ਜਦੋਂ ਮਰਜ਼ੀ ਬਦਲ ਦੇਵੇ, ਇਸ ਕਰ ਕੇ ਉਹ ਇਕ ਤਰ੍ਹਾਂ ਨਾਲ ਮੁੱਖ ਮੰਤਰੀ ਦਾ ਨਿੱਜੀ ਸਹਾਇਕ ਜਿਹਾ ਬਣ ਕੇ ਰਹਿ ਜਾਂਦਾ ਹੈ। ਫੈਸਲੇ ਵੱਡੇ ਘਰੋਂ ਹੋ ਕੇ ਆਉਂਦੇ ਹਨ ਤੇ ਉਹ ਸਿਰਫ ਦਸਖ਼ਤ ਕਰ ਕੇ ਅਮਲ ਕਰਦਾ ਹੈ। ਨਤੀਜੇ ਵਜੋਂ ਰਾਜਾਂ ਦੀ ਅਮਨ-ਕਾਨੂੰਨ ਦੀ ਹਾਲਤ ਰਾਜਸੀ ਦਖ਼ਲ ਅੰਦਾਜ਼ੀ ਕਾਰਨ ਹੋਰ ਤੋਂ ਹੋਰ ਨਿਘਰਦੀ ਜਾਂਦੀ ਹੈ।

ਜਿਹੜੀ ਗੱਲ ਵਿਚਾਰ ਗੋਚਰੇ ਨਹੀਂ ਲਿਆਂਦੀ ਗਈ, ਉਹ ਇਹ ਹੈ ਕਿ ਰਾਜ ਦੀ ਸਰਕਾਰ ਹੋਵੇ ਜਾਂ ਕੇਂਦਰ ਦੀ, ਵਿਸ਼ੇਸ਼ ਹਾਲਾਤ ਤੋਂ ਬਿਨਾਂ ਉਨ੍ਹਾਂ ਨੂੰ ਆਖਰੀ ਦੋ ਸਾਲਾਂ ਦੌਰਾਨ ਮਹੱਤਵਪੂਰਨ ਨਿਯੁਕਤੀਆਂ ਜਾਂ ਨਾਮਜ਼ਦਗੀਆਂ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ। ਹੁੰਦਾ ਇਹ ਹੈ ਕਿ ਜੇ ਕੋਈ ਸੰਵਿਧਾਨਕ ਪਦਵੀ ਜਾਂ ਕੋਈ ਚੇਅਰਮੈਨੀ ਆਦਿ ਖਾਲੀ ਹੈ ਤਾਂ ਉਸ ਨੂੰ ਕਈ ਵਾਰੀ ਜਾਣ-ਬੁੱਝ ਕੇ ਖਾਲੀ ਰੱਖਿਆ ਜਾਂਦਾ ਹੈ, ਪਰ ਚੋਣਾਂ ਨੇੜੇ ਜਾ ਕੇ ਆਪਣੇ ਬੰਦਿਆਂ ਨੂੰ ਕਲਗੀ ਲਾ ਦਿੱਤੀ ਜਾਂਦੀ ਹੈ। ਭਾਵਨਾ ਇਹ ਹੁੰਦੀ ਹੈ ਕਿ ਜੇ ਅਸੀਂ ਹਾਰ ਵੀ ਗਏ ਤਾਂ ਇਹ ਪੰਜਾਂ ਸਾਲਾਂ ਦੀ ਨਿਯੁਕਤੀ ਵਾਲਾ ਸਾਡਾ ਬੰਦਾ ਅਗਲੀ ਸਰਕਾਰ ਦੇ ਰਾਹ ਦਾ ਰੋੜਾ ਬਣਿਆ ਰਹੇਗਾ।

ਪੰਜਾਬ ਪਬਲਿਕ ਕਮਿਸ਼ਨ ਦਾ ਮੌਜੂਦਾ ਮੁਖੀ ਸੰਜੀਤ ਕੁਮਾਰ ਸਿਨਹਾ ਵੀ ਇਸੇ ਦੀ ਮਿਸਾਲ ਹੈ, ਜਿਸ ਨੂੰ ਮਿਆਦ ਮੁੱਕਦੀ ਵੇਖ ਕੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਉਥੇ ਲਾ ਗਈ ਸੀ ਤੇ ਤਿੰਨ ਸਾਲ ਲੰਘਾ ਕੇ ਵੀ ਹੁਣ ਵਾਲੀ ਅਕਾਲੀ-ਭਾਜਪਾ ਸਰਕਾਰ ਨਾਲ ਇਸ ਦੀ ਸੁਰ ਨਾ ਮਿਲਣ ਕਰਕੇ ਕੰਮ ਠੱਪ ਪਿਆ ਹੈ ਤੇ ਮੁਕੱਦਮੇ ਹਾਈ ਕੋਰਟ ਵਿਚ ਦੋਵੇਂ ਧਿਰਾਂ ਭੁਗਤ ਰਹੀਆਂ ਹਨ। ਇਕੱਲਾ ਸਿਨਹਾ ਨਹੀਂ, ਇਹੋ ਜਿਹੀਆਂ ਅਨੇਕਾਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਸੁਪਰੀਮ ਕੋਰਟ ਨੇ ਕੈਪਟਨ ਅਮਰਿੰਦਰ ਸਿੰਘ ਦੀ ਮੈਂਬਰੀ ਅਤੇ ਅੰਬਾਨੀ ਭਰਾਵਾਂ ਦੇ ਗੈਸ ਵਾਲੇ ਝਗੜੇ ਵਿਚ ਹੀ ਨਹੀਂ ਗਵਰਨਰਾਂ ਵਾਲੇ ਮਾਮਲੇ ਵਿਚ ਵੀ ਚੰਗੀ ਸੇਧ ਦਿੱਤੀ ਹੈ। ਪਹਿਲਾ ਕਦਮ ਅਦਾਲਤ ਨੇ ਪੁੱਟ ਦਿੱਤਾ ਹੈ, ਅਗਲੇ ਕਦਮ ਪੁੱਟਣੇ ਹੁਣ ਕੇਂਦਰ ਤੇ ਰਾਜ ਸਰਕਾਰਾਂ ਦੀ ਨੀਤ 'ਤੇ ਨਿਰਭਰ ਕਰਨਗੇ।

## ਬੰਦਾ ਬਹਾਦਰ ਦੀ ਯਾਦਗਾਰ ਲਈ ਮੁੱਲ ਦੀ ਥਾਂ

**ਰਾਜੌਰੀ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਅੰਮ੍ਰਿਤਸਰ) ਵਲੋਂ ਬਾਬਾ ਬੰਦਾ ਸਿੰਘ ਬਹਾਦਰ ਦੇ 'ਸਰਹਿੰਦ ਫਤਹਿ ਦਿਵਸ' ਮਨਾਉਣ ਦੀਆਂ ਤਿਆਰੀਆਂ ਹੁਣ ਭਾਵੇਂ ਬੜੇ ਜ਼ੋਰ-ਸ਼ੋਰ ਨਾਲ ਚੱਲ ਰਹੀਆਂ ਹਨ ਪਰ ਰਾਜੌਰੀ (ਜੰਮੂ-ਕਸ਼ਮੀਰ) ਦੇ ਜੰਮਪਲ ਬਾਬਾ ਬੰਦਾ ਸਿੰਘ ਬਹਾਦਰ ਦੇ ਜਨਮ ਅਸਥਾਨ ਦੀ ਦੇਖ-ਭਾਲ ਨਾ ਤਾਂ ਸ਼੍ਰੋਮਣੀ ਕਮੇਟੀ ਨੇ ਕੀਤੀ ਤੇ ਨਾ ਹੀ ਸਥਾਨਕ ਗੁਰਦੁਆਰਾ ਕਮੇਟੀ ਵਲੋਂ ਕੀਤੀ ਗਈ ਹੈ। 'ਪਹਿਲੇ ਖਾਲਸਾ ਰਾਜ' ਦੀ ਸਥਾਪਨਾ ਕਰਨ ਵਾਲੇ ਇਸ ਸੂਰਬੀਰ ਜਰਨੈਲ ਦੀ ਯਾਦਗਾਰ ਦੀ ਉਸਾਰੀ ਲਈ ਜ਼ਮੀਨ ਵੀ ਹੁਣ ਮੁੱਲ ਲੈਣੀ ਪੈ ਰਹੀ ਹੈ।

ਇਸ ਸਥਾਨ 'ਤੇ 300 ਸਾਲ ਬੀਤੇ ਜਾਣ ਦੇ ਬਾਵਜੂਦ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਵਿਚ ਨਾ ਕੋਈ ਗੁਰਦੁਆਰਾ ਸਾਹਿਬ ਤੇ ਨਾ ਹੀ ਕੋਈ ਹੋਰ ਨਿਸ਼ਾਨੀ ਨਜ਼ਰ ਆਉਂਦੀ ਹੈ। ਇਥੋਂ ਦੇ ਇਕ ਬਜ਼ੁਰਗ ਗੋਪਾਲ ਦਾਸ ਨੇ ਦੱਸਿਆ ਕਿ ਬੱਸ ਸਟੈਂਡ ਨੂੰ ਜਾਂਦੇ ਰਸਤੇ ਵਿਚ ਬਣੇ ਟੀ.ਓ. ਦਫਤਰ ਦੇ ਨਜ਼ਦੀਕ ਬਾਬਾ ਬੰਦਾ ਬੈਰਾਗੀ ਨਾਮ ਦਾ ਅਸਥਾਨ ਜ਼ਰੂਰ ਮੌਜੂਦ ਹੈ ਜਿਸ ਨੂੰ ਠਾਕੁਰ ਦੁਆਰਾ ਵੀ ਕਿਹਾ ਜਾਂਦਾ ਹੈ। ਇਥੇ ਛੋਟੇ ਜਿਹੇ ਕਮਰੇ ਵਿਚ ਕਈ ਦੇਵੀ-ਦੇਵਤਿਆਂ ਦੀਆਂ ਫੋਟੋਆਂ ਤੇ ਭਗਵਾਨ ਸ਼ਿਵ ਦੀ ਛੋਟੀ ਮੂਰਤੀ ਕੱਪੜੇ ਵਿਚ ਲਪੇਟ ਕੇ ਰੱਖੀ ਹੋਈ ਹੈ। ਇਸ ਕਮਰੇ ਨੂੰ ਹੁਣ ਮੰਦਿਰ ਦਾ ਰੂਪ ਦਿੱਤਾ ਜਾ ਚੁੱਕਾ ਹੈ। ਗੋਪਾਲ ਦਾਸ ਨੇ ਦੱਸਿਆ ਕਿ ਕੁਝ ਮਹੀਨੇ ਪਹਿਲਾਂ ਤੱਕ ਇਸ ਕਮਰੇ ਦੇ ਬਾਹਰ ਬਾਬਾ ਬੰਦਾ ਬੈਰਾਗੀ ਦੇ ਨਾਮ ਦੀ ਤਖ਼ਤੀ ਵੀ ਲੱਗੀ ਹੋਈ ਸੀ ਪਰ ਜਦੋਂ ਦੀ 'ਸਰਹਿੰਦ ਫਤਹਿ ਦਿਵਸ' ਮਨਾਉਣ ਦੀ ਗੱਲ ਚੱਲੀ ਹੈ, ਉਸ ਦਿਨ ਤੋਂ ਇਹ ਤਖ਼ਤੀ ਵੀ ਨਜ਼ਰ ਨਹੀਂ ਆਈ।

ਡਿਪਟੀ ਕਮਿਸ਼ਨਰ ਰਾਜੌਰੀ ਜੈਪਾਲ ਸਿੰਘ ਨੇ ਬਾਬਾ ਬੰਦਾ ਬਹਾਦਰ ਦੇ ਜਨਮ ਅਸਥਾਨ ਬਾਰੇ ਦੱਸਿਆ ਕਿ 'ਕਿਸੇ ਇਕ ਸਥਾਨ ਨੂੰ ਅਸੀਂ ਇਹ ਨਹੀਂ ਆਖ ਸਕਦੇ ਕਿ ਇਹ ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ਅਸਥਾਨ ਹੈ ਪਰ ਜਿਸ ਸਥਾਨ 'ਤੇ ਹੁਣ ਗੁਰਦੁਆਰੇ ਦਾ ਨੀਂਹ ਪੱਥਰ ਰੱਖਿਆ ਜਾ ਰਿਹਾ ਹੈ, ਇਸ ਦੇ ਕੋਲ ਹੀ ਬੰਦਾ ਬਹਾਦਰ ਦੇ ਨਾਮ ਦਾ ਥੜ੍ਹਾ ਸੀ। ਉਸੇ ਸਥਾਨ ਨੂੰ ਹੀ ਜਨਮ ਅਸਥਾਨ ਮੰਨ ਕੇ ਉਨ੍ਹਾਂ ਦੀ ਯਾਦ ਵਿਚ ਗੁਰਦੁਆਰੇ ਦੀ ਉਸਾਰੀ ਜੰਮੂ-ਕਸ਼ਮੀਰ ਗੁਰਦੁਆਰਾ ਪ੍ਰਬੰਧਕ ਬੋਰਡ ਵਲੋਂ ਕੀਤੀ ਜਾ ਰਹੀ ਹੈ।' ਉਨ੍ਹਾਂ ਦੱਸਿਆ ਕਿ ਮਾਲ ਮਹਿਕਮੇ ਦੇ ਰਿਕਾਰਡ ਦੀ ਵੀ ਪੜਤਾਲ ਕੀਤੀ ਜਾ ਰਹੀ ਹੈ ਤਾਂ ਜੋ ਸਹੀ ਢੰਗ ਨਾਲ ਬੰਦਾ ਬਹਾਦਰ ਦੇ ਜਨਮ ਅਸਥਾਨ ਤੇ ਜਾਇਦਾਦ ਦੀ ਜਾਣਕਾਰੀ ਮਿਲ ਸਕੇ। ਜੰਮੂ-ਕਸ਼ਮੀਰ ਗੁਰਦੁਆਰਾ ਪ੍ਰਬੰਧਕ ਬੋਰਡ ਦੇ ਪ੍ਰਧਾਨ ਤਰਲੋਚਨ ਸਿੰਘ ਵਜ਼ੀਰ ਨੇ ਦੱਸਿਆ ਕਿ ਰਾਜੌਰੀ ਵਿਖੇ ਜਨਮ ਅਸਥਾਨ ਦੀ ਸਹੀ ਪਛਾਣ ਨਾ ਹੋਣ ਕਾਰਨ ਚਾਰ ਸਾਲਾਂ ਤੋਂ ਪ੍ਰਬੰਧਕੀ ਬੋਰਡ ਬਾਬਾ ਬੰਦਾ ਬਹਾਦਰ ਦਾ ਜਨਮ ਦਿਹਾੜਾ ਜੰਮੂ ਵਿਚ ਮਨਾਉਂਦਾ ਆ ਰਿਹਾ ਹੈ ਪਰ ਇਸ ਵਾਰ ਸ਼੍ਰੋਮਣੀ ਕਮੇਟੀ ਦੇ ਸੱਦੇ 'ਤੇ ਨਗਰ ਕੀਰਤਨ ਰਾਜੌਰੀ ਤੋਂ ਸਰਹਿੰਦ (ਫਤਿਹਗੜ੍ਹ ਸਾਹਿਬ) ਵਲ ਕੂਚ ਕੀਤਾ।

## ਕੇਂਦਰੀ ਕਣਕ ਭੰਡਾਰ 'ਚ ਪੰਜਾਬ ਦਾ ਯੋਗਦਾਨ ਘਟਿਆ

**ਪਟਿਆਲਾ:** ਪੰਜਾਬ ਦੀ ਆਰਥਿਕ ਤੇ ਖੇਤੀ ਵਿਕਾਸ ਦਰ ਤਾਂ ਹਰਿਆਣਾ, ਹਿਮਾਚਲ ਪ੍ਰਦੇਸ਼, ਗੁਜਰਾਤ ਤੇ ਮਹਾਰਾਸ਼ਟਰ ਜਿਹੇ ਸੂਬਿਆਂ ਦੇ ਮੁਕਾਬਲੇ ਘਟ ਹੀ ਗਈ ਸੀ ਅਤੇ ਪ੍ਰਤੀ ਜੀਅ ਆਮਦਨ ਪੱਖੋਂ ਵੀ ਇਹ ਪਹਿਲੇ ਸਥਾਨ ਤੋਂ ਗਿਰ ਕੇ ਛੇਵੇਂ ਸਥਾਨ 'ਤੇ ਆ ਗਿਆ ਪਰ ਇਸ ਸਾਲ ਕੇਂਦਰੀ ਕਣਕ ਭੰਡਾਰ 'ਚ ਵੀ ਇਸ ਦਾ ਯੋਗਦਾਨ ਪਿਛਲੇ ਸਾਲਾਂ ਦੇ ਮੁਕਾਬਲੇ ਘਟ ਗਿਆ। ਜਦੋਂਕਿ ਦੂਜੇ ਰਾਜਾਂ ਦਾ ਯੋਗਦਾਨ ਵਧਿਆ ਹੈ। ਹੁਣ ਤੱਕ ਮੰਡੀਆਂ 'ਚ 101 ਲੱਖ ਟਨ ਦੇ ਕਰੀਬ ਕਣਕ ਆਈ ਹੈ। ਸਰਕਾਰੀ ਖਰੀਦ 100 ਲੱਖ ਟਨ ਤੱਕ ਪਹੁੰਚੀ ਹੈ। ਪੰਜਾਬ ਸਰਕਾਰ ਨੇ 115 ਲੱਖ ਟਨ ਦਾ ਟੀਚਾ ਰੱਖਿਆ ਸੀ। ਖੇਤੀਬਾੜੀ ਵਿਭਾਗ ਨੇ ਬਾਅਦ 'ਚ ਘਟਾ ਕੇ 110 ਲੱਖ ਟਨ ਕਰ ਦਿੱਤਾ। ਉਸ ਵਿਚ ਵੀ 10 ਲੱਖ ਟਨ ਦੀ ਕਮੀ ਹੈ। ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਕਣਕ ਦੀ ਵਾਢੀ ਖਤਮ ਹੈ ਅਤੇ ਮੰਡੀਆਂ 'ਚ ਲਗਭਗ ਪੂਰੀ ਫਸਲ ਆ ਚੁੱਕੀ ਹੈ। ਅੰਤਰਰਾਸ਼ਟਰੀ ਮੰਡੀਆਂ 'ਚ ਕਣਕ ਸਸਤੀ ਹੋਣ ਕਾਰਨ ਅਤੇ ਇਸ ਦੇ ਭਾਅ 'ਚ ਵਾਧੇ ਦੀ ਕੋਈ ਸੰਭਾਵਨਾ ਨਾ ਹੋਣ ਕਾਰਨ ਇਸ ਸਾਲ ਲੋਕਾਂ ਨੇ ਆਪਣੇ ਕੋਲ ਭੰਡਾਰ ਵੀ ਨਹੀਂ ਕੀਤੀ। ਡਾਇਰੈਕਟਰ ਖੇਤੀਬਾੜੀ ਡਾ. ਬਲਵਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਭਾਵੇਂ ਕਰਾਪ ਕਟਿੰਗ ਤਜਰਬਿਆਂ ਦੇ ਆਧਾਰ 'ਤੇ ਅਜੇ ਉਤਪਾਦਨ ਦੇ ਅੰਕੜੇ ਇਕੱਠੇ ਨਹੀਂ ਕੀਤੇ ਗਏ ਪਰ ਉਤਪਾਦਨ ਦਾ ਅਨੁਮਾਨ 150 ਲੱਖ ਟਨ ਦਾ ਹੈ। ਪਿਛਲੇ ਸਾਲ ਉਤਪਾਦਨ 157.20 ਲੱਖ ਟਨ ਹੋਇਆ ਸੀ। ਸੰਨ 2000 'ਚ 159 ਲੱਖ ਟਨ ਸੀ। ਡਾਇਰੈਕਟਰ ਸਿੱਧੂ ਅਨੁਸਾਰ ਉਤਪਾਦਨ ਘਟਣ ਦਾ ਕਾਰਨ ਮਾਲਵੇ 'ਚ ਵਿਸ਼ੇਸ਼ ਕਰਕੇ ਦੱਖਣ-ਪੱਛਮੀ ਜ਼ਿਲ੍ਹਿਆਂ 'ਚ ਪ੍ਰਤੀ ਹੈਕਟੇਅਰ ਝਾੜ ਦਾ ਪ੍ਰਭਾਵਿਤ ਹੋਣਾ ਹੈ। ਮਾਰਚ ਦੇ ਮਹੀਨੇ 'ਚ ਜੋ ਤਾਪਮਾਨ ਵਧ ਗਿਆ ਅਤੇ ਬਿਜਲੀ ਤੇ ਨਹਿਰੀ ਪਾਣੀ ਨਾ ਹੋਣ ਕਾਰਨ ਕਣਕ ਨੂੰ ਅਤੀ ਲੋੜੀਂਦਾ ਆਖਰੀ ਪਾਣੀ ਨਹੀਂ ਦਿੱਤਾ ਜਾ ਸਕਿਆ, ਉਸ ਨਾਲ ਦਾਣੇ 'ਚ ਵਜ਼ਨ ਨਾ ਪੈਣ ਵਜੋਂ ਝਾੜ ਘਟ ਗਿਆ। ਡਾਇਰੈਕਟਰ ਖੇਤੀਬਾੜੀ ਨੇ ਦੱਸਿਆ ਕਿ ਪੀ.ਬੀ. ਡਬਲਿਊ 550, ਪੀ.ਬੀ.ਡਬਲਿਊ 502 ਤੇ ਡੀ.ਬੀ. ਡਬਲਿਊ-17 ਕਿਸਮਾਂ ਨੂੰ ਕੁੰਗੀ ਦਾ ਹਮਲਾ ਹੋਣ ਕਾਰਨ ਇਨ੍ਹਾਂ ਦੀ ਉਤਪਾਦਿਕਤਾ ਭੈੜੀ ਤਰ੍ਹਾਂ ਪ੍ਰਭਾਵਿਤ ਹੋਈ। ਇਨ੍ਹਾਂ ਕਿਸਮਾਂ ਦਾ ਝਾੜ ਪੀ ਬੀ. ਡਬਲਿਊ-343 ਦੇ ਮੁਕਾਬਲੇ ਘੱਟ ਆਇਆ। ਡਾ. ਸਿੱਧੂ ਅਨੁਸਾਰ ਪੀ.ਬੀ. ਡਬਲਿਊ 343 ਕਿਸਮ ਦਾ ਝਾੜ ਦੂਜੀਆਂ ਨਵੀਆਂ ਕਿਸਮਾਂ ਨਾਲੋਂ ਵੱਧ ਇਸ ਲਈ ਵੀ ਰਿਹਾ ਕਿ ਇਹ ਪੱਕਣ ਨੂੰ ਲੰਮਾ ਸਮਾਂ ਲੈਂਦੀ ਹੈ ਅਤੇ ਇਸ ਨੇ ਮਾਰਚ 'ਚ ਗਰਮੀ ਦੇ ਪ੍ਰਭਾਵ ਨੂੰ ਬਰਦਾਸ਼ਤ ਕਰ ਲਿਆ। ਮੁੱਖ ਖੇਤੀਬਾੜੀ ਅਫ਼ਸਰ ਡਾ. ਸੁਭਾਸ਼ ਖੁਰਾਣਾ ਅਨੁਸਾਰ ਪਟਿਆਲਾ ਜ਼ਿਲ੍ਹਾ (ਜੋ ਮਾਲਵੇ 'ਚ ਸਭ ਤੋਂ ਘੱਟ ਪ੍ਰਭਾਵਤ ਹੈ) 'ਚ ਔਸਤ ਝਾੜ ਪਿਛਲੇ ਸਾਲ ਦੇ ਮੁਕਾਬਲੇ ਕੇਵਲ 1.40 ਕੁਇੰਟਲ ਪ੍ਰਤੀ ਹੈਕਟੇਅਰ ਘਟਿਆ। ਕੇਂਦਰ ਨੂੰ ਭਾਰਤ ਦੇ ਸਾਰੇ ਰਾਜਾਂ 'ਚੋਂ 22 ਮਿਲੀਅਨ ਟਨ ਤੋਂ ਵੀ ਵਧ ਕਣਕ ਕੇਂਦਰ ਭੰਡਾਰ 'ਚ ਆਉਣ ਦੀ ਆਸ ਹੈ। ਜਦੋਂਕਿ ਦੂਜੇ ਰਾਜਾਂ ਦਾ ਯੋਗਦਾਨ ਵਧਿਆ ਹੈ ਪੰਜਾਬ ਇਸ ਖੇਤਰ 'ਚ ਵੀ ਪਛੜ ਗਿਆ।


# ਸਫਰ 'ਤੇ ਜਾ ਰਹੇ ਹੋ? ਸੜਕ 'ਤੇ ਸਫਰ ਕਰਦਿਆਂ ਇਹ ਐਮਰਜੈਂਸੀ ਨੰਬਰ ਆਪਣੇ ਨਾਲ ਰੱਖੋ

**ਜੇ ਤੁਸੀਂ ਕਿਸੇ ਹੋਰ ਸਟੇਟ ਵਿਚ ਕਾਰ ਜਾਂ ਮੋਟਰ ਗੱਡੀ 'ਤੇ ਸਫਰ ਉਤੇ ਨਿਕਲ ਰਹੇ ਹੋ ਤਾਂ ਤੁਸੀਂ ਇਹ ਫੋਨ ਨੰਬਰ ਆਪਣੇ ਸੈਲ ਫੋਨ ਵਿਚ ਰੱਖ ਸਕਦੇ ਹੋ ਜਿਨ੍ਹਾਂ ਰਾਹੀਂ ਸੜਕ ਹਾਦਸੇ, ਗਲਤ ਗੱਡੀ ਚਲਾ ਰਹੇ ਡਰਾਈਵਰ, ਖਰਾਬ ਹੋਈ ਗੱਡੀ ਜਾਂ ਸੜਕ 'ਤੇ ਪਈ ਕਿਸੇ ਰੁਕਾਵਟ ਜਿਹੀ ਹੰਗਾਮੀ ਸਥਿਤੀ ਬਾਰੇ ਜਾਣਕਾਰੀ ਦੇ ਸਕਦੇ ਹੋ।**


ਅਲਬਾਮਾ 334-242-4378, *47
ਅਲਾਸਕਾ 911
ਐਰੀਜੋਨਾ 911
ਅਰਕਨਸਾਸ 501-295-1860, 911
ਕੈਲੀਫੋਰਨੀਆ 911
ਕਾਲੋਰਾਡੋ *277
ਕੁਨੈਕਟੀਕਟ 800-443-6817, 911
ਡੈਲਵੇਅਰ #77, 911
ਫਲੋਰਿਡਾ *347, *384, 800-525-5555
ਜਾਰਜੀਆ *477
ਇਡਾਹੋ 911, *477
ਇਲੀਨਾਏ 511, *77, *99 (ਸ਼ਿਕਾਗੋ ਏਰੀਆ)
ਇੰਡੀਆਨਾ 911
ਆਇਓਵਾ *55, 911, 800-555-4357
ਕੈਨਸਸ *47
ਕੈਨਸਸ ਟਰਨਪਾਈਕ *582, 800-827-7453
ਕੈਨਟਕੀ 800-222-5555, 911
ਲੁਇਸਿਆਨਾ 504-893-6250, *47
ਮੇਨ *77
ਮੈਰੀਲੈਂਡ #77
ਮੈਸਾਚਿਊਸਿਟਸ *77
ਮਿਸ਼ੀਗਨ 911
ਮਿਨੇਸੋਟਾ *911
ਮਿਸੀਸਿਪੀ 601-864-1314, *47
ਮਿਜ਼ੋਰੀ 800-525-5555, *55
ਮੌਨਟਾਨਾ 800-525-5555, 911
ਨੈਬਰਾਸਕਾ 800-525-5555, *77
ਨੇਵਾਡਾ *647, *384, 911
ਨਿਊ ਹੈਂਪਸ਼ਾਇਰ *77, 911
ਨਿਊ ਜਰਸੀ 1-800-723-7623, 911
ਨਿਊ ਮੈਕਸੀਕੋ 505-827-9301
ਨਿਊ ਯਾਰਕ *394, 911
ਨਾਰਥ ਕੈਰੋਲਾਈਨਾ *47, 800-662-7956
ਨਾਰਥ ਡਕੋਟਾ 911, 800-472-2121
ਓਹਾਇਓ *384, 800-525-5555
ਓਕਲਹੋਮਾ *55
ਓਰੇਗਾਨ 911
ਪੈਨਸਿਲਵੇਨੀਆ *911
ਰੋਡ੍ਹ ਆਈਲੈਂਡ 800-499-3784, 401-444-1969, *77
ਸਾਊਥ ਕੈਰੋਲਾਈਨਾ *47
ਸਾਊਥ ਡਕੋਟਾ 911
ਟੈਨੇਸੀ *847, 607-741-2060
ਟੈਕਸਸ 911, 800-525-5555
ਯੂਟਾ 911
ਵਰਮੌਂਟ 802-244-8727, *394
ਵਰਜੀਨੀਆ #77, 911
ਵਾਸ਼ਿੰਗਟਨ 911, 360-438-7700
ਵੈਸਟ ਵਰਜੀਨੀਆ #77, 911
ਵਿਸਕਾਨਸਿਨ 911
ਵਿਓਮਿੰਗ #4357, 911, 800-442-9090

**ਇਹ ਫੋਨ ਨੰਬਰ ਵੱਖ ਵੱਖ ਵੈਬਸਾਈਟਾਂ ਤੋਂ ਲਏ ਗਏ ਹਨ। ਇਹ ਨੰਬਰ ਛਾਪਦਿਆਂ ਇਹਿਤਿਆਤ ਤੋਂ ਕੰਮ ਲਿਆ ਗਿਆ ਹੈ ਫਿਰ ਵੀ ਗਲਤੀ ਲਈ ਅਸੀਂ ਜ਼ਿੰਮੇਵਾਰ ਨਹੀਂ ਹਾਂ।**




ਆਪਣੇ ਅਤੇ ਆਪਣੇ ਪਰਿਵਾਰ ਲਈ ਵਧੀਆ ਕੁਲਲਿਟੀ ਅਤੇ ਸਸਤੀਆਂ ਦਰਾਂ ਤੇ
ਮੈਡੀਕਲ ਇੰਸ਼ੋਰੈਂਸ
ਅਤੇ ਲਾਈਫ ਇੰਸ਼ੋਰੈਂਸ
ਲੈਣ ਲਈ ਇਕੋ ਭਰੋਸੇਮੰਦ ਨਾਮ ਹਮੇਸ਼ਾ ਯਾਦ ਰੱਖੋ
ਮੇਜਰ ਸਿੰਘ ਚੌਹਾਨ
Sacramento Office
2377 Gold Meadow Way,
Suite 157, Gold River CA 95670
Bakersfield Office
PO Box 40728
Bakersfield CA 93384
Fremont Office
39650 Liberty St. #200
Fremont CA 94538

Cell: 916-337-1683
Off : 661-369-4865
Off : 916-983-4890
Fax : 916-984-0110
Fax : 888-327-6115
Major Singh Chauhan
AGENT
CA Ins. Lic #0D36632
New York Life Insurance Company
mc101048@gmail.com
THE COMPANY YOU KEEP



JAGDEEP SINGH
INSURANCE AGENCY
ਅਸੀਂ ਟਰੱਕਾਂ ਦੀ ਇੰਸ਼ੋਰੈਂਸ ਪੂਰੀ ਇਮਾਨਦਾਰੀ ਨਾਲ ਕਰਦੇ ਹਾਂ
ਇਸ ਤੋਂ ਇਲਾਵਾ ਅਸੀਂ ਆਟੋ, ਮੈਡੀਕਲ, ਘਰਾਂ ਅਤੇ ਬਿਜ਼ਨਸ ਦੀ ਇੰਸ਼ੋਰੈਂਸ ਵੀ ਕਰਦੇ ਹਾਂ
We Can Beat Any Rates
ਕ੍ਰਿਪਾ ਕਰਕੇ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ਜੀ

Jagdeep Singh
CA Lic #0E42884
Ph : 559.277.5580
Fax : (888) 227-6988
email: jagdeep@jsinghagency.com
www.jsinghagency.com
Fresno Location : 4491 W. Shaw Ave. #300A Fresno CA 93722
Our New Location : GOLD RIVER
Ph : 916-220-2128
2377 Gold Meadow, Ste #157, Gold River CA 95670




M&J ROAD SERVICE
ਮੇਜਰ ਬਰਾਂਡ ਦੇ ਹੋਲ ਸੇਲ ਕੀਮਤ ਦੇ ਟਾਇਰ ਅਲੂਮੀਨੀਅਮ ਦੇ ਰਿਮ ਅਤੇ ਰੋਡ ਸਰਵਿਸ ਆਪਣੀਆਂ ਦੋਨੋਂ ਲੋਕੇਸ਼ਨਾਂ ਤੇ ਉਪਲਭਦ ਹਨ ।
24 ਘੰਟੇ ਸਿਕਿਊਰਿਟੀ ਗਾਰਡ ਦੀ ਨਿਗਰਾਨੀ ਹੇਠ
5 ਏਕੜ ਵਿੱਚ ਟਰੱਕ ਪਾਰਕਿੰਗ ਦੀ ਸਹੂਲਤ ਹੈ

BRIDGESTONE MICHELIN Firestone YOKOHAMA GOODYEAR BFGoodrich
MAJOR BRANDED & WHOLE SALE PRICE
TIRES • RIMS • ROAD SERVICE • SNOW CHAINS
SECURE TRUCK PARKING
Freeway 5 - 11401 Harlan Rd. Lathrop CA 95330
Across from Kenworth
Freeway 99 - 3327 South Hwy 99, Stockton CA 95215
New & Used Tires & Truck Repair Service Available
Hardeep Singh Cell: 209-450-8981
Off : 209-456-0182

# ਪੰਜਾਬ ਟਾਈਮਜ਼

**ਸਨਿਚਰਵਾਰ, 15 ਮਈ, 2010**

**ਵਿਣੁ ਸੇਵਾ ਧ੍ਰਿਗ ਹੱਥ ਪੈਰ ਹੋਰ ਨਿਹਫਲ ਕਰਨੀ-ਭਾਈ ਗੁਰਦਾਸ ਜੀ**


## ਸ਼ਹਿਰੀ ਸਾਫ-ਸਫਾਈ ਦੀ ਯੋਜਨਾ

ਪੰਜਾਬ ਦੇ ਸਨਅਤ ਮੰਤਰੀ ਸ੍ਰੀ ਮਨੋਰੰਜਨ ਕਾਲੀਆ ਵਲੋਂ ਪਿਛਲੇ ਦਿਨੀਂ ਜਾਰੀ ਇਕ ਬਿਆਨ ਅਨੁਸਾਰ ਸਰਕਾਰ ਕੋਲ ਪੰਜਾਬ ਦੇ ਸ਼ਹਿਰਾਂ ਦੀ ਵਿਆਪਕ ਸਾਫ਼-ਸਫਾਈ ਲਈ ਇਕ ਵੱਡੀ ਮੁਹਿੰਮ ਤਿਆਰ-ਬਰ-ਤਿਆਰ ਹੈ। ਇਸ ਸਕੀਮ ਅਨੁਸਾਰ ਪੰਜਾਬ ਦੇ ਸ਼ਹਿਰਾਂ ਨਾਲ ਸੰਬੰਧਤ ਕਚਰੇ ਨੂੰ ਸਮੇਟਣ ਲਈ 8 ਕਲੱਸਟਰ ਬਣਾਏ ਜਾਣਗੇ। ਇਸ ਨਵੇਂ ਪ੍ਰਾਜੈਕਟ ਦੀ ਵਿਸਥਾਰਤ ਜਾਣਕਾਰੀ ਦਿੰਦੇ ਹੋਏ ਸ੍ਰੀ ਮਨੋਰੰਜਨ ਕਾਲੀਆ ਨੇ ਕਿਹਾ ਕਿ ਬੇਸ਼ੱਕ ਕਈ ਰਾਜਾਂ ਦੀਆਂ ਕਾਰਪੋਰੇਸ਼ਨਾਂ ਵਲੋਂ ਕਚਰਾ ਇਕੱਠਾ ਕਰਨ ਅਤੇ ਇਸ ਨੂੰ ਵਰਤੋਂ ਵਿਚ ਲਿਆਉਣ ਲਈ ਪ੍ਰਾਜੈਕਟ ਪਹਿਲਾਂ ਹੀ ਲਾਏ ਹੋਏ ਹਨ, ਪਰ ਪੰਜਾਬ ਦੇਸ਼ ਦਾ ਅਜਿਹਾ ਪਹਿਲਾ ਸੂਬਾ ਹੋਵੇਗਾ, ਜਿਥੇ ਸਰਕਾਰ ਵਲੋਂ ਸੂਬਾ ਪੱਧਰ 'ਤੇ ਸ਼ਹਿਰਾਂ ਦਾ ਵਾਤਾਵਰਣ ਠੀਕ ਕਰਨ ਅਤੇ ਸ਼ਹਿਰਾਂ ਦੀ ਖੂਬਸੂਰਤੀ ਵਧਾਉਣ ਲਈ ਇਸ ਪ੍ਰਾਜੈਕਟ ਨੂੰ ਅਮਲ ਵਿਚ ਲਿਆਂਦਾ ਜਾਵੇਗਾ। ਇਸ ਪ੍ਰਾਜੈਕਟ ਨਾਲ ਬਾਅਦ ਵਿਚ ਛੋਟੇ ਸ਼ਹਿਰ ਵੀ ਜੋੜੇ ਜਾਣਗੇ। ਜਿਨ੍ਹਾਂ ਸ਼ਹਿਰਾਂ ਵਿਚ ਅੱਠ ਕਲੱਸਟਰ ਬਣਾਏ ਜਾਣੇ ਹਨ, ਉਨ੍ਹਾਂ ਵਿਚ ਮੁੱਖ ਤੌਰ 'ਤੇ ਜਲੰਧਰ, ਪਟਿਆਲਾ, ਲੁਧਿਆਣਾ, ਬਠਿੰਡਾ, ਫਿਰੋਜ਼ਪੁਰ, ਮੁਹਾਲੀ, ਪਠਾਨਕੋਟ ਅਤੇ ਅੰਮ੍ਰਿਤਸਰ ਸ਼ਾਮਲ ਹਨ। ਜਾਣਕਾਰੀ ਅਨੁਸਾਰ ਹਰ ਕਲੱਸਟਰ ਦੇ ਨਾਲ 10 ਤੋਂ 15 ਤੱਕ ਮਿਉਂਸਪਲ ਕਮੇਟੀਆਂ ਜੋੜੀਆਂ ਜਾਣੀਆਂ ਹਨ। ਇੰਜ ਮੁੱਖ ਕਲੱਸਟਰ ਨਾਲ ਉਸ ਦੇ ਆਲੇ-ਦੁਆਲੇ ਦੇ ਛੋਟੇ ਸ਼ਹਿਰ ਵੀ ਜੁੜ ਜਾਣਗੇ।

ਇਥੇ ਜ਼ਿਕਰਯੋਗ ਹੈ ਕਿ ਅੱਜ ਹਾਲਤ ਇਹ ਹੈ ਕਿ ਕਾਰਪੋਰੇਸ਼ਨਾਂ, ਮਿਉਂਸਪਲ ਕਮੇਟੀਆਂ ਅਤੇ ਨਗਰ ਕੌਂਸਲਾਂ ਦਾ ਕਚਰਾ ਇਕੱਠਾ ਕਰਨ ਲਈ ਇਨ੍ਹਾਂ ਸੰਸਥਾਵਾਂ ਵਿਚਾਲੇ ਉਕਾ ਹੀ ਤਾਲਮੇਲ ਨਹੀਂ ਹੈ। ਹਰ ਸ਼ਹਿਰ ਆਪਣੇ ਢੰਗ ਨਾਲ ਕਚਰਾ ਇਕੱਠਾ ਕਰਦਾ ਹੈ ਅਤੇ ਇਸ ਨੂੰ ਜਿਵੇਂ-ਕਿਵੇਂ ਨਬੇੜ ਦਿੰਦਾ ਹੈ। ਕਚਰੇ ਦਾ ਸਹੀ ਪ੍ਰਬੰਧ ਨਾ ਹੋਣ ਕਰਕੇ ਹੀ ਪੰਜਾਬ ਦੇ ਸ਼ਹਿਰਾਂ ਦੇ ਨਾਲ ਜੁੜਵੀਆਂ ਕਈ ਥਾਵਾਂ ਉਪਰ ਭਿਆਨਕ ਗੰਦਗੀ ਫੈਲਣ ਲੱਗੀ ਹੈ। ਪੰਜਾਬ ਦੇ ਬਹੁਤ ਸਾਰੇ ਸ਼ਹਿਰਾਂ ਵਿਚ ਤਾਂ ਹਾਲੇ ਵੀ ਖੁੱਲ੍ਹੀਆਂ ਨਾਲੀਆਂ ਵਾਲਾ ਸਿਸਟਮ ਮੌਜੂਦ ਹੈ। ਭਾਵੇਂ ਕਿ ਇਨ੍ਹਾਂ ਸ਼ਹਿਰਾਂ ਵਿਚ ਸੀਵਰੇਜ ਦਾ ਸਿਸਟਮ ਵੀ ਚਾਲੂ ਹੈ, ਫਿਰ ਵੀ ਖੁੱਲ੍ਹੀਆਂ ਨਾਲੀਆਂ ਨੂੰ ਕਾਇਮ ਰੱਖਿਆ ਗਿਆ ਹੈ। ਇਥੋਂ ਤਕ ਕਿ ਲੁਧਿਆਣਾ, ਜਲੰਧਰ ਦੇ ਕਈ ਪੁਰਾਣੇ ਮੁਹੱਲਿਆਂ ਵਿਚ ਹਾਲੇ ਵੀ ਖੁੱਲ੍ਹੀਆਂ ਨਾਲੀਆਂ ਹਨ, ਜਿਨ੍ਹਾਂ 'ਚ ਪਲਾਸਟਿਕ ਦੇ ਲਿਫਾਫੇ ਫਸ ਜਾਂਦੇ ਹਨ ਅਤੇ ਇਸ ਕਾਰਨ ਸੀਵਰੇਜ ਬੰਦ ਹੋਣ ਨਾਲ ਬੇਓੜਕ ਗੰਦਗੀ ਫੈਲਦੀ ਹੈ। ਬਾਰਸ਼ਾਂ ਦੇ ਦਿਨਾਂ ਵਿਚ ਤਾਂ ਸਥਿਤੀ ਹੋਰ ਵੀ ਭਿਆਨਕ ਹੋ ਜਾਂਦੀ ਹੈ। ਇਸੇ ਕਾਰਨ ਬਾਰਸ਼ਾਂ ਦੇ ਦਿਨਾਂ ਵਿਚ ਛੂਤ ਦੀਆਂ ਬਿਮਾਰੀਆਂ ਦੇ ਫੈਲਣ ਦਾ ਡਰ ਵੀ ਬਣਿਆ ਰਹਿੰਦਾ ਹੈ।

ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਵਿਚ ਇਸ ਵੇਲੇ ਹਰ ਰੋਜ਼ 4200 ਮੀਟ੍ਰਿਕ ਟਨ ਕਚਰਾ ਇਕੱਠਾ ਹੁੰਦਾ ਹੈ ਅਤੇ ਇਸ ਦਾ ਨਿਪਟਾਰਾ ਪੂਰੀ ਤਰ੍ਹਾਂ ਗੈਰ-ਯੋਜਨਾਬੱਧ ਢੰਗ ਨਾਲ ਹੁੰਦਾ ਹੈ। ਸਰਕਾਰ ਅਨੁਸਾਰ ਤਿਆਰ ਕੀਤੀ ਗਈ ਨਵੀਂ ਪ੍ਰਾਜੈਕਟ ਰਿਪੋਰਟ ਅਨੁਸਾਰ ਇਸ ਕਲਸਟਰ ਪ੍ਰਾਜੈਕਟ ਨੂੰ ਇਕ ਸਾਲ ਦੇ ਅੰਦਰ-ਅੰਦਰ ਅਮਲ ਵਿਚ ਲਿਆਂਦਾ ਜਾਵੇਗਾ। ਸਰਕਾਰ ਅਨੁਸਾਰ ਹੀ, ਮੁੱਢ ਵਿਚ ਜਲੰਧਰ ਅਤੇ ਲੁਧਿਆਣਾ ਵਿਚ ਅਜਿਹੇ ਕਲੱਸਟਰ ਬਣਾਏ ਜਾਣਗੇ ਅਤੇ ਬਾਅਦ ਵਿਚ ਬਾਕੀ ਸ਼ਹਿਰਾਂ ਵਿਚ ਵੀ ਇਨ੍ਹਾਂ ਨੂੰ ਉਸਾਰਿਆ ਜਾਵੇਗਾ। ਇਨ੍ਹਾਂ ਪ੍ਰਾਜੈਕਟਾਂ ਵਿਚ ਜਿਥੇ ਕੂੜੇ ਨੂੰ ਰੀਸਾਈਕਲ ਕੀਤਾ ਜਾਵੇਗਾ, ਉਥੇ ਇਸ ਤੋਂ ਬਿਜਲੀ ਵੀ ਪੈਦਾ ਕੀਤੀ ਜਾ ਸਕੇਗੀ। ਇੰਜ ਹੀ ਫਸਲਾਂ ਲਈ ਖਾਦਾਂ ਵੀ ਤਿਆਰ ਹੋ ਸਕਣਗੀਆਂ।

ਸਰਕਾਰ ਨੇ ਕੂੜੇ ਨੂੰ ਸਮੇਟਣ ਲਈ ਪੰਜਾਬ ਦੇ ਸ਼ਹਿਰਾਂ ਵਿਚ ਜਿਸ ਕਿਸਮ ਦੇ ਪ੍ਰਾਜੈਕਟ ਲਾਉਣ ਦੀ ਇਹ ਮਨਸ਼ਾ ਜ਼ਾਹਰ ਕੀਤੀ ਹੈ, ਨਿਰਸੰਦੇਹ ਸਲਾਹੁਣਯੋਗ ਹੈ। ਪਰ ਸਵਾਲ ਫਿਰ ਉਹੋ ਉਠਦਾ ਹੈ ਕਿ ਕੀ ਪੰਜਾਬ ਸਰਕਾਰ ਆਪਣੇ ਇਸ ਪ੍ਰਾਜੈਕਟ ਨੂੰ ਮਿੱਥੇ ਸਮੇਂ ਵਿਚ ਪੂਰਾ ਕਰ ਸਕੇਗੀ। ਇਸ ਤੋਂ ਵੀ ਅੱਗੇ ਕੀ ਇਹ ਸਾਰੇ ਪ੍ਰਾਜੈਕਟ ਸਹੀ-ਸਲਾਮਤ ਚੱਲ ਸਕਣਗੇ। ਪੰਜਾਬ ਬਾਰੇ ਅੱਜ ਕੁਝ ਗੰਭੀਰ ਅਰਥਸ਼ਾਸਤਰੀਆਂ ਦੁਆਰਾ ਕਿਹਾ ਜਾ ਰਿਹਾ ਹੈ ਕਿ ਇਥੇ, ਠੇਕੇ, ਠਾਣੇ, ਡੇਰੇ ਅਤੇ ਫਾਈਵ ਸਟਾਰ ਹੋਟਲ ਹੀ ਕਮਾਈ ਕਰਦੇ ਹਨ। ਹੋਰ ਕੋਈ ਕਾਰੋਬਾਰ ਚਲਾਉਣਾ ਪੂਰੀ ਤਰ੍ਹਾਂ ਮੁਸ਼ਕਲ ਹੋ ਗਿਆ ਹੈ। ਖੁਦ ਸਰਕਾਰੀ ਅਫਸਰਸ਼ਾਹੀ ਅਤੇ ਲਾਲ ਫੀਤਾਸ਼ਾਹੀ ਕਾਰੋਬਾਰੀਆਂ ਦਾ ਗਲਾ ਘੁੱਟ ਦਿੰਦੀ ਹੈ। ਪਿਛਲੇ ਕੁਝ ਹੀ ਸਾਲਾਂ ਵਿਚ ਪੰਜਾਬ ਸਰਕਾਰ ਨੇ ਆਪਣੀ ਸਨਅਤ ਅਤੇ ਖੇਤੀ ਦਾ ਭੱਠਾ ਬਿਠਾ ਲਿਆ ਹੈ। ਸਨਅਤੀ ਖੇਤਰ ਨੂੰ ਕੁਝ ਨੁਕਸਾਨ ਤਾਂ ਕੇਂਦਰ ਦੀਆਂ ਨੀਤੀਆਂ ਨੇ ਪਹੁੰਚਾਇਆ ਹੈ ਅਤੇ ਕੁਝ ਪੰਜਾਬ ਸਰਕਾਰ ਖੁਦ ਹੀ ਇਸ ਦੇ ਜੜ੍ਹੀਂ ਬੈਠ ਗਈ ਹੈ। ਇਸੇ ਤਰ੍ਹਾਂ ਦਾ ਹਾਲ ਖੇਤੀਬਾੜੀ ਦਾ ਹੈ।

ਸਾਡੇ ਲੀਡਰ ਅਸਲ ਵਿਚ ਪੱਛਮ ਵਾਲੇ ਪਾਸੇ ਜਾ ਕੇ ਕੰਮ ਕਰਦੀਆਂ ਮਸ਼ੀਨਾਂ ਅਤੇ ਫੈਕਟਰੀਆਂ ਵਗੈਰਾ ਵੇਖ ਆਉਂਦੇ ਹਨ ਅਤੇ ਫਿਰ ਇਥੇ ਆ ਕੇ ਉਹੋ ਜਿਹਾ ਕੁਝ ਬਣਾਉਣ ਦੀਆਂ ਸਕੀਮਾਂ ਘੜਨ ਲੱਗਦੇ ਹਨ। ਇਸ ਗੱਲ ਦਾ ਇਹ ਆਗੂ ਉੱਕਾ ਹੀ ਖਿਆਲ ਨਹੀਂ ਕਰਦੇ ਕਿ ਸਾਡੇ ਲੋਕ, ਅਫਸਰਸ਼ਾਹੀ ਅਤੇ ਇਸ ਤੋਂ ਇਲਾਵਾ ਸਿਆਸਤਦਾਨ ਉਨ੍ਹਾਂ ਮੁਲਕਾਂ ਜਿਹੇ ਨਹੀਂ ਹਨ, ਜਿਨ੍ਹਾਂ ਦੀਆਂ ਅਸੀਂ ਰੀਸਾਂ ਕਰਨੀਆਂ ਚਾਹੁੰਦੇ ਹਾਂ। ਅਸਲ ਵਿਚ ਜਿੰਨਾ ਚਿਰ ਅਫਸਰਸ਼ਾਹੀ, ਸਿਆਸਤਦਾਨ ਅਤੇ ਸਭ ਤੋਂ ਉਪਰ ਆਮ ਲੋਕ ਆਪਣੇ ਆਲੇ-ਦੁਆਲੇ, ਆਪਣੀ ਜਨਤਕ ਜਾਇਦਾਦ, ਆਪਣੇ ਕੁਦਰਤੀ ਸੋਮਿਆਂ ਅਤੇ ਆਪਣੇ ਦੇਸ਼ ਅਤੇ ਖਿੱਤੇ ਦੀ ਹਰ ਚੀਜ਼ ਪ੍ਰਤੀ ਮੋਹਵਾਨ ਨਹੀਂ ਹੁੰਦੇ, ਓਨਾ ਚਿਰ ਸਥਿਤੀ ਵਿਚ ਕੋਈ ਵੀ ਸਿਫਤੀ ਤਬਦੀਲੀ ਨਹੀਂ ਆਏਗੀ। ਹਾਲਾਤ ਨੂੰ ਬਦਲਣ ਲਈ ਅਸਲ ਵਿਚ ਮਨੁੱਖੀ ਮਾਨਸਿਕਤਾ ਵਿਚ ਤਬਦੀਲੀ ਦੀ ਲੋੜ ਹੈ। ਬੰਦਾ ਨਹੀਂ ਬਦਲੇਗਾ ਤਾਂ ਮਸ਼ੀਨਾਂ ਵੀ ਨਕਾਰਾ ਹੋ ਜਾਣਗੀਆਂ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕੈਪਟਨ ਲਈ ਪ੍ਰਧਾਨਗੀ?*

ਰਾਜਾਸਾਂਸੀ ਤੋਂ ਉਤਰ ਕੇ 'ਮਹਾਰਾਜਾ', ਮੱਥਾ ਟੇਕਣੇ ਵਾਸਤੇ ਚੱਲਿਆ ਈ।
ਪੱਬਾਂ ਭਾਰ ਹੋ ਸੜਕਾਂ 'ਤੇ ਆਣ ਲੱਥੇ, ਜੋਸ਼ ਜਨਤਾ ਦਾ ਜਾਵੇ ਨਾ ਠੱਲ੍ਹਿਆ ਈ।
ਚਾਹਿਆ ਜਿਨ੍ਹਾਂ ਸੀ 'ਕੈਪਟਨ' ਨਾ ਦਿਸੇ ਸਾਨੂੰ, ਚਾਰਾ ਉਨ੍ਹਾਂ ਦਾ ਕੋਈ ਨਾ ਚੱਲਿਆ ਈ।
ਸੁੱਤੇ ਭਾਗ ਪੰਜਾਬ ਦੇ ਫੇਰ ਜਾਗੇ, ਅਣਖੀ ਨੇਤਾ ਦਾਤਾਰ ਨੇ ਘੱਲਿਆ ਈ।
ਪਲਕਾਂ ਉਤੇ ਬਿਠਾਇਆ ਪੰਜਾਬੀਆਂ ਨੇ, ਲੋਕਾਂ ਹੱਦ ਮੁਕਾਈ ਦੀਵਾਨਗੀ ਦੀ।
ਗਿਣ ਗਿਣ ਮੋੜੂਗਾ ਭਾਜੀਆਂ ਓਸ ਵੇਲੇ, ਫੀਤੀ ਲੱਗੀ ਜਦ ਮੋਢੇ ਪ੍ਰਧਾਨਗੀ ਦੀ!

# ਬਰਤਾਨੀਆ ਵੀ ਹੁਣ ਗਠਜੋੜ ਸਰਕਾਰਾਂ ਵਲ ਵਧਿਆ

**ਵਿਜੇ ਚੋਪੜਾ**

ਬ੍ਰਿਟੇਨ ਨੂੰ ਸਾਰੇ ਲੋਕਤੰਤਰਾਂ ਦੀ ਮਾਂ ਕਿਹਾ ਜਾਂਦਾ ਹੈ ਅਤੇ ਇਸ 'ਚ ਕੋਈ ਅਤਿਕਥਨੀ ਵੀ ਨਹੀਂ ਹੈ। ਦੁਨੀਆਂ ਵਿਚ ਸਭ ਤੋਂ ਪਹਿਲਾਂ ਲੋਕਤੰਤਰਿਕ ਪ੍ਰਣਾਲੀ, ਸੰਸਦ ਅਤੇ ਆਮ ਚੋਣਾਂ ਦੀ ਸ਼ੁਰੂਆਤ ਬ੍ਰਿਟੇਨ 'ਚ ਹੀ ਹੋਈ ਸੀ। ਭਾਰਤ ਜੋ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੈ, ਨੇ ਵੀ ਸੰਸਦੀ ਲੋਕਤੰਤਰ, ਸੰਵਿਧਾਨ ਅਤੇ ਚੋਣਾਂ ਦੀ ਪਰੰਪਰਾ ਬ੍ਰਿਟੇਨ ਤੋਂ ਹੀ ਗ੍ਰਹਿਣ ਕੀਤੀ। ਬਸ ਫਰਕ ਇੰਨਾ ਹੀ ਹੈ ਕਿ ਭਾਰਤ ਦਾ ਸੰਵਿਧਾਨ ਲਿਖਤੀ ਹੈ ਤੇ ਬ੍ਰਿਟੇਨ ਦਾ ਅਲਿਖਤੀ।

ਬ੍ਰਿਟੇਨ 'ਚ ਨਵੀਂ ਸੰਸਦ (ਹਾਊਸ ਆਫ ਕਾਮਨਜ਼) ਲਈ ਵੋਟਾਂ 6 ਮਈ ਨੂੰ ਸਵੇਰੇ 7 ਵਜੇ ਤੋਂ ਰਾਤੀਂ 10 ਵਜੇ ਤਕ ਪਈਆਂ, ਜਿਨ੍ਹਾਂ 'ਚ 62.2 ਫੀਸਦੀ ਲੋਕਾਂ ਨੇ ਵੋਟਾਂ ਪਾਈਆਂ। ਇਨ੍ਹਾਂ ਚੋਣਾਂ 'ਚ ਇਸ ਵਾਰ ਵੋਟਰਾਂ ਖਾਸ ਕਰਕੇ ਨੌਜਵਾਨਾਂ ਦੀ ਗਿਣਤੀ ਜ਼ਿਆਦਾ ਸੀ। ਕਈ ਪੋਲਿੰਗ ਬੂਥਾਂ 'ਤੇ ਰਾਤੀਂ 10 ਵਜੇ ਤਕ ਲਾਈਨ 'ਚ ਖੜ੍ਹੇ ਕਈ ਲੋਕ ਵੋਟ ਨਹੀਂ ਪਾ ਸਕੇ ਕਿਉਂਕਿ ਪੋਲਿੰਗ ਅਧਿਕਾਰੀਆਂ ਨੇ ਸਮਾਂ ਖਤਮ ਹੋਣ ਕਰਕੇ ਪੋਲਿੰਗ ਬੰਦ ਕਰ ਦਿੱਤੀ ਸੀ। ਇਸ ਨੂੰ ਉਨ੍ਹਾਂ ਲੋਕਾਂ ਨੇ ਆਪਣੇ ਵੋਟ ਦੇ ਅਧਿਕਾਰ ਦੀ ਉਲੰਘਣਾ ਦੱਸਿਆ ਹੈ।

ਬ੍ਰਿਟੇਨ 'ਚ ਭਾਰਤ ਵਾਂਗ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਦੀ ਵਰਤੋਂ ਵੀ ਨਹੀਂ ਹੁੰਦੀ। ਇਸ ਲਈ ਬੈਲਟ ਪੇਪਰ ਦੀ ਵਰਤੋਂ ਹੋਣ ਕਰਕੇ ਵੋਟਿੰਗ ਦੀ ਰਫਤਾਰ ਹੌਲੀ ਹੁੰਦੀ ਹੈ।

ਬ੍ਰਿਟੇਨ 'ਚ ਪਿਛਲੇ ਕੁਝ ਮਹੀਨਿਆਂ 'ਚ ਹੋਏ ਸਰਵੇਖਣਾਂ 'ਚ ਇਹ ਕਿਹਾ ਜਾਣ ਲੱਗਾ ਸੀ ਕਿ ਪਿਛਲੇ 13 ਸਾਲਾਂ ਤੋਂ ਸੱਤਾਧਾਰੀ ਲੇਬਰ ਪਾਰਟੀ ਦੇ ਮੁੜ ਸੱਤਾ 'ਚ ਆਉਣ ਦੇ ਆਸਾਰ ਨਹੀਂ ਤੇ ਕੰਜ਼ਰਵੇਟਿਵ ਪਾਰਟੀ ਸਭ ਤੋਂ ਵੱਡੀ ਪਾਰਟੀ ਵਜੋਂ ਉਭਰ ਕੇ ਸਾਹਮਣੇ ਆਵੇਗੀ ਤੇ ਕਿਸੇ ਵੀ ਪਾਰਟੀ ਨੂੰ ਬਹੁਮਤ ਨਾ ਮਿਲ ਸਕਣ ਕਰਕੇ ਸੰਸਦ ਤ੍ਰਿਸ਼ੰਕੂ ਹੀ ਹੋਵੇਗੀ। ਜਿਵੇਂ ਆਸ ਕੀਤੀ ਜਾ ਰਹੀ ਸੀ, ਉਸੇ ਤਰ੍ਹਾਂ ਹੀ ਹੋਇਆ। 650 ਮੈਂਬਰੀ ਸਦਨ ਦੇ 649 ਮੈਂਬਰਾਂ ਦੀ ਚੋਣ 'ਚ 7 ਮਈ ਦੇਰ ਰਾਤ ਤਕ ਐਲਾਨੇ 624 ਨਤੀਜਿਆਂ 'ਚ ਕੰਜ਼ਰਵੇਟਿਵ ਪਾਰਟੀ ਨੂੰ 294, ਲੇਬਰ ਪਾਰਟੀ ਨੂੰ 251, ਲਿਬਰਲ ਡੈਮੋਕ੍ਰੇਟਿਕ ਪਾਰਟੀ ਨੂੰ 52 ਸੀਟਾਂ ਮਿਲੀਆਂ ਹਨ।

ਸਰਕਾਰ ਬਣਾਉਣ ਲਈ 326 ਮੈਂਬਰਾਂ ਦੇ ਬਹੁਮਤ ਦੀ ਲੋੜ ਹੈ। ਬ੍ਰਿਟੇਨ ਵਿਚ 1974 ਤੋਂ ਬਾਅਦ ਪਹਿਲੀ ਵਾਰ ਤ੍ਰਿਸ਼ੰਕੂ ਸੰਸਦ ਆ ਰਹੀ ਹੈ ਤੇ ਉਦੋਂ ਲੇਬਰ ਪਾਰਟੀ ਦੀ ਘੱਟ ਗਿਣਤੀ ਵਾਲੀ ਸਰਕਾਰ ਸਿਰਫ ਇਕ ਸਾਲ ਹੀ ਸੱਤਾ 'ਚ ਰਹਿ ਸਕੀ ਸੀ। 1977 ਤੋਂ ਸੱਤਾ 'ਚ ਲੇਬਰ ਪਾਰਟੀ ਦੇ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੂੰ ਇਰਾਕ ਦੀ ਜੰਗ ਅਤੇ ਦੇਸ਼ ਵਿਚ ਉਭਰ ਰਹੀਆਂ ਕਈ ਸਮੱਸਿਆਵਾਂ ਕਾਰਨ ਅਸਤੀਫਾ ਦੇਣਾ ਪਿਆ ਸੀ ਤੇ ਉਨ੍ਹਾਂ ਦੀ ਥਾਂ ਉਸ ਦੇ ਵਿੱਤ ਮੰਤਰੀ ਗੋਰਡਨ ਬ੍ਰਾਊਨ ਨੂੰ 2007 'ਚ ਪ੍ਰਧਾਨ ਮੰਤਰੀ ਬਣਾਇਆ ਗਿਆ।

ਬੇਸ਼ੱਕ ਬ੍ਰਾਊਨ ਦੇ ਇਕ ਕੁਸ਼ਲ ਵਿਤ ਮੰਤਰੀ ਹੁੰਦਿਆਂ ਵਿਸ਼ਵ-ਵਿਆਪੀ ਆਰਥਿਕ ਸੰਕਟ ਦੀ ਲਹਿਰ ਤੋਂ ਬ੍ਰਿਟੇਨ ਵੀ ਅਛੂਤਾ ਨਹੀਂ ਰਿਹਾ। ਭਾਵੇਂ ਬ੍ਰਿਟੇਨ ਉਸ ਆਰਥਿਕ ਸੰਕਟ 'ਚੋਂ ਕੁਝ ਨਿਕਲ ਆਇਆ ਹੈ ਪਰ ਇਸ ਨਾਲ ਪੈਦਾ ਹੋਈਆਂ ਸਮੱਸਿਆਵਾਂ, ਪੂਰਬੀ ਯੂਰਪ ਦੇ ਦੇਸ਼ਾਂ ਤੋਂ ਆ ਰਹੇ ਪਰਵਾਸੀਆਂ ਦੀ ਵਧਦੀ ਗਿਣਤੀ ਕਾਰਨ ਬੇਰੁਜ਼ਗਾਰੀ 'ਚ ਵਾਧੇ, ਦੇਸ਼ ਦੇ ਸੋਮਿਆਂ 'ਤੇ ਵਧਦੇ ਦਬਾਅ ਤੇ ਮਹਿੰਗਾਈ ਕਾਰਨ ਲੋਕਾਂ 'ਚ ਬ੍ਰਾਊਨ ਸਰਕਾਰ ਪ੍ਰਤੀ ਕਾਫੀ ਨਾਰਾਜ਼ਗੀ ਪੈਦਾ ਹੋਈ।

ਇਸ ਤੋਂ ਇਲਾਵਾ ਬ੍ਰਾਊਨ ਵਲੋਂ ਲੇਬਰ ਪਾਰਟੀ ਦੀਆਂ ਪੁਰਾਣੀਆਂ ਨੀਤੀਆਂ ਤਹਿਤ ਜਿਸ ਤਰ੍ਹਾਂ ਵੱਖ-ਵੱਖ ਅਹਿਮ ਨਿੱਜੀ ਅਦਾਰਿਆਂ ਦਾ ਕੌਮੀਕਰਨ ਕੀਤਾ ਗਿਆ ਅਤੇ ਟੋਨੀ ਬਲੇਅਰ ਵਲੋਂ ਸ਼ੁਰੂ ਕੀਤੇ ਗਏ ਸਿਹਤ ਸੁਧਾਰ ਕੰਮਾਂ ਨੂੰ ਰੋਕਿਆ ਗਿਆ, ਉਸ ਨਾਲ ਬ੍ਰਾਊਨ ਸਰਕਾਰ ਦੀ ਹਰਮਨਪਿਆਰਤਾ 'ਚ ਨਿਘਾਰ ਦੇ ਸੰਕੇਤ ਬਹੁਤ ਪਹਿਲਾਂ ਮਿਲਣ ਲੱਗ ਪਏ ਸਨ। ਇਸੇ ਦੇ ਮੱਦੇਨਜ਼ਰ ਹੀ ਦੇਸ਼ 'ਚ ਵੱਖ-ਵੱਖ ਵਿੱਤੀ ਅਦਾਰਿਆਂ ਤੇ ਕੌਮਾਂਤਰੀ ਨਿਵੇਸ਼ਕਾਂ ਨੇ ਇਥੇ ਨਿਵੇਸ਼ ਕਰਨਾ ਬੰਦ ਕਰ ਦਿੱਤਾ ਸੀ। ਇਸ ਨਾਲ ਬ੍ਰਿਟਿਸ਼ ਪੌਂਡ ਦੇ ਭਾਅ 'ਚ ਵੀ 20 ਫੀਸਦੀ ਤਕ ਦੀ ਗਿਰਾਵਟ ਆਈ।

ਬ੍ਰਾਊਨ ਬਾਰੇ ਇਹ ਵੀ ਆਮ ਧਾਰਨਾ ਬਣੀ ਕਿ ਉਹ ਹੰਕਾਰੀ ਹਨ ਅਤੇ ਲੋਕਾਂ ਨੂੰ ਅਕਸਰ ਘੱਟ ਮਿਲਦੇ ਹਨ। ਉਹ ਚੋਣ ਪ੍ਰਚਾਰ ਲਈ ਵੀ ਜਨਤਾ ਦਰਮਿਆਨ ਆਖਰੀ ਪਲਾਂ 'ਚ ਹੀ ਆਏ। ਇਥੋਂ ਤਕ ਕਿ ਕਈ ਜਗ੍ਹਾ ਉਨ੍ਹਾਂ ਨੂੰ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ।

ਤ੍ਰਿਸ਼ੰਕੂ ਸੰਸਦ ਆਉਣ ਕਰਕੇ ਬੇਸ਼ੱਕ ਹੀ ਬ੍ਰਾਊਨ ਲਿਬਰਲ ਪਾਰਟੀ ਅਤੇ ਹੋਰਨਾਂ ਪਾਰਟੀਆਂ ਦੇ ਸਹਿਯੋਗ ਨਾਲ ਨਵੀਂ ਗਠਜੋੜ ਸਰਕਾਰ ਬਣਾਉਣ ਦੇ ਦਾਅਵੇ ਕਰ ਰਹੇ ਹਨ ਪਰ ਚੋਣ ਨਤੀਜਿਆਂ ਦਾ ਗਣਿਤ ਉਨ੍ਹਾਂ ਦੇ ਦਾਅਵੇ ਦੀ ਪੁਸ਼ਟੀ ਨਹੀਂ ਕਰਦਾ।

ਕੰਜ਼ਰਵੇਟਿਵ ਪਾਰਟੀ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਹੈ ਤੇ ਇਸ ਦੇ ਨੇਤਾ ਡੇਵਿਡ ਕੈਮਰੂਨ ਵੀ ਸਰਕਾਰ ਬਣਾਉਣ ਦਾ ਦਾਅਵਾ ਕਰ ਰਹੇ ਹਨ। ਮੌਜੂਦਾ ਸਥਿਤੀ 'ਚ ਜੇ ਉਹ ਸਰਕਾਰ ਬਣਾਉਂਦੇ ਹਨ ਤਾਂ ਉਹ ਵੀ ਗਠਜੋੜ ਸਰਕਾਰ ਹੀ ਹੋਵੇਗੀ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਵਾਰ ਕੰਜ਼ਰਵੇਟਿਵ ਪਾਰਟੀ ਦੇ ਪੱਖ 'ਚ ਚੱਲ ਰਹੀ ਹਵਾ ਅਤੇ ਮੀਡੀਆ ਦੇ ਭਾਰੀ ਸਮਰਥਨ ਦੇ ਬਾਵਜੂਦ ਉਹ ਬਹੁਮਤ ਹਾਸਲ ਨਹੀਂ ਕਰ ਸਕੀ। ਇਨ੍ਹਾਂ ਚੋਣਾਂ 'ਚ ਦੋ ਭਾਰਤੀ ਔਰਤਾਂ ਪ੍ਰੀਤੀ ਪਟੇਲ (ਕੰਜ਼ਰਵੇਟਿਵ) ਅਤੇ ਬੇਲੇਰੀ ਬਾਜ (ਲੇਬਰ) ਜਿੱਤੀਆਂ ਹਨ। ਇਨ੍ਹਾਂ ਤੋਂ ਇਲਾਵਾ ਵਰਿੰਦਰ ਸ਼ਰਮਾ ਅਤੇ ਮਾਰਸ਼ ਸਿੰਘ ਵੀ ਦੁਬਾਰਾ ਮੈਂਬਰ ਚੁਣੇ ਗਏ ਹਨ।

ਬ੍ਰਿਟੇਨ ਹੁਣ ਦੋ-ਦਲੀ ਪ੍ਰਣਾਲੀ ਤੋਂ ਹਟ ਕੇ ਗਠਜੋੜ ਸਰਕਾਰ ਵਲ ਤੁਰ ਪਿਆ ਹੈ। ਇਸ ਸਮੇਂ ਯੂਰਪ ਇਟਲੀ, ਸਪੇਨ, ਜਰਮਨੀ, ਪੁਰਤਗਾਲ, ਗ੍ਰੀਸ, ਹਾਲੈਂਡ ਆਦਿ ਕਈ ਦੇਸ਼ਾਂ ਵਿਚ ਗਠਜੋੜ ਸਰਕਾਰਾਂ ਹੀ ਚੱਲ ਰਹੀਆਂ ਹਨ।

ਭਾਰਤ ਜੋ ਕਦੇ ਬ੍ਰਿਟੇਨ ਦੇ ਸ਼ਾਸਨ ਦੇ ਅਧੀਨ ਸੀ, ਵਿਚ ਗਠਜੋੜ ਸਰਕਾਰਾਂ ਪਿਛਲੇ 2 ਦਹਾਕਿਆਂ ਤੋਂ ਚਲਦੀਆਂ ਆ ਰਹੀਆਂ ਹਨ। ਬੇਸ਼ੱਕ ਹੀ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਭੁਪਿੰਦਰ ਸਿੰਘ ਹੁੱਡਾ ਨੇ ਪਿਛਲੇ ਦਿਨੀਂ ਇਕ ਚਰਚਾ ਦੌਰਾਨ ਕਿਹਾ ਕਿ "ਭਾਰਤ ਵਿਚ ਲੋਕਤੰਤਰ ਪਰਪੱਕ ਹੋ ਗਿਆ ਹੈ ਅਤੇ ਦੇਸ਼ ਵਿਚ ਗਠਜੋੜ ਸਰਕਾਰਾਂ ਦਾ ਜੋ ਸਿਲਸਿਲਾ ਚੱਲਿਆ, ਉਹ ਇਕ ਪੜਾਅ ਮਾਤਰ ਸੀ। ਦੇਸ਼ ਦੀ ਜਨਤਾ ਹੁਣ ਇਕ ਪਾਰਟੀ ਨੂੰ ਹੀ ਬਹੁਮਤ ਦੇ ਕੇ ਸਥਿਰ ਸਰਕਾਰਾਂ ਬਣਾਏਗੀ।" ਪਰ ਤਰਾਸਦੀ ਇਹ ਹੈ ਕਿ ਸ੍ਰੀ ਹੁੱਡਾ ਚੋਣਾਂ ਵਿਚ ਘੱਟ ਗਿਣਤੀ ਵਿਚ ਆਉਣ ਕਰਕੇ ਆਜ਼ਾਦ ਅਤੇ ਭਜਨ ਲਾਲ ਦੀ ਹਜਕਾਂ ਦੇ 5 ਵਿਧਾਇਕਾਂ ਨੂੰ ਤੋੜ ਕੇ ਹੀ ਆਪਣੀ ਸਰਕਾਰ ਬਣਾ ਸਕੇ ਸਨ। ਅਜਿਹਾ ਨਾ ਹੁੰਦਾ ਤਾਂ ਉਨ੍ਹਾਂ ਦੀ ਵੀ ਗਠਜੋੜ ਸਰਕਾਰ ਹੁੰਦੀ। ਜਦਕਿ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦਾ ਕਹਿਣਾ ਸਹੀ ਹੈ ਕਿ "ਦੇਸ਼ 'ਚ ਗਠਜੋੜ ਸਰਕਾਰਾਂ ਦਾ ਯੁੱਗ ਜਾਰੀ ਰਹੇਗਾ ਕਿਉਂਕਿ ਇਸ ਨਾਲ ਮੌਜੂਦਾ ਸਿਆਸੀ ਸਥਿਤੀਆਂ 'ਚ ਕੇਂਦਰ ਤੇ ਸੂਬੇ 'ਚ ਸਰਕਾਰ ਚਲਾਉਣ 'ਚ ਮਜ਼ਬੂਤੀ ਮਿਲੇਗੀ।"

ਗਠਜੋੜ ਸਰਕਾਰਾਂ ਦਾ ਉਂਜ ਇਕ ਪਹਿਲੂ ਇਹ ਵੀ ਹੈ ਕਿ ਉਨ੍ਹਾਂ 'ਚ ਸੱਤਾਧਾਰੀ ਪਾਰਟੀ ਨੂੰ ਸੰਤੁਲਨ ਬਣਾ ਕੇ ਚੱਲਣਾ ਪੈਂਦਾ ਹੈ ਅਤੇ ਉਹ ਇਕ-ਦਲੀ ਪ੍ਰਣਾਲੀ ਵਾਲੀ ਮਨਮਰਜ਼ੀ ਨਹੀਂ ਕਰ ਸਕਦੀ। ਹੁਣ ਬ੍ਰਿਟੇਨ ਵਿਚ ਕੰਜ਼ਰਵੇਟਿਵ ਪਾਰਟੀ ਦੀ ਗਠਜੋੜ ਸਰਕਾਰ ਬਣਨ ਦੀ ਸੰਭਾਵਨਾ ਹੈ। ਉਹ ਪਹਿਲਾਂ ਵਾਂਗ ਮਨਮਰਜ਼ੀ ਨਹੀਂ ਕਰ ਸਕੇਗੀ।

# ਭਾਰਤ ਵਿਚ ਹੋ ਰਹੀ ਮਰਦਮਸ਼ੁਮਾਰੀ ਦੀ ਸਾਰਥਿਕਤਾ

**ਡਾ.ਜਸਪਾਲ ਸਿੰਘ**

ਅਵਾਮ ਦੀ ਸਮਾਜਿਕ-ਆਰਥਿਕ ਸਥਿਤੀ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਕਰਨ ਲਈ ਪਹਿਲੀ ਮਈ ਤੋਂ ਭਾਰਤ 'ਚ ਦਸ ਸਾਲਾਂ ਬਾਅਦ ਮਰਦਮਸ਼ੁਮਾਰੀ ਦੀ ਕਵਾਇਦ ਸ਼ੁਰੂ ਹੋ ਗਈ ਹੈ। ਇਹ ਇਕ ਬਹੁਤ ਹੀ ਵਿਰਾਟ ਪੱਧਰ ਦਾ ਕਾਰਜ ਹੈ ਜਿਸ 'ਚ ਲੱਖਾਂ ਹੀ ਸਰਕਾਰੀ ਮੁਲਾਜ਼ਮ ਰੁੱਝੇ ਹੋਏ ਹਨ। ਭਾਰਤ ਆਬਾਦੀ ਦੇ ਹਿਸਾਬ ਨਾਲ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਦੇਸ਼ ਹੈ। ਦੇਸ਼ ਦੀ ਆਬਾਦੀ ਬਾਰੇ ਪੂਰੇ ਅੰਕੜੇ ਤਾਂ ਮਰਦਮਸ਼ੁਮਾਰੀ ਪੂਰੀ ਹੋਣ 'ਤੇ ਹੀ ਉਜਾਗਰ ਹੋਣਗੇ ਪਰ ਹੁਣ ਤੱਕ ਦੇ ਅੰਦਾਜ਼ਿਆਂ ਅਨੁਸਾਰ ਭਾਰਤ ਦੀ ਆਬਾਦੀ 115 ਕਰੋੜ ਦੇ ਆਸ-ਪਾਸ ਦੱਸੀ ਜਾ ਰਹੀ ਹੈ। ਇੰਨੀ ਵੱਡੀ ਆਬਾਦੀ ਦੀ ਜਨਗਣਨਾ ਕਰਨਾ ਬਹੁਤ ਗੁੰਝਲਦਾਰ ਕੰਮ ਹੈ। ਇਹ ਹੀ ਕਾਰਨ ਹੈ ਕਿ ਦੇਸ਼ ਦੀਆਂ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਤੇ ਸਮਾਜਿਕ ਮੁੱਦਿਆਂ ਨਾਲ ਜੁੜੇ ਹੋਏ ਲੋਕ ਇਸ ਅਭਿਆਨ 'ਚ ਬਹੁਤ ਦਿਲਚਸਪੀ ਵਿਖਾ ਰਹੇ ਹਨ। ਕਾਂਗਰਸ ਪਾਰਟੀ 'ਚ ਇਸ ਬਾਰੇ ਗੰਭੀਰ ਮੱਤਭੇਦ ਪਾਏ ਜਾ ਰਹੇ ਹਨ ਕਿ ਇਸ ਤਾਜ਼ਾ ਮਰਦਮਸ਼ੁਮਾਰੀ 'ਚ ਜਾਤ ਅੰਕਿਤ ਕੀਤੀ ਜਾਣੀ ਚਾਹੀਦੀ ਹੈ ਜਾਂ ਨਹੀਂ। ਭਾਜਪਾ, ਆਰ ਜੇ ਡੀ, ਸਮਾਜਵਾਦੀ ਪਾਰਟੀ, ਜੇ ਡੀ ਯੂ ਤੇ ਕੁਝ ਹੋਰ ਪਾਰਟੀਆਂ ਦੀ ਇਹ ਧਾਰਨਾ ਸੀ ਕਿ ਇਸ ਜਨਗਣਨਾ 'ਚ ਜਾਤ ਦਰਜ ਕਰਵਾਉਣਾ ਜ਼ਰੂਰੀ ਹੋਣਾ ਚਾਹੀਦਾ ਹੈ ਤਾਂ ਜੋ ਦੇਸ਼ ਵਿਚ ਵਸਦੀਆਂ ਸਭ ਜਾਤਾਂ ਦੀ ਗਿਣਤੀ ਸਪੱਸ਼ਟ ਹੋ ਸਕੇ ਤੇ ਫਿਰ ਉਨ੍ਹਾਂ 'ਚੋਂ ਕੁਝ ਜਾਤਾਂ, ਜਿਨ੍ਹਾਂ ਨੂੰ ਰਾਖਵਾਂਕਰਨ ਦੇਣਾ ਹੈ, ਉਸ ਬਾਰੇ ਕੋਈ ਸਾਰਥਕ ਨੀਤੀ ਅਪਨਾਈ ਜਾ ਸਕੇ। ਇਸੇ ਲਈ ਕੇਂਦਰ ਸਰਕਾਰ ਨੇ ਹੁਣ ਜਾਤ ਦੇ ਆਧਾਰ 'ਤੇ ਜਨਗਣਨਾ ਕਰਾਉਣ ਦਾ ਫੈਸਲਾ ਲੈ ਲਿਆ ਹੈ।

ਕੁਝ ਮਾਹਰਾਂ ਦਾ ਕਹਿਣਾ ਹੈ ਕਿ ਜਨਗਣਨਾ ਕਰਨ ਵਾਲੇ ਕਾਰਕੁੰਨ ਸਮਾਜਿਕ ਮਾਮਲਿਆਂ 'ਚ ਪੂਰੀ ਤਰ੍ਹਾਂ ਟਰੇਂਡ ਨਹੀਂ, ਇਸ ਲਈ ਜਾਤ ਬਾਰੇ ਜਨਗਣਨਾ 'ਚ ਕਈ ਕਿਸਮ ਦੇ ਭੁਲੇਖੇ ਪੈਦਾ ਹੋ ਸਕਦੇ ਹਨ। ਉਨ੍ਹਾਂ ਅਨੁਸਾਰ ਪਛੜੀਆਂ ਸ਼੍ਰੇਣੀਆਂ ਤੇ ਅਨੁਸੂਚਿਤ ਜਾਤੀਆਂ ਬਾਰੇ ਵੱਖਰੀ ਜਨਗਣਨਾ ਹੋਣੀ ਚਾਹੀਦੀ ਹੈ ਜਿਸ ਦੇ ਆਧਾਰ 'ਤੇ ਉਨ੍ਹਾਂ ਨੂੰ ਰਾਖਵਾਂਕਰਨ ਦਿੱਤਾ ਜਾ ਸਕੇ। ਪਰ ਇਸ ਸਾਰੇ ਅਮਲ ਨੂੰ ਦੇਖਦੇ ਹੋਏ ਇੰਜ ਜਾਪਦਾ ਹੈ ਕਿ ਭਾਰਤ ਸਰਕਾਰ ਨੇ ਇਸ ਤਾਜ਼ਾ ਜਨਗਣਨਾ 'ਚ ਅੰਸ਼ਕ ਜਾਣਕਾਰੀ ਇਕੱਠੀ ਕਰਨ ਦੀ ਹੀ ਰਣਨੀਤੀ ਬਣਾਈ ਹੋਈ ਹੈ। ਅਸਲ 'ਚ ਸਰਕਾਰ ਨੂੰ ਚਾਹੀਦਾ ਸੀ ਕਿ ਉਹ ਪੂਰੀ ਤਰ੍ਹਾਂ ਟਰੇਂਡ ਸਮਾਜ ਵਿਗਿਆਨੀਆਂ ਦੀਆਂ ਸੇਵਾਵਾਂ ਲੈ ਕੇ ਜਨਗਣਨਾ ਕਰਨ ਵਾਲੇ ਅਮਲੇ ਨੂੰ ਟ੍ਰੇਨਿੰਗ ਦਿਵਾਉਂਦੀ ਤੇ ਫੇਰ ਉਹ ਲੋਕ ਘਰ ਘਰ ਜਾ ਕੇ ਇੱਕ ਇੱਕ ਪਰਿਵਾਰ ਬਾਰੇ ਸਾਰੇ ਸਮਾਜਿਕ ਤੇ ਆਰਥਿਕ ਅੰਕੜੇ ਇਕੱਠੇ ਕਰਦੇ। ਜੇਕਰ ਇਹ ਜਨਗਣਨਾ ਪੂਰੀ ਤਰ੍ਹਾਂ ਟਰੇਂਡ ਅਮਲੇ ਵਲੋਂ ਕੀਤੀ ਜਾਂਦੀ ਤਾਂ ਨਾ ਸਿਰਫ ਭਾਰਤ 'ਚ ਵਸਦੀਆਂ ਜਾਤੀਆਂ, ਉਪਜਾਤੀਆਂ, ਗੋਤਾਂ ਤੇ ਭਿੰਨ-ਭਿੰਨ ਵਿਸ਼ਵਾਸਾਂ ਤੇ ਧਰਮਾਂ ਬਾਰੇ ਹੀ ਵਡਮੁੱਲੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਸੀ ਸਗੋਂ ਆਬਾਦੀ ਦੇ ਭਿੰਨ-ਭਿੰਨ ਸਮੂਹਾਂ ਵਲੋਂ ਬੋਲੀਆਂ ਜਾਣ ਵਾਲੀਆਂ ਜ਼ੁਬਾਨਾਂ ਤੇ ਉਪ-ਬੋਲੀਆਂ ਬਾਰੇ ਅੰਕੜੇ ਪ੍ਰਾਪਤ ਕੀਤੇ ਜਾ ਸਕਦੇ ਸਨ। ਬੋਲੀਆਂ ਦੇ ਨਾਲ ਨਾਲ ਲੋਕਾਂ ਦੀ ਆਰਥਿਕ ਹਾਲਤ ਬਾਰੇ ਵੀ ਹੋਰ ਵਿਸਤ੍ਰਿਤ ਜਾਣਕਾਰੀ ਅੰਕਿਤ ਕੀਤੀ ਜਾ ਸਕਦੀ ਸੀ। ਭਾਵੇਂ ਹੁਣ ਵੀ ਆਰਥਿਕ ਹਾਲਤ ਜਾਨਣ ਲਈ ਘਰ ਦੇ ਜੀਆਂ ਦੇ ਨਾਲ-ਨਾਲ ਘਰ ਦੇ ਸਾਈਜ਼ ਤੇ ਵਾਹਨਾਂ ਆਦਿ ਬਾਰੇ ਵੀ ਜਾਣਕਾਰੀ ਅੰਕਿਤ ਕੀਤੀ ਜਾ ਰਹੀ ਹੈ ਪਰ ਇਹ ਜਾਣਕਾਰੀ ਹੋਰ ਵਿਸਤਾਰ 'ਚ ਇਕੱਠੀ ਹੋ ਸਕਦੀ ਸੀ ਜੇਕਰ ਸਰਕਾਰ ਜਨਗਣਨਾ ਦਾ ਘੇਰਾ ਹੋਰ ਵਧਾ ਦਿੰਦੀ। ਕੌਮੀ ਪੱਧਰ 'ਤੇ ਜਦੋਂ ਜਨਗਣਨਾ ਵਰਗਾ ਵਿਸ਼ਾਲ ਸਰਵੇਖਣ ਹੋ ਰਿਹਾ ਹੋਵੇ ਤਾਂ ਉਸ ਨੂੰ ਸਹੀ ਢੰਗ ਨਾਲ ਇਸਤੇਮਾਲ ਕਰਕੇ ਆਬਾਦੀ ਬਾਰੇ ਵਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰ ਲੈਣੀ ਚਾਹੀਦੀ ਹੈ ਤਾਂ ਜੋ ਇਸ ਦੀ ਰਿਪੋਰਟ ਸਾਰੇ ਰਾਸ਼ਟਰ ਦੀ ਸਮਾਜਿਕ-ਆਰਥਿਕ ਸਥਿਤੀ ਦੀ ਇਕ ਭਰੋਸੇਯੋਗ ਝਲਕ ਦੇ ਸਕੇ। ਜਨਗਣਨਾ ਨੂੰ ਰਾਖਵੇਂਕਰਨ ਲਈ ਵਰਤਣਾ ਜ਼ਰੂਰੀ ਨਹੀਂ। ਇਸ ਮੰਤਵ ਲਈ ਹੋਰ ਤਰ੍ਹਾਂ ਦੇ ਸਰਵੇਖਣ ਕਰਵਾਏ ਜਾ ਸਕਦੇ ਹਨ ਤੇ ਇਹ ਰਾਖਵਾਂਕਰਨ ਮਿਲਦਾ ਵੀ ਤਾਂ ਹੀ ਹੈ ਜੇਕਰ ਲਾਭਪਾਤਰੀ ਕੋਲ ਪ੍ਰਮਾਣਿਕ ਦਸਤਾਵੇਜ਼ ਮੌਜੂਦ ਹੋਣ।

ਜਾਪਦਾ ਹੈ ਕਿ ਭਾਰਤ ਸਰਕਾਰ ਨੇ ਇਸ ਜਨਗਣਨਾ 'ਚ ਇਕ ਅਜਿਹਾ ਮੌਕਾ ਗੁਆ ਲਿਆ ਜੋ ਸਾਰੀ ਆਬਾਦੀ ਬਾਰੇ ਬਹੁਤ ਹੀ ਵਡਮੁੱਲੇ ਅੰਕੜੇ ਪ੍ਰਦਾਨ ਕਰ ਸਕਦਾ ਸੀ। ਜਨਗਣਨਾ 'ਚ ਇਕੱਠੇ ਕੀਤੇ ਜਾ ਰਹੇ ਮੌਜੂਦਾ ਤੱਥਾਂ ਨੂੰ ਸਿਰਫ ਸੀਮਤ ਕੰਮਾਂ ਲਈ ਹੀ ਇਸਤੇਮਾਲ ਕੀਤਾ ਜਾ ਸਕੇਗਾ, ਜਦ ਕਿ ਇਸ ਦਾ ਘੇਰਾ ਵਧਾ ਕੇ ਬਹੁਤ ਕੁਝ ਨੋਟ ਕੀਤਾ ਜਾ ਸਕਦਾ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜੇਕਰ ਜਨਗਣਨਾ 'ਚ ਬਹੁਤ ਸਾਰੀ ਜਾਣਕਾਰੀ ਅੰਕਿਤ ਕਰਨੀ ਹੈ ਤਾਂ ਇਹ ਅਭਿਆਨ ਹੋਰ ਵੀ ਵੱਡਾ ਹੋ ਜਾਣਾ ਸੀ ਤੇ ਇਸ 'ਤੇ ਸਮਾਂ ਵੀ ਬਹੁਤ ਲੱਗਣਾ ਸੀ। ਉਂਜ ਜੋ ਕੁਝ ਚਲ ਰਹੀ ਜਨਗਣਨਾ 'ਚ ਇਕੱਠਾ ਕੀਤਾ ਜਾ ਰਿਹਾ ਹੈ, ਉਸ ਤੋਂ ਵੀ ਆਬਾਦੀ ਬਾਰੇ ਕਾਫ਼ੀ ਜਾਣਕਾਰੀ ਉਪਲਬਧ ਹੋ ਸਕੇਗੀ।

# ਸਾਰਕ ਸੰਮੇਲਨ ਨੇ ਭਾਰਤ ਪਾਕਿ ਸੰਬੰਧਾਂ ਵਿਚਲੀ ਬਰਫ ਖੋਰੀ

**ਵੇਦਪ੍ਰਤਾਪ ਵੇਦਿਕ**

ਥਿੰਪੂ ਦੇ ਸਾਰਕ ਸੰਮੇਲਨ ਦਾ ਸਭ ਤੋਂ ਵੱਡਾ ਲਾਭ ਇਹੀ ਹੋਇਆ ਹੈ ਕਿ ਭਾਰਤ ਤੇ ਪਾਕਿਸਤਾਨ ਵਿਚਕਾਰ ਜੰਮੀ ਬਰਫ ਪਿਘਲ ਗਈ ਹੈ। ਸ਼ਰਮ-ਅਲ-ਸ਼ੇਖ ਦੇ ਸੰਮੇਲਨ ਨੂੰ ਸਮਾਪਤ ਹੋਏ 10 ਮਹੀਨੇ ਬੀਤੇ ਗਏ ਹਨ ਪਰ ਗੱਡੀ ਇਕ ਇੰਚ ਵੀ ਅੱਗੇ ਨਹੀਂ ਵਧੀ। ਹੁਣ ਇਹ ਲੱਗ ਰਿਹਾ ਹੈ ਕਿ ਸ਼ਰਮ-ਅਲ-ਸ਼ੇਖ ਅਤੇ ਥਿੰਪੂ ਦਾ ਫੈਸਲਾ ਇਕ ਦਮ ਸਿਮਟ ਗਿਆ ਹੈ। ਇਸ ਦਾ ਜ਼ਿਆਦਾ ਸਿਹਰਾ ਪਾਕਿਸਤਾਨ ਨੂੰ ਮਿਲਣਾ ਚਾਹੀਦਾ ਹੈ। ਉਸ ਨੇ ਪਰਪੱਕਤਾ ਅਤੇ ਉਦਾਰਤਾ ਦਾ ਮੁਜ਼ਾਹਰਾ ਕੀਤਾ। ਪਾਕਿ ਦੇ ਨੀਤੀ ਨਿਰਮਾਤਾਵਾਂ ਨੇ ਇਹ ਚੰਗੀ ਤਰ੍ਹਾਂ ਭਾਂਪ ਲਿਆ ਕਿ ਭਾਰਤ ਵਿਚ ਲੋਕ ਮਤ ਦਾ ਮਹੱਤਵ ਕਿੰਨਾ ਜ਼ਿਆਦਾ ਹੈ। ਸ਼ਰਮ-ਅਲ-ਸ਼ੇਖ ਨੂੰ ਲੈ ਕੇ ਭਾਰਤ ਵਿਚ ਏਨਾ ਸ਼ੋਰ ਸ਼ਰਾਬਾ ਹੋਇਆ ਸੀ ਕਿ ਭਾਰਤ ਸਰਕਾਰ ਨੂੰ ਪੈਰ ਪਿਛੇ ਖਿੱਚਣਾ ਪਿਆ ਸੀ। ਪਾਕਿਸਤਾਨ ਨੇਤਾਵਾਂ ਦੇ ਮਨ ਉਪਰ ਡਾ. ਮਨਮੋਹਨ ਸਿੰਘ ਦੀ ਛਵੀ ਚੰਗੀ ਬਣ ਗਈ ਪਰ ਉਹ ਸਮਝ ਗਏ ਸਨ ਕਿ ਜਦ ਤੱਕ ਉਹ ਆਪਣੇ ਪੈਂਤੜੇ ਨਹੀਂ ਬਦਲਣਗੇ ਨਾ ਤਾਂ ਭਾਰਤ ਦੀ ਜਨਤਾ, ਨਾ ਸੰਸਦ, ਨਾ ਵਿਰੋਧੀ ਦਲ ਅਤੇ ਨਾ ਹੀ ਕਾਂਗਰਸ ਪਾਰਟੀ ਆਪਣੇ ਪ੍ਰਧਾਨ ਮੰਤਰੀ ਦਾ ਸਾਥ ਦੇਵੇਗੀ। ਥਿੰਪੂ ਵਿਚ ਪਾਕਿਸਤਾਨ ਦਾ ਰਵੱਈਆ ਕਾਫੀ ਸਿਰਜਣਾਤਮਕ ਰਿਹਾ। ਉਸ ਨੇ ਸਾਰੇ ਮਸਲਿਆਂ 'ਤੇ ਇਕੱਠੀ ਗੱਲਬਾਤ ਦਾ ਪੈਂਤੜਾ ਛੱਡ ਦਿੱਤਾ ਪਾਕਿਸਤਾਨ ਜਦੋਂ ਕਸ਼ਮੀਰ ਸਮੇਤ ਸਾਰੇ ਮਸਲਿਆਂ 'ਤੇ ਗੱਲਬਾਤ ਦੀ ਗੱਲ ਕਰਦਾ ਹੈ ਤਾਂ ਉਸ ਦਾ ਮਤਲਬ ਹੁੰਦਾ ਹੈ ਕਿ ਅਤਿਵਾਦ ਵਗੈਰਾ ਤਾਂ ਠੀਕ ਹੈ ਪਹਿਲਾਂ ਤਾਂ ਕਸ਼ਮੀਰ, ਪਾਣੀ ਦੇ ਬਟਵਾਰੇ ਅਤੇ ਸਿਆਚਨ ਮੁੱਦੇ 'ਤੇ ਗੱਲਬਾਤ ਕੀਤੀ ਜਾਣੀ ਚਾਹੀਦੀ ਹੈ। ਜਿਵੇਂ ਕਿ ਸਾਡੀ ਵਿਦੇਸ਼ ਸਕੱਤਰ ਨਿਰੂਪਮਾ ਰਾਓ ਨੇ ਕਿਹਾ ਹੈ ਕਿ ਪਾਕਿਸਤਾਨ ਹੁਣ ਆਮ ਗੱਲਬਾਤ ਲਈ ਰਾਜ਼ੀ ਹੋ ਗਿਆ। ਇਸ ਦਾ ਇਹ ਮਤਲਬ ਕਤੱਈ ਨਹੀਂ ਕਿ ਇਸ ਦੇ ਨਾਲ ਹੁਣ ਅਤਿਵਾਦ ਦੇ ਇਲਾਵਾ ਕਿਸੇ ਹੋਰ ਮੁੱਦੇ 'ਤੇ ਗੱਲਬਾਤ ਹੋ ਹੀ ਨਹੀਂ ਸਕਦੀ। ਕਸ਼ਮੀਰ ਦੇ ਹੱਲ ਵਿਚ ਜਿੰਨੀ ਰੁਚੀ ਪਾਕਿਸਤਾਨ ਦੀ ਹੈ ਉਸ ਤੋਂ ਜ਼ਿਆਦਾ ਭਾਰਤ ਦੀ ਹੈ। ਇਸ ਮੁੱਦੇ 'ਤੇ ਦੋਵੇਂ ਦੇਸ਼ 3 ਸਾਲ ਪਹਿਲਾਂ ਜਿਸ ਮੁਕਾਮ ਤੱਕ ਪਹੁੰਚੇ ਸਨ ਹੁਣ ਉਥੋਂ ਅੱਗੇ ਵਧਣ ਦੀ ਜ਼ਰੂਰਤ ਹੈ। ਅੱਜ ਕੱਲ੍ਹ ਪਾਕਿਸਤਾਨ ਵਿਚ ਪਾਣੀ ਦਾ ਏਨਾ ਵੱਡਾ ਸੰਕਟ ਆ ਗਿਆ ਹੈ ਕਿ ਉਹ ਵੀ ਭਾਰਤ ਦੇ ਮੱਥੇ ਮੜ੍ਹਿਆ ਜਾ ਰਿਹਾ ਹੈ।



ਪਾਕਿਸਤਾਨ ਦੇ ਲੋਕਾਂ ਨੂੰ ਇਹ ਕਹਿ ਕੇ ਵਰਚਾਅ ਦਿੱਤਾ ਗਿਆ ਹੈ ਕਿ ਭਾਰਤ ਸਾਂਝੀਆਂ ਨਦੀਆਂ ਦਾ ਪਾਣੀ ਦੇਣ ਵਿਚ ਧਾਂਦਲੀ ਕਰ ਰਿਹਾ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰੀ ਨੇ ਇਸ ਗਲਤਫਹਿਮੀ ਨੂੰ ਦੂਰ ਕਰਨ ਦੀ ਕੋਸ਼ਿਸ਼ ਜ਼ਰੂਰ ਕੀਤੀ ਹੈ ਪਰ ਜੇ ਹੁਣ ਭਾਰਤ ਵਲੋਂ ਇਸ ਮਾਮਲੇ ਵਿਚ ਜ਼ੋਰਦਾਰ ਢੰਗ ਨਾਲ ਸਫਾਈ ਨਹੀਂ ਦਿੱਤੀ ਗਈ ਤਾਂ ਉਥੋਂ ਦੇ ਭਾਰਤ ਵਿਰੋਧੀ ਤੱਤਾਂ ਨੂੰ ਪਾਕਿਸਤਾਨੀ ਜਨਤਾ ਨੂੰ ਗੁੰਮਰਾਹ ਕਰਨ ਦਾ ਮੌਕਾ ਮਿਲ ਸਕਦਾ ਹੈ। ਪਾਕਿਸਤਾਨੀ ਪ੍ਰਧਾਨ ਮੰਤਰੀ ਯੂਸਬ ਰਜ਼ਾ ਗਿਲਾਨੀ ਨੇ ਇਸ ਵਾਰ ਬਲੋਚਿਸਤਾਨ ਦਾ ਵੀ ਜ਼ਿਕਰ ਨਹੀਂ ਕੀਤਾ। ਭਾਰਤ ਲਈ ਇਹ ਕਾਫੀ ਭੜਕਾਊ ਮੁੱਦਾ ਹੈ। ਸ਼ਰਮ-ਅਲ-ਸ਼ੇਖ ਦੇ ਡੁੱਬਣ ਵਿਚ ਇਸ ਮੁੱਦੇ ਦਾ ਵਿਸ਼ੇਸ਼ ਯੋਗਦਾਨ ਸੀ। ਏਧਰ ਪਾਕਿਸਤਾਨੀ ਨੇਤਾਵਾਂ ਨੇ ਇਹ ਦੋਸ਼ ਲਗਾਉਣਾ ਵੀ ਬੰਦ ਕਰ ਦਿੱਤਾ ਹੈ ਕਿ ਅਫਗਾਨਿਸਤਾਨ ਵਿਚ ਭਾਰਤੀ ਦੂਤਾਵਾਸ ਤੋਂ ਪਾਕਿਸਤਾਨ ਦੇ ਵਿਰੁਧ ਜਾਸੂਸੀ ਕੀਤੀ ਜਾ ਰਹੀ ਹੈ। ਅਜ਼ਮਲ ਕਸਾਬ ਨੂੰ ਪਾਕਿਸਤਾਨ ਭਿਜਵਾਉਣ ਦੀ ਗੱਲ ਉਥੋਂ ਦੀ ਅਦਾਲਤ ਨੇ ਤਾਂ ਕਹੀ ਪਰ ਇਹ ਉਤੇਜਨਾ ਭਰਪੂਰ ਗੱਲ ਥਿੰਪੂ ਵਿਚ ਪਾਕਿਸਤਾਨ ਦੇ ਨੇਤਾਵਾਂ ਨੇ ਨਹੀਂ ਦੁਹਰਾਈ। ਇਸ ਦੇ ਉਲਟ ਭਾਰਤੀ ਪ੍ਰਧਾਨ ਨੇ ਲਸ਼ਕਰ ਏ ਤੋਇਬਾ ਦੇ ਨੇਤਾਵਾਂ ਅਤੇ ਮੁੰਬਈ ਦੇ ਦੋਸ਼ੀਆਂ ਵਿਰੁਧ ਠੋਸ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਇਹ ਕਹਿਣ 'ਚ ਵੀ ਕੋਈ ਕੁਤਾਹੀ ਨਹੀਂ ਵਰਤੀ ਕਿ ਦੋਵਾਂ ਦੇਸ਼ਾਂ ਵਿਚ ਆਪਸੀ ਵਿਸ਼ਵਾਸ ਦੀ ਕਮੀ ਹੈ। ਇਹ ਕਮੀ ਉਦੋਂ ਹੀ ਦੂਰ ਹੋ ਸਕਦੀ ਹੈ ਜਦ ਪਾਕਿਸਤਾਨ ਆਪਣੀ ਜ਼ਮੀਨ ਤੋਂ ਅਤਿਵਾਦ ਦੇ ਸਾਰੇ ਤਾਣੇ-ਬਾਣੇ ਨੂੰ ਖਤਮ ਕਰੇ। ਸਿਰਫ ਉਸ ਅਤਿਵਾਦ ਦੇ ਤਾਣੇ-ਬਾਣੇ ਨੂੰ ਹੀ ਨਹੀਂ, ਜੋ ਪਾਕਿਸਤਾਨ ਅਤੇ ਅਮਰੀਕਾ ਨੂੰ ਆਪਣਾ ਨਿਸ਼ਾਨਾ ਬਣਾ ਰਿਹਾ ਹੈ ਬਲਕਿ ਉਸ ਨੂੰ ਵੀ ਜਿਸ ਦਾ ਮੁੱਖ ਨਿਸ਼ਾਨਾ ਭਾਰਤ ਹੈ, ਇਸ ਦਿਸ਼ਾ 'ਚ ਪਾਕਿਸਤਾਨ ਨੇ ਕੁਝ ਕਦਮ ਜ਼ਰੂਰ ਚੁੱਕੇ ਹਨ। ਤਾਜ਼ਾ ਖਬਰ ਇਹ ਹੈ ਕਿ ਭਾਰਤ ਪਾਕਿ ਸੀਮਾ ਨਾਲ ਲਗਪਗ 1 ਲੱਖ ਫੌਜੀਆਂ ਨੂੰ ਹਟਾ ਕੇ ਵਜ਼ੀਰਸਤਾਨ ਆਦਿ ਵਿਚ ਭੇਜਿਆ ਜਾ ਰਿਹਾ ਹੈ। ਵਾਸਤਵ ਵਿਚ ਪਾਕਿਸਤਾਨ ਨੂੰ ਅਜਿਹਾ ਭਰੋਸਾ ਦਿਵਾਇਆ ਜਾਣਾ ਚਾਹੀਦਾ ਹੈ ਕਿ ਉਹ ਭਾਰਤ ਵਲੋਂ ਬਿਲਕੁਲ ਨਿਸ਼ਚਿੰਤ ਰਹੇ ਅਤੇ ਆਪਣੀ ਸਾਰੀ ਤਾਕਤ ਅਤਿਵਾਦ ਦੇ ਖਿਲਾਫ ਝੋਕ ਦੇਵੇ। ਅਤਿਵਾਦ ਦੇ ਖਿਲਾਫ ਲੜਨਾ ਭਾਰਤ ਦੇ ਪੱਖ ਵਿਚ ਲੜਨ ਦੇ ਬਰਾਬਰ ਹੀ ਹੈ। ਦੱਖਣ ਏਸ਼ੀਆ ਤੋਂ ਅਤਿਵਾਦ ਦਾ ਖਾਤਮਾ ਉਦੋਂ ਤੱਕ ਨਹੀਂ ਹੋ ਸਕਦਾ ਜਦ ਕਿ ਉਸ ਦੇ ਵਿਰੁਧ ਭਾਰਤ ਪਾਕਿਸਤਾਨ ਸੰਯੁਕਤ ਮੋਰਚਾ ਨਹੀਂ ਬਣੇਗਾ। ਇਸ ਮੋਰਚੇ ਦੀ ਪਹੁੰਚ ਕਾਬਲ ਤੱਕ ਹੋਣੀ ਚਾਹੀਦੀ ਹੈ। ਉਹ ਸਵੇਰੇ ਕਿੰਨੀ ਖੂਬਸੂਰਤ ਹੋਵੇਗੀ ਜਦ ਭਾਰਤ ਅਤੇ ਪਾਕਿਸਤਾਨ ਆਪਣੇ ਸਾਂਝੇ ਦੁਸ਼ਮਣ ਦੀ ਕਮਰ ਸਿਰਫ ਭਾਰਤ ਅਤੇ ਪਾਕਿਸਤਾਨ ਦੀ ਜ਼ਮੀਨ ਉਪਰ ਹੀ ਨਹੀਂ ਸਗੋਂ ਅਫਗਾਨਿਸਤਾਨ ਵਿਚ ਵੀ ਤੋੜਨਾ ਸ਼ੁਰੂ ਕਰ ਦੇਣਗੇ। ਅਤਿਵਾਦ ਦੀ ਅਸਲ ਜੜ੍ਹ ਅਫਗਾਨਿਸਤਾਨ ਵਿਚ ਹੀ ਹੈ। ਅਫਗਾਨਿਸਤਾਨ ਵਿਚ ਭਾਰਤ ਪਾਕਿਸਤਾਨ ਸੰਯੁਕਤ ਮੁਹਿੰਮ ਚੱਲੇ ਇਹ ਪਹਿਲ ਕਰਨ ਦੀ ਸਕੀਮ ਫਿਲਹਾਲ ਭਾਰਤੀ ਨੇਤਾਵਾਂ ਵਿਚ ਨਹੀਂ ਹੈ ਅਤੇ ਪਾਕਿਸਤਾਨ ਦੇ ਨੇਤਾਵਾਂ ਤੋਂ ਤਾਂ ਇਸ ਦੀ ਉਮੀਦ ਵੀ ਨਹੀਂ ਕੀਤੀ ਜਾ ਸਕਦੀ, ਪਰ ਜੇ ਭਾਰਤ ਇਹ ਪਹਿਲ ਨਹੀਂ ਕਰੇਗਾ ਤਾਂ ਕੌਣ ਕਰੇਗਾ? ਜੇ ਭਾਰਤ ਦੀ ਜਗ੍ਹਾ ਇਹ ਸਾਰਕ ਦੀ ਪਹਿਲ ਦਾ ਰੂਪ ਲੈ ਲਵੇ ਤਾਂ ਹੋਰ ਵੀ ਬਿਹਤਰ ਹੋਵੇਗਾ। ਸਾਰਕ ਜੇ ਅਤਿਵਾਦ ਨਾਲ ਲੜਨਾ ਚਾਹੁੰਦਾ ਹੈ ਤਾਂ ਉਹ ਅਜਿਹੀ ਪਹਿਲ ਕਿਉਂ ਨਹੀਂ ਕਰਦਾ। ਸਿਰਫ ਮਤੇ ਪਾਸ ਕਰ ਦੇਣ ਨਾਲ ਕੀ ਹੋਵੇਗਾ? ਥਿੰਪੂ ਸੰਵਾਦ ਤਦੇ ਅੱਗੇ ਵਧ ਸਕਦਾ ਹੈ ਜੇ ਗਿਲਾਨੀ ਦੇ ਕਹਿਣ ਉਪਰ ਪਾਕਿਸਤਾਨੀ ਫੌਜ ਅਤੇ ਆਈ ਐਸ ਆਈ ਦੀ ਮੋਹਰ ਲੱਗੇ। ਪਾਕਿਸਤਾਨ ਵਿਚ ਸੰਵਿਧਾਨ ਦੀ 18ਵੀਂ ਸੋਧ ਦੇ ਬਾਅਦ ਉਥੇ ਲੋਕਤੰਤਰੀ ਤਾਕਤਾਂ ਮਜ਼ਬੂਤ ਹੋਈਆਂ ਹਨ, ਇਹ ਮੰਨਿਆ ਜਾ ਰਿਹਾ ਹੈ। ਪਰ ਅਮਰੀਕੀ ਮਾਹਿਰਾਂ ਦਾ ਮੰਨਣਾ ਹੈ ਕਿ ਪਾਕਿਸਤਾਨ ਦੀ ਵਿਦੇਸ਼ ਨੀਤੀ ਉਪਰ ਹੁਣ ਵੀ ਫੌਜ ਦਾ ਪੂਰੀ ਤਰ੍ਹਾਂ ਕਬਜ਼ਾ ਹੈ। ਓਬਾਮਾ ਪ੍ਰਸ਼ਾਸਨ ਨੇ ਪਿਛਲੇ ਦਿਨੀਂ ਪਾਕਿਸਤਾਨ ਦੇ ਅਸਲੀ ਮਾਲਕ ਸੈਨਾਪਤੀ ਪ੍ਰਵੇਜ਼ ਕਿਆਨੀ ਨੂੰ ਵਾਸ਼ਿੰਗਟਨ ਬੁਲਾ ਕੇ ਉਸ ਨਾਲ ਸਿੱਧੀ ਗੱਲਬਾਤ ਕੀਤੀ ਸੀ।

ਅਗਰ ਪਾਕਿਸਤਾਨ ਦੇ ਨੇਤਾਵਾਂ ਦੀ ਸਹਿਮਤੀ ਹੋਵੇ ਤਾਂ ਕੀ ਫੌਜ ਦੇ ਮੁਖੀ ਅਤੇ ਆਈ.ਐਸ.ਆਈ. ਦੇ ਮੁਖੀ ਨਾਲ ਭਾਰਤ ਵੀ ਸਿੱਧੀ ਗੱਲਬਾਤ ਨਹੀਂ ਕਰ ਸਕਦਾ। ਪਾਕਿਸਤਾਨੀ ਲੋਕਤੰਤਰ ਨੂੰ ਮਜ਼ਬੂਤ ਬਣਾਉਣ ਲਈ ਜ਼ਰੂਰੀ ਹੈ ਕਿ ਨੇਤਾਵਾਂ ਦੇ ਫੈਸਲਿਆਂ ਉਪਰ ਫੌਜ ਦੀ ਮੋਹਰ ਲਗਾਈ ਜਾਵੇ। ਜੇ ਪਾਕਿਸਤਾਨੀ ਫੌਜ ਦੇ ਦਿਮਾਗ ਤੋਂ ਭਾਰਤ ਦਾ ਭੈਅ ਹਟਾ ਦਿੱਤਾ ਜਾਵੇ ਤਾਂ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਸਹਿਜ ਹੋਣ ਵਿਚ ਜ਼ਰਾ ਵੀ ਦੇਰ ਨਹੀਂ ਲੱਗੇਗੀ। ਫੌਜੀ ਨੇਤਾਵਾਂ ਦੇ ਨਾਲ ਸਿੱਧੇ ਸਬੰਧ ਤੋਂ ਬਿਨਾਂ ਇਹ ਭੈਅ ਕਿਸ ਤਰ੍ਹਾਂ ਹਟੇਗਾ। ਮਨਮੋਹਨ-ਗਿਲਾਨੀ ਸੰਵਾਦ ਦੀ ਤਾਰ ਬਹੁਤ ਪਤਲੀ ਹੈ। ਕਿਧਰੇ ਕੋਈ ਅਤਿਵਾਦੀ ਘਟਨਾ ਘਟੀ ਨਹੀਂ ਤੇ ਉਹ ਕੜੱਕ ਕਰਕੇ ਟੁੱਟੀ ਨਹੀਂ। ਭਾਰਤ ਵਿਚ ਮੰਨਿਆ ਜਾਵੇਗਾ ਕਿ ਪਾਕਿਸਤਾਨ ਦੋ-ਮੂੰਹਾਂ ਹੈ। ਉਸ ਦਾ ਰਾਜਨੀਤਕ ਮੂੰਹ ਸ਼ਾਂਤੀ ਦੀ ਗੱਲ ਕਰਦਾ ਹੈ ਅਤੇ ਫੌਜੀ ਮੂੰਹ ਅਤਿਵਾਦ ਵਾਲੀ ਅੱਗ ਉਗਲਦਾ ਹੈ। ਇਸ ਲਈ ਜ਼ਰੂਰੀ ਹੈ ਕਿ ਭਾਰਤ-ਪਾਕਿਸਤਾਨ ਸੰਵਾਦ ਦੇ ਦਾਇਰੇ ਨੂੰ ਥੋੜ੍ਹਾ ਹੋਰ ਚੌੜਾ ਕੀਤਾ ਜਾਵੇ। ਅਗਰ ਪਾਕਿਸਤਾਨ ਦੇ ਸੰਪੂਰਨ ਸੱਤਾ ਵਰਗ ਨਾਲ ਭਾਰਤ ਸਿੱਧੀ ਗੱਲਬਾਤ ਕਰੇ ਤਾਂ ਦੱਖਣ ਏਸ਼ੀਆ ਦੀ ਰਾਜਨੀਤੀ ਵਿਚ ਬੁਨਿਆਦੀ ਤਬਦੀਲੀ ਵਾਪਰ ਸਕਦੀ ਹੈ। ਦੱਖਣੀ ਏਸ਼ੀਆ ਵਿਚ ਨਕਲੀ ਸ਼ਕਤੀ ਸੰਤੁਲਨ ਬਣਨੇ ਅੰਨ੍ਹੇ ਦੀ ਥੇਹ ਫੌਜੀ ਖਰਚ ਵਧਣੇ ਬਾਹਰੀ ਸ਼ਕਤੀਆਂ ਦੀ ਦਖਲਅੰਦਾਜ਼ੀ ਕਰਵਾਉਣੀ ਅਤੇ ਇਕ ਦੂਜੇ ਦੀਆਂ ਟੰਗਾਂ ਖਿੱਚਣ ਤੋਂ ਮੁਕਤੀ ਮਿਲੇਗੀ। ਜੇ ਜਰਮਨੀ ਅਤੇ ਫਰਾਂਸ ਜਿਹੇ ਜਾਨੀ ਦੁਸ਼ਮਣ ਆਪਣੀਆਂ ਪੁਰਾਣੀਆਂ ਲੜਾਈਆਂ ਨੂੰ ਭੁੱਲ ਸਕਦੇ ਹਨ ਅਤੇ ਯੂਰਪੀਨ ਸੰਘ ਬਣਾ ਸਕਦੇ ਹਨ ਇਸ ਤੋਂ ਇਲਾਵਾ ਇੰਡੋਨੇਸ਼ੀਆ ਅਤੇ ਮਲੇਸ਼ੀਆ ਜਿਹੇ ਵਿਰੋਧੀ ਦੇਸ਼ ਆਪਸੀ ਸਾਂਝ ਪੈਦਾ ਕਰ ਸਕਦੇ ਹਨ ਤਾਂ ਭਾਰਤ ਅਤੇ ਪਾਕਿਸਤਾਨ ਤਾਂ ਹਜ਼ਾਰਾਂ ਸਾਲਾਂ ਤੋਂ ਇਕ ਦੂਜੇ ਦਾ ਹਿੱਸਾ ਰਹੇ ਹਨ। ਉਹ ਆਪਣੀ 60-70 ਸਾਲ ਦੀ ਕੱਟੜਤਾ ਨੂੰ ਪਾਸੇ ਰੱਖ ਕੇ ਇਕੱਠੇ ਕਿਉਂ ਨਹੀਂ ਤੁਰ ਸਕਦੇ? ਥਿੰਪੂ ਦਾ ਸੰਵਾਦ ਅਗਰ ਇਸ ਸਵਾਲ ਨੂੰ ਜਗਾ ਸਕੇ ਤਾਂ 16ਵਾਂ ਸਾਰਕ ਸੰਮੇਲਨ ਆਪਣੇ ਆਪ ਇਤਿਹਾਸਕ ਹੋ ਸਕਦਾ ਹੈ।

# ਭਾਰਤ ਵਿਚ ਲਗਾਤਾਰ ਵਧਦਾ ਜਾ ਰਿਹਾ ਘਪਲਿਆਂ ਦਾ ਸਿਲਸਿਲਾ

**ਬਲਬੀਰ ਪੁੰਜ**

ਮੀਡੀਆ ਨੂੰ ਲੋਕਤੰਤਰ ਦਾ ਚੌਕਸ ਪਹਿਰੇਦਾਰ ਕਿਹਾ ਜਾਂਦਾ ਹੈ ਪਰ ਵਪਾਰੀਕਰਨ ਕਾਰਨ ਇਸ ਦੇ ਕੰਮਕਾਜ ਅਤੇ ਤਰਜੀਹਾਂ ਵਿਚ ਬਹੁਤ ਵੱਡੀ ਤਬਦੀਲੀ ਆਈ ਹੈ। ਵਧਦੀ ਮਹਿੰਗਾਈ ਤੋਂ ਆਮ ਜਨਤਾ ਦੁਖੀ ਹੋਵੇ ਜਾਂ ਅਤਿਵਾਦ ਅਤੇ ਨਕਸਲੀ ਹਿੰਸਾ ਨਾਲ ਦੇਸ਼ ਦੇ ਕਈ ਹਿੱਸੇ ਲਹੂ-ਲੁਹਾਣ ਹੋਣ, ਮੀਡੀਆ ਦੀਆਂ ਤਰਜੀਹਾਂ 'ਚ ਹੋਰ ਖਬਰਾਂ ਅਹਿਮ ਸਥਾਨ ਹਾਸਲ ਕਰ ਰਹੀਆਂ ਹਨ।

ਪਿਛਲੇ ਦਿਨੀਂ ਟੈਨਿਸ ਖਿਡਾਰਨ ਸਾਨੀਆ ਮਿਰਜ਼ਾ ਦਾ ਨਿਕਾਹ ਕਈ ਦਿਨਾਂ ਤੱਕ ਸੁਰਖੀਆਂ ਵਿਚ ਰਿਹਾ। ਫਿਰ ਆਈ.ਪੀ.ਐਲ. ਵਿਵਾਦ ਚੱਲਿਆ ਤਾਂ ਕਈ ਦਿਨਾਂ ਤੱਕ ਉਸ 'ਤੇ ਹੀ ਚਰਚਾ ਹੁੰਦੀ ਰਹੀ। ਲੋਕਹਿੱਤ ਵਿਚ ਕਿਸੇ ਵਿਸ਼ੇ ਨੂੰ ਛਾਪਣਾ ਜੇ ਮੀਡੀਆ ਦੀ ਜ਼ਿੰਮੇਵਾਰੀ ਹੈ ਤਾਂ ਉਸ ਨੂੰ ਆਖਰੀ ਅੰਜਾਮ ਤਕ ਪਹੁੰਚਾਉਣਾ ਉਸ ਤੋਂ ਵੀ ਵੱਡੀ ਜ਼ਿੰਮੇਵਾਰੀ ਹੈ। ਵਪਾਰੀਕਰਨ ਹੋਣ ਕਰਕੇ ਇਹ ਚਿੰਤਾ ਘੱਟ ਹੁੰਦੀ ਨਜ਼ਰ ਆ ਰਹੀ ਹੈ।

ਇਕ ਤੋਂ ਬਾਅਦ ਇਕ ਵੱਡੇ-ਵੱਡੇ ਘਪਲੇ ਨਿੱਤ ਦੇਸ਼ ਦੇ ਸਾਹਮਣੇ ਆ ਰਹੇ ਹਨ। ਪਿਛਲੇ ਹਫਤੇ ਖੇਡਾਂ ਦੇ ਨਾਂ 'ਤੇ ਦੇਸ਼ ਦੇ ਅਰਥਚਾਰੇ ਅਤੇ ਲੋਕਾਂ ਦੇ ਖੇਡ-ਪ੍ਰੇਮ ਨਾਲ ਜੋ ਖਿਲਵਾੜ ਕੀਤਾ ਗਿਆ ਉਸ ਦਾ ਖੁਲਾਸਾ ਹੋਇਆ। ਮਨੋਰੰਜਨ ਦੇ ਨਾਂ 'ਤੇ ਕਿਸ ਤਰ੍ਹਾਂ ਕਾਲੇ ਧਨ ਨੂੰ ਚਿੱਟਾ ਕੀਤਾ ਗਿਆ ਅਤੇ ਕਿਸ ਤਰ੍ਹਾਂ ਬੇਨਾਮੀ ਨਿਵੇਸ਼ ਕੀਤੇ ਗਏ-ਸਭ ਦੇਸ਼ ਦੇ ਸਾਹਮਣੇ ਹੈ। ਨਿਵੇਸ਼ਕਾਂ ਵਿਚ ਦੁਬਈ ਦੇ ਮਾਫੀਆ ਸਰਗਣਿਆਂ ਤੱਕ ਦਾ ਨਾਂ ਸਾਹਮਣੇ ਆ ਰਿਹਾ ਹੈ।

ਅਜੇ ਪੂਰੇ ਘਪਲੇ ਦੀ ਜਾਂਚ ਹੋ ਰਹੀ ਹੈ ਪਰ ਆਈ.ਪੀ.ਐਲ. ਇਕੱਲਾ ਅਜਿਹਾ ਮਾਮਲਾ ਨਹੀਂ। ਹਰੇਕ ਬਦਲਦੇ ਮੌਸਮ ਨਾਲ ਇਕ ਵੱਡਾ ਘਪਲਾ ਸਾਹਮਣੇ ਆ ਜਾਂਦਾ ਹੈ। ਦਿਹਾਤੀ ਸਿਹਤ ਮਿਸ਼ਨ ਦੇ ਨਾਂ 'ਤੇ ਕੀਤਾ ਜਾਣ ਵਾਲਾ ਅਜਿਹਾ ਹੀ ਇਕ ਵੱਡਾ ਘਪਲਾ ਹੁਣੇ-ਹੁਣੇ ਪਕੜ 'ਚ ਆਇਆ ਹੈ। ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਮੁਖੀ ਕੇਤਨ ਦੇਸਾਈ ਲੰਮੇ ਸਮੇਂ ਤੋਂ ਅਰਬਾਂ ਰੁਪਏ ਦੀ ਕਾਲੀ ਕਮਾਈ ਕਰ ਰਹੇ ਸਨ।


ਪਿਛਲੇ ਸਾਲ ਸੱਤਿਅਮ ਘਪਲਾ ਸੁਰਖੀਆਂ ਵਿਚ ਰਿਹਾ। ਸੱਤਿਅਮ ਦੇ ਬਾਨੀ ਅਤੇ ਚੇਅਰਮੈਨ ਰਾਮਲਿੰਗਮ ਰਾਜੂ ਇਸ ਦੇ ਸੂਤਰਧਾਰ ਸਨ। ਸੱਤਿਅਮ ਨੇ ਦੇਸ਼ ਦੇ ਅਰਥਚਾਰੇ ਨੂੰ ਹਜ਼ਾਰਾਂ ਕਰੋੜ ਰੁਪਏ ਦਾ ਚੂਨਾ ਲਗਾਇਆ। ਰਾਜੂ ਦੀ ਗ੍ਰਿਫਤਾਰੀ ਤੋਂ ਬਾਅਦ ਆਡਿਟਰਾਂ ਦੀ ਭੂਮਿਕਾ ਵੀ ਸ਼ੱਕ ਦੇ ਘੇਰੇ ਵਿਚ ਆ ਗਈ। ਆਡਿਟਰਾਂ ਦੀ ਰੈਗੂਲੇਟਰੀ ਸੰਸਥਾ ਨੇ ਇਸ ਘਪਲੇ ਵਿਚ ਸ਼ਾਮਲ ਆਡਿਟਰਾਂ 'ਤੇ ਕਾਰਵਾਈ ਤਾਂ ਕੀਤੀ ਪਰ ਅਜਿਹੀਆਂ ਕਈ ਹੋਰ ਮਿਸਾਲਾਂ ਵੀ ਹਨ ਜਿਥੇ ਆਡਿਟਰਾਂ ਦੀ ਮਿਲੀਭੁਗਤ ਨਾਲ ਕੰਪਨੀਆਂ ਸਰਕਾਰੀ ਖਜ਼ਾਨੇ ਨੂੰ ਲਗਾਤਾਰ ਚੂਨਾ ਲਗਾ ਰਹੀਆਂ ਹਨ।

ਮੀਡੀਆ ਵਿਚ ਸਮੇਂ-ਸਮੇਂ ਰੈਗੂਲੇਟਰੀ ਏਜੰਸੀਆਂ ਦੇ ਗੋਰਖਧੰਦੇ ਵੀ ਜ਼ਾਹਿਰ ਹੁੰਦੇ ਰਹੇ ਹਨ। ਸੀਨੀਅਰ ਕਾਂਗਰਸੀ ਨੇਤਾ ਅਰਜੁਨ ਸਿੰਘ ਦੇ ਮਨੁੱਖੀ ਸੋਮਿਆਂ ਦੇ ਵਿਕਾਸ ਬਾਰੇ ਮੰਤਰੀ ਹੁੰਦਿਆਂ 32 ਪ੍ਰਾਈਵੇਟ ਵਿੱਦਿਅਕ ਅਦਾਰਿਆਂ ਨੂੰ 'ਡੀਮਡ ਯੂਨੀਵਰਸਿਟੀ' ਦਾ ਦਰਜਾ ਦਿੱਤਾ ਗਿਆ ਸੀ। ਰਿਉੜੀਆਂ ਵੰਡਣ ਦੀ ਇਸ ਖੇਡ ਦਾ ਹੁਣ ਭਾਂਡਾ ਭੱਜ ਚੁੱਕਾ ਹੈ ਅਤੇ ਇਸ ਨਾਲ ਯੂ.ਜੀ.ਸੀ. ਵੀ ਸ਼ੱਕ ਦੇ ਘੇਰੇ ਵਿਚ ਹੈ।

ਤਕਨੀਕੀ ਸਿੱਖਿਆ ਦੀ ਰੈਗੂਲੇਟਰੀ ਸੰਸਥਾ 'ਆਲ ਇੰਡੀਆ ਕੌਂਸਲ ਆਫ ਟੈਕਨੀਕਲ ਐਜੂਕੇਸ਼ਨ' ਦੇ ਮੁਖੀ ਰਾਮ ਅਵਤਾਰ ਯਾਦਵ ਤੇ ਸਕੱਤਰ ਨਰਾਇਣ ਰਾਓ ਸ਼ੱਕੀ ਵਿੱਦਿਅਕ ਅਦਾਰਿਆਂ ਨੂੰ ਗਲਤ ਢੰਗ ਨਾਲ 'ਦਰਜੇ' (ਮਾਨਤਾ) ਦੇਣ ਦੇ ਦੋਸ਼ੀ ਪਾਏ ਗਏ।

ਹਰ ਦੂਜੇ ਦਿਨ ਮੀਡੀਆ ਵਿਚ ਅਜਿਹੇ ਘਪਲਿਆਂ ਅਤੇ ਘਪਲੇਬਾਜ਼ਾਂ ਦਾ ਖੁਲਾਸਾ ਹੁੰਦਾ ਹੈ। ਹੁਣੇ-ਹੁਣੇ ਕੌਂਸਲ ਆਫ ਆਰਕੀਟੈਕਚਰ ਵਿਰੁਧ ਵੀ ਅਜਿਹਾ ਹੀ ਮਾਮਲਾ ਸਾਹਮਣੇ ਆਇਆ ਹੈ। ਅਖਬਾਰਾਂ ਮੁਤਾਬਿਕ ਵਿਸ਼ਵ ਪ੍ਰਸਿੱਧ ਚਾਰਲਸ ਕੋਰੀਆ ਨਾਲ ਕੰਮ ਕਰ ਰਹੇ 28 ਆਰਕੀਟੈਕਟਾਂ ਨੇ ਉਪਰੋਕਤ ਰੈਗੂਲੇਟਰੀ ਸੰਸਥਾ ਦੇ ਕੰਮਕਾਜ ਵਿਰੁਧ ਭਾਰਤ ਸਰਕਾਰ ਨੂੰ ਸ਼ਿਕਾਇਤ ਕੀਤੀ ਹੈ। ਅਸਲ ਵਿਚ ਭ੍ਰਿਸ਼ਟਾਚਾਰ ਅਤੇ ਗੋਰਖ ਧੰਦਿਆਂ ਦਾ ਇਹ ਕਾਰੋਬਾਰ ਸਾਡੇ ਸਿਸਟਮ 'ਚ ਆਪਣੀਆਂ ਜੜ੍ਹਾਂ ਬਹੁਤ ਡੂੰਘੀਆਂ ਜਮਾ ਚੁੱਕਾ ਹੈ।

**ਦੂਰਸੰਚਾਰ ਘਪਲਾ:** ਦੂਰਸੰਚਾਰ ਮੰਤਰੀ ਏ. ਰਾਜਾ ਦੇ ਪਹਿਲੇ ਕਾਰਜਕਾਲ ਵਿਚ ਵੀ ਉਨ੍ਹਾਂ 'ਤੇ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ ਲੱਗੇ ਸਨ। ਦੂਜੀ ਪਾਰੀ ਵਿਚ ਵੀ ਉਨ੍ਹਾਂ ਤੇ ਟੂ ਜੀ ਸਪੈਕਟ੍ਰਮ ਟੈਲੀਕਾਮ ਕੰਪਨੀਆਂ ਨੂੰ ਨਾਜਾਇਜ਼ ਢੰਗ ਨਾਲ ਆਰਥਿਕ ਸਹਾਇਤ ਦੇਣ ਦਾ ਦੋਸ਼ ਹੈ। ਪਿਛਲੇ ਸਾਲ ਉਨ੍ਹਾਂ 'ਤੇ ਨਵੇਂ ਟੈਲੀਕਾਮ ਲਾਇਸੈਂਸ 2009 ਵਿਚ ਮਿੱਥੀਆਂ ਦਰਾਂ 'ਤੇ ਵੇਚਣ ਦਾ ਦੋਸ਼ ਲੱਗਾ ਸੀ। 2009 'ਚ ਉਦੋਂ ਮੋਬਾਈਲ ਫੋਨ ਨੈਟਵਰਕ ਅਜੇ ਵਿਸਤਾਰ ਕਰ ਹੀ ਰਿਹਾ ਸੀ। 8 ਟੈਲੀਕਾਮ ਕੰਪਨੀਆਂ ਨੂੰ ਟੂ ਜੀ ਸਪੈਕਟ੍ਰਮ ਨੂੰ ਪੁਰਾਣੀਆਂ ਦਰਾਂ 'ਤੇ ਵੇਚਣ ਕਾਰਨ ਸਰਕਾਰੀ ਖਜ਼ਾਨੇ ਨੂੰ ਲਗਪਗ 60 ਹਜ਼ਾਰ ਕਰੋੜ ਰੁਪਏ ਦਾ ਚੂਨਾ ਲੱਗਾ।



ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਯੂ.ਪੀ.ਏ.-2 ਨੇ ਇਨਕਮ ਟੈਕਸ ਵਿਭਾਗ ਨੂੰ ਆਈ.ਪੀ.ਐਲ. ਵਿਰੁਧ ਕਾਰਵਾਈ ਕਰਨ ਦੀ ਖੁਲ੍ਹੀ ਛੋਟ ਦੇ ਦਿੱਤੀ ਹੈ ਪਰ ਇੰਨੇ ਨਾਲ ਹੀ ਤਾਂ ਸਰਕਾਰ ਦੀ ਜਵਾਬਦੇਹੀ ਖਤਮ ਨਹੀਂ ਹੋ ਜਾਂਦੀ। ਆਈ.ਪੀ.ਐਲ. ਵਿਚ ਟੀਮਾਂ ਦੀ ਖਰੀਦੋ-ਫਰੋਖਤ ਪਿਛਲੇ ਕੁਝ ਸਮੇਂ ਤੋਂ ਜਾਰੀ ਸੀ ਤੇ ਹਜ਼ਾਰ ਕਰੋੜ ਰੁਪਏ 'ਚ ਖੇਡ ਅਤੇ ਖਿਡਾਰੀਆਂ ਨੂੰ ਵਿਕਦੇ ਸਾਰਿਆਂ ਨੇ ਦੇਖਿਆ। ਇਨਕਮ ਟੈਕਸ ਵਿਭਾਗ ਨੇ ਉਨ੍ਹਾਂ ਖਰੀਦਦਾਰਾਂ ਦੀ ਕੁੰਡਲੀ ਲੱਭਣ ਦੀ ਲੋੜ ਉਦੋਂ ਕਿਉਂ ਨਹੀਂ ਸਮਝੀ। ਇੰਨਾ ਧਨ ਕਿੱਥੋਂ ਆਇਆ? ਜਦੋਂ ਆਈ.ਪੀ.ਐਲ. ਦੀਆਂ ਬੇਨਿਯਮੀਆਂ ਕਰਨ ਵਾਲਿਆਂ 'ਚ ਕਾਂਗਰਸ ਦੇ ਇਕ ਚਹੇਤੇ ਮੰਤਰੀ ਫਸੇ ਤਾਂ ਇਨਕਮ ਟੈਕਸ ਵਿਭਾਗ ਅਚਾਨਕ ਸਰਗਰਮ ਕਿਉਂ ਹੋ ਗਿਆ?

ਬੋਫਰਜ਼ ਦਲਾਲੀ ਕਾਂਡ ਤੋਂ ਬਾਅਦ ਕਾਂਗਰਸ ਦੀ ਅਗਵਾਈ ਵਾਲੀਆਂ ਕੇਂਦਰ ਅਤੇ ਸੂਬਿਆਂ ਦੀਆਂ ਸਰਕਾਰਾਂ 'ਤੇ ਘਪਲਿਆਂ ਦੇ ਕਈ ਦੋਸ਼ ਸਾਹਮਣੇ ਆਉਂਦੇ ਰਹੇ ਹਨ। ਬੋਫਰਜ਼ ਦਲਾਲੀ ਕਾਂਡ, ਹਰਸ਼ਦ ਮਹਿਤਾ ਦਾ ਸ਼ੇਅਰ ਬਾਜ਼ਾਰ ਘਪਲਾ, ਭਰਤ ਸ਼ਾਹ ਘਪਲਾ, ਪੰਡਿਤ ਸੁਖਰਾਮ ਦੇ ਹਿਮਾਚਲ 'ਚ ਸਥਿਤ ਘਰ ਵਿਚੋਂ ਅਰਬਾਂ ਦੀ ਬੇਨਾਮੀ ਰਕਮ ਦਾ ਬਰਾਮਦ ਹੋਣਾ, ਨਰਸਿਮ੍ਹਾ ਰਾਓ ਸਰਕਾਰ 'ਚ ਭਰੋਸੇ ਦੀ ਵੋਟ ਲਈ ਸੰਸਦ ਮੈਂਬਰਾਂ ਨੂੰ ਰਿਸ਼ਵਤ ਦੇਣਾ, ਅਬਦੁਲ ਕਰੀਮ ਤੇਲਗੀ ਦਾ ਅਸ਼ਟਾਮ ਘਪਲਾ, ਅਰਜੁਨ ਸਿੰਘ ਦੇ ਕਾਰਜਕਾਲ ਵਿਚ ਵਿੱਦਿਅਕ ਅਦਾਰਿਆਂ ਦੇ ਨਾਂ 'ਤੇ ਕੀਤੀ ਗਈ ਘਪਲੇਬਾਜ਼ੀ ਆਦਿ ਘਪਲਿਆਂ ਦੀ ਸੂਚੀ ਲੰਮੀ ਹੈ।

ਪੰਡਿਤ ਜਵਾਹਰ ਲਾਲ ਨਹਿਰੂ ਦੇ ਕਾਰਜਕਾਲ ਵਿਚ ਸਰਕਾਰੀ ਅਹੁਦੇ ਦੀ ਦੁਰਵਰਤੋਂ ਦਾ ਪਹਿਲਾ ਦੋਸ਼ ਟੀ.ਟੀ. ਕ੍ਰਿਸ਼ਨਮਾਚਾਰੀ 'ਤੇ ਲੱਗਾ ਸੀ. ਉਦੋਂ ਪੰਡਿਤ ਨਹਿਰੂ ਨੂੰ ਕ੍ਰਿਸ਼ਨਮਾਚਾਰੀ ਤੋਂ ਅਸਤੀਫਾ ਲੈਣਾ ਪਿਆ ਸੀ। ਪਰ ਨਹਿਰੂ ਦੀ ਧੀ ਇੰਦਰਾ ਗਾਂਧੀ ਨੇ ਸਮਾਜਵਾਦ ਅਤੇ ਸੈਕੂਲਰਵਾਦ ਦੇ ਨਾਂ 'ਤੇ ਭ੍ਰਿਸ਼ਟਾਚਾਰ ਨੂੰ ਖੂਬ ਹੱਲਾਸ਼ੇਰੀ ਦਿੱਤੀ।


ਲੋਕਾਂ ਦੇ ਦਬਾਅ ਦੇ ਬਾਵਜੂਦ ਉਨ੍ਹਾਂ ਨੇ ਪਾਰਟੀ ਦੀ ਵਿੱਤ ਸੰਗ੍ਰਹਿਕ ਲਲਿਤ ਨਾਰਾਇਣ ਮਿਸ਼ਰਾ ਦਾ ਪਾਂਡੇਚਰੀ ਲਾਇਸੈਂਸ ਘਪਲਾ ਦਬਾਈ ਰੱਖਿਆ। ਬੋਫਰਜ਼ ਦਲਾਲੀ ਕਾਂਡ ਵਿਚ ਕਾਂਗਰਸ ਨੇ ਸੱਚ 'ਤੇ ਪਰਦਾ ਪਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਗਾਇਆ। ਆਪਣਾ ਅਕਸ ਬਚਾਉਣ ਲਈ ਉਸ ਨੇ ਸੰਸਦੀ ਜਾਂਚ ਕਮੇਟੀ ਕਾਇਮ ਕੀਤੀ ਪਰ ਉਹ ਆਪਣੀ ਸ਼ਾਖ ਨਹੀਂ ਬਚਾ ਸਕੀ। ਜਾਂਚ ਦੇ ਨਾਂ 'ਤੇ ਜੋ ਲੇਟ ਲਤੀਫੀ ਕੀਤੀ ਗਈ, ਉਸ ਨਾਲ ਉਨ੍ਹਾਂ ਦੋਸ਼ੀਆਂ ਨੂੰ ਕੁਝ ਸਮਾਂ ਜ਼ਰੂਰ ਮਿਲ ਗਿਆ ਤੇ ਉਹ ਦਲਾਲੀ ਦਾ ਪੈਸਾ ਇਕ ਤੋਂ ਦੂਜੇ ਖਾਤੇ ਵਿਚ ਅਤੇ ਇਕ ਦੇਸ਼ ਤੋਂ ਦੂਜੇ ਦੇਸ਼ ਵਿਚ ਤਬਦੀਲ ਕਰਨ 'ਚ ਸਫਲ ਰਹੇ। ਇਕ ਦਹਾਕੇ ਬਾਅਦ ਜਦੋਂ ਸ਼ੱਕੀ ਖਾਤਿਆਂ ਦੀ ਪਛਾਣ ਹੋਈ ਤਾਂ ਸੱਤਾ ਅਦਾਰੇ ਨੇ ਮੁੱਖ ਦੋਸ਼ੀ ਨੂੰ ਰਾਹਤ ਦੇਣ 'ਚ ਕੋਈ ਝਿਜਕ ਨਹੀਂ ਦਿਖਾਈ।

ਘਪਲਿਆਂ ਦਾ ਇਹ ਸਿਲਸਿਲਾ ਲਗਾਤਾਰ ਜਾਰੀ ਹੈ। ਪਿਛਲੇ ਦਿਨੀਂ ਗ੍ਰਹਿ ਮੰਤਰਾਲੇ ਦੇ ਸੰਯੁਕਤ ਸਕੱਤਰ ਓ. ਰਵੀ ਅਤੇ ਰਾਕੇਸ਼ ਰਸਤੋਗੀ ਨੂੰ ਇਕ ਡਿਸਟਲਰੀ ਮਾਲਕ ਨੂੰ 340 ਕਰੋੜ ਰੁਪਏ ਦੀ ਐਕਸਾਈਜ਼ ਡਿਊਟੀ ਦੇ ਗਬਨ ਦੇ ਦੋਸ਼ ਤੋਂ ਮੁਕਤ ਕਰਨ ਲਈ ਰਿਸ਼ਵਤ ਲੈਣ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਗਿਆ।

ਪੁਲਿਸ ਦੇ ਜਵਾਨਾਂ ਲਈ ਬੁਲੇਟਪਰੂਫ ਜੈਕੇਟਾਂ ਤੇ ਹੋਰ ਰੱਖਿਆ ਸਮੱਗਰੀ ਖਰੀਦਣ 'ਚ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਹਿ ਮੰਤਰਾਲੇ ਦੇ ਦੋ ਸੀਨੀਅਰ ਅਧਿਕਾਰੀਆਂ ਨੂੰ ਵੀ ਹੁਣੇ-ਹੁਣੇ ਗ੍ਰਿਫਤਾਰ ਕੀਤਾ ਗਿਆ ਹੈ। ਬਹੁਤ ਹੋ ਗਿਆ, ਲਗਾਤਾਰ ਵਧ ਰਹੇ ਭ੍ਰਿਸ਼ਟਾਚਾਰ 'ਤੇ ਰੋਕ ਲਗਾਉਣ ਲਈ ਹੁਣ ਜਨ ਜਾਗ੍ਰਿਤੀ ਤੋਂ ਇਲਾਵਾ ਮੀਡੀਆ ਦੀ ਹਾਂ-ਪੱਖੀ ਸਰਗਰਮੀ ਵੀ ਜ਼ਰੂਰੀ ਹੈ।

# ਚੌਗਿਰਦੇ ਦੀ ਤਬਾਹੀ; ਬੰਦਾ ਕਸੂਰਵਾਰ ਕਿ ਬਾਂਦਰ?

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਪਹੁ ਫੁਟਾਲਾ ਹੋ ਚੁੱਕਾ ਹੈ। ਪਹਾੜ ਦੀ ਗੁੱਠੋਂ ਸੂਰਜ ਦੀ ਸੰਧੂਰੀ ਰੰਗੀ ਟਿੱਕੀ ਦਿਖਾਈ ਦੇਣ 'ਚ ਹਾਲੇ ਕੁਝ ਪਲ ਹੋਰ ਲੱਗਣਗੇ। ਦੱਖਣ ਵਾਲੇ ਪਾਸੇ ਵਗਦੇ ਸਤਲੁਜ ਦਰਿਆ ਵਲੋਂ ਮੱਠੀ ਮੱਠੀ ਹਵਾ ਰੁਮਕ ਰਹੀ ਹੈ। ਅਠਖੇਲੀਆਂ ਕਰਦੇ ਜਾਪ ਰਹੇ ਹਵਾ ਦੇ ਕਿਸੇ ਕਿਸੇ ਬੁੱਲੇ ਵਿਚ ਜਾਮਣਾਂ ਦੇ ਬੂਰ ਅਤੇ ਨਿੰਮ ਦੇ ਖਿੜੇ ਹੋਏ ਨਿੱਕੇ-ਨਿੱਕੇ ਚਿੱਟੇ ਫੁੱਲਾਂ



ਦੀ ਰਲਵੀਂ ਮਿਲਵੀਂ ਭਿੰਨੀ ਭਿੰਨੀ ਖੁਸ਼ਬੋਈ ਵਿਸਮਾਦੀ ਤਰੰਗਾਂ ਛੇੜ ਰਹੀ ਪ੍ਰਤੀਤ ਹੁੰਦੀ ਹੈ। ਵੱਡੇ ਤੜਕੇ ਤੋਂ ਚਾਰ-ਚੁਫੇਰੇ ਦੇ ਪਿੰਡਾਂ 'ਚ ਵੱਜਦੇ ਨਹੀਂ, ਗੱਜਦੇ ਲਾਊਡ ਸਪੀਕਰ ਹੁਣ ਖਾਮੋਸ਼ ਹੋ ਚੁੱਕੇ ਨੇ। ਅੰਮ੍ਰਿਤ ਵੇਲੇ ਆਪਣੀ ਆਪਣੀ ਜ਼ੁਬਾਨ ਵਿਚ 'ਭਗਵਾਨ ਤੇਰੀ ਕੁਦਰਤ' ਕਹਿਣ ਵਾਲੇ ਪੰਛੀਆਂ ਜਨੌਰਾਂ ਨੇ ਸੁਖ ਦਾ ਸਾਹ ਲਿਆ ਹੋਵੇਗਾ ਕਿ ਸ਼ੁਕਰ ਹੈ, ਹੁਣ ਸਾਨੂੰ ਦਿਨ ਦੇ ਚੜ੍ਹਾਅ ਦੇ ਆਗਮਨ-ਗੀਤ ਗਾਉਣ ਦਾ ਮੌਕਾ ਮਿਲਿਆ ਹੈ! ਦਰਖਤਾਂ ਦੇ ਹਰੇ ਕਚੂਚ ਪੱਤਿਆਂ ਵਿਚੋਂ ਮਸਤੀ ਨਾਲ ਉਡਾਰੀਆਂ ਮਾਰਦੇ ਰੰਗ-ਬਰੰਗੇ ਪੰਛੀ, ਇਕ ਪਾਸਿਉਂ ਦੂਜੀ ਦਿਸ਼ਾ ਵੱਲ ਆ ਜਾ ਰਹੇ ਹਨ, ਚੀਂ-ਚੀਂ, ਚੂੰ-ਚੂੰ, ਗੁਟਰ-ਗੂੰ ਕਰਦੇ ਹੋਏ।

ਉੱਚੇ ਨੀਵੇਂ ਦਰਖਤਾਂ ਅਤੇ ਫੁੱਲਾਂ-ਫਲਾਂ ਵਾਲੇ ਵੇਲ ਬੂਟਿਆਂ ਦੇ ਝੁਰਮਟ 'ਚ ਸਥਿਤ ਘਰ ਦੀ ਜਿਸ ਉੱਤਲੀ ਮੰਜ਼ਲ ਦੇ ਕਮਰੇ ਵਿਚ ਇਹ ਸਤਰਾਂ ਲਿਖ ਰਿਹਾ ਹਾਂ, ਇਸ ਦੀ ਛੱਤ ਉਪਰ ਮੋਰ ਨੇ ਪੈਲ ਪਾਈ ਹੋਈ ਹੈ। ਕਿਸੇ ਚਿੜੀਆ-ਘਰ ਦੇ ਗੁਲਾਮ ਮੋਰ ਨੇ ਨਹੀਂ, ਸਗੋਂ ਆਜ਼ਾਦ ਫਿਜ਼ਾਵਾਂ ਵਿਚ ਉਡਾਰੀਆਂ ਮਾਰਨ ਵਾਲੇ 'ਆਜ਼ਾਦ' ਮੋਰ ਨੇ! ਜੈਕਾਰਾ ਗਜਾਉਣ ਵਾਂਗ ਪਹਿਲਾਂ ਇਸ ਨੇ ਗਰਜਵੀਂ ਸੁਰ ਵਿਚ 'ਕੁੱ-ਰ-ਰ, ਕੋ-ਕੋ-ਕੋ-ਕੋ" ਅਲਾਪਿਆ ਅਤੇ ਫਿਰ ਮੁੜਦੀ ਸਰਗਮ 'ਕਿਆਉਂ-ਕਿਆਂਉਂ-ਕਿਆਂਉਂ" ਦੀ ਗਾਈ। ਪੈਲ ਪਾਉਣ ਦੀ 'ਅਡਵਾਂਸ' ਪ੍ਰਕਿਰਿਆ ਸ਼ੁਰੂ ਕਰਕੇ, ਲੱਗ ਪਿਆ ਉਹ ਪ੍ਰਭਾਤ ਦੀ ਖੁਸ਼ੀ ਮਨਾਉਣ।

ਘੁਸ-ਮੁਸਾ ਨਿੱਖਰਦਾ ਜਾ ਰਿਹਾ ਹੈ। ਪਲ ਪਲ ਵਧਦੀ ਜਾ ਰਹੀ ਰੌਸ਼ਨੀ ਵਿਚ ਹੁਣ ਬੋਗਨਵਿਲੀਏ ਦੀਆਂ ਵੇਲਾਂ 'ਤੇ ਟਹਿਕਦੇ ਵੱਖ-ਵੱਖ ਰੰਗਾਂ ਦੇ ਫੁੱਲ ਸਾਫ ਦਿਖਾਈ ਦੇ ਰਹੇ ਹਨ। ਹਰੇ ਭਰੇ ਜਾਮਣ ਦੇ ਦਰਖਤ ਦੇ ਪੱਤਿਆਂ ਵਿਚ ਲੁਕੀ ਬੈਠੀ ਕੋਇਲ 'ਕੂਹ-ਕੂਹ' ਕਰਕੇ ਚੌਗਿਰਦੇ ਨੂੰ ਇਲਾਹੀ ਸੰਗੀਤ ਨਾਲ ਸਰਸ਼ਾਰ ਕਰ ਰਹੀ ਹੈ। ਗੁੜ੍ਹੀਆਂ ਲਾਲ ਚੁੰਝਾਂ ਵਾਲੇ ਹਰੇ ਤੋਤੇ ਵੀ ਇਧਰੋਂ ਉਧਰ ਉਡਦੇ ਹੋਏ ਖੁਲ੍ਹਾ ਆਕਾਸ਼ ਗਾਹ ਰਹੇ ਹਨ। 'ਚਿੜ-ਚਿੜ ਚੀਂ-ਚੀਂ' ਦੀ ਆਵਾਜ਼ ਸੁਣ ਕੇ ਚਿੜੀਆਂ ਦੀ ਹੋਂਦ ਦਾ ਅਹਿਸਾਸ ਵੀ ਹੋ ਰਿਹਾ ਹੈ।

ਕੁਦਰਤ ਵਲੋਂ ਸਾਜੇ ਹੋਏ ਇਸ ਬਹਿਸ਼ਤ ਜੈਸੇ ਮਾਹੌਲ ਵਿਚ, ਸਿਆਸੀ ਅਤੇ ਰਾਜਸੀ ਗਲਿਆਰਿਆਂ ਵਿਚ ਘੁਲਦੇ ਗੰਦ-ਮੰਦ ਜਾਂ ਦੁਨੀਆਦਾਰੀ ਦੇ ਰੋਣ-ਧੋਣ ਦੀਆਂ ਕੁਲੱਛਣੀਆਂ ਬਾਤਾਂ ਕਾਹਨੂੰ ਚਿਤਵਣੀਆਂ ਹਨ। ਵੱਖ-ਵੱਖ ਰੰਗਾਂ ਦੇ ਬਹੁ-ਭਾਂਤੀਆਂ ਸੁਗੰਧੀਆਂ ਛੱਡਦੇ ਫੁੱਲਾਂ ਦੀ ਬਗੀਚੀ ਵਿਚ ਬਹਿ ਕੇ, ਕੀ ਲੋੜ ਹੈ ਹੱਡਾ-ਰੋੜੀਆਂ ਦੇ ਫੋਲਣੇ ਫੋਲਣ ਦੀ? ਕਿਉਂ ਨਾ ਅੱਜ ਮਲਕੜੇ ਜਿਹੇ ਰੁਮਕਦੀ ਹਵਾ ਦੀ, ਦਰਖਤਾਂ ਨਾਲ ਹੁੰਦੀ ਗੱਲਬਾਤ ਸੁਣੀ ਜਾਵੇ।

ਨੇੜੇ ਹੋ ਕੇ ਇਹ ਅਦਭੁੱਤ ਨਜ਼ਾਰਾ ਤੱਕਿਆ ਜਾਵੇ ਕਿ ਨਵੀਆਂ ਕਰੂੰਬਲਾਂ ਦੇ ਲਿਸ਼ਕਦੇ ਪੱਤੇ 'ਪਵਣੁ ਗੁਰੂ' ਨਾਲ ਕਿਵੇਂ ਲਾਡ-ਲਡਈਆ ਕਰਦੇ ਨੇ!! ਇੱਕੋ ਤੂਤ 'ਤੇ ਬੈਠੇ ਕਈ ਕਿਸਮਾਂ ਦੇ ਪੰਛੀਆਂ ਨੂੰ, ਜ਼ਰਾ ਗਹੁ ਨਾਲ ਦੇਖੀਏ ਕਿ ਉਹ ਕਿਵੇਂ ਲਾਲ ਨੀਲੀਆਂ ਤੇ ਕਾਲੀਆਂ ਤੂਤੜੀਆਂ ਦੇ ਆਹੂ ਲਾਹੁੰਦੇ ਨੇ!!! ਜੀ ਕਰਦਾ ਹੈ ਅੱਜ ਸਦੀਆਂ ਤੋਂ ਆਪਣਾ ਵਿਰਸਾ ਹਿੱਕ ਨਾਲ ਲਾਈ ਰੱਖਣ ਵਾਲੇ, ਧਰਤੀ ਦੇ ਅਸਲ ਮਾਲਕ ਇਨ੍ਹਾਂ ਕਾਵਾਂ, ਤੋਤਿਆਂ, ਚਿੜੀਆਂ, ਗੁਲਹਿਰੀਆਂ, ਮੋਰਾਂ, ਕੋਇਲਾਂ ਅਤੇ ਇਨ੍ਹਾਂ ਦੇ ਰੈਣ-ਬਸੇਰੇ ਬਣਨ ਵਾਲੇ ਦਰਖਤਾਂ ਦੀਆਂ ਗੱਲਾਂ ਕੀਤੀਆਂ ਜਾਣ। ਉਤਲਾ ਸਾਰਾ ਦ੍ਰਿਸ਼-ਚਿਤ੍ਰਣ ਮੇਰੇ ਪਿੰਡ ਵਾਲੇ ਘਰ ਦਾ ਹੈ। ਜੇ ਮੈਂ ਆਪਣੀ ਬਗੀਚੀ ਵਿਚ ਖਿੜੇ ਗੁਲਾਬ ਡੇਲੀਏ, ਕਲੀ, ਸਤਵਰਗ ਆਦਿਕ ਫੁੱਲਾਂ 'ਤੇ ਮੰਡਰਾਉਂਦੀਆਂ ਤਿਤਲੀਆਂ ਜਾਂ ਭੌਰਿਆਂ ਦੀਆਂ ਬਾਤਾਂ ਹੀ ਪਾਈ ਗਿਆ। ਜਾਂ ਫਿਰ ਇਹ ਗਿਣਤੀ ਕਰਨ ਲੱਗ ਪਿਆ ਕਿ ਸਾਡੇ ਘਰ ਦੇ ਖੁੱਲ੍ਹੇ ਡੁੱਲ੍ਹੇ ਚੌਗਿਰਦੇ ਵਿਚ ਅੰਬ, ਜਾਮਣ ਤੁਣ, ਅਰਜਣ, ਬਿੱਲ, ਕਦਮ, ਔਲਾ, ਹਰੜ, ਰੀਠੇ, ਗੁਲੱਕੜ, ਗੁਲਮੋਹਰ ਬਬੂਲ, ਮੌਲਸਿਰੀ, ਪਿਕਰੇਸ਼ੀਆ, ਨਿੰਮ, ਫਲਾਹੀ, ਸਰੀਂਹ, ਸੁਹਾਂਜਣਾ, ਵਗੈਰਾ ਦਰਖਤ ਹਰਿਆਲੀ ਦੇ ਜਾਮਨ ਬਣੇ ਖੜ੍ਹੇ ਹਨ, ਤਾਂ ਮੇਰੇ 'ਤੇ 'ਆਪੇ ਮੈਂ ਰੱਜੀ ਪੁੱਜੀ ਆਪੇ ਮੇਰੇ ਬੱਚੇ ਜੀਣ' ਵਾਲਾ ਦੋਸ਼ ਲਗ ਜਾਵੇਗਾ। ਇਸ ਲਈ ਜ਼ਰਾ ਅੱਗੇ-ਪਿੱਛੇ ਵੀ ਨਜ਼ਰ ਘੁਮਾ ਲਈਏ।

ਦਰਿਆ ਸਤਲੁਜ ਦੀ ਧੀ 'ਨੈੜੀ' ਜਿਸ ਵਿਚ ਬਾਰਾਂ ਮਹੀਨੇ ਪਾਣੀ ਵਗਦਾ ਰਹਿੰਦਾ ਸੀ, ਉਹ ਹੁਣ ਨਿਰੀ ਸੁੱਕ ਹੀ ਨਹੀਂ ਗਈ, ਸਗੋਂ ਅਲੋਪ ਹੋਣ ਦੇ ਨੇੜੇ ਜਾ ਢੁੱਕੀ ਹੈ। ਇਸ ਦੇ ਕੰਢੇ 'ਤੇ ਬਹੁਤ ਭਾਰੀ ਝਿੜੀ ਹੁੰਦੀ ਸੀ। ਇਥੇ ਐਨੇ ਸੰਘਣੇ ਦਰਖਤ ਹੁੰਦੇ ਸਨ ਕਿ ਝਿੜੀ ਵਿਚ ਬੰਦਾ ਘੁੰਮਦਾ ਨਜ਼ਰ ਨਹੀਂ ਸੀ ਆਉਂਦਾ ਹੁੰਦਾ। ਫਲਾਹੀ ਦੇ ਦਰਖਤਾਂ ਦੀ ਬਹੁਤਾਤ ਹੋਣ ਕਰਕੇ ਇਸ ਜਗ੍ਹਾ ਦਾ ਨਾਂ 'ਫਲਾਹੀਆ' ਹੀ ਪਿਆ ਹੋਇਆ ਸੀ। ਇਥੇ ਅਸੀਂ ਨੰਗੇ ਪੈਰ ਪਸ਼ੂ ਚਰਾਉਣ ਆਏ ਰੱਜ ਰੱਜ ਖਜੂਰਾਂ ਖਾਂਦੇ ਹੁੰਦੇ ਸਾਂ। ਹੁਣ ਇਥੇ 'ਵਿਕਾਸ' ਦੀ ਹਨ੍ਹੇਰੀ ਵਗ ਚੁੱਕੀ ਹੈ। ਕੁਝ ਕੁ ਖਜੂਰਾਂ ਨੂੰ ਛੱਡ ਕੇ, ਬਾਕੀ ਸਭ ਤਰ੍ਹਾਂ ਦੇ ਦਰੱਖਤ ਗਾਇਬ ਕਰ ਦਿੱਤੇ ਗਏ ਨੇ। ਇਕ ਸਮੇਂ ਸਾਡੇ ਪਿੰਡ ਦੇ ਬਹੁਤੇ ਲੋਕ ਇਸ ਝਿੜੀ ਵਿਚੋਂ ਦਾਤਣ ਤੋੜਨ ਤੋਂ ਵੀ ਡਰਦੇ ਹੁੰਦੇ ਸਨ। ਇਥੇ ਪੰਜਾਂ ਪੀਰਾਂ ਦੀ ਕਬਰ ਹੋਣ ਕਰਕੇ, ਇਸ ਨੂੰ 'ਕਰੜੀ ਜਗ੍ਹਾ' ਮੰਨਿਆਂ ਜਾਂਦਾ ਸੀ ਪਰ ਝਿੜੀ ਦੀ ਤਬਾਹੀ ਕਰਨ ਵਾਲੇ ਨੂੰ ਨਾ ਪੰਜਾਂ ਪੀਰਾਂ ਨੇ ਕੁਝ ਕਿਹਾ ਤੇ ਨਾ ਇੱਥੋਂ ਦੇ ਕਰੜਪੁਣੇ ਨੇ। ਹੋਰ ਤਾਂ ਸਾਰਾ ਸਾਲ ਪੰਜ ਪੀਰ ਸ਼ਾਇਦ ਇਥੇ ਹਾਜ਼ਰ ਰਹਿੰਦੇ ਹੋਣਗੇ, ਪਰ ਜਾਪਦਾ ਹੈ ਉਹ ਅੱਠ ਹਾੜ ਵਾਲੇ ਦਿਨ ਜ਼ਰੂਰ ਇੱਥੋਂ ਆਸੇ ਪਾਸੇ ਹੋ ਜਾਂਦੇ ਹੋਣਗੇ। ਕਿਉਂ ਕਿ ਉਸ ਦਿਨ ਇਥੇ 'ਲੋਕ ਗਾਇਕ ਬਣੇ ਮੁਸ਼ਟੰਡੇ, ਤੂੰਬੀ ਵਿਚ ਫਸਾਏ ਡੰਡੇ' ਵਾਲੇ ਕਲਾਕਾਰ ਤੇ ਕਲਾਕਾਰਨੀਆਂ ਖੂਬ ਅਸੱਭਿਆਚਾਰ ਫੈਲਾਉਂਦੇ ਹਨ।

ਪਿੰਡ ਦੇ ਉਤਰ ਵਲ ਨੀਲੇ ਪਾਣੀਆਂ ਵਾਲੀ ਬਿਸਤ-ਦੁਆਬ ਨਹਿਰ ਜਿਸ ਦੇ ਕੰਢੇ ਖੜ੍ਹੇ ਘਣੇ-ਸੰਘਣੇ ਟਾਹਲੀ, ਤੂਤਾਂ ਦੀ ਗੂੜ੍ਹੀ ਛਾਂ ਹੇਠਾਂ ਸਾਈਕਲ ਚਲਾਉਂਦੇ ਅਸੀਂ ਸਕੂਲ ਜਾਂਦੇ ਹੁੰਦੇ ਸਾਂ, ਹੁਣ ਪਾਣੀ ਦੇ ਘੁੱਟ ਨੂੰ ਤਰਸਦੀ ਦਿਖਾਈ ਦਿੰਦੀ ਹੈ। ਟਾਹਲੀਆਂ ਪਤਾ ਨਹੀਂ ਕਿਸ ਗੱਲੋਂ ਨਾਰਾਜ਼ ਹੋ ਕੇ ਖੜਸੁੱਕ ਹੋ ਗਈਆਂ। ਤੂਤ ਵੀ ਵਿਰਲੇ ਟਾਵੇਂ ਹੀ ਰਹਿ ਗਏ। ਹੁਣ ਉਥੇ ਇਹ ਹਾਲ ਹੋਇਆ ਪਿਐ;

'ਨਜ਼ਰ ਆਉਂਦਾ ਸਫੈਦਾ ਹੀ ਸਫੈਦਾ
ਹੁਣ ਹੈ ਹਰ ਪਾਸੇ
ਇਕ ਲੱਭਦੀ ਬੋਹੜ, ਪਿੱਪਲ,
ਤੂਤ ਵਰਗੀ ਛਾਂ ਨਹੀਂ ਯਾਰਾ!'

ਇਕ ਉਹ ਮੌਕਾ ਸੀ ਜਦੋਂ ਕਿਸੇ ਵੀ ਪਿੰਡ ਵਲ ਨਜ਼ਰ ਮਾਰਦਿਆਂ ਹਰੇ-ਭਰੇ ਦਰਖਤਾਂ ਦਾ ਝੁੰਡ ਦਿਖਾਈ ਦਿੰਦਾ ਹੁੰਦਾ ਸੀ। ਹੁਣ ਦਰਖਤਾਂ ਦੀ ਹਰਿਆਲੀ ਹਾਰ ਗਈ ਹੈ, ਚਿੱਟੀਆਂ ਸੰਗ ਮਰ-ਮਰੀ ਕੋਠੀਆਂ ਅੱਖਾਂ ਚੁੰਧਿਆਉਂਦੀਆਂ ਹਨ। ਪਾਣੀ ਦੀਆਂ ਟੈਂਕੀਆਂ ਉਪਰ ਬਣੇ ਹੋਏ ਜਹਾਜ਼, ਕਾਰਾਂ, ਦੂਰੋਂ ਗਵਾਹੀਆਂ ਦਿੰਦੇ ਨੇ ਕਿ ਇਥੇ ਮਾਲਕ ਨਹੀਂ, ਭਈਏ ਬੈਠੇ ਹਨ! ਦੂਰ-ਭਵਿੱਖ ਦੀਆਂ ਜਾਨਣ ਵਾਲੇ ਸਮਾਜ-ਸ਼ਾਸਤਰੀਆਂ ਵਲੋਂ ਬੜੇ ਤਰਲੇ ਕੱਢੇ ਜਾ ਰਹੇ ਨੇ, ਦੁਹੱਥੜਾਂ ਮਾਰੀਆਂ ਜਾ ਰਹੀਆਂ ਹਨ ਕਿ 'ਗਲੋਬਲ-ਵਾਰਮਿੰਗ ਦੇ ਦੈਂਤ' ਨਾਲ ਨਜਿੱਠਣ ਲਈ ਦਰਖਤਾਂ ਦੀ ਕਟਾਈ ਬੰਦ ਕਰੋ, ਨਾੜ-ਪਰਾਲੀ ਨੂੰ ਅੱਗ ਨਾ ਲਗਾਓ, ਧਰਤੀ ਨੂੰ ਹਰੀ ਭਰੀ ਬਣਾਉਣ ਲਈ ਵਧ ਤੋਂ ਵਧ ਰੁੱਖ ਲਗਾਓ ਪਰ ਇਨ੍ਹਾਂ ਸੂਝਵਾਨ ਉਪਦੇਸ਼ਕਾਂ ਦੀਆਂ ਨਸੀਹਤਾਂ ਨੂੰ 'ਬੰਦਾ' ਮੰਨ ਕਿਉਂ ਨਹੀਂ ਰਿਹਾ? ਬੰਦੇ ਦੀ ਕਿਹੜੀ ਖਸਲਤ ਹੈ ਜੋ ਉਸ ਨੂੰ ਵਿਨਾਸ਼ ਵਲ ਧੂਹੀ ਲਈ ਜਾਂਦੀ ਹੈ? ਇਨ੍ਹਾਂ ਸਵਾਲਾਂ ਦੇ ਜਵਾਬ ਵੀ ਸੁਣ ਲਓ!

ਮੰਨੀ ਪ੍ਰਮੰਨੀ ਸੱਚਾਈ ਹੈ ਕਿ ਹਰ ਚੀਜ਼ ਆਪਣੇ 'ਮੂਲ' ਵਲ ਭੱਜਦੀ ਹੈ। ਪਾਣੀ ਕਿਤੇ ਵੀ ਡੋਲ੍ਹ ਦਿਓ, ਜਿੱਧਰ ਸਮੁੰਦਰ ਹੋਵੇਗਾ, ਉਧਰ ਨੂੰ ਵਗੇਗਾ। ਮੋਮਬੱਤੀ ਬਾਲ ਕੇ ਭਾਵੇਂ ਪੁੱਠੀ ਵੀ ਕਰ ਦਿਉ, ਪਰ ਅੱਗ ਦੀ ਲਾਟ, ਸੂਰਜ ਵਲ ਨੂੰ ਹੀ ਮੂੰਹ ਰੱਖੇਗੀ। ਡਾਰਵਿਨ ਦੇ ਸਿਧਾਂਤ ਮੁਤਾਬਕ ਬੰਦੇ ਦੀ ਅੰਸ਼-ਬੰਸ਼, ਬਾਂਦਰ ਨਾਲ ਜਾ ਮਿਲਦੀ ਹੈ। ਲੇਖ ਦੇ ਮੁੱਢ ਵਿਚ ਪਸ਼ੂ-ਪੰਛੀਆਂ-ਦਰਖਤਾਂ ਤੱਕ ਸੀਮਤ ਰਹਿਣ ਦਾ ਵਾਅਦਾ ਕੀਤਾ ਸੀ। ਵਾਅਦੇ ਮੁਤਾਬਿਕ ਆਪਣੇ 'ਪੂਰਵਜ' ਦੀ ਇਕ 'ਖ਼ਾਸ ਸਿਫਤ' ਦਰਸਾਉਂਦੀ ਨੀਤੀ-ਕਥਾ ਸੁਣ ਲਈਏ;

ਪੋਹ ਦੀ ਸਰਦ-ਰੁੱਤ ਵਿਚ ਭਾਰੀ ਵਰਖਾ ਹੋ ਰਹੀ ਸੀ। ਸਭ ਜੀਆ-ਜੰਤ ਆਪੋ ਆਪਣੇ ਟਿਕਾਣਿਆਂ ਵਿਚ ਦੜਿਆ ਬੈਠਾ ਸੀ। ਇਕ ਦਰਖਤ ਦੀਆਂ ਟਾਹਣੀਆਂ ਨਾਲ ਲਟਕਦੇ ਆਪਣੇ ਮਜ਼ਬੂਤ ਆਲ੍ਹਣੇ ਵਿਚ ਕੋਈ ਬਿੱਜੜਾ ਆਪਣੇ ਬੱਚਿਆਂ ਸਮੇਤ ਬੈਠਾ ਸੀ। (ਯਾਦ ਰਹੇ ਕਿ ਆਲ੍ਹਣੇ ਬਣਾਉਣ ਵਾਲੇ ਸਾਰੇ ਪੰਛੀਆਂ ਵਿਚੋਂ ਸਭ ਤੋਂ ਵਧ ਮਜ਼ਬੂਤ, ਸੁਰੱਖਿਅਤ ਅਤੇ ਦੇਖਣ-ਪਾਖਣ ਨੂੰ ਸੋਹਣਾ ਆਲ੍ਹਣਾ ਬਿੱਜੜੇ ਦਾ ਹੀ ਮੰਨਿਆ ਜਾਂਦਾ ਹੈ) ਇਸੇ ਦਰਖਤ ਥੱਲੇ ਤਣੇ ਨਾਲ ਲੱਗ ਕੇ ਇਕ ਬਾਂਦਰ ਮੀਂਹ 'ਚ ਭਿੱਜਦਾ ਠੁਰ ਠੁਰ ਕਰ



ਰਿਹਾ ਸੀ। ਉਸ ਨੂੰ ਠੰਢ ਨਾਲ ਕੰਬਦਾ ਦੇਖ ਕੇ, ਨਿੱਘੇ ਆਲ੍ਹਣੇ 'ਚ ਬੈਠੇ ਬਿਜੜੇ ਦੇ ਬੱਚੇ, ਆਪਣੇ ਆਪ (ਬਿੱਜੜੇ) ਨੂੰ ਪੁੱਛਣ ਲੱਗੇ ਕਿ ਐਨੇ ਭਾਰੀ ਮੀਂਹ ਵਿਚ ਇਹ ਕੌਣ ਹੈ ਜੋ ਭਿੱਜ ਰਿਹਾ ਹੈ? ਇਸ ਦਾ ਕੋਈ ਘਰ-ਘਾਟ ਨਹੀਂ ਹੋਵੇਗਾ? ਬੱਚਿਆਂ ਦੇ ਕਹਿਣ 'ਤੇ ਬਿਜੜੇ ਨੇ ਥੱਲੇ ਵਲ ਝਾਕ ਕੇ ਪੁੱਛਿਆ,

'ਦਵੈ ਕਰੁ, ਦਵੈ ਪਗੁ ਆਹਿ ਤੁਵ, ਦਿਸੀਅਤ ਪੁਰਖ ਅਕਾਰ

ਸੀਤ ਵਾਤ ਕੇ ਘਾਤ ਹਿਤ, ਕਿਉਂ ਨਾ ਰਚਹਿ ਅਗਾਰ?'

''ਸੱਜਣਾ, ਤੇਰੇ ਦੋ ਹੱਥ ਦੋ ਪੈਰ ਹਨ, ਤੇਰੀ ਸ਼ਕਲ ਵੀ ਬੰਦਿਆਂ ਜੈਸੀ ਹੈ ਪਰ ਤੂੰ ਠੰਢ ਤੋਂ ਬਚਣ ਲਈ ਆਪਣਾ ਘਰ ਕਿਉਂ ਨਹੀਂ ਬਣਾਇਆ?''

ਪਾਲ਼ੇ ਨਾਲ ਠਰੇ ਪਏ ਬਾਂਦਰ ਨੇ ਉਪਰ ਨੂੰ ਮੂੰਹ ਕਰਕੇ ਬਿੱਜੜੇ ਦਾ 'ਸਵਾਲ' ਸੁਣਿਆਂ। ਉਸੇ ਵੇਲੇ ਦਰਖਤ ਉਪਰ ਜਾ ਚੜ੍ਹਿਆ। ਬਿੱਜੜੇ ਦੇ ਆਲ੍ਹਣੇ ਨੂੰ ਜਾ ਹੱਥ ਪਾਇਆ! ਗੁੱਸੇ 'ਚ ਲੋਹਾ-ਲਾਖਾ ਹੁੰਦਿਆਂ ਬੋਲਿਆ:

''ਸੂਚੀ-ਮੁਖ, ਵਿਭਚਾਰਨੀ ਰੰਡੇ! ਪੰਡਿਤ ਰਾਰ।

ਨਹਿ ਸਮਰੱਥ ਨਿਜ-ਗ੍ਰਿਹਿ ਰਚਨ, ਸਮਰੱਥ ਹੱਥ ਤਵ ਦੁਆਰ?''

'ਸੂਈ ਦੇ ਨੱਕੇ ਜਿਹੇ ਮੂਹ ਵਾਲੀਏ ਬਦਮਾਸ਼ੇ, ਤੂੰ ਮੇਰੇ ਜਿਹੇ ਪੰਡਿਤ ਨਾਲ ਵਾਦ-ਵਿਵਾਦ ਕਰ ਰਹੀ ਐਂ? ਬੇਸ਼ੱਕ ਮੈਂ ਆਪਣਾ ਘਰ ਨਹੀਂ ਬਣਾ ਸਕਦਾ, ਪਰ ਵਸਦੇ ਰਸਦੇ ਘਰਾਂ ਦਾ ਸਤਿਆਨਾਸ ਕਰ ਸਕਦਾ ਹਾਂ।'' ਇਹ ਕਹਿੰਦਿਆਂ ਉਸ ਨੇ ਬਿੱਜੜੇ ਦਾ ਆਲ੍ਹਣਾ ਤੀਲ੍ਹਾ ਤੀਲ੍ਹਾ ਕਰ ਦਿੱਤਾ!

ਜਿਥੇ ਵੀ ਕਿਤੇ ਕੋਈ ਬੰਦਾ ਚੌਗਿਰਦੇ ਦੇ ਵਿਨਾਸ਼ ਵਿਚ ਕਿਸੇ ਤਰ੍ਹਾਂ ਦਾ ਵੀ 'ਯੋਗਦਾਨ' ਪਾ ਰਿਹਾ ਦਿਸੇ, ਤਾਂ ਸਮਝ ਲਉ 'ਬੰਦੇ ਦਾ ਵਡਾਰੂ' ਹੀ ਇਹ ਕਰਤੂਤ ਕਰ ਰਿਹਾ ਹੈ।

# ਜਦੋਂ ਸਬਰ ਦਾ ਕੜ ਪਾਟਦਾ

ਪਰਮਜੀਤ ਕੌਰ ਸਰਹਿੰਦ

ਸਬਰ ਭਾਵੇਂ ਤਿੰਨ ਅੱਖਰਾਂ ਦਾ ਸਿੱਧਾ ਸਾਦਾ ਜੋੜ ਹੈ, ਪਰ ਇਹ ਜਿੰਨਾ ਪੜ੍ਹਨ-ਲਿਖਣ ਨੂੰ ਛੋਟਾ ਤੇ ਸੌਖਾ ਹੈ, ਓਨਾ ਹੀ ਸਮਝਣਾ, ਨਿਭਾਉਣਾ ਤੇ ਕਮਾਉਣਾ ਔਖਾ ਹੈ। ਇਹ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਮੁਸ਼ਕਲਾਂ ਦੇ ਹੱਲ ਦੀ ਕੁੰਜੀ ਹੈ।

ਕਿਸੇ ਗੱਲੋਂ ਸਬਰ ਕਰ ਲੈਣਾ ਬਹੁਤ ਵੱਡੀ ਤਪੱਸਿਆ ਹੈ। ਇਸ ਨੂੰ ਨਿਭਾਉਣਾ ਤਲਵਾਰ ਦੀ ਧਾਰ 'ਤੇ ਤੁਰਨਾ ਹੈ। ਕਿਸੇ ਮਜ਼ਬੂਰੀ ਵਸ ਕੀਤਾ ਸਬਰ ਤਾਂ ਮੈਨੂੰ ਸਬਰ ਕਮਾਉਣ ਜਿਹਾ ਲੱਗਦਾ ਹੈ। ਸਬਰ ਨੂੰ ਕਮਾਉਣਾ, ਸੂਕਦੇ ਦਰਿਆਵਾਂ 'ਚੋਂ, ਅਮੋੜ ਪਾਣੀਆਂ ਵਿਚੋਂ ਸੁੱਕਮ-ਸੁੱਕੇ ਲੰਘ ਜਾਣਾ ਜਾਂ ਫਿਰ ਦਹਿਕਦੇ ਅੰਗਾਰਿਆਂ 'ਤੇ ਨੰਗੇ-ਪੈਰੀਂ, ਬਿਨਾਂ ਕਸੀਸ ਵੱਟੇ, ਬੁੱਲ੍ਹ ਸੀਅ ਕੇ ਗੁਜ਼ਰ ਜਾਣ ਵਾਲਾ ਅਹਿਸਾਸ ਹੁੰਦੈ।

ਸਬਰ ਕਦੇ ਮੈਨੂੰ ਅਡੋਲ ਖੜ੍ਹੇ ਰੁੱਖ ਜਿਹਾ ਵੀ ਲੱਗਦੈ ਜੋ ਝੱਖੜ-ਝਾਂਜੇ, ਧੁੱਪਾਂ-ਤਪਸ਼ਾਂ, ਮੀਂਹ-ਹਨ੍ਹੇਰੀਆਂ, ਬਰਫਾਂ-ਗੜੇ ਕਿੰਨਾ ਕੁਝ ਆਪਣੇ ਪਿੰਡੇ 'ਤੇ ਝੱਲਦਾ ਹੈ। ਕਦੇ ਸਬਰ ਮੈਨੂੰ ਕਿਸੇ ਸ਼ਾਂਤ ਵਗਦੇ ਦਰਿਆ ਵਰਗਾ ਲੱਗਦੈ, ਜੋ ਵੱਡੇ-ਵੱਡੇ ਪੱਥਰਾਂ ਨਾਲ ਟਕਰਾਉਂਦਾ, ਨਿੱਕੇ-ਨਿੱਕੇ ਗੀਟਿਆਂ ਨੂੰ ਚੁੰਮਦਾ ਚੁੱਪ-ਚਾਪ ਆਪਣੀ ਤੋਰੇ ਤੁਰੀ ਜਾਂਦਾ ਹੈ। ਉਸ ਵਿਚ ਲੋਕ ਪੂਜਾ ਦੇ ਫੁੱਲ ਤੇ ਸਮੱਗਰੀ ਵੀ ਪਾ ਜਾਂਦੇ ਨੇ ਤੇ ਕੂੜਾ-ਕਰਕਟ ਵੀ। ਉਸ ਨੂੰ ਮ੍ਰਿਤਕ ਦੇਹ ਵੀ ਲੋਕ ਅਰਪਨ ਕਰ ਜਾਂਦੇ ਨੇ ਤੇ ਮ੍ਰਿਤਕ ਦੇਹ ਦੀ ਰਾਖ ਵੀ। ਉਸ ਵਿਚ ਜ਼ਿੰਦਗੀ ਤੋਂ ਹਾਰੇ, ਅੱਕੇ ਤੇ ਰੁੱਸੇ ਜਿਉਂਦੇ ਪ੍ਰਾਣੀ ਮੌਤ ਦੀ ਗੋਦ ਸਮਝ ਪਨਾਹ ਵੀ ਲੈ ਲੈਂਦੇ ਨੇ-ਉਸ ਵਿਚ ਸਮਾ ਜਾਂਦੇ ਨੇ। ਉਹ ਸਭ ਆਪਣੀ ਝੋਲੀ 'ਚ ਪੁਆਈ ਜਾਂਦੈ, ਬਾਹਵਾਂ ਅੱਡ ਕੇ ਗਲ ਲਾਈ ਜਾਂਦੈ।

ਕਈ ਵਾਰ ਸਬਰ ਨੂੰ ਇਮਤਿਹਾਨ ਵੀ ਆ ਪੈਂਦੇ ਨੇ। ਕੋਈ ਵਿਰਲੇ ਆਪਣੇ ਮਨ 'ਤੇ ਪਰਬਤ ਜਿੱਡਾ ਭਾਰ ਝੱਲ ਕੇ, ਤਨ 'ਤੇ ਅਸਹਿ ਅਤੇ ਅਕਹਿ ਤਸੀਹੇ ਸਹਿ ਕੇ, ਆਪਣੇ ਨਾਲ ਹੋਈ ਨਾ-ਇਨਸਾਫੀ ਸਹਿਜਤਾ ਨਾਲ ਜਰ ਜਾਂਦੇ ਨੇ, ਮੂੰਹੋਂ ਸੀ ਨਹੀਂ ਉਚਰਦੇ।

ਇਤਿਹਾਸ ਗਵਾਹ ਹੈ ਕਿ ਨਿਰਵਾਰਥ ਤੇ ਲੋਕ ਭਲਾਈ ਜਾਂ ਦੇਸ਼ ਕੌਮ ਲਈ ਕੀਤਾ ਕਿਸੇ ਮਹਾਨ ਮਨੁੱਖ ਦਾ ਸਬਰ, ਜਿਥੇ ਇਤਿਹਾਸ ਦਾ ਸੁਨਹਿਰੀ ਪੰਨਾ ਬਣ ਜਾਂਦੈ, ਉਥੇ ਉਹ ਸਾਨੂੰ ਸਬਰ ਦੇ ਕੜ ਪਾਟਣ ਦੀ ਗੁੱਝੀ ਰਮਜ਼ ਵੀ ਸਮਝਾ ਜਾਂਦਾ ਹੈ ਤੇ ਸਬਰ ਨੂੰ ਜਬਰ ਨਾਲ ਲੋਹਾ ਲੈਣ ਦੀ ਜਾਚ ਵੀ ਸਿਖਾ ਜਾਂਦਾ ਹੈ। ਅਜਿਹੇ ਮਨੁੱਖ ਸਮਾਜ ਲਈ ਚਾਨਣ ਮੁਨਾਰੇ ਹੋ ਨਿਬੜਦੇ ਨੇ।

ਸਬਰ ਦਾ ਕੜ ਹਮੇਸ਼ਾ ਕਈ ਬਹੁਤ ਵੱਡੀ ਨਾ-ਇਨਸਾਫੀ ਹੋਣ 'ਤੇ ਵੀ ਪਾਟਦਾ ਹੈ। ਉਹ ਭਾਵੇਂ ਕਿਸੇ ਨਾਲ ਨਿੱਜੀ ਹੋਵੇ, ਸਮਾਜਕ ਹੋਵੇ ਜਾਂ ਦੁਨੀਆ ਦੀਆਂ ਵੱਡੀਆਂ ਤਾਕਤਾਂ ਵਲੋਂ ਮਜ਼ਲੂਮਾਂ 'ਤੇ ਕੀਤਾ ਜ਼ੁਲਮ ਜਬਰ ਹੋਵੇ।

ਸਬਰ ਜਦੋਂ ਕੜ ਪਾਟਣ ਦੀ ਸਥਿਤੀ ਵਿਚ ਆਉਂਦਾ ਹੈ ਤਾਂ ਬਹੁਤ ਹੀ ਖ਼ਤਰਨਾਕ ਰੂਪ ਧਾਰਨ ਕਰ ਲੈਂਦਾ ਹੈ। ਇਹ ਸਥਿਤੀ ਇਤਿਹਾਸ ਨੂੰ ਮੋੜ ਦੇ ਜਾਂਦੀ ਹੈ। ਜੇ ਇਹ ਸਥਿਤੀ ਪਰਿਵਾਰਕ ਜਾਂ ਸਮਾਜਕ ਹੋਵੇ ਤਾਂ ਪਰਿਵਾਰ ਅਤੇ ਸਮਾਜ ਦੇ ਢਾਂਚੇ ਵੀ ਹਿਲਾ ਕੇ ਰੱਖ ਦਿੰਦੀ ਹੈ...।

ਸਬਰ ਇਕ ਸਮਾਧੀ ਵਰਗਾ ਵੀ ਹੁੰਦੈ, ਜਿਸ ਵਿਚ ਬਹੁਤ ਸੁਖਦ ਤੇ ਸ਼ਾਂਤਮਈ ਜਿਹੇ ਸੁੰਦਰ ਅਹਿਸਾਸ ਰਲ ਜਾਂਦੇ ਨੇ-ਬਸ਼ਰਤੇ ਕਿ ਇਸ ਸਬਰ ਨਾਲ, ਸਮਾਧੀ ਨਾਲ ਦੂਜਿਆਂ ਦਾ ਕੁਝ ਸੰਵਰ ਜਾਵੇ...।

ਇਹ ਵੀ ਧਿਆਨ ਰੱਖਿਆ ਜਾਵੇ ਕਿ ਨਿਗੂਣੀਆਂ ਗੱਲਾਂ ਕਾਰਨ ਇਹ ਸਮਾਧੀ ਭੰਗ ਨਾ ਹੋਵੇ। ਆਪਣੀ ਇੱਛਾ ਨਾਲ ਕੀਤਾ ਸਬਰ ਇਕ ਅਲੌਕਿਕ ਖੁਸ਼ੀ ਤੇ ਤਾਕਤ ਦਿੰਦਾ ਹੈ। ਇਸ ਸਬਰ ਨਾਲ ਜ਼ਿੰਦਗੀ ਦਾ ਰੰਗ ਨਵੇਲਾ ਜਿਹਾ ਤੇ ਪੰਧ ਸੁਹੇਲਾ ਜਿਹਾ ਵੀ ਹੋ ਜਾਂਦੈ। ਸਬਰ ਇਕ ਰੂਹਾਨੀ ਤਾਕਤ ਬਣ ਜਾਂਦਾ ਹੈ ਤੇ ਸਬਰ ਦੇ ਜ਼ੋਰ ਜਿਵੇਂ ਭਟਕਣ ਮੁੱਕ ਜਾਂਦੀ ਹੈ।ਸਬਰ 'ਚੋਂ ਹੀ ਫੁਹਾਰੇ ਵਾਂਗ ਨਵੇਂ ਪੰਧ ਫੁੱਟਦੇ ਨੇ...।

# ਪਾਕਿਸਤਾਨ ਨਾਲ ਜੁੜੀਆਂ ਟਾਈਮਜ਼ ਸਕੁਏਅਰ ਹਮਲੇ ਦੀਆਂ ਤਾਰਾਂ

**ਨਿਊਯਾਰਕ :** ਪਾਕਿਸਤਾਨ ਜੈਸ਼-ਏ-ਮੁਹੰਮਦ, ਲਸ਼ਕਰ-ਏ-ਤੌਇਬਾ, ਅਲ ਕਾਇਦਾ, ਜਲਾਲੂਦੀਨ ਅਤੇ ਸਿਰਾਜ਼ ਹਕਾਨੀ ਜਿਹੇ ਦਰਜਨਾਂ ਜੇਹਾਦੀ ਸੰਗਠਨਾਂ ਦਾ ਕੇਂਦਰ ਹੈ ਅਤੇ ਇਹ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ।

ਇਹ ਗੱਲ ਨਿਊਜ਼ ਵੀਕ ਦੇ ਸੰਪਾਦਕ ਫਰੀਦ ਜਕਰੀਆ ਨੇ ਕਹੀ। ਉਨ੍ਹਾਂ ਕਿਹਾ ਕਿ ਲਸ਼ਕਰ ਜਿਹੇ ਦਹਿਸ਼ਤਗਰਦੀ ਸੰਗਠਨ ਪਾਕਿਸਤਾਨ ਵਿਚ ਆਪਣੀਆਂ ਸਰਗਰਮੀਆਂ ਚਲਾ ਰਹੇ ਹਨ। ਇਨ੍ਹਾਂ ਵਿਚੋਂ ਕਿਸੇ ਸੰਗਠਨ ਨੂੰ ਪੈਸੇ ਅਤੇ ਹਥਿਆਰ ਹਾਸਲ ਕਰਨ ਵਿਚ ਕੋਈ ਦਿਕਤ ਨਹੀਂ ਹੁੰਦੀ। ਇਨ੍ਹਾਂ ਕਾਰਨਾਂ ਕਰਕੇ ਹੀ ਟਾਇਮਜ਼ ਸਕਵਾਇਰ 'ਤੇ ਅਸਫ਼ਲ ਹਮਲੇ ਦਾ ਸ਼ੱਕੀ ਫੈਸਲ ਸਹਿਜ਼ਾਦ ਸ਼ਾਇਦ ਇਸ ਰਾਹ 'ਤੇ ਤੁਰ ਪਿਆ ਹੈ। ਬਰਤਾਨਵੀ ਸਰਕਾਰ ਦਾ ਅਨੁਮਾਨ ਹੈ ਕਿ ਉਸ ਨੇ ਬੀਤੇ ਦਹਾਕੇ ਵਿਚ ਜਿਨ੍ਹਾਂ ਦਹਿਸ਼ਤਗਰਦੀ ਸਾਜ਼ਿਸ਼ਾਂ ਦਾ ਪਰਦਾਫਾਸ਼ ਕੀਤਾ ਹੈ, ਉਨ੍ਹਾਂ ਵਿਚੋਂ 77 ਫੀਸਦੀ ਦੇ ਤਾਰ ਪਾਕਿਸਤਾਨ ਨਾਲ ਜੋੜੇ ਜਾ ਸਕਦੇ ਹਨ।

ਜਕਰੀਆ ਦਾ ਕਹਿਣਾ ਹੈ ਕਿ ਪਾਕਿਸਤਾਨ ਅਜੇ ਵੀ ਦਹਿਸ਼ਤਗਰਦਾਂ ਦਾ ਟਿਕਾਣਾ ਬਣਿਆ ਹੋਇਆ ਹੈ। ਹਾਲਾਂਕਿ ਮਿਸਰ, ਜਾਰਡਨ, ਮਲੇਸ਼ੀਆ ਅਤੇ ਇੰਡੋਨੇਸ਼ੀਆ ਸਮੇਤ ਮੁਸਲਿਮ ਜਗਤ ਵਿਚ ਜੇਹਾਦੀ ਆਪਣਾ ਸਮਰਥਨ ਗਵਾ ਰਹੇ ਹਨ। ਗਰਮ ਖਿਆਲੀ ਇਸਲਾਮੀ ਸਮੂਹ ਕਮਜ਼ੋਰ ਹੋਏ ਹਨ ਅਤੇ ਉਨ੍ਹਾਂ ਆਪਣਾ ਸਿਆਸੀ ਸਮਰਥਨ ਵੀ ਗੁਆਇਆ ਹੈ।

ਜਕਰੀਆ ਦਾ ਵਿਸ਼ਲੇਸ਼ਣ ਹੈ ਕਿ ਪਾਕਿਸਤਾਨ ਦੇ ਜਨਮ ਤੋਂ ਹੀ ਉਥੇ ਜੇਹਾਦ ਦੀ ਵਿਚਾਰਧਾਰਾ ਵਧ ਫੁਲ ਰਹੀ ਹੈ। ਪਾਕਿਸਤਾਨੀ ਸਰਕਾਰ ਨੇ ਜੇਹਾਦੀ ਸਮੂਹਾਂ ਦਾ ਸਮਰਥਨ ਕੀਤਾ ਅਤੇ ਉਨ੍ਹਾਂ ਨੂੰ ਹੱਲਾਸ਼ੇਰੀ ਦਿੱਤੀ ਹੈ। ਇਸ ਨਾਲ ਜਿਹੜਾ ਮਾਹੌਲ ਬਣਿਆ, ਉਸ ਦਾ ਲਾਹਾ ਜੇਹਾਦੀਆਂ ਨੇ ਲਿਆ। ਉਨ੍ਹਾਂ ਦਾ ਕਹਿਣਾ ਹੈ ਕਿ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਹਾਲ ਦੇ ਸਾਲਾਂ ਵਿਚ ਇਹ ਪ੍ਰਕਿਰਿਆ ਥੋੜ੍ਹੀ ਪਲਟੀ ਹੈ, ਪਰ ਜੜ੍ਹਾਂ ਡੂੰਘੀਆਂ ਹਨ। ਇਸੇ ਦੌਰਾਨ ਅਮਰੀਕੀ ਅਟਾਰਨੀ ਜਨਰਲ ਐਰਿਕਹੋਲਡਰ ਨੇ ਦਾਅਵਾ ਕੀਤਾ ਕਿ ਨਿਊਯਾਰਕ ਦੇ ਟਾਇਮਜ਼ ਸਕੂਵਾਇਰ 'ਤੇ ਦਹਸ਼ਿਤਗਰਦੀ ਹਮਲੇ ਦੀ ਸਾਜ਼ਿਸ਼ ਰਚਣ ਪਿੱਛੇ ਪਾਕਿਸਤਾਨੀ ਦੇ ਤਾਲਿਬਾਨੀਆਂ ਦਾ ਹੱਥ ਹੈ। ਇੱਕ ਇੰਟਰਵਿਊ ਵਿਚ ਹੋਲਡਰ ਨੇ ਦਾਅਵਾ ਕੀਤਾ ਕਿ ਅਜਿਹੇ ਸਬੂਤ ਮਿਲੇ ਹਨ, ਜਿਸ ਨਾਲ ਇਸ ਸਾਜ਼ਿਸ਼ ਵਿਚ ਪਾਕਿਸਤਾਨੀ ਤਾਲਿਬਾਨੀਆਂ ਦੇ ਸ਼ਾਮਲ ਹੋਣ ਦੇ ਸੰਕੇਤ ਮਿਲਦੇ ਹਨ।



ਇਸ ਦੌਰਾਨ ਅਮਰੀਕਾ ਦੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਬੀਤੀ 8 ਮਈ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਟਾਈਮਜ਼ ਸਕੁਏਅਰ ਕਾਰ ਬੰਬ ਵਰਗੀ ਸਾਜ਼ਿਸ਼ ਦੀਆਂ ਤਾਰਾਂ ਪਾਕਿ ਨਾਲ ਜੁੜੀਆਂ ਨਿਕਲੀਆਂ ਤਾਂ ਉਸ ਨੂੰ ਇਸ ਦੇ ਗੰਭੀਰ ਸਿੱਟੇ ਭੁਗਤਣੇ ਪੈਣਗੇ। ਸ੍ਰੀਮਤੀ ਕਲਿੰਟਨ ਨੇ ਇਥੇ ਇਕ ਚੈਨਲ ਨਾਲ ਜੁੜੀ ਗੱਲਬਾਤ ਦੌਰਾਨ ਕਿਹਾ, ''ਅਸੀਂ ਸਪੱਸ਼ਟ ਕਰ ਦਿੰਦੇ ਹਾਂ ਕਿ ਜੇ ਟਾਈਮਜ਼ ਸਕੁਏਅਰ ਵਰਗੇ ਕਿਸੇ ਬੰਬ ਕਾਂਡ ਦੀਆਂ ਜੜ੍ਹਾਂ ਬਾਰੇ ਸਾਨੂੰ ਪਤਾ ਲੱਗਿਆ ਕਿ ਉਹ ਪਾਕਿ ਵਿਚ ਹਨ ਤਾਂ ਇਸ ਦੇ ਬੜੇ ਗੰਭੀਰ ਸਿੱਟੇ ਨਿਕਲਣਗੇ।'' ਇਸ ਨਾਲ ਉਨ੍ਹਾਂ ਕਿਹਾ ਕਿ ਅਮਰੀਕਾ ਅਤਿਵਾਦੀਆਂ ਖਿਲਾਫ ਲੜਾਈ ਵਿਚ ਪਾਕਿਸਤਾਨ ਤੋਂ ਹੋਰ ਸਹਿਯੋਗ ਚਾਹੁੰਦਾ ਹੈ, ਪਰ ਨਾਲ ਹੀ ਉਨ੍ਹਾਂ ਆਖਿਆ ਕਿ ਅਤਿਵਾਦੀਆਂ ਵਿਰੁਧ ਜੰਗ ਪ੍ਰਤੀ ਪਾਕਿ ਦਾ ਰਵੱਈਆ ਬੜਾ ਸਕਾਰਾਤਮਕ ਰਿਹਾ ਹੈ। ਪਹਿਲਾਂ ਪਾਕਿ 'ਦੋਹਰੀ ਖੇਡ' ਖੇਡ ਰਿਹਾ ਸੀ ਤੇ ਹੁਣ ਅਜਿਹਾ ਨਹੀਂ ਹੈ। ਕਰਾਚੀ-ਪਾਕਿਸਤਾਨੀ ਖੁਫੀਆ ਅਧਿਕਾਰੀ ਟਾਈਮਜ਼ ਸਕੁਏਅਰ ਉਪਰ ਹਮਲੇ ਦੀ ਨਾਕਾਮ ਸਾਜ਼ਿਸ਼ ਦੇ ਮਸ਼ਕੂਕ ਫੈਸਲ ਸ਼ਹਿਜ਼ਾਦ ਤੇ ਮੌਲਾਨਾ ਮਸੂਦ ਅਜ਼ਹਰ ਦੀ ਅਗਵਾਈ ਹੇਠਲੇ ਪਾਬੰਦੀਸ਼ੁਦਾ ਜੈਸ਼-ਏ-ਮੁਹੰਮਦ ਦਰਮਿਆਨ ਸੰਪਰਕ ਦਾ ਪਤਾ ਲਗਾ ਰਹੇ ਹਨ।

ਤਲਾਸ਼ੀ ਵਿਚ ਜਾਂਚ ਟੀਮ ਨੇ ਕਰਾਚੀ ਦੇ ਭੀੜ-ਭੜੱਕੇ ਵਾਲੇ ਇਲਾਕੇ ਵਿਚ ਸੰਗਮਰਮਰ ਫਰਸ਼ ਵਾਲੀ ਬਾਬਾ ਮਸਜਿਦ ਤੇ ਇਕ ਮਦਰੱਸੇ ਦਾ ਮੁਆਇਨਾ ਕੀਤਾ। ਇਹ ਕਿਸੇ ਵੇਲੇ ਜੈਸ਼ ਦਾ ਸੂਬਾਈ ਮੁੱਖ ਦਫਤਰ ਸੀ ਤੇ ਇਥੇ ਮਸੂਦ ਆਮ ਆਉਂਦਾ ਰਹਿੰਦਾ ਸੀ। ਸੂਤਰਾਂ ਮੁਤਾਬਕ ਖੁਫੀਆ ਏਜੰਸੀਆਂ ਨੇ ਟਾਈਮਜ਼ ਸਕੁਏਅਰ ਬੰਬ ਕਾਂਡ ਨਾਲ ਸੰਭਾਵਿਤ ਸੰਪਰਕ ਦੇ ਮੱਦੇਨਜ਼ਰ ਮਸਜਿਦ ਵਿਚੋਂ ਚਾਰ ਵਿਅਕਤੀਆਂ ਨੂੰ ਚੁੱਕਿਆ ਹੈ। ਜੈਸ਼-ਏ-ਮੁਹੰਮਦ ਨੂੰ ਸਾਲ 2000 ਵਿਚ ਮੌਲਾਨਾ ਅਜ਼ਹਰ ਨੇ ਕਾਇਮ ਕੀਤਾ ਸੀ ਤੇ ਇਸ ਦਾ ਮਕਸਦ ਭਾਰਤ ਖਿਲਾਫ ਅੱਤਵਾਦੀਆਂ ਨੂੰ ਸਿਖਲਾਈ ਦੇਣਾ ਹੈ। ਲਾਹੌਰ-ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਹੈ ਕਿ ਉਨ੍ਹਾਂ ਦਾ ਮੁਲਕ ਟਾਈਮਜ਼ ਸਕੁਏਅਰ ਬੰਬ ਕਾਂਡ ਦੇ ਮਾਮਲੇ ਵਿਚ ਅਮਰੀਕਾ ਨੂੰ 'ਪੂਰਾ ਸਹਿਯੋਗ' ਦੇਵੇਗਾ। ਪਾਕਿਸਤਾਨ ਦੇ ਸਰਕਾਰੀ ਚੈਨਲ ਪੀ.ਟੀ.ਵੀ. ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ, ''ਪਾਕਿ ਤੇ ਅਮਰੀਕਾ ਦੋਵੇਂ ਹੀ ਅਤਿਵਾਦ ਖਿਲਾਫ ਲੜਾਈ ਲਈ ਦ੍ਰਿੜ ਹਨ ਤੇ ਟਾਈਮਜ਼ ਸਕੁਏਅਰ ਬਾਰੇ ਅਸੀਂ ਅਮਰੀਕਾ ਨੂੰ ਪੂਰਾ ਸਹਿਯੋਗ ਦਿਆਂਗੇ। ਫਿਲਹਾਲ ਫੈਸਲ ਸ਼ਹਿਜ਼ਾਦ ਖਿਲਾਫ ਜਾਂਚ ਚੱਲ ਰਹੀ ਹੈ ਤੇ ਉਸ ਦੇ ਪੂਰਾ ਹੋਣ 'ਤੇ ਉਹ (ਅਮਰੀਕਾ) ਸਾਡੇ ਨਾਲ ਉਸ ਨੂੰ ਸਾਂਝ ਕਰਨਗੇ। ਅਸੀਂ ਜਾਂਚ ਵਿਚ ਪੂਰਾ ਸਹਿਯੋਗ ਦਿਆਂਗੇ।'' ਜ਼ਿਕਰਯੋਗ ਹੈ ਕਿ ਪੰਜਾਬੀ ਮੂਲ ਦਾ ਅਮਰੀਕੀ ਵਕੀਲ ਪ੍ਰੀਤ ਬਹਾਰਾ ਨਿਊਯਾਰਕ ਟਾਈਮਜ਼ ਸੁਕੈਅਰ ਬੰਬ ਕਾਂਡ 'ਚ ਫੜੇ ਗਏ ਫੈਜ਼ਲ ਸਹਿਜ਼ਾਦ ਕੇਸ ਵਿਚ ਸਰਕਾਰੀ ਪੱਖ ਦੀ ਪੈਰਵਾਈ ਕਰ ਰਿਹਾ ਹੈ।

## ਮਨਮੋਹਨ ਸਿੰਘ ਦੀ ਥਾਂ ਕਿਸੇ ਨੂੰ ਅੰਤਰਿਮ ਪ੍ਰਧਾਨ ਮੰਤਰੀ ਬਣਾਉਣ ਦੇ ਚਰਚੇ

**ਨਵੀਂ ਦਿੱਲੀ:** ਅੱਜ ਕੱਲ੍ਹ ਪ੍ਰਧਾਨ ਮੰਤਰੀ ਦਫਤਰ ਅਤੇ ਕਾਂਗਰਸ ਪਾਰਟੀ ਦਰਮਿਆਨ ਸਭ ਕੁਝ ਵਧੀਆ ਨਹੀਂ ਹੈ। ਪਾਰਟੀ ਦੇ ਚੋਟੀ ਦੇ ਆਗੂ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਦੀ ਪਿਛਲੇ ਇਕ ਸਾਲ ਦੀ ਕਾਰਗੁਜ਼ਾਰੀ ਦਾ ਅਧਿਐਨ ਕਰ ਰਹੇ ਹਨ। ਇਸ ਸਾਲ ਦੇ ਅੰਤ ਵਿਚ ਅਤੇ ਅਗਲੇ ਸਾਲ ਦੇ ਸ਼ੁਰੂ ਵਿਚ ਦੇਸ਼ ਦੇ ਸੂਬਿਆਂ ਵਿਚ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਣੀਆਂ ਹਨ। ਪਾਰਟੀ ਦੀ ਇੱਛਾ ਹੈ ਕਿ ਰਾਹੁਲ ਗਾਂਧੀ ਨੂੰ ਦੇਸ਼ ਦਾ ਨਵਾਂ ਪ੍ਰਧਾਨ ਮੰਤਰੀ ਬਣਾਉਣ ਤੋਂ ਪਹਿਲਾਂ ਕਿਸੇ ਨਵੇਂ ਚਿਹਰੇ ਨੂੰ ਇਹ ਜ਼ਿੰਮੇਵਾਰੀ ਸੌਂਪੀ ਜਾਵੇ।

ਦੇਸ਼ ਵਿਚ ਕਿਸੇ ਨੂੰ ਅੰਤਰਿਮ ਪ੍ਰਧਾਨ ਬਣਾਏ ਜਾਣ ਦੇ ਚਰਚੇ ਵੀ ਹਨ। ਜੇ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਪੀ.ਵੀ. ਨਰਸਿਮ੍ਹਾ ਰਾਓ ਦੇ ਭਰੋਸੇਯੋਗ ਸਾਥੀ ਭੁਵਨੇਸ਼ ਚੱਕਰਵਤੀ ਉਤੇ ਭਰੋਸਾ ਕੀਤਾ ਜਾਏ ਤਾਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅੱਜ-ਕੱਲ੍ਹ ਭਾਰੀ ਦਬਾਅ ਹੇਠ ਹਨ। ਸਵਾਲ ਇਹ ਉਠਦਾ ਹੈ ਕਿ ਡਾ: ਮਨਮੋਹਨ ਸਿੰਘ ਪ੍ਰਧਾਨ ਮੰਤਰੀ ਨਹੀਂ ਰਹਿੰਦੇ ਹਨ ਤਾਂ ਫਿਰ ਕੌਣ ਪ੍ਰਧਾਨ ਮੰਤਰੀ ਬਣੇਗਾ। ਜੇ ਵੱਖ-ਵੱਖ ਸਿਆਸੀ ਆਗੂਆਂ ਦੀ ਬੀਤੇ ਇਕ-ਦੋ ਸਾਲ ਦੀ ਕਾਰਗੁਜ਼ਾਰੀ ਵੇਖੀ ਜਾਏ ਤਾਂ ਸ੍ਰੀ ਪ੍ਰਣਬ ਮੁਖਰਜੀ ਜੀ ਉਪਰ ਆਉਂਦੇ ਹਨ ਪਰ ਲੋਕ ਸਭਾ ਦੀ ਸਪੀਕਰ ਮੀਰਾ ਕੁਮਾਰ ਦਾ ਨਾਂ ਵੀ ਇਸ ਅਹੁਦੇ ਲਈ ਲਿਆ ਜਾ ਰਿਹਾ ਹੈ। ਮੀਰਾ ਕੁਮਾਰ ਇਕ ਦਲਿਤ ਆਗੂ ਵੀ ਹੈ ਅਤੇ ਨਾਲ ਹੀ ਸਾਬਕਾ ਉਪ ਪ੍ਰਧਾਨ ਮੰਤਰੀ ਜਗਜੀਵਨ ਰਾਮ ਦੀ ਬੇਟੀ ਵੀ ਹੈ। ਸ੍ਰੀ ਮੁਖਰਜੀ ਜੀ ਦੇ ਸੰਬੰਧ ਵਿਚ ਇਹ ਸ਼ੱਕ ਪ੍ਰਗਟਾਏ ਜਾਂਦੇ ਹਨ ਕਿ ਉਹ ਰਾਹੁਲ ਗਾਂਧੀ ਦੇ ਪ੍ਰਧਾਨ ਮੰਤਰੀ ਬਣਨ ਦੇ ਰਾਹ ਵਿਚ ਰੁਕਾਵਟ ਖੜ੍ਹੀ ਕਰ ਸਕਦੇ ਹਨ ਕਿਉਂਕਿ ਉਹ ਵੀ ਖੁਦ ਪ੍ਰਧਾਨ ਮੰਤਰੀ ਬਣਨਾ ਚਾਹੁੰਦੇ ਹਨ। ਪਿਛਲੇ ਸਾਲ ਜਦੋਂ ਡਾ. ਮਨਮੋਹਨ ਸਿੰਘ ਦੇ ਦਿਲ ਦਾ ਆਪ੍ਰੇਸ਼ਨ ਹੋਇਆ ਸੀ ਤਾਂ ਉਦੋਂ ਸ੍ਰੀ ਮੁਖਰਜੀ ਨੇ ਪ੍ਰਧਾਨ ਮੰਤਰੀ ਵਾਲੀਆਂ ਜ਼ਿੰਮੇਵਾਰੀਆਂ ਨਿਭਾਈਆਂ ਸਨ। ਉਨ੍ਹਾਂ ਦੇ ਹਮਾਇਤੀ ਇਹ ਕਹਿੰਦੇ ਹਨ ਕਿ ਸ੍ਰੀ ਮੁਖਰਜੀ ਨੂੰ ਇਸ ਸੰਬੰਧੀ ਕਾਫੀ ਤਜਰਬਾ ਹੈ।






# ਪੀ ਐਚ ਓ ਮੇਲੇ ਨੇ ਲਾਈ ਗੀਤ-ਸੰਗੀਤ ਦੀ ਛਹਿਬਰ

**ਬੇਕਰਜ਼ਫੀਲਡ (ਮਨਦੀਪ ਮਾਨ):** ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ ਵਲੋਂ ਇਥੇ ਕਨਵੈਨਸ਼ਨ ਸੈਂਟਰ ਵਿਚ ਕਰਵਾਏ ਗਏ ਛੇਵੇਂ ਸਾਲਾਨਾ ਮੇਲੇ ਵਿਚ ਜਿਥੇ ਨਿੱਕੇ ਨਿੱਕੇ ਬੱਚਿਆਂ ਨੇ ਗਿੱਧੇ, ਭੰਗੜੇ ਅਤੇ ਸਕਿੱਟਾਂ ਨਾਲ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ ਉਥੇ ਪੰਜਾਬ ਤੋਂ ਆਏ ਗਾਇਕਾਂ ਰਵਿੰਦਰ ਗਰੇਵਾਲ ਅਤੇ ਦੀਪਕ ਢਿੱਲੋਂ ਨੇ ਗੀਤ-ਸੰਗੀਤ ਦੀਆਂ ਲਹਿਰਾਂ ਲਾਈਆਂ। ਹਾਸਰਸ ਕਲਾਕਾਰ ਭੋਟੂ ਸ਼ਾਹ ਨੇ ਵੀ ਆਪਣੇ ਹਾਸਰਸੀ ਟੋਟਕਿਆਂ ਨਾਲ ਦਰਸ਼ਕਾਂ ਨੂੰ ਹਸਾ ਹਸਾ ਲੋਟ ਪੋਟ ਕਰਨ ਵਿਚ ਕੋਈ ਕਸਰ ਬਾਕੀ ਨਾ ਛੱਡੀ। ਸਥਾਨਕ ਕਲਾਕਾਰ ਜਤਿੰਦਰ ਜਰਗੀਆ ਅਤੇ ਗੀਤਕਾਰ ਮੰਗਲ ਹਠੂਰ ਨੇ ਵੀ ਆਪਣੀ ਹਾਜ਼ਰੀ ਲਵਾਈ। ਨਿੱਕੇ ਨਿੱਕੇ ਦੋ ਬੱਚਿਆਂ ਵਲੋਂ ਟਰੈਕਟਰ-ਟਰਾਲੀ ਦੀ ਵਰਤੋਂ ਕਰਕੇ ਇਕ ਗੀਤ ਉਤੇ ਪੇਸ਼ ਕੀਤੀ ਗਈ ਆਈਟਮ ਦਰਸ਼ਕਾਂ ਦਾ ਮਨ ਮੋਹ ਗਈ। ਸਟੇਜਾਂ ਦੀ ਮਲਿਕਾ ਕਰਕੇ ਜਾਣੀ ਜਾਂਦੀ ਆਸ਼ਾ ਸ਼ਰਮਾ ਨੇ ਵੀ ਆਪਣੀ ਸ਼ੇਅਰੋ ਸ਼ਾਇਰੀ ਨਾਲ ਮਾਹੌਲ ਨੂੰ ਕਾਵਿਮਈ ਬਣਾਈ ਰੱਖਿਆ।

ਗਿੱਧੇ ਅਤੇ ਭੰਗੜੇ ਦੀਆਂ ਆਈਟਮਾਂ ਪੇਸ਼ ਕਰਨ ਲਈ ਕੁਲ ਅੱਠ ਟੀਮਾਂ ਹਾਜ਼ਰ ਹੋਈਆਂ। ਬੀਬੀ ਆਸ਼ਾ ਸ਼ਰਮਾ ਨੇ ਇਕ ਪਿਛੋਂ ਇਕ ਕਲਾਕਾਰ ਨੂੰ ਸਟੇਜ 'ਤੇ ਪੇਸ਼ ਕੀਤਾ। ਹਾਸਿਆਂ ਦੀ ਪਟਾਰੀ ਭੋਟੂ ਸ਼ਾਹ ਨੇ ਭਾਈਏ ਅਤੇ ਮਿਹਰ ਮਿੱਤਲ ਦੀ ਨਕਲ ਉਤਾਰ ਕੇ ਦਰਸ਼ਕਾਂ ਦੇ ਢਿੱਡੀਂ ਪੀੜ ਪਾ ਦਿੱਤੀ। ਦੀਪਕ ਢਿੱਲੋਂ ਨੇ ਆਪਣਾ ਗੀਤ 'ਮਣਕੇ' ਪੇਸ਼ ਕਰਕੇ ਸਰੋਤਿਆਂ ਨੂੰ ਆਪਣੀ ਉਂਗਲੀ ਨਾਲ ਲਾ ਲਿਆ ਅਤੇ ਫਿਰ ਹੋਰ ਕਈ ਗੀਤ ਪੇਸ਼ ਕੀਤੇ। ਰਵਿੰਦਰ ਗਰੇਵਾਲ ਨੇ ਆਪਣੇ ਹਿੱਟ ਗੀਤਾਂ ਦੇ ਜ਼ਰੀਏ ਸਰੋਤਿਆਂ ਨੂੰ ਬੰਨ ਕੇ ਬਿਠਾਈ ਰੱਖਿਆ।





ਛੋਟੇ ਛੋਟੇ ਬੱਚਿਆਂ ਵਲੋਂ ਪੇਸ਼ ਕੀਤੀਆਂ ਗਈਆਂ ਸੰਗੀਤਮਈ ਆਈਟਮਾਂ ਵੀ ਕਿਸੇ ਗੱਲੋਂ ਘੱਟ ਨਹੀਂ ਸਨ। ਕੁੜੀਆਂ ਨੇ ਗਿੱਧੇ ਦੀਆਂ ਆਈਟਮਾਂ ਪੇਸ਼ ਕਰਦਿਆਂ ਫੁਲਕਾਰੀ, ਤ੍ਰਿੰਜਣ ਅਤੇ ਹੋਰ ਕਈ ਦ੍ਰਿਸ਼ ਬੰਨ ਕੇ ਦਰਸ਼ਕਾਂ ਨੂੰ ਪੁਰਾਣੇ ਪੰਜਾਬੀ ਸਭਿਆਚਾਰ ਦੀ ਯਾਦ ਤਾਜ਼ਾ ਕਰਵਾਈ। ਇੰਜ ਦੁਪਹਿਰ ਤਿੰਨ ਵਜੇ ਸ਼ੁਰੂ ਹੋਇਆ ਮੇਲਾ ਰਾਤ ਦਸ ਵਜੇ ਤੱਕ ਚਲਦਾ ਰਿਹਾ।

ਪ੍ਰਬੰਧਕ ਸੱਜਣਾਂ ਚੇਅਰਮੈਨ ਪਰਮਜੀਤ ਦੋਸਾਂਝ, ਜਤਿੰਦਰ ਗਿੱਲ, ਬੱਬੂ ਗੁਰਪਾਲ, ਪਲਵਿੰਦਰ ਸ਼ੇਰਗਿੱਲ, ਅਜੀਤ ਸਿੰਘ ਭੱਠਲ ਅਤੇ ਬੱਕ ਢੇਸੀ ਵਲੋਂ ਆਏ ਸਰੋਤਿਆਂ/ਦਰਸ਼ਕਾਂ ਅਤੇ ਸਪਾਂਸਰਾਂ ਦਾ ਧੰਨਵਾਦ ਕੀਤਾ ਗਿਆ। ਪਰਮਜੀਤ ਦੋਸਾਂਝ ਨੇ ਜਿਥੇ ਮੇਲੇ ਲਈ ਕਿਸੇ ਤਰ੍ਹਾਂ ਪੈਸੇ ਦੀ ਕਮੀ ਨਹੀਂ ਆਉਣ ਦਿੱਤੀ ਉਥੇ ਬੱਬੂ ਗੁਰਪਾਲ ਨੇ ਪ੍ਰਬੰਧਾਂ ਵਿਚ ਕਿਸੇ ਤਰ੍ਹਾਂ ਦੀ ਕਮੀ ਨਹੀਂ ਰਹਿਣ ਦਿੱਤੀ। ਪਿਛਲੇ ਸਾਲਾਂ ਵਾਂਗ ਹੀ ਬੱਬੂ ਗੁਰਪਾਲ ਨੇ ਮੇਲੇ ਨੂੰ ਸਫਲ ਬਣਾਉਣ ਲਈ ਦਿਨ ਰਾਤ ਇਕ ਕਰੀ ਰੱਖਿਆ।





ਦੀਪਕ ਢਿੱਲੋਂ

ਇਸ ਮੌਕੇ ਗਿੱਧੇ ਅਤੇ ਭੰਗੜੇ ਦੀਆਂ ਤਿੰਨ ਟੀਮਾਂ ਦੀ ਕੋਚ ਸੋਨੀਆ ਢਿੱਲੋਂ ਨੂੰ ਇਕ ਸਨਮਾਨ ਚਿੰਨ੍ਹ ਦੇ ਕੇ ਉਸ ਦਾ ਸਨਮਾਨ ਕੀਤਾ ਗਿਆ। ਭੰਗੜੇ ਅਤੇ ਗਿੱਧੇ ਦੀਆਂ ਸਾਰੀਆਂ ਟੀਮਾਂ ਅਤੇ ਸਪਾਂਸਰਾਂ ਦਾ ਵੀ ਪ੍ਰਬੰਧਕਾਂ ਵਲੋਂ ਉਚੇਚਾ ਮਾਣ ਸਨਮਾਨ ਕੀਤਾ ਗਿਆ। ਮੇਲੇ ਦੀ ਖਾਸ ਗੱਲ ਇਹ ਰਹੀ ਕਿ ਕਿਸੇ ਨੂੰ ਵੀ ਮੁੱਖ ਮਹਿਮਾਨ ਨਹੀਂ ਬਣਾਇਆ ਗਿਆ ਅਤੇ ਨਾ ਹੀ ਕਿਸੇ ਵਲੋਂ ਸਟੇਜ ਤੋਂ ਕੋਈ ਖਾਸ ਭਾਸ਼ਣ ਹੀ ਦਿੱਤਾ ਗਿਆ ਜਦੋਂਕਿ ਆਮ ਮੇਲਿਆਂ ਵਿਚ ਚਮਚਾਗਿਰੀ ਵਾਲੀ ਸਿਆਸਤ ਕਾਰਨ ਭਾਸ਼ਣਾਂ ਦੀ ਲੜੀ ਬੱਝ ਜਾਂਦੀ ਹੈ। ਆਏ ਸਮੂਹ ਦਰਸ਼ਕਾਂ ਨੇ ਪ੍ਰਬੰਧਕਾਂ ਦੇ ਇਸ ਫੈਸਲੇ ਦਾ ਆਮ ਕਰਕੇ ਸਵਾਗਤ ਕੀਤਾ।

ਮੇਲੇ ਨੂੰ ਸਫਲ ਬਣਾਉਣ ਵਿਚ ਪਿੰਦਰ ਢਿੱਲੋਂ, ਪ੍ਰੀਤ ਬਰਾੜ, ਬਲਵੰਤ ਵੜੈਚ, ਨਿੰਦੀ ਦੋਸਾਂਝ, ਪ੍ਰੀਤ ਭੱਠਲ, ਸੁਖਵਿੰਦਰ ਕੰਬੋਜ, ਸੋਨੀਆ ਢਿੱਲੋਂ ਅਤੇ ਸ਼ਿਆਰਾ ਸਿੰਘ ਢੀਂਡਸਾ ਦਾ ਖਾਸ ਯੋਗਦਾਨ ਰਿਹਾ। ਮੇਲੇ ਵਿਚ ਹਾਜ਼ਰ ਪਤਵੰਤੇ ਸੱਜਣਾਂ ਵਿਚ ਬਲਜੀਤ ਸਿੰਘ ਨਿਰਵਾਣ, ਬਲਜੀਤ ਭੁੱਟੋ, ਕੁਲਜੀਤ ਸਿੰਘ ਘੁੰਮਣ, ਜਸਪ੍ਰੀਤ ਸਿੰਘ ਅਟਾਰਨੀ, ਦੀਪਾ ਢੇਸੀ, ਹਰਦਮ ਸਿੰਘ ਔਲਖ, ਸੁਖਵੀਰ ਸਿੰਘ ਜੌਹਲ, ਹਰਦੀਪ ਸਿੰਘ ਵਿਰਕ, ਲਖਵੀਰ ਸਿੰਘ, ਛਿੰਦਰ ਢਿੱਲੋਂ, ਅਜਮੇਰ ਸਿੰਘ ਢਿੱਲੋਂ, ਸਤਿੰਦਰਪਾਲ ਸਿੰਘ ਗਰੇਵਾਲ, ਗਿੱਲ ਜਿਊਲਰਜ਼ ਵਾਲੇ, ਸੋਨੀ ਜਿਊਲਰਜ਼ ਵਾਲੇ, ਬਰਾਈਟ ਟੱਚ ਫੈਸ਼ਨ ਹਾਊਸ ਵਾਲੇ, ਲਾਲੀ ਬੀ ਐਂਡ ਬੀ ਕੰਪਨੀ ਵਾਲੇ, ਜੋਬਨਜੀਤ ਬੌਬੀ, ਤਨਜੀਤ ਸਿੰਘ, ਮਨਮੀਤ ਸਿੰਘ (ਕੁਇਕ ਸਾਈਨ), ਗੁਰਪ੍ਰੀਤ ਸਿੰਘ (ਐਨ ਕੇ ਸਾਈਨ), ਬਲਬੀਰ ਸਿੰਘ ਸ਼ੇਰਗਿੱਲ, ਸਾਧੂ ਸਿੰਘ ਸ਼ੇਰਗਿੱਲ, ਤਲਵਿੰਦਰ ਢੁੱਡੀਕੇ, ਸੁਖਮੰਦਰ ਸਿੰਘ ਸਮਰਾ, ਬਲਜੀਤ ਸਿੰਘ ਦੋਸਾਂਝ, ਕੁਲਵਿੰਦਰ ਸਿੰਘ ਦੋਸਾਂਝ, ਨਵਜੋਤ ਚਾਵਲਾ ਤੋਂ ਇਲਾਵਾ ਸ਼ਹਿਰ ਦੇ ਹੋਰ ਬਹੁਤ ਸਾਰੇ ਮੰਨੇ-ਪ੍ਰਮੰਨੇ ਪਤਵੰਤੇ ਹਾਜ਼ਰ ਸਨ। ਸੰਸਥਾ ਵਲੋਂ ਆਪਣੇ ਮੀਡੀਆ ਸਪਾਂਸਰਾਂ ਪੰਜਾਬ ਟਾਈਮਜ਼ ਅਤੇ ਜੀ ਪੰਜਾਬ ਸਾਡਾ ਚੈਨਲ ਦਾ ਧੰਨਵਾਦ ਕੀਤਾ ਗਿਆ। ਮੇਲੇ ਦੀ ਫੋਟੋਗ੍ਰਾਫੀ ਤੇ ਵੀਡੀਓਗ੍ਰਾਫੀ ਹਰ ਸਾਲ ਦੀ ਤਰ੍ਹਾਂ ਸ਼ਿਆਰਾ ਸਿੰਘ ਢੀਂਡਸਾ ਨੇ ਕੀਤੀ।




**ਤਸਵੀਰਾਂ**

**ਓਮਨੀ ਵੀਡੀਓ**
**ਸ਼ਿਆਰਾ ਸਿੰਘ**
**ਢੀਂਡਸਾ**




**ਫੋਨ:661-703-6664**


























Sponsored Page

# ਬੇ-ਏਰੀਆ ਕਲਚਰਲ ਅਤੇ ਸਪੋਰਟਸ ਐਸੋਸੀਏਸ਼ਨ ਦਾ ਸੈਨ ਹੋਜ਼ੇ ਵਿਸਾਖੀ ਮੇਲਾ

**ਸੈਨ ਹੋਜ਼ੇ (ਸਰਬਜੋਤ ਸਿੰਘ ਸਵੱਦੀ, ਕਰਮਜੀਤ ਸ਼ਾਹੀ):** ਬੇ-ਏਰੀਆ ਕਲਚਰਲ ਅਤੇ ਸਪੋਰਟਸ ਐਸੋਸੀਏਸ਼ਨ ਨੇ ਤੇਰਵਾਂ ਸ਼ਾਨਦਾਰ ਵਿਸਾਖੀ ਮੇਲਾ ਸੈਂਟਾ ਕਲਾਰਾ ਕਾਊਂਟੀ ਫੇਅਰ ਗਰਾਊਂਡ ਵਿਚ ਲੰਘੇ ਸਨਿਚਰਵਾਰ ਕਰਵਾਇਆ। ਇਸ ਵਿਸਾਖੀ ਮੇਲੇ ਦੀ ਸ਼ੁਰੂਆਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਬਲਵਿੰਦਰ ਸਿੰਘ ਨੇ ਕੀਰਤਨ ਅਤੇ ਅਰਦਾਸ ਕਰਕੇ ਕੀਤੀ। ਇਸ ਵਿਸਾਖੀ ਮੇਲੇ ਵਿਚ ਕਬੱਡੀ, ਭੰਗੜਾ, ਗਿੱਧਾ ਅਤੇ ਹੋਰ ਸਭਿਆਚਾਰਕ ਝਲਕੀਆਂ ਖਿੱਚ ਦਾ ਕਾਰਨ ਬਣੀਆਂ ਰਹੀਆਂ। ਸਵੇਰ ਤੋਂ ਹੀ ਦਰਸ਼ਕ ਲਾਈਨਾਂ ਬੰਨ ਕੇ ਆਉਂਦੇ ਦੇਖੇ ਗਏ। ਬਾਅਦ ਦੁਪਹਿਰ ਤਾਂ ਸਰੋਤਿਆਂ ਦਾ ਇਕ ਕਿਸਮ ਦਾ ਹੜ੍ਹ ਹੀ ਆ ਗਿਆ। ਇਸ ਮੇਲੇ ਵਿਚ ਜਿਥੇ ਗਿੱਧੇ, ਭੰਗੜੇ ਅਤੇ ਹੋਰ ਕਲਾਕਾਰਾਂ ਨੇ ਸਰੋਤਿਆਂ ਨੂੰ ਕੀਲਿਆ ਉਥੇ ਕਬੱਡੀ ਦੇ ਮੈਦਾਨ ਵਿਚ ਕਬੱਡੀ ਦੇ ਫਸਵੇਂ ਮੈਚ ਦੇਖ ਕੇ ਕਬੱਡੀ ਪ੍ਰੇਮੀ ਜਿਵੇਂ ਬੱਝ ਕੇ ਹੀ ਰਹਿ ਗਏ।

ਇਸ ਵਿਸਾਖੀ ਮੇਲੇ ਵਿਚ ਕਬੱਡੀ ਦੀਆਂ ਕੁਲ 12 ਟੀਮਾਂ ਪੁੱਜੀਆਂ ਹੋਈਆਂ ਸਨ ਜਿਨ੍ਹਾਂ ਵਿਚ ਪੰਜ ਓਪਨ ਅਤੇ ਸੱਤ ਅੰਡਰ ਟਵੰਟੀ ਵਨ ਸਨ। ਕਬੱਡੀ ਓਪਨ ਵਿਚ ਸੈਨ ਹੋਜ਼ੇ, ਮਾਡੈਸਟੋ, ਬੇ-ਏਰੀਆ ਸਪੋਰਟਸ ਕਲੱਬ, ਸ਼ੇਰੇ ਪੰਜਾਬ ਸਪੋਰਟਸ ਕਲੱਬ ਲਾਸ ਬੈਨੋਸ, ਸ਼ਹੀਦ ਭਗਤ ਸਿੰਘ ਸੋਰਟਸ ਕਲੱਬ ਫਰਿਜ਼ਨੋ, ਲਾਸ ਵੇਗਸ, ਇੰਡੀਅਨਐਪੋਲਿਸ ਦੀਆਂ ਟੀਮਾਂ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ। ਕਬੱਡੀ ਓਪਨ ਵਿਚ ਇਕ ਫਸਵੇਂ ਮੈਚ ਵਿਚ ਬੇ-ਏਰੀਆ ਸਪੋਰਟਸ ਕਲੱਬ ਦੀ ਟੀਮ ਨੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਦੀ ਟੀਮ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ ਅਤੇ ਇੰਜ ਦੂਜੇ ਨੰਬਰ 'ਤੇ ਫਰਿਜ਼ਨੋ ਦੀ ਟੀਮ ਆਈ। ਇਥੇ ਜ਼ਿਕਰਯੋਗ ਹੈ ਕਿ ਬੇ-ਏਰੀਆ ਸਪੋਰਸ ਕਲੱਬ ਦੀ ਟੀਮ ਇਸ ਸਾਲ ਕੁਲ 7 ਮੈਚ ਖੇਡੇ ਹਨ ਅਤੇ 7 ਦੇ 7 ਹੀ ਜਿੱਤੇ ਹਨ। ਇਸ ਤੋਂ ਪਹਿਲਾਂ 18 ਸੈਲਮਾ ਵਿਚ ਹੋਏ ਖੇਡ ਮੇਲੇ ਵਿਚ ਵੀ ਜੇਤੂ ਰਹੇ। ਜੋਨੀ ਗਿੱਲ, ਮੀਕ ਸਿਆਟਲ ਅਤੇ ਤੀਰਥ ਗਾਖਲ ਨੇ ਆਪਣੀ ਸ਼ਾਨਦਾਰ ਖੇਡ ਨਾਲ ਦਰਸ਼ਕਾਂ ਦੇ ਮਨ ਮੋਹੇ। ਇਨ੍ਹਾਂ ਜਿੱਤਾਂ ਤੇ ਕਲੱਬ ਦੇ ਰੂਹੇ-ਰਵਾਂ ਬਲਜੀਤ ਸੰਧੂ ਫੂਲੇ ਨਹੀਂ ਸਨ ਸਮਾ ਰਹੇ।

ਅੰਡਰ ਟਵੰਟੀ ਵਨ ਵਿਚ ਲੋਡਾਈ, ਯੂਬਾ ਸਿਟੀ ਡਾਇਮੰਡ ਕਲੱਬ, ਬੇ-ਏਰੀਆ, ਫਰਿਜ਼ਨੋ, ਯੂਬਾ ਸਿਟੀ ਸਪੋਰਟਸ ਕਲੱਬ, ਨਾਰਦਰਨ ਕੈਲੀਫੋਰਨੀਆ ਅਤੇ ਟਰਲਕ ਦੀਆਂ ਟੀਮਾਂ ਵੀ ਖਿੱਚ ਦਾ ਕੇਂਦਰ ਬਣੀਆਂ ਰਹੀਆਂ।

ਕਬੱਡੀ ਦੇ ਮੈਚਾਂ ਵਿਚ ਬਲਜਿੰਦਰ ਨੀਲੋਂ, ਜੋਨੀ, ਰਣਜੀਤ ਸਿੰਘ, ਦੁੱਲਾ, ਮੌਲਾ, ਤਾਰੀ, ਜੀਤਾ, ਫੌਜੀ, ਗੁਰਬਖ਼ਸ਼ ਸੋਹਲ ਤੇ ਸਾਭੀ ਨੇ ਚੰਗੀਆਂ ਰੇਡਾਂ ਪਾ ਕੇ ਦਰਸ਼ਕਾਂ ਦੇ ਦਿਲ ਖੁਸ਼ ਕੀਤੇ। ਸਟਾਪਰਾਂ ਵਿਚ ਕਾਲਾ, ਮੀਕਾ, ਜੱਸਾ, ਡਾਂਟੇ, ਲੈਰੀ, ਯੋਧਾ, ਅਰਸ਼ੀ, ਸੋਨੂ, ਕਾਲਾ ਸੰਘਿਆ, ਲੱਖਾਂ, ਲਾਲੀ, ਸੀਪੂ ਤੇ ਹਨੀ ਨੇ ਜੱਫੇ ਲਾ ਕੇ ਇਸ ਮੇਲੇ ਨੂੰ ਖੂਬ ਰੌਚਕ ਬਣਾਇਆ। ਕਬੱਡੀ ਦੇ ਮੈਦਾਨ ਵਿਚ ਸੁਖਵਿੰਦਰ ਸੰਘੇੜਾ ਅਤੇ ਗੁਰਦਾਵਰ ਸਿੰਘ ਮਾਨ ਨੇ ਕੁਮੈਂਟਰੀ ਕਰ ਕੇ ਖੇਡ ਨੂੰ ਹੋਰ ਵੀ ਰੌਚਕ ਬਣਾਇਆ।

ਵਾਲੀਬਾਲ ਦੇ ਮੈਚਾਂ ਵਿਚ 4 ਟੀਮਾਂ ਨੇ ਹਿੱਸਾ ਲਿਆ ਜਿਸ ਵਿਚ ਸੈਨ ਹੋਜ਼ੇ, ਲਿਵਿੰਗਸਟਨ, ਯੂਨੀਅਨ ਸਿਟੀ ਤੇ ਪਿਟਸਬਰਗ ਸ਼ਾਮਲ ਸਨ। ਮੁਕਾਬਲਿਆਂ ਵਿਚ ਲਿਵਿੰਗਸਟਨ ਪਹਿਲੇ ਸਥਾਨ ਉਤੇ ਰਹੀ ਜਦਕਿ ਯੂਨੀਅਨ ਸਿਟੀ ਦੀ ਟੀਮ ਨੂੰ ਦੂਜਾ ਸਥਾਨ ਪ੍ਰਾਪਤ ਹੋਇਆ। ਇਸੇ ਤਰ੍ਹਾਂ ਵਾਲੀਬਾਲ ਦੇ ਅੰਡਰ ਟਵੰਟੀ ਵਨ ਮੁਕਾਬਲਿਆਂ ਵਿਚ ਲੋਡਾਈ ਫਸਟ ਅਤੇ ਯੂਬਾ ਸਿਟੀ ਡਾਇਮੰਡ ਕਲੱਬ ਦੀ ਟੀਮ ਦੂਜੇ ਸਥਾਨ ਤੇ ਰਹੀ।

ਜੇ ਬਾਹਰ ਖੇਡ ਦੇ ਮੈਦਾਨ ਵਿਚ ਕਬੱਡੀਆਂ ਪੈ ਰਹੀਆਂ ਸਨ ਅਤੇ ਵਾਲੀਆਂ ਤੇ ਕਿਕਾਂ ਲਗ ਰਹੀਆਂ ਸਨ ਤਾਂ ਹਾਲ ਦੇ ਅੰਦਰ ਗਿੱਧੇ-ਭੰਗੜੇ ਅਤੇ ਗੀਤ-ਸੰਗੀਤ ਦਾ ਕੁੰਭ ਰਚਾਇਆ ਜਾ ਰਿਹਾ ਸੀ। ਗਿੱਧੇ-ਭੰਗੜੇ ਦੀਆਂ ਕੁਲ ਦਸ ਟੀਮਾਂ ਮੈਦਾਨ ਵਿਚ ਨਿੱਤਰੀਆਂ। ਰੰਗ-ਬਰੰਗੇ ਕੱਪੜਿਆਂ 'ਚ ਸੱਜੇ ਨੰਨ੍ਹੇ-ਮੁੰਨੇ ਬੱਚਿਆਂ ਨੇ ਗਿੱਧੇ ਭੰਗੜੇ ਦੀ ਸ਼ੁਰੂਆਤ ਕੀਤੀ। ਪੰਜਾਬੀ ਬੋਲੀਆਂ ਅਤੇ ਗੀਤਾਂ ਨਾਲ ਇਹ ਬੱਚੇ ਤੇ ਨੌਜਵਾਨ ਪੰਜਾਬੀ ਵਿਰਸੇ ਦੀ ਸੰਭਾਲ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਅਜੇ ਭੰਗੜਾ ਅਕੈਡਮੀ ਦੇ ਜਸਪਾਲ ਸਿੰਘ ਅਤੇ ਸੁਖਵਿੰਦਰ ਸਿੰਘ ਗੋਗੀ ਵਲੋਂ ਗਿੱਧੇ ਅਤੇ ਭੰਗੜੇ ਦੀਆਂ 6-7 ਟੀਮਾਂ ਤਿਆਰ ਕੀਤੀਆਂ ਗਈਆਂ ਸਨ। ਇਨ੍ਹਾਂ ਨੇ ਖੂਬ ਜੌਹਰ ਦਿਖਾਏ। ਇਸ ਤੋਂ ਇਲਾਵਾ ਮਹਿਕ ਪੰਜਾਬ ਦੀ, ਆਪਣਾ ਵਿਰਸਾ, ਜੈਨਕੋ ਭੰਗੜਾ ਗਰੁਪ, ਭੰਗੜਾ ਐਂਪਾਇਰ ਜੂਨੀਅਰ ਅਤੇ ਜੱਗਾ ਭੰਗੜਾ ਗਰੁਪ ਨੇ ਗਿੱਧੇ-ਭੰਗੜੇ ਦਾ ਸੋਹਣਾ ਪ੍ਰਦਰਸ਼ਨ ਕੀਤਾ। ਪ੍ਰਬੰਧਕਾਂ ਵਲੋਂ ਸਾਰੀਆਂ ਟੀਮਾਂ ਦਾ ਮਾਣ-ਸਨਮਾਨ ਕੀਤਾ ਗਿਆ। ਭੰਗੜੇ ਗਿਧੇ ਦੇ ਇਸ ਦੌਰ ਦੌਰਾਨ ਐਚ ਐਸ ਮਾਂਗਟ ਨੇ ਇਕ ਸੋਹਣਾ ਗੀਤ ਪੇਸ਼ ਕੀਤਾ।

ਗਿਧੇ-ਭੰਗੜੇ ਤੋਂ ਇਲਾਵਾ ਬਲਜੀਵਨ, ਵਿਜੇ, ਪ੍ਰੀਤਇੰਦਰ ਪੋਪੀ, ਹਰਦੀਪ ਕੌਰ ਅਤੇ ਦਰਸ਼ਨ ਨੇ ਇਕ ਬਹੁਤ ਹੀ ਖੂਬਸੂਰਤ ਨਾਟਕ "ਮੁੰਡਾ ਜਵਾਨ ਬਾਪੂ ਪਰੇਸ਼ਾਨ" ਪੇਸ਼ ਕੀਤਾ।

*(ਅਗਲੇ ਸਫੇ 'ਤੇ ਜਾਰੀ)*






















ਗਾਇਕੀ ਦੇ ਦੌਰ ਵਿਚ ਨੌਜਵਾਨ ਗਾਇਕ ਲਾਲੀ ਸੰਧੂ ਨੇ 'ਨੀ ਬਲੀਏ ਚਲ ਮੇਲੇ ਚੱਲੀਏ', 'ਬੰਦਾ ਕੱਲਾ ਨਹੀਂ ਪ੍ਰਧਾਨ' ਅਤੇ 'ਗੁੱਸਾ ਦਿਲ 'ਚ ਨਹੀਂ ਰਖਣਾ ਪੁਰਾਣਾ ਚਾਹੀਦਾ' ਗੀਤ ਪੇਸ਼ ਕਰ ਕੇ ਵਾਹਵਾ ਖੱਟੀ। ਜਸਵੰਤ ਸ਼ਾਦ ਅਤੇ ਸਤਵਿੰਦਰ ਸਰਾਂ ਨੇ ਬੜੀ ਖ਼ੂਬਸੂਰਤੀ ਨਾਲ ਮੰਚ ਸੰਚਾਲਨ ਕਰਦਿਆਂ ਸ਼ੇਅਰੋ-ਸ਼ਾਇਰੀ ਦੇ ਦੌਰ ਵਿਚ ਅਗਲੇ ਗਾਇਕ ਬਲਜੀਤ ਮਾਲਵਾ ਨੂੰ ਸਟੇਜ 'ਤੇ ਆਉਣ ਦਾ ਸੱਦਾ ਦਿੱਤਾ ਜਿਸ ਨੇ ਆਪਣੀ ਲੰਮੀ ਹੇਕ ਨਾਲ 'ਉਹ ਮੌਜਾਂ ਭੁੱਲਣੀਆਂ ਨਹੀਂ ਜੋ ਬਾਪੂ ਦੇ ਸਿਰ 'ਤੇ ਕਰੀਆਂ' ਅਤੇ 'ਨਿੱਤ ਅੱਖੀਆਂ ਮਿਲਾਉਂਦੀ ਰਹਿੰਦੀ ਏਂ' ਆਦਿ ਗੀਤ ਗਾ ਕੇ ਸਰੋਤਿਆਂ ਦੀ ਵਾਹ ਵਾਹ ਖੱਟੀ। ਅਗਲੇ ਗਾਇਕ ਅਕਾਸ਼ਦੀਪ ਨੇ 'ਵੱਖਰਾ ਨਜ਼ਾਰਾ ਸ਼ਹਿਰ ਨਾਲੋਂ ਪਿੰਡ ਦਾ' ਗੀਤ ਨਾਲ ਹਾਜ਼ਰੀ ਲਵਾਈ।

ਉਪਰੰਤ ਯੂਨੀਅਨ ਸਿਟੀ ਦੇ ਸੋਹਣੀ ਪੱਗ ਵਾਲੇ ਗਾਇਕ ਜਤਿੰਦਰ ਜਰਗੀਆ ਨੇ ਆਪਣੀ ਗਾਇਕੀ ਨਾਲ ਸਰੋਤਿਆਂ ਦਾ ਦਿਲ ਜਿਤਿਆ। ਪੰਜਾਬ ਦੀ ਝਲਕੀ ਪੇਸ਼ ਕਰਦਿਆਂ ਉਸ ਕਿਹਾ, 'ਕਰਾਂਗਾ ਮੈਂ ਗੱਲ ਅੱਜ ਭੁੱਲੀਆਂ ਉਹ ਯਾਦਾਂ ਦੀ, ਕਣਕਾਂ ਦੇ ਖੇਤ, ਮੱਕੀ, ਸਰੋਂ ਤੇ ਕਮਾਦਾਂ ਦੀ, ਹੱਥੀਂ ਸਨ ਬੀਜੀਆਂ ਜੋ ਕਿੱਕਰਾਂ ਤੇ ਬੇਰੀਆਂ, ਅੱਜ ਵੀ ਨੇ ਸਾਂਝਾਂ ਉਨ੍ਹਾਂ ਨਾਲ ਉਥੇ ਮੇਰੀਆਂ'। 'ਔਖੇ ਵੇਲੇ ਭਾਈਆਂ ਵਰਗੇ ਯਾਰ ਬਦਲ ਜਾਂਦੇ' ਅਤੇ ਕਈ ਹੋਰ ਗੀਤ ਗਾ ਕੇ ਜਰਗੀਏ ਨੇ ਆਪਣੀ ਬੱਲੇ ਬੱਲੇ ਕਰਵਾਈ। ਜਗਪਾਲ ਤੂਰ, ਜਸਪਾਲ ਗਰੇਵਾਲ ਅਤੇ ਬਲਦੇਵ ਨੇ ਜਰਗੀਏ ਤੋਂ ਨੋਟਾਂ ਦਾ ਮੀਹ ਵਰ੍ਹਾ ਦਿੱਤਾ।





ਇਸ ਤੋਂ ਬਾਅਦ ਉਘੀ ਪੰਜਾਬੀ ਗਾਇਕਾ ਨਰਿੰਦਰ ਮਾਵੀ ਨੇ 'ਕੋਠੇ ਚੜ੍ਹ ਮਿੱਤਰਾ ਤੈਨੂੰ ਚੰਨ ਦੇ ਬਹਾਨੇ ਵੇਖਾਂ' ਅਤੇ ਕੁਝ ਹੋਰ ਗੀਤ ਗਾਏ। ਮਾਵੀ ਨੇ ਬਲਜੀਤ ਮਾਲਵਾ ਨਾਲ ਇਕ ਦੋਗਾਣਾ 'ਆਹ ਲੈ ਫੜ੍ਹ ਲੈ ਗੱਡੀ ਦੀ ਚਾਬੀ, ਜੱਟ ਹੋ ਗਿਆ ਸ਼ਰਾਬੀ' ਵੀ ਗਾਇਆ ਜਿਸ ਦੀ ਤਾਲ ਉਤੇ ਸਰੋਤੇ ਨੱਚਣ ਲਈ ਮਜਬੂਰ ਹੋ ਗਏ। ਗੀਤ-ਸੰਗੀਤ ਦੇ ਇਸ ਦੌਰ ਵਿਚ ਰਾਜਵਿੰਦਰ ਬਰਾੜ ਨੇ ਵੀ ਕੁਝ ਚੰਗੇ ਗੀਤ ਪੇਸ਼ ਕਰਕੇ ਆਪਣੀ ਹਾਜ਼ਰੀ ਲਵਾਈ।

ਮੇਲੇ ਵਿਚ ਵਿਸ਼ੇਸ਼ ਤੌਰ 'ਤੇ ਗੁਰਦੁਆਰਾ ਸੈਨ ਹੋਜ਼ੇ ਦੀ ਸਮੁੱਚੀ ਕਮੇਟੀ ਪੁੱਜੀ ਹੋਈ ਸੀ ਜਿਸ ਵਿਚ ਸ. ਭੁਪਿੰਦਰ ਸਿੰਘ ਢਿੱਲੋਂ, ਹਰਦੇਵ ਸਿੰਘ ਤੱਖਰ, ਜੀਤ ਸਿੰਘ ਬੈਣੀਵਾਲ, ਜੀਤ ਸਿੰਘ ਕਾਹਲੋਂ ਅਤੇ ਕਿਰਪਾਲ ਸਿੰਘ ਅਟਵਾਲ ਸ਼ਾਮਲ ਹੋਏ। ਮੇਲੇ ਵਿਚ ਸੈਂਟਾ ਕਲਾਰਾ ਕਾਊਂਟੀ ਦੇ ਡਿਸਟ੍ਰਿਕਟ ਅਟਾਰਨੀ ਦੀ ਚੋਣ ਲੜ ਰਹੇ ਜੈਫ ਰੋਜ਼ੈਨ ਵੀ ਪਹੁੰਚੇ ਹੋਏ ਸਨ। ਇਸ ਮੇਲੇ ਨੂੰ ਸੁਖਦੇਵ ਸਿੰਘ ਬੈਣੀਵਾਲ ਅਤੇ ਬੈਣੀਵਾਲ ਭਰਾਵਾਂ, ਜਸਵੀਰ ਸਿੰਘ ਥਾਂਦੀ-ਥਾਂਦੀ ਇੰਸ਼ੋਰੈਂਸ, ਡਬਲਿਨ ਆਟੋ ਡੀਲਰਸ਼ਿਪ ਦੇ ਇੰਦਰ ਸਿੰਘ ਦੁਸਾਂਝ, ਡਾ. ਹਰਦੇਵ ਸਿੰਘ ਮਾਂਗਟ, ਪ੍ਰੀਤਮ ਸਿੰਘ ਗਰੇਵਾਲ, ਮਿਲਪੀਟਸ ਕੈਬ, ਸੁਰਜੀਤ ਸਿੰਘ ਸੋਹਲ, ਭੰਡਾਲ ਬ੍ਰਦਰਜ਼, ਚਰਨ ਸਿੰਘ ਭੰਡਾਲ ਤੇ ਕੁਲਦੀਪ ਸਿੰਘ ਭੰਡਾਲ, ਗਾਖਲ ਬ੍ਰਦਰਜ਼, ਮਨਜੀਤ ਸੰਧੂ ਅਤੇ ਭਰਾ ਅਤੇ ਅਵਤਾਰ ਸਿੰਘ ਤਾਰੀ ਨੇ ਵਿਸ਼ੇਸ਼ ਤੌਰ 'ਤੇ ਸਪਾਂਸਰ ਕੀਤਾ। ਗੁਰਵਿੰਦਰ ਮਾਵੀ, ਰਾਜ ਭਨੋਟ, ਬਲਵਿੰਦਰ ਕੈਲੇ, ਮੰਗਲ ਸਿੰਘ ਭੰਡਾਲ, ਕਮਲ ਖੰਗੂੜਾ ਨੇ ਵੀ ਸਹਿਯੋਗ ਦਿੱਤਾ। ਮੇਲੇ ਨੂੰ ਲਗਾਤਾਰ ਕਾਮਯਾਬੀ ਨਾਲ ਜਾਰੀ ਰੱਖਣ ਲਈ ਸੋਹਲ ਭਰਾਵਾਂ-ਸੁਰਜੀਤ ਸਿੰਘ ਸੋਹਲ ਅਤੇ ਜਸਵਿੰਦਰ ਸਿੰਘ ਸੋਹਲ ਤੋਂ ਇਲਾਵਾ ਸਤਿੰਦਰ ਸਿੰਘ ਸਰਾਂ ਤੇ ਜਸਵੀਰ ਸਿੰਘ ਪਵਾਰ ਦਾ ਵੱਡਾ ਯੋਗਦਾਨ ਰਿਹਾ। ਐਚ ਐਸ ਮਾਂਗਟ ਨੇ ਹਰ ਸਾਲ ਵਾਂਗ ਮੁਫਤ ਪਾਰਕਿੰਗ ਦੀ ਸੇਵਾ ਕੀਤੀ। ਕਬੱਡੀ ਦੇ ਮੈਦਾਨ ਵਿਚ ਹਰਜੋਤ ਗਿੱਲ (ਦੇਸੀ ਸਾਊਂਡਜ਼) ਨੇ ਮੁਫਤ ਸਾਊਂਡ ਦਿੱਤੀ। ਬੱਗੇ ਅਤੇ ਬਿੱਟੂ ਗਰੁਪ ਨੇ ਸਾਊਂਡ ਅਤੇ ਸੰਗੀਤ ਦਿੱਤਾ।

*Visit us on the web:*
***punjabtimesusa.com***

# ਦੇਸ ਰਾਜ ਤੇ ਮਨਪ੍ਰੀਤ ਦੇ ਵਿਆਹ ਵੇਲੇ ਦੀਆਂ ਕੁਝ ਤਸਵੀਰਾਂ



ਨਵੀਂ ਵਿਆਹੀ ਜੋੜੀ ਦੇਸ ਰਾਜ ਤੇ ਮਨਪ੍ਰੀਤ ਨੂੰ ਅਸ਼ੀਰਵਾਦ ਦਿੰਦਿਆਂ ਧਰਮ ਪਾਲ ਝੰਮਟ ਤੇ ਗੁਰਬਖ਼ਸ਼ ਕੌਰ ਝੰਮਟ



ਨਵੀਂ ਬਹੂ ਦੇ ਸ਼ਗਨ ਕਰਦਿਆਂ ਬੀਬੀ ਕੁਸ਼ੱਲਿਆ





ਧਰਮਪਾਲ ਝੰਮਟ, ਗੁਰਬਖ਼ਸ਼ ਕੌਰ ਝੰਮਟ ਆਪਣੇ ਪੁਤਰਾਂ ਲਵਦੀਪ ਤੇ ਅਕਾਸ਼ ਝੰਮਟ ਨਾਲ

Sponsored Page



ਧਰਮਪਾਲ ਝੰਮਟ ਆਪਣੇ ਮਰਹੂਮ ਭਰਾ ਰਜਿੰਦਰ ਸਿੰਘ ਝੰਮਟ (ਖੱਬਿਓਂ ਤੀਜੇ) ਨਾਲ ਜਿਸ ਦੀ ਯਾਦ ਵਿਚ ਉਨ੍ਹਾਂ ਨੇ ਆਪਣੇ ਪਿੰਡ ਘੁੰਮਣ ਵਿਚ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਵਿਖੇ ਕਮਿਊਨਿਟੀ ਸੈਂਟਰ ਬਣਾਉਣ ਵਿਚ ਵੱਡਾ ਯੋਗਦਾਨ ਪਾਇਆ।

# ਜਾਤ ਆਧਾਰਤ ਮਰਦਮਸ਼ੁਮਾਰੀ ਦੇ ਰੇੜਕੇ 'ਚ ਰਿੜ੍ਹੀ ਸਰਕਾਰ

**ਬਿੰਦਰ ਬਸਰਾ**

ਕੇਂਦਰ ਸਰਕਾਰ ਵਲੋਂ ਰਾਜਸੀ ਪਾਰਟੀਆਂ ਦੇ ਦਬਾਅ ਅੱਗੇ ਝੁਕਦਿਆਂ ਜਾਤ ਆਧਾਰਤ ਮਰਦਮਸ਼ੁਮਾਰੀ ਕਰਾਉਣ ਨੂੰ ਹਰੀ ਝੰਡੀ ਦੇਣ ਪਿੱਛੋਂ ਇਸ ਮਸਲੇ 'ਤੇ ਦੇਸ਼ ਭਰ 'ਚ ਤਿੱਖੀ ਬਹਿਸ ਛਿੜ ਪਈ ਹੈ। ਜਾਤ ਆਧਾਰਤ ਮਰਦਮਸ਼ੁਮਾਰੀ ਦੀ ਮੰਗ ਕਰਨ ਵਾਲੀਆਂ ਰਾਜਸੀ ਪਾਰਟੀਆਂ ਦਾ ਮੰਨਣਾ ਹੈ ਕਿ ਇਸ ਨਾਲ ਦੇਸ਼ 'ਚ ਵਸਦੀਆਂ ਸਭ ਜਾਤਾਂ ਦੀ ਗਿਣਤੀ ਸਪੱਸ਼ਟ ਹੋ ਜਾਵੇਗੀ ਅਤੇ ਫਿਰ ਉਨ੍ਹਾਂ 'ਚੋਂ ਕੁਝ ਜਾਤਾਂ, ਜਿਨ੍ਹਾਂ ਨੂੰ ਰਾਖਵਾਂਕਰਨ ਦੇਣਾ ਹੈ, ਬਾਰੇ ਵੀ ਕੋਈ ਸਾਰਥਕ ਨੀਤੀ ਅਪਣਾਈ ਜਾ ਸਕੇਗੀ ਪਰ ਇਸ ਤੋਂ ਉਲਟ ਸੋਚਣ ਵਾਲੀਆਂ ਰਾਜਸੀ ਧਿਰਾਂ ਅਤੇ ਸਮਾਜ ਵਿਗਿਆਨੀਆਂ ਦੀ ਧਾਰਨਾ ਹੈ ਕਿ ਇਸ ਨਾਲ ਸਮਾਜਿਕ ਸੰਰਚਨਾ ਦਾ ਤਾਣਾ-ਬਾਣਾ ਵਿਗੜਨ ਦਾ ਵੱਡਾ ਖਤਰਾ ਹੈ। ਜਾਤ ਆਧਾਰਤ ਰਾਜਨੀਤੀ ਕਰਨ ਵਾਲੀਆਂ ਪਾਰਟੀਆਂ ਆਪਣੇ ਸਵਾਰਥ ਲਈ ਉਸ ਜਾਤੀ-ਵਿਸੇਸ਼ ਦੇ ਫਾਇਦੇ ਲਈ ਕੰਮ ਕਰਨਗੀਆਂ, ਜਿਸ ਦੀ ਸੰਖਿਆ ਵਧ ਹੋਵੇਗੀ।

ਉਧਰ ਕੇਂਦਰ ਦੇ ਇਸ ਫੈਸਲੇ ਨਾਲ ਸਿੱਖਾਂ ਲਈ ਇਕ ਵੱਖਰੀ ਕਿਸਮ ਦਾ ਸੰਕਟ ਖੜਾ ਹੋ ਗਿਆ ਹੈ ਅਤੇ ਸਿੱਖ ਜਥੇਬੰਦੀਆਂ ਨੇ ਇਸ ਮਸਲੇ 'ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੋਂ ਦਿਸ਼ਾ-ਨਿਰਦੇਸ਼ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਸਿੱਖ ਧਰਮ ਵਿਚ ਜਾਤ-ਪਾਤ ਲਈ ਕੋਈ ਥਾਂ ਨਹੀਂ ਅਤੇ ਸਿੱਖਾਂ ਵਲੋਂ ਮਰਦਮਸ਼ੁਮਾਰੀ ਲਈ ਜਾਤ ਲਿਖਾਉਣਾ ਸਿੱਖ ਧਰਮ ਅਤੇ ਸਿੱਖੀ ਅਸੂਲਾਂ ਦੇ ਉਲਟ ਹੋਵੇਗਾ। ਉਨ੍ਹਾਂ ਅਕਾਲ ਤਖਤ ਦੇ ਜਥੇਦਾਰ ਨੂੰ ਬੇਨਤੀ ਕੀਤੀ ਹੈ ਕਿ ਸਿੱਖਾਂ ਨੂੰ ਸੇਧ ਦੇਣ ਕਿ ਸਾਰੇ ਸਿੱਖ ਆਪਣੀਆਂ ਜਾਤਾਂ ਨਾ ਲਿਖਵਾ ਕੇ ਸਿਰਫ ਸਿੱਖ ਹੀ ਲਿਖਵਾਉਣ।

ਜਾਤ ਆਧਾਰਤ ਮਰਦਮਸ਼ੁਮਾਰੀ ਕਰਵਾਉਣ ਬਾਰੇ ਲੋਕ ਸਭਾ ਵਿਚ ਦੋ ਦਿਨ ਚੱਲੀ ਚਰਚਾ ਪਿਛੋਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਇਸ ਬਾਰੇ ਕੈਬਨਿਟ 'ਚ ਛੇਤੀ ਕੋਈ ਫੈਸਲਾ ਕੀਤੇ ਜਾਣ ਦੇ ਭਰੋਸੇ ਪਿੱਛੋਂ ਇਹ ਰੇੜਕਾ ਖਤਮ ਹੋਇਆ। ਪ੍ਰਧਾਨ ਮੰਤਰੀ ਦੇ ਇਸ ਫੈਸਲੇ ਦਾ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਭਰਵਾਂ ਸੁਆਗਤ ਕੀਤਾ। ਇਸ ਤੋਂ ਪਹਿਲਾਂ ਸਦਨ ਵਿਚ ਇਸ ਮੁੱਦੇ 'ਤੇ ਦੋ ਦਿਨ ਚੱਲੀ ਬਹਿਸ 'ਤੇ ਗ੍ਰਹਿ ਮੰਤਰੀ ਪੀ. ਚਿਦੰਬਰਮ ਦੇ ਜਵਾਬ ਤੋਂ ਅਸੰਤੁਸ਼ਟ ਵਿਰੋਧੀ ਧਿਰ ਦੇ ਮੈਂਬਰਾਂ ਨੇ ਹੰਗਾਮਾ ਕੀਤਾ ਜਿਸ ਕਾਰਨ ਸਦਨ ਦੀ ਕਾਰਵਾਈ ਮੁਲਤਵੀ ਕਰਨੀ ਪਈ। ਇਸ ਪਿੱਛੋਂ ਸਮਾਜਵਾਦੀ ਪਾਰਟੀ ਦੇ ਮੁਲਾਇਮ ਸਿੰਘ ਯਾਦਵ, ਰਾਸ਼ਟਰੀ ਜਨਤਾ ਦਲ ਦੇ ਲਾਲੂ ਪ੍ਰਸਾਦ ਯਾਦਵ, ਜਨਤਾ ਦਲ (ਯੂ) ਦੇ ਆਗੂ ਸ਼ਰਦ ਯਾਦਵ ਅਤੇ ਭਾਜਪਾ ਦੇ ਸਦਨ ਵਿਚ ਉਪ ਆਗੂ ਗੋਪੀਨਾਥ ਮੁੰਡੇ ਸਮੇਤ ਕਈ ਸੰਸਦ ਮੈਂਬਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਵਿੱਤ ਮੰਤਰੀ ਪ੍ਰਣਾਬ ਮੁਖਰਜੀ ਅਤੇ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਕੋਲ ਜਾ ਕੇ ਕਾਫੀ ਦੇਰ ਗੱਲਬਾਤ ਕਰਦੇ ਦੇਖੇ ਗਏ। ਸਦਨ ਦੀ ਕਾਰਵਾਈ ਮੁੜ ਸ਼ੁਰੂ ਹੋਣ 'ਤੇ ਪ੍ਰਧਾਨ ਮਤੰਰੀ ਵਲੋਂ ਇਸ ਮੁੱਦੇ 'ਤੇ ਕੈਬਨਿਟ 'ਚ ਛੇਤੀ ਹੀ ਫੈਸਲੇ ਦੇ ਭਰੋਸੇ ਮਗਰੋਂ ਰਾਜਸੀ ਪਾਰਟੀਆਂ ਨੇ ਇਸ ਦਾ ਸਵਾਗਤ ਕੀਤਾ।

ਡਾ. ਮਨਮੋਹਨ ਸਿੰਘ ਵਲੋਂ ਵਿਸ਼ਵਾਸ ਦਿਵਾਏ ਜਾਣ 'ਤੇ ਲਾਲੂ ਯਾਦਵ ਨੇ ਕਿਹਾ ਕਿ ਤੁਹਾਡੇ 'ਤੇ ਪੂਰੇ ਸਦਨ ਨੂੰ ਭਰੋਸਾ ਹੈ ਅਤੇ ਇਸ ਤੋਂ ਬਾਅਦ ਅਸੀਂ ਆਪਣਾ ਅੰਦੋਲਨ ਰੋਕ ਦਿੱਤਾ ਹੈ। ਲਾਲੂ ਦੇ ਇਸ ਐਲਾਨ ਦਾ ਮੁਲਾਇਮ ਸਿੰਘ ਨੇ ਵੀ ਸਮਰਥਨ ਕੀਤਾ। ਜਨਤਾ ਦਲ (ਯੂ.) ਦੇ ਸ਼ਰਦ ਯਾਦਵ ਨੇ ਕਿਹਾ ਕਿ ਇਹ ਮੰਗ ਪਿਛਲੇ 60 ਸਾਲਾਂ ਤੋਂ ਚਲੀ ਆ ਰਹੀ ਸੀ ਜਿਸ ਬਾਰੇ ਸਰਕਾਰ ਨੇ ਫਰਾਖਦਿਲੀ ਦਿਖਾਈ ਹੈ। ਭਾਜਪਾ ਦੇ ਆਗੂ ਗੋਪੀਨਾਥ ਮੁੰਡੇ ਨੇ ਵੀ ਪ੍ਰਧਾਨ ਮੰਤਰੀ ਦੇ ਭਰੋਸੇ ਦਾ ਸੁਆਗਤ ਕੀਤਾ ਹੈ। ਸੀ.ਪੀ.ਆਈ ਦੇ ਗੁਰੂਦਾਸ ਦਾਸਗੁਪਤਾ ਅਤੇ ਸੀ.ਪੀ.ਐਮ. ਦੇ ਰਾਮਚੰਦਰ ਡੋਮ ਨੇ ਪ੍ਰਧਾਨ ਮੰਤਰੀ ਦੇ ਭਰੋਸੇ ਦਾ ਸੁਆਗਤ ਕੀਤਾ ਹੈ। ਸ੍ਰੀ ਦਾਸਗੁਪਤਾ ਨੇ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਸਰਕਾਰ ਮੈਂਬਰਾਂ ਦੀਆਂ ਭਾਵਨਾਵਾਂ ਪ੍ਰਤੀ ਜਾਗਰੂਕ ਹੋਈ ਹੈ। ਇਹ ਚੰਗਾ ਸੰਕੇਤ ਹੈ ਪਰ ਹੋਰਨਾਂ ਮਾਮਲਿਆਂ ਵਿਚ ਵੀ ਸਰਕਾਰ ਨੂੰ ਇਹੀ ਰੁਖ ਅਖਤਿਆਰ ਕਰਨਾ ਚਾਹੀਦਾ ਹੈ।

ਜਾਤ ਆਧਾਰਤ ਮਰਦਮਸ਼ੁਮਾਰੀ 'ਤੇ ਟਿੱਪਣੀ ਕਰਦਿਆਂ ਵਿਤ ਮੰਤਰੀ ਪ੍ਰਣਬ ਮੁਖਰਜੀ ਨੇ ਕਿਹਾ ਕਿ ਅਸੀਂ ਜਾਤ ਦਾ ਵਿਸ਼ਲੇਸ਼ਣ ਨਹੀਂ ਕਰ ਰਹੇ, ਬਲਕਿ ਸਿਰਫ ਗਿਣਤੀ ਕੀਤੀ ਜਾਵੇਗੀ। ਦੇਸ਼ 'ਚ ਮਰਦਮਸ਼ੁਮਾਰੀ 1872 'ਚ ਸ਼ੁਰੂ ਹੋਈ ਸੀ। ਆਜ਼ਾਦ ਭਾਰਤ ਦੇ ਇਤਿਹਾਸ 'ਚ ਹੁਣ ਤੱਕ ਸੱਤ ਵਾਰ ਦਸ-ਦਸ ਸਾਲ ਦੇ ਵਕਫੇ 'ਚ ਇਹ ਬਹੁਤ ਅਹਿਮ ਕਾਰਜ ਹੋ ਚੁੱਕਾ ਹੈ। ਜ਼ਿਕਰਯੋਗ ਹੈ ਕਿ 1931 ਪਿੱਛੋਂ ਕਦੇ ਵੀ ਜਾਤ-ਆਧਾਰਤ ਮਰਦਮਸ਼ੁਮਾਰੀ ਨਹੀਂ ਹੋਈ। ਭਾਰਤ 'ਚ ਆਜ਼ਾਦੀ ਪਿੱਛੋਂ ਇਹ ਅਮਲ ਪਹਿਲੀ ਵਾਰ ਹੋ ਰਿਹਾ ਹੈ ਜਿਸ ਬਾਰੇ ਰਾਜਸੀ ਪਾਰਟੀਆਂ ਅਤੇ ਸਮਾਜ ਵਿਗਿਆਨੀਆਂ ਦੀ ਵੱਖੋ-ਵੱਖਰੀ ਰਾਇ ਹੈ।

ਜਾਤ-ਆਧਾਰਤ ਮਰਦਮਸ਼ੁਮਾਰੀ ਵਿਰੋਧੀਆਂ ਦਾ ਮੰਨਣਾ ਹੈ ਕਿ ਇਸ ਨਾਲ ਦੇਸ਼ 'ਚ ਜਾਤੀ ਭੇਦਭਾਵ ਹੋਰ ਵਧੇਗਾ। ਭਾਰਤ ਨੂੰ ਜਾਤਪਾਤ ਤੋਂ ਮੁਕਤ ਸਮਾਜ ਦੇ ਰੂਪ 'ਚ ਦੇਖਣ ਵਾਲੀਆਂ ਧਿਰਾਂ ਨੂੰ ਇਸ ਨਾਲ ਸੱਟ ਵੱਜਣ ਦਾ ਖਤਰਾ ਹੈ। ਜ਼ਿਕਰਯੋਗ ਹੈ ਕਿ ਦੇਸ਼ 'ਚ ਜਾਤੀਵਾਦ ਅਤੇ ਜਾਤੀ ਭੇਦਭਾਵ ਖਤਮ ਹੋਣ ਦੀ ਬਜਾਇ ਵਧਦਾ ਜਾ ਰਿਹਾ ਹੈ। ਜਾਤ ਆਧਾਰਤ ਰਾਜਸੀ ਪਾਰਟੀਆਂ ਦਾ ਗਠਨ ਅਤੇ ਵਧਦੇ ਰਾਖਵੇਂਕਰਨ ਨੂੰ ਇਸ ਪੱਖੋਂ ਦੇਖਿਆ ਜਾ ਸਕਦਾ ਹੈ। ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਜੇ ਦੇਸ਼ 'ਚ ਵੱਖ-ਵੱਖ ਜਾਤੀਆਂ ਦੀ ਸੰਖਿਆ ਘਟ-ਵਧ ਰਹੀ ਹੈ ਅਤੇ ਕਿਸ ਗਤੀ ਨਾਲ ਘਟ ਵਧ ਰਹੀ ਹੈ, ਇਹ ਸਭ ਮਰਦਮਸੁਮਾਰੀ ਤੋਂ ਪਤਾ ਲੱਗਣਾ ਸ਼ੁਰੂ ਹੋਣ ਨਾਲ ਸਮਾਜਿਕ ਸੰਰਚਨਾ ਦਾ ਤਾਣਾ ਬਾਣਾ ਵਿਗੜਨ ਦਾ ਖਤਰਾ ਹੈ। ਇਸ ਨਾਲ ਵੋਟ ਬੈਂਕ ਦੀ ਰਾਜਨੀਤੀ ਹੋਰ ਵਧੇਗੀ ਅਤੇ ਕਈ ਸਮੱਸਿਆਵਾਂ ਸਾਹਮਣੇ ਆਉਣਗੀਆਂ। ਜਾਤ-ਆਧਾਰਤ ਮਰਦਮਸ਼ੁਮਾਰੀ ਨਾਲ ਵਿਕਾਸ ਯੋਜਨਾਵਾਂ ਵੀ ਪ੍ਰਭਾਵਿਤ ਹੋਣਗੀਆਂ ਕਿਉਂਕਿ ਵੋਟ ਬੈਂਕ ਨੂੰ ਸਾਹਮਣੇ ਰੱਖ ਕੇ ਇਹ ਯੋਜਨਾਵਾਂ ਉਲੀਕੀਆਂ ਜਾਣਗੀਆਂ। ਇਸ ਤੋਂ ਪਹਿਲਾਂ ਸਿਰਫ ਜਾਤ ਆਧਾਰਤ ਅਨੁਸੂਚਿਤ ਜਾਤੀ ਅਤੇ ਜਨਜਾਤੀ ਦੀ ਹੀ ਜਨਗਣਨਾ ਕੀਤੀ ਜਾਂਦੀ ਸੀ। ਕੁਝ ਮਾਹਰਾਂ ਦਾ ਮੰਨਣਾ ਹੈ ਕਿ ਮਰਦਮਸ਼ੁਮਾਰੀ ਕਰਨ ਵਾਲੇ ਕਾਰਕੁੰਨ ਸਮਾਜਿਕ ਮਾਮਲਿਆਂ 'ਚ ਪੂਰੀ ਤਰ੍ਹਾਂ ਨਿਪੁੰਨ ਨਹੀਂ, ਇਸ ਲਈ ਜਾਤ ਬਾਰੇ ਜਨਗਣਨਾ 'ਚ ਕਈ ਕਿਸਮ ਦੇ ਭੁਲੇਖੇ ਪੈਦਾ ਹੋ ਸਕਦੇ ਹਨ।

ਜਾਤ ਆਧਾਰ ਮਰਦਮਸੁਮਾਰੀ ਹਮਾਇਤੀ ਪਾਰਟੀਆਂ ਦਾ ਮੰਨਣਾ ਹੈ ਕਿ ਇਸ ਨਾਲ ਦੇਸ਼ ਵਿਚ ਵਸਦੀਆਂ ਸਭ ਜਾਤਾਂ ਦੀ ਗਿਣਤੀ ਸਪੱਸ਼ਟ ਹੋ ਸਕੇਗੀ ਤੇ ਫਿਰ ਉਨ੍ਹਾਂ 'ਚੋਂ ਕੁਝ ਜਾਤਾਂ ਜਿਨ੍ਹਾਂ ਨੂੰ ਰਾਖਵਾਂਕਰਨ ਦੇਣਾ ਹੈ, ਉਸ ਬਾਰੇ ਕੋਈ ਸਾਰਥਿਕ ਨੀਤੀ ਅਪਣਾਈ ਜਾ ਸਕੇਗੀ। ਕੁਝ ਕੁ ਦਾ ਤਾਂ ਇਹ ਵੀ ਮੰਨਣਾ ਹੈ ਕਿ ਪੱਛੜੀਆਂ ਸ਼੍ਰੇਣੀਆਂ ਤੇ ਅਨੁਸੂਚਿਤ ਜਾਤੀਆਂ ਬਾਰੇ ਵੱਖਰੀ ਮਰਦਮਸ਼ੁਮਾਰੀ ਹੋਣੀ ਚਾਹੀਦੀ ਹੈ ਜਿਸ ਦੇ ਆਧਾਰ 'ਤੇ ਉਨ੍ਹਾਂ ਨੂੰ ਰਾਖਵਾਂਕਰਨ ਦਿੱਤਾ ਜਾ ਸਕੇ। ਦੇਸ਼ ਦੀ ਜਨਤਾ ਦੀ ਸਮਾਜਿਕ ਆਰਥਿਕ ਸਥਿਤੀ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਪ੍ਰਾਪਤ ਕਰਨ ਦੇ ਨਾਲ-ਨਾਲ ਇਹ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਦੇਸ਼ ਦੇ ਸਮਾਜਕ ਅਤੇ ਆਰਥਿਕ ਤੌਰ 'ਤੇ ਪਛੜੇ ਵਰਗਾਂ ਬਾਰੇ ਵੀ ਡੂੰਘਾਈ 'ਚ ਜਾਣਕਾਰੀ ਇਕੱਠੀ ਕੀਤੀ ਜਾਵੇ। ਇਸ ਦੇ ਲਈ ਨਿਰਪੱਖ ਸਮਾਜ ਵਿਗਿਆਨੀਆਂ ਦੀਆਂ ਸੇਵਾਵਾਂ ਲਈਆਂ ਜਾਣੀਆਂ ਚਾਹੀਦੀਆਂ ਹਨ।

# 'ਲੋਕ ਤਾਂ ਬਸ ਫੰਘਾਂ ਦੀਆਂ ਡਾਰਾਂ ਬਣਾਉਣਾ ਜਾਣਦੇ ਨੇ'

**ਸ਼ਸ਼ੀ ਥਰੂਰ ਨਾਲ ਸੰਬੰਧਾਂ ਕਾਰਨ ਚਰਚਾ 'ਚ ਆਈ ਸੁਨੰਦਾ ਨਾਲ ਇਕ ਦਿਲਚਸਪ ਮੁਲਾਕਾਤ**

**-ਸ਼ੋਮਾ ਚੌਧਰੀ**

**ਸਵਾਲ: ਤੁਹਾਡੇ ਜੀਵਨ ਬਾਰੇ ਮੀਡੀਆ ਵਿਚ ਕਈ ਗੱਲਾਂ ਚਰਚਿਤ ਹਨ। ਕੀ ਤੁਸੀਂ ਸਹੀ ਤੱਥ ਦੱਸੋਗੇ?**

ਸੁਨੰਦਾ: ਮੈਂ ਨਹੀਂ ਚਾਹੁੰਦੀ ਕਿ ਇਸ ਬਾਰੇ ਕੁਝ ਲਿਖਿਆ ਜਾਵੇ। ਮੇਰੇ ਮਾਤਾ-ਪਿਤਾ ਤੇ ਮੇਰਾ ਬੇਟਾ ਇਸ ਕਾਂਡ ਤੋਂ ਕਾਫੀ ਦੁਖੀ ਤੇ ਪ੍ਰੇਸ਼ਾਨ ਹੋ ਚੁੱਕੇ ਹਨ। ਮੇਰਾ ਕਿੰਨੀ ਵਾਰ ਵਿਆਹ ਹੋਇਆ, ਮੈਂ ਕਿਸ ਨਾਲ ਡੇਟ 'ਤੇ ਗਈ ਵਗੈਰਾ ਗੱਲਾਂ ਦਾ ਆਈ.ਪੀ.ਐਲ. ਨਾਲ ਭਲਾ ਕੀ ਸੰਬੰਧ ਹੈ?

**ਸਵਾਲ : ਇਹ ਸਹੀ ਹੈ ਪਰ ਅਸਲੀ ਤੱਥਾਂ ਦੀ ਜਾਣਕਾਰੀ ਨਾ ਹੋਣ ਕਰਕੇ ਹਰ ਕੋਈ ਤੁਹਾਡੇ ਅਕਸ ਬਾਰੇ ਜੋ ਦਿਲ ਚਾਹੇ ਲਿਖ ਰਿਹਾ ਹੈ। ਖ਼ਬਰਾਂ 'ਚ ਇਹ ਵੀ ਆਇਆ ਕਿ ਤੁਸੀਂ ਆਪਣੇ ਪਹਿਲੇ ਪਤੀ ਸੰਜੇ ਰੈਨਾ ਨੂੰ ਤਲਾਕ ਦਿੱਤਾ ਸੀ ਕਿਉਂਕਿ ਤੁਹਾਨੂੰ ਉਸ ਦੇ ਮਿੱਤਰ ਸੁਜੀਤ ਮੈਨਨ ਨਾਲ ਪਿਆਰ ਹੋ ਗਿਆ ਸੀ?**

**ਜਵਾਬ :** ਤੁਹਾਡਾ ਕਹਿਣਾ ਸਹੀ ਹੈ। ਤੱਥਾਂ ਬਾਰੇ ਸਹੀ ਜਾਣਕਾਰੀ ਹਾਸਿਲ ਕਰਨੀ ਜ਼ਰੂਰੀ ਹੈ। ਮੇਰਾ ਪਹਿਲਾ ਵਿਆਹ ਮੇਰੇ ਜੀਵਨ ਦਾ ਇਕ ਕਾਲਾ ਦੌਰ ਸੀ। ਹਰ ਕੋਈ ਕਹਿੰਦਾ ਹੈ ਕਿ ਸੰਜੇ ਰੈਨਾ ਨੇ ਮੈਨੂੰ ਤਲਾਕ ਦਿੱਤਾ ਪਰ ਇਹ ਗੱਲ ਸਹੀ ਨਹੀਂ ਸੀ। ਮੈਂ ਹੀ ਉਸ ਨੂੰ ਤਲਾਕ ਦਿੱਤਾ ਸੀ। ਉਸ ਨਾਲ ਮੇਰਾ ਬਹੁਤ ਦੁੱਖਦਾਈ ਸੰਬੰਧ ਰਿਹਾ। ਇਸ ਬਾਰੇ ਮੈਂ ਜ਼ਿਆਦਾ ਕੁਝ ਨਹੀਂ ਕਹਿਣਾ ਚਾਹੁੰਦੀ। ਉਹ ਕਾਂਡ ਕਦੋਂ ਦਾ ਖਤਮ ਹੋ ਗਿਆ ਹੈ। ਉਸ ਨੇ ਆਪਣਾ ਰਾਹ ਫੜ ਲਿਆ ਤੇ ਮੈਂ ਆਪਣਾ। ਜਦੋਂ ਮੈਂ ਉਸ ਨੂੰ ਮਿਲੀ ਸੀ, ਉਦੋਂ ਮੈਂ 19 ਸਾਲਾਂ ਦੀ ਸੀ ਤੇ ਦੁਨੀਆਦਾਰੀ ਤੋਂ ਅਣਜਾਣ ਸੀ। ਮੇਰੇ ਪਿਤਾ ਜੀ ਫੌਜ ਵਿਚ ਸਨ ਤੇ ਸਾਡਾ ਬਚਪਨ ਕਾਫੀ ਸੁਰੱਖਿਅਤ ਸਥਿਤੀ ਵਿਚ ਬੀਤਿਆ ਸੀ। ਮੇਰੇ ਦੋਸਤ ਤੇ ਸਹੇਲੀਆਂ ਅਕਸਰ ਮੈਨੂੰ 'ਮਦਰ ਟਰੈਸਾ' ਕਹਿੰਦੇ ਹੁੰਦੇ ਸਨ। ਜਦੋਂ ਮੈਂ ਅੰਬਾਲਾ ਵਿਚ 6ਵੀਂ ਜਮਾਤ ਵਿਚ ਪੜ੍ਹਦੀ ਸੀ, ਉਦੋਂ ਅਸੀਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਕੰਮ ਕੀਤਾ ਸੀ। ਜਦੋਂ ਮੈਂ ਜੈਸੁਅਸ ਐਂਡ ਮੈਰੀ ਕਾਨਵੈਂਟ 'ਚ ਸੀ, ਉਦੋਂ ਵੀ ਅਨਾਥ ਤੇ ਅਪਾਹਜ ਬੱਚਿਆਂ ਦੇ ਆਸ਼ਰਮ ਵਿਚ ਜਾ ਕੇ ਉਨ੍ਹਾਂ ਦੀ ਦੇਖਭਾਲ ਕਰਦੀ ਹੁੰਦੀ ਸੀ।

ਕਈ ਲੋਕ ਸੰਜੇ ਬਾਰੇ ਬੁਰੀਆਂ-ਭਲੀਆਂ ਗੱਲਾਂ ਕਹਿੰਦੇ ਹੁੰਦੇ ਸਨ। ਸ਼ਾਇਦ ਆਪਣੀ ਦਇਆ-ਭਾਵਨਾ ਕਰਕੇ ਹੀ ਮੈਂ ਉਸ ਵਲ ਆਕਰਸ਼ਿਤ ਹੋਈ ਪਰ ਉਸ ਨਾਲ ਵਿਆਹ ਕਰਵਾਉਣਾ ਮੇਰੀ ਇਕ ਵੱਡੀ ਗ਼ਲਤੀ ਸੀ। ਮੈਂ ਕੁੜਮਾਈ ਤੋਂ ਬਾਅਦ ਹੀ ਕਿਹਾ ਸੀ ਕਿ ਮੈਂ ਇਹ ਰਿਸ਼ਤਾ ਤੋੜ ਦੇਣਾ ਚਾਹੁੰਦੀ ਹਾਂ ਪਰ ਉਦੋਂ ਮੇਰੇ ਪਿਤਾ ਜੀ ਨੇ ਮੇਰੀ ਗੱਲ ਨਹੀਂ ਮੰਨੀ। ਕਸ਼ਮੀਰੀ ਪੰਡਿਤ ਹੋਣ ਕਰਕੇ ਸਾਡੇ ਇਹ ਰਵਾਇਤ ਹੈ ਕਿ ਜੇ ਕੁੜੀ ਦੀ ਕੁੜਮਾਈ ਹੋ ਗਈ ਤਾਂ ਵਿਆਹ ਵੀ ਹੋਵੇਗਾ ਹੀ।

ਸੰਜੇ ਰੈਨਾ ਨਾਲ ਮੇਰੇ ਦਿਨ ਬੜੇ ਮੁਸ਼ਕਿਲਾਂ ਵਿਚ ਲੰਘੇ ਤੇ ਮੈਨੂੰ ਦਿੱਲੀ 'ਚ ਉਸ ਤੋਂ ਤਲਾਕ ਲੈਣ ਵਿਚ ਕਾਫੀ ਪ੍ਰੇਸ਼ਾਨੀ ਉਠਾਉਣੀ ਪਈ। ਉਹ ਸਮਾਂ ਮੇਰੇ ਇਕੱਲੇਪਨ ਦਾ ਸੀ। ਮੇਰੇ ਮਾਤਾ-ਪਿਤਾ ਨਹੀਂ ਚਾਹੁੰਦੇ ਸਨ ਕਿ ਮੈਂ ਤਲਾਕ ਲਵਾਂ। ਹੁਣ ਮੈਂ ਉਨ੍ਹਾਂ ਦੀਆਂ ਮਨੋਭਾਵਨਾਵਾਂ ਨੂੰ ਸਮਝ ਸਕਦੀ ਹਾਂ ਪਰ ਉਦੋਂ ਮੈਂ ਖੁਦ ਨੂੰ ਇਕੱਲੀ ਮਹਿਸੂਸ ਕਰਦੀ ਸੀ। ਸੱਚਾਈ ਇਹ ਹੈ ਕਿ ਸੁਜੀਤ ਨੇ ਉਨ੍ਹਾਂ ਮੁਸ਼ਕਿਲ ਦਿਨਾਂ ਵਿਚ ਮੇਰਾ ਸਾਥ ਦਿੱਤਾ ਸੀ ਤੇ ਉਸ ਦੁੱਖ ਦੀ ਘੜੀ ਵਿਚ ਮੇਰੀ ਸਹਾਇਤਾ ਕੀਤੀ ਸੀ। ਸੁਜੀਤ ਨੇ ਇਕ ਮਿੱਤਰ ਵਾਂਗ ਮੇਰਾ ਹੌਸਲਾ ਵਧਾਇਆ। ਉਹ ਉਦੋਂ ਕਿਸੇ ਹੋਰ ਔਰਤ ਨਾਲ 'ਡੇਟਿੰਗ' ਕਰ ਰਿਹਾ ਸੀ। ਮੈਂ ਤਾਂ ਸਿਰਫ ਉਸ ਦੀ ਇਕ ਮਿੱਤਰ ਸੀ।

1998 ਵਿਚ ਮੈਨੂੰ ਤਲਾਕ ਮਿਲਿਆ ਤੇ 1989 ਵਿਚ ਮੈਂ ਦੁਬਈ ਚਲੀ ਗਈ। 1991 ਵਿਚ ਮੈਂ ਸੁਜੀਤ ਨਾਲ ਵਿਆਹ ਕਰਵਾ ਲਿਆ ਤੇ ਮੇਰੇ ਬੇਟੇ ਸ਼ਿਵ ਦਾ ਜਨਮ ਨਵੰਬਰ 1992 ਵਿਚ ਹੋਇਆ ਸੀ। ਜੇ ਮੈਂ ਸੁਜੀਤ ਕਾਰਨ ਸੰਜੇ ਨੂੰ ਛੱਡਿਆ ਹੁੰਦਾ ਤਾਂ ਮੈਂ ਸੁਜੀਤ ਨਾਲ ਇੰਨੀ ਦੇਰ ਬਾਅਦ ਵਿਆਹ ਕਿਉਂ ਕਰਵਾਉਂਦੀ?

**ਸਵਾਲ : ਸੁਜੀਤ ਦੀ ਮੌਤ ਬਾਰੇ ਦੱਸੋ? ਕਿਹਾ ਜਾਂਦਾ ਹੈ ਕਿ ਉਸ ਦੀ ਮੌਤ ਸ਼ੱਕੀ ਹਾਲਤਾਂ 'ਚ ਹੋਈ ਸੀ?**

ਜਵਾਬ: ਮੇਰੇ ਬੇਟੇ ਨੂੰ ਅਜਿਹੀਆਂ ਰਿਪੋਰਟਾਂ ਨਾਲ ਕਾਫੀ ਦੁੱਖ ਪਹੁੰਚਿਆ ਸੀ। ਅਸਲੀਅਤ ਇਹ ਹੈ ਕਿ ਮੇਰੇ ਪਤੀ ਸੁਜੀਤ ਦੀ ਮੌਤ ਕਰੋਲ ਬਾਗ, ਦਿੱਲੀ 'ਚ ਮਾਰਚ 1997 'ਚ ਇਕ ਸੜਕ ਹਾਦਸੇ ਵਿਚ ਹੋਈ ਸੀ। ਮੈਂ ਤੁਹਾਨੂੰ ਉਨ੍ਹਾਂ ਦੀ ਮੌਤ ਦਾ ਸਰਟੀਫਿਕੇਟ ਵੀ ਦਿਖਾ ਸਕਦੀ ਹਾਂ। ਉਹ ਸਮਾਂ ਮੇਰੇ ਲਈ ਬਹੁਤ ਮੁਸ਼ਕਿਲਾਂ ਭਰਿਆ ਸੀ। ਸੁਜੀਤ ਇਕ ਵਿੱਤੀ ਸਲਾਹਕਾਰ ਸੀ ਤੇ ਕੁਝ ਆਰਥਿਕ ਔਕੜਾਂ 'ਚ ਵੀ ਫਸਿਆ ਹੋਇਆ ਸੀ। ਮੈਂ ਉਸ ਦੇ ਕਈ ਕੰਮਾਂ ਦਾ ਵਿਰੋਧ ਵੀ ਕਰਦੀ ਸੀ। ਉਸ ਦੀ ਮੌਤ ਤੋਂ ਬਾਅਦ ਮੈਨੂੰ ਉਸ ਦੇ ਕਰਜ਼ਦਾਰਾਂ ਦੇ ਧਮਕੀ ਭਰੇ ਫੋਨ ਵੀ ਆਏ ਸਨ ਪਰ ਮੈਂ ਉਨ੍ਹਾਂ ਦੀ ਪਰਵਾਹ ਨਹੀਂ ਕੀਤੀ।

ਸ਼ਿਵ ਉਦੋਂ ਮੁਸ਼ਕਿਲ ਨਾਲ 4 ਸਾਲਾਂ ਦਾ ਸੀ। ਉਸ ਨੇ ਅਚਾਨਕ ਬੋਲਣਾ ਬੰਦ ਕਰ ਦਿੱਤਾ ਸੀ। ਮੈਂ ਕਰਜ਼ਾ ਵੀ ਲਾਹੁਣਾ ਸੀ ਤੇ ਆਪਣੇ ਲਈ ਵੀਜ਼ੇ ਦਾ ਪ੍ਰਬੰਧ ਕਰਨਾ ਸੀ। ਇਸੇ ਲਈ ਮੈਂ ਸ਼ਿਵ ਨੂੰ ਕੁਝ ਮਹੀਨੇ ਆਪਣੀ ਨਨਾਣ ਕੋਲ ਤੇ ਕੁਝ ਮਹੀਨੇ ਆਪਣੇ ਮਾਤਾ-ਪਿਤਾ ਕੋਲ ਛੱਡ ਕੇ ਦੁਬਈ ਚਲੀ ਗਈ। ਬਾਅਦ ਵਿਚ ਮੈਂ ਉਸ ਨੂੰ ਇਲਾਜ ਲਈ ਦੁਬਈ ਲੈ ਕੇ ਗਈ ਪਰ ਉਥੇ ਉਦੋਂ 'ਸਪੀਚ ਥਰੈਪੀ' ਦਾ ਕੋਈ ਪ੍ਰਬੰਧ ਹੀ ਨਹੀਂ ਸੀ। ਮੈਂ ਬਾਅਦ ਵਿਚ ਆਪਣੇ ਬੇਟੇ ਦੇ ਇਲਾਜ ਲਈ ਕੈਨੇਡਾ ਗਈ। ਉਦੋਂ ਮੈਂ ਚੰਗੀ-ਖਾਸੀ ਕਮਾਈ ਕਰ ਰਹੀ ਸੀ ਪਰ ਮੇਰੇ ਕੋਲ ਵਾਧੂ ਖਰਚ ਲਈ ਪੈਸਾ ਨਹੀਂ ਸੀ। ਮੈਨੂੰ ਆਪਣੇ ਮਾਤਾ-ਪਿਤਾ ਅਤੇ ਇੰਜੀਨੀਅਰਿੰਗ ਕਾਲਜ ਵਿਚ ਪੜ੍ਹ ਰਹੇ ਆਪਣੇ ਭਰਾ ਦੀ ਸਹਾਇਤਾ ਕਰਨੀ ਪੈ ਰਹੀ ਸੀ। ਇਸ ਤੋਂ ਇਲਾਵਾ ਸੁਜੀਤ ਦੇ ਲਏ ਕਰਜ਼ੇ ਵੀ ਮੋੜਨੇ ਪੈ ਰਹੇ ਸਨ।

**ਸਵਾਲ : ਤੁਹਾਨੂੰ ਆਪਣੇ ਮਾਤਾ-ਪਿਤਾ ਦੀ ਸਹਾਇਤਾ ਕਰਨ ਦੀ ਲੋੜ ਕਿਉਂ ਪਈ, ਜਦਕਿ ਤੁਹਾਡਾ ਪਰਿਵਾਰ ਤਾਂ ਖੁਸ਼ਹਾਲ ਹੀ ਸੀ?**

**ਜਵਾਬ:** 1989 ਵਿਚ ਕਸ਼ਮੀਰ 'ਚ ਜਦੋਂ ਤੱਕ ਅੱਤਵਾਦ ਦੀ ਸਮੱਸਿਆ ਪੈਦਾ ਨਹੀਂ ਹੋਈ ਸੀ, ਸਾਡਾ ਪਰਿਵਾਰ ਕਾਫੀ ਖੁਸ਼ਹਾਲ ਸੀ। ਸਾਡੇ ਪਰਿਵਾਰ ਨੂੰ ਵੀ ਹੋਰਨਾਂ ਕਸ਼ਮੀਰੀਆਂ ਵਾਂਗ ਉਥੇ ਕਸ਼ਟ ਝੱਲਣੇ ਪਏ। ਉਨ੍ਹਾਂ ਕੋਲ ਧਨ ਸੀ, ਇਸ ਲਈ ਉਨ੍ਹਾਂ ਨੂੰ ਹੋਰਨਾਂ ਕਸ਼ਮੀਰੀਆਂ ਵਾਂਗ ਟੈਂਟਾਂ ਵਿਚ ਨਹੀਂ ਰਹਿਣਾ ਪਿਆ ਪਰ ਉਹ ਅਜਿਹੀ ਸਥਿਤੀ ਵਿਚ ਨਹੀਂ ਸਨ ਕਿ ਮੇਰੇ ਭਰਾ ਨੂੰ ਕਾਲਜ 'ਚ ਪੜ੍ਹਾ ਸਕਦੇ। ਤੁਹਾਨੂੰ ਪਤਾ ਹੈ ਕਿ ਉਨ੍ਹਾਂ ਕਾਲਜਾਂ ਵਿਚ ਕੈਪੀਟੇਸ਼ਨ ਫੀਸ ਤੇ ਡੋਨੇਸ਼ਨ ਵਜੋਂ ਕਿੰਨਾ ਪੈਸਾ ਵਸੂਲਿਆਂ ਜਾਂਦਾ ਹੈ। ਮੈਨੂੰ ਇਸ ਗੱਲ ਦਾ ਮਾਣ ਵੀ ਹੈ ਕਿ ਮੈਂ ਆਪਣੇ ਬੇਟਾ ਦਾ ਵੀ ਸਹੀ ਤਰੀਕੇ ਨਾਲ ਪਾਲਣ-ਪੋਸਣ ਕੀਤਾ।

**ਸਵਾਲ: ਤੁਹਾਨੂੰ ਕੋਚੀ ਟੀਮ 'ਚ ਮਿਲੇ ਸਵੀਟ ਸ਼ੇਅਰਾਂ ਬਾਰੇ ਵੀ ਕਾਫੀ ਕੁਝ ਲਿਖਿਆ ਗਿਆ ਅਤੇ ਇਹ ਕਿਹਾ ਗਿਆ ਕਿ ਤੁਸੀਂ ਸਵੀਟ ਸ਼ੇਅਰ ਲੈਣ ਦੇ ਯੋਗ ਨਹੀਂ ? ਇਹ ਤੁਹਾਨੂੰ ਸ਼ਸ਼ੀ ਥਰੂਰ ਕਾਰਨ ਹੀ ਮਿਲੇ।**

**ਜਵਾਬ:** ਮੈਂ ਤੁਹਾਨੂੰ ਦੱਸ ਨਹੀਂ ਸਕਦੀ ਕਿ ਇਸ ਨਾਲ ਮੈਨੂੰ ਕਿੰਨੀ ਠੇਸ ਲੱਗੀ ਹੈ। ਮੈਂ ਆਪਣੇ ਜੀਵਨ ਵਿਚ ਸਵੈ-ਨਿਰਭਰ ਰਹੀ ਹਾਂ ਤੇ ਜਿੱਥੋਂ ਤੱਕ ਪਹੁੰਚੀ ਹਾਂ, ਆਪਣੇ ਬਲਬੂਤੇ 'ਤੇ ਪਹੁੰਚੀ ਹਾਂ। ਮਰਦਾਂ ਦੀ ਇਸ ਦੁਨੀਆ ਵਿਚ ਮੈਂ ਆਪਣੀਆਂ ਸ਼ਰਤਾਂ 'ਤੇ ਆਪਣੇ ਲਈ ਥਾਂ ਬਣਾਈ ਹੈ। ਮੈਂ ਵੀ ਪੈਸਾ ਕਮਾਉਣਾ ਚਾਹੁੰਦੀ ਹਾਂ, ਇਸ ਲਈ ਮੈਂ ਇਸ ਪਾਸੇ ਕਦਮ ਵਧਾਏ ਸਨ। ਮੈਂ ਵੀ ਚਾਹੁੰਦੀ ਹਾਂ ਕਿ ਕਿਸੇ ਚੰਗੇ ਆਦਮੀ ਨਾਲ ਵਿਆਹ ਕਰਕੇ ਘਰ ਵਸਾ ਲਵਾਂ ਪਰ ਮੈਂ ਇਕ ਅਜਿਹੇ ਆਦਮੀ ਨਾਲ ਵਿਆਹ ਨਹੀਂ ਕਰਵਾ ਸਕਦੀ, ਜੋ ਮੈਨੂੰ ਹੀਰੇ-ਜਵਾਹਰਾਤ ਤੇ ਪੈਸੇ ਨਾਲ ਖਰੀਦਣਾ ਚਾਹੇ। ਜਦੋਂ ਲੋਕ ਇਹ ਕਹਿੰਦੇ ਹਨ ਕਿ ਮੈਂ ਸ਼ਸ਼ੀ ਥਰੂਰ ਦੇ ਪ੍ਰਭਾਵ ਦਾ ਇਸਤੇਮਾਲ ਆਪਣੇ ਲਈ ਕਰ ਰਹੀ ਹਾਂ ਤਾਂ ਮੈਨੂੰ ਬਹੁਤ ਦੁੱਖ ਹੁੰਦਾ ਹੈ। ਜਿੱਥੋਂ ਤਕ ਕੋਚੀ ਟੀਮ ਦਾ ਸਵਾਲ ਹੈ, 70 ਕਰੋੜ ਰੁਪਏ 'ਚ ਕਿਸੇ ਵੀ ਵਿਦੇਸ਼ੀ ਮਾਰਕੀਟਿੰਗ ਫਰਮ ਦੀਆਂ ਕੋਚੀ ਟੀਮ ਸੇਵਾਵਾਂ ਲੈ ਸਕਦੀ ਸੀ। ਆਖਿਰ ਸ਼ਸ਼ੀ ਥਰੂਰ ਨੇ ਮੈਨੂੰ ਕਿਉਂ ਚੁਣਿਆ?

ਅਸਲ ਵਿਚ ਸਵੀਟ ਸ਼ੇਅਰਾਂ ਵਿਚ ਇਕ ਪੈਸੇ ਦਾ ਵੀ ਲੈਣ-ਦੇਣ ਨਹੀਂ ਹੋਇਆ ਪਰ ਇਕ ਔਰਤ ਹੋਣ ਦੇ ਨਾਤੇ ਇਸ ਗੱਲ ਨੂੰ ਲੈ ਕੇ ਭਾਰੀ ਹੰਗਾਮਾ ਖੜ੍ਹਾ ਕੀਤਾ ਗਿਆ। ਜੇ ਕੋਈ ਵਿਦੇਸ਼ੀ ਹੁੰਦਾ ਤਾਂ ਸ਼ਾਇਦ ਇਸ 'ਤੇ ਕੋਈ ਹੰਗਾਮਾ ਨਾ ਹੁੰਦਾ। ਕੀ ਅਸੀਂ ਆਜ਼ਾਦ ਭਾਰਤ ਵਿਚ ਰਹਿ ਰਹੇ ਹਾਂ ਜਾਂ ਬ੍ਰਿਟਿਸ਼ ਰਾਜ ਵਿਚ?

**ਸਵਾਲ: ਤੁਹਾਡਾ ਕੈਰੀਅਰ?**

**ਜਵਾਬ:** ਜਦੋਂ ਮੈਂ ਪਹਿਲਾਂ ਦੁਬਈ ਗਈ ਤਾਂ ਉਥੇ ਮੈਂ ਟੂਰਿਜ਼ਮ ਦੇ ਖੇਤਰ ਵਿਚ ਕੰਮ ਕੀਤਾ, ਜਿਸ ਵਿਚ ਮੈਨੂੰ ਕਾਫੀ ਸਫਲਤਾ ਮਿਲੀ। ਫਿਰ ਮੈਨੂੰ 'ਬੋਜ਼ੇਲੀ ਪ੍ਰਾਈਮ' ਇਸ਼ਤਿਹਾਰ ਏਜੰਸੀ ਵਿਚ ਕੰਮ ਮਿਲਿਆ। ਕੈਨੇਡਾ ਵਿਚ ਮੈਨੂੰ ਨਵੇਂ ਸਿਰਿਓਂ ਸ਼ੁਰੂਆਤ ਕਰਨੀ ਪਈ ਤੇ ਆਪਣੀ ਮਿਹਨਤ ਤੇ ਪ੍ਰਤਿਭਾ ਨਾਲ ਮੈਂ ਆਪਣੇ ਪੈਰ ਜਮਾਏ। ਉਥੇ ਮੈਂ ਸਿਰਫ ਆਪਣੇ ਸੂਟਕੇਸ ਤੇ ਬੱਚੇ ਨਾਲ ਹੀ ਗਈ ਸੀ। ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿਚ ਮੇਰੇ ਮਿੱਤਰ ਹਨ ਤੇ ਮੇਰੇ ਬਾਰੇ ਇਨ੍ਹੀਂ ਦਿਨੀਂ ਛਪੀਆਂ ਖ਼ਬਰਾਂ ਕਾਰਨ ਉਨ੍ਹਾਂ ਨੂੰ ਕਾਫੀ ਦੁਖ ਪਹੁੰਚਿਆ ਹੋਵੇਗਾ। ਮੈਨੂੰ ਦੁਬਈ ਦੀ ਬਿਊਟੀਸ਼ੀਅਨ ਕਹਿਣਾ ਅਪਮਾਨਜਨਕ ਨਹੀਂ, ਪਰ ਇਹ ਗੱਲ ਸਹੀ ਨਹੀਂ ਹੈ। ਮੈਂ ਫਿਲਹਾਲ ਇਕ ਛੋਟੀ ਜਿਹੀ ਜਿਊਲਰੀ ਸ਼ੌਪ ਚਲਾ ਰਹੀ ਹਾਂ। ਖ਼ੈਰ, ਦੁੱਖ ਤਾਂ ਹੁੰਦਾ ਹੀ ਹੈ ਜਦੋਂ ਤੁਹਾਡੇ ਬਾਰੇ ਬੇਸਿਰ-ਪੈਰ ਦੀਆਂ ਗੱਲਾਂ ਉਡਾਈਆਂ ਜਾਣ।

*('ਤਹਿਲਕਾ' ਤੋਂ ਧੰਨਵਾਦ ਸਹਿਤ)*





# ਮਾਹਿਲ ਗਹਿਲਾਂ ਦੇ ਫੁੱਟਬਾਲ ਅਤੇ ਕਬੱਡੀ ਮੈਚ

## ਖੇਡਾਂ ਦੀ ਡਾਇਰੀ

**ਇਕਬਾਲ ਜੱਬੋਵਾਲੀਆ***

ਬਲਿਹਾਰੇ ਪਰਵਾਸੀ ਵੀਰਾਂ ਦੇ ਜਿਹੜੇ ਬਾਹਰਲੇ ਮੁਲਕਾਂ 'ਚ ਰਹਿੰਦੇ ਹੋਏ ਪੰਜਾਬ ਦੀ ਮਿੱਟੀ ਦੀ ਮਹਿਕ ਨੂੰ ਹਮੇਸ਼ਾਂ ਤਾਜ਼ਾ ਰੱਖਦੇ ਹਨ। ਸਕੂਲਾਂ, ਕਾਲਜਾਂ, ਸਟੇਡੀਅਮਾਂ ਤੇ ਪਿੰਡਾਂ ਦੇ ਵਿਕਾਸ ਕੰਮਾਂ 'ਚ ਵੱਧ ਚੜ੍ਹ ਕੇ ਹਿੱਸਾ ਪਾਉਂਦੇ ਹਨ। ਉਹ ਆਪਣੀ ਨੇਕ ਕਮਾਈ 'ਚੋਂ ਦਸਵੰਧ ਕੱਢ ਕੇ ਚੰਗੇ ਕਾਰਜਾਂ ਲਈ ਮਾਇਆ ਦਾਨ ਕਰਦੇ ਹਨ। ਜਿਵੇਂ ਕਿ ਬੰਗਿਆਂ ਦੇ ਇਲਾਕੇ ਦਾ ਪ੍ਰਸਿੱਧ ਪਿੰਡ ਮਾਹਿਲ ਗਹਿਲਾਂ ਵਿਖੇ ਪਰਵਾਸੀ ਭਰਾਵਾਂ ਦੇ ਸਹਿਯੋਗ ਨਾਲ ਹਰ ਸਾਲ ਫੁੱਟਬਾਲ ਤੇ ਕਬੱਡੀ ਮੈਚ ਕਰਾਏ ਜਾਂਦੇ ਹਨ। 1966-67 'ਚ ਮੋਹਣ ਸਿੰਘ ਮਾਹਲ ਵਲੋਂ ਇਨ੍ਹਾਂ ਖੇਡਾਂ ਦੀ ਸ਼ੁਰੂਆਤ ਕੀਤੀ ਗਈ ਸੀ। ਦਰਸ਼ਨ ਸਿੰਘ ਮਾਹਲ (ਕੈਨੇਡਾ ਵਾਲੇ) ਉਸ ਵੇਲੇ ਇਸ ਕਲੱਬ ਦੇ ਸਕੱਤਰ ਸਨ। 1969 ਵਿਚ ਮੋਹਣ ਸਿੰਘ ਮਾਹਲ ਕੈਨੇਡਾ ਆ ਗਿਆ ਤੇ ਦਰਸ਼ਨ ਮਾਹਲ ਵੀ 1971 'ਚ ਐਮ.ਏ. ਕਰਕੇ ਕੈਨੇਡਾ ਆ ਵਸਿਆ। ਪਿੰਡ ਵਾਸੀਆਂ ਦੇ ਸਹਿਯੋਗ ਅਤੇ ਗ੍ਰਾਮ ਪੰਚਾਇਤ ਦੇ ਉਦਮ ਸਦਕਾ ਇਹ ਮੈਚ ਨਿਰੰਤਰ ਚਲਦੇ ਰਹੇ। ਮਾਹਿਲ ਸਪੋਰਟਸ ਕਲੱਬ ਵਲੋਂ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਨਾਂ 'ਤੇ ਹਰ ਸਾਲ ਫੁੱਟਬਾਲ ਅਤੇ ਕਬੱਡੀ ਮੈਚ ਬੜੇ ਜ਼ੋਰ-ਸ਼ੋਰ ਅਤੇ ਸ਼ੌਕ ਨਾਲ ਕਰਾਏ ਜਾਂਦੇ ਹਨ। ਆਪਣੇ ਸ਼ੌਕ ਨੂੰ ਬਰਕਰਾਰ ਰੱਖਦੇ ਹੋਏ ਦਰਸ਼ਨ ਮਾਹਿਲ ਜੀ ਹਰ ਸਾਲ ਕੈਨੇਡਾ ਤੋਂ ਜਾ ਕੇ ਮਨੋ, ਧਨੋ ਭਰਵਾਂ ਸਹਿਯੋਗ ਦੇ ਕੇ ਇਨ੍ਹਾਂ ਮੈਚਾਂ ਦੀ ਰੂਪ-ਰੇਖਾ ਤਿਆਰ ਕਰਦੇ ਹਨ।

ਇਸ ਸਾਲ ਦੇ ਇਹ ਮੈਚ ਵੇਖਣ ਦਾ ਮੌਕਾ ਮਿਲਿਆ ਤੇ ਨਾਮਵਰ ਸੱਜਣਾਂ ਦੇ ਦਰਸ਼ਨ ਹੋਏ। ਅਰਜਨ ਐਵਾਰਡੀ ਗੁਰਦੇਵ ਸਿੰਘ ਗਿੱਲ, ਮੇਜਰ ਸਿੰਘ ਮੌਜੀ ਸ਼ਿਕਾਗੋ, ਬਲਵੀਰ ਸਿੰਘ ਬੈਂਸ, ਫੁੱਟਬਾਲ ਖਿਡਾਰੀ ਬਲਵੀਰ ਸਿੰਘ ਮਹਾਲੋਂ, ਗੁਰਪਾਲ ਫੌਜੀ ਮੰਗੂਵਾਲ ਤੇ ਅਨੇਕਾਂ ਹੋਰਾਂ ਦੇ ਦਰਸ਼ਨ ਹੋਏ। ਨੱਠੇ-ਭੱਜੇ ਫਿਰ ਰਹੇ ਦਰਸ਼ਨ ਮਾਹਿਲ ਹਰ ਆਏ ਗਏ ਦੀ ਆਉ-ਭਗਤ ਕਰ ਰਹੇ ਸਨ।

ਫੁੱਟਬਾਲ ਦੇ ਮੈਚ ਪੰਜ ਦਿਨ ਚੱਲੇ ਤੇ ਕਬੱਡੀ ਮੈਚ ਆਖਰੀ ਇਕ ਦਿਨ। ਫੁੱਟਬਾਲ 'ਏ' ਦੀਆਂ ਸੋਲਾਂ ਟੀਮਾਂ ਦੇ ਮੁਕਾਬਲੇ 'ਚੋਂ ਮਾਹਿਲ ਗਹਿਲਾਂ ਪ੍ਰਥਮ ਰਿਹਾ ਜਦੋਂਕਿ ਫੁੱਟਬਾਲ 'ਬੀ' ਦੀਆਂ ਦਸ ਟੀਮਾਂ 'ਚੋਂ ਝਿੱਕਾ ਪਹਿਲੇ ਤੇ ਮਾਹਿਲ ਗਹਿਲਾਂ ਦੂਜੇ ਨੰਬਰ 'ਤੇ ਰਿਹਾ। ਅਖੀਰਲੇ ਦਿਨ ਫੁੱਟਬਾਲ ਦੇ ਫਸਵੇਂ ਫਾਈਨਲ ਮੈਚ ਹੋਏ ਤੇ ਦੂਜੇ ਪਾਸੇ ਦੀ ਗਰਾਊਂਡ 'ਚ ਨੌਂ ਕਬੱਡੀ ਅਕੈਡਮੀਆਂ ਦੇ ਕਾਂਟੇਦਾਰ ਮੁਕਾਬਲੇ 'ਚੋਂ ਸੰਗਰੂਰ ਫਸਟ ਤੇ ਟਾਂਡਾ ਸੈਕਿੰਡ ਰਿਹਾ। ਕਬੱਡੀ ਮੈਚਾਂ ਦੀ ਕੁਮੈਂਟਰੀ ਕਰਨ ਵਾਲਾ ਹਰ ਖਿਡਾਰੀ ਦੀ ਜਨਮ ਪੱਤਰੀ ਦਸ ਕੇ ਨਾਲੋ ਨਾਲ ਦਰਸ਼ਕਾਂ ਨੂੰ ਜਾਣੂ ਕਰਾ ਰਿਹਾ ਸੀ।

ਮਾਹਿਲ ਸਪੋਰਟਸ ਕਲੱਬ ਦੇ ਪ੍ਰਧਾਨ ਪਿੰਡ ਦੇ ਮੌਜੂਦਾ ਸਰਪੰਚ ਜਸਪਾਲ ਸਿੰਘ ਹਨ ਜਿਨ੍ਹਾਂ ਦੀ ਦੇਖ-ਰੇਖ ਹੇਠ ਮੈਚਾਂ ਦਾ ਵਧੀਆ ਸੰਚਾਲਨ ਕੀਤਾ ਜਾਂਦਾ ਹੈ। ਖੇਡਾਂ ਦੇ ਸ਼ੌਕੀਨ ਦਰਸ਼ਨ ਸਿੰਘ ਮਾਹਿਲ ਆਪਣੇ ਸਮੇਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਐਸ.ਐਨ. ਕਾਲਜ ਬੰਗਾ ਤੇ ਖਾਲਸਾ ਕਾਲਜ ਜਲੰਧਰ ਦੇ ਬਹੁਤ ਤਕੜੇ ਫੁੱਟਬਾਲ ਖਿਡਾਰੀ ਰਹਿ ਚੁੱਕੇ ਹਨ। ਹਰ ਸਾਲ ਇਨ੍ਹਾਂ ਵਲੋਂ ਘਰੇਲੂ ਕੰਮਾਂ-ਕਾਰਾਂ ਵਿਚੋਂ ਕੀਮਤੀ ਵਕਤ ਕੱਢਦੇ ਹੋਏ ਇਨ੍ਹਾਂ ਮੈਚਾਂ 'ਚ ਹਾਜ਼ਰੀ ਲੁਆਈ ਜਾਂਦੀ ਹੈ।

ਫੁੱਟਬਾਲ ਮੈਚਾਂ ਲਈ ਕੈਲੀਫੋਰਨੀਆ ਤੋਂ ਜੁਗਵਿੰਦਰ ਸਿੰਘ ਕਾਲਾ, ਜੋਗਾ ਸਿੰਘ ਭੌਰ, ਸ਼ਰਨਜੀਤ ਸਿੰਘ, ਜੋਗਿੰਦਰ ਸਿੰਘ, ਸੋਹਣ ਸਿੰਘ, ਗੁਰਤੇਜ ਪਾਲ ਤੇ ਮਨਜਿੰਦਰ ਹੀਰ ਵਲੋਂ ਮਾਇਆ ਦਾ ਸਹਿਯੋਗ ਦਿੱਤਾ ਜਾਂਦਾ ਹੈ ਜਦੋਂਕਿ ਕਬੱਡੀ ਮੈਚਾਂ ਦਾ ਸਾਰਾ ਖਰਚ ਦਰਸ਼ਨ ਮਾਹਿਲ ਤੇ ਫਰਿਜ਼ਨੋ ਵਾਲੇ ਪਾਲ ਮਾਹਿਲ ਵਲੋਂ ਕੀਤਾ ਜਾਂਦਾ ਹੈ। ਕਬੱਡੀ ਦਾ ਪਹਿਲਾ ਇਨਾਮ ਪਾਲ ਮਾਹਿਲ ਤੇ ਦੂਜਾ ਦਰਸ਼ਨ ਮਾਹਿਲ ਵਲੋਂ ਦਿੱਤਾ ਜਾਂਦਾ ਹੈ।

ਪਿੰਡ ਮਾਹਿਲ ਗਹਿਲਾਂ ਤੇ ਨੌਰਾ ਭੌਰਾ (ਕਾਲਮਨਵੀਸ ਅਸ਼ੋਕ ਭੌਰਾ ਦਾ ਪਿੰਡ) ਪਿੰਡਾਂ ਦੇ ਹਰੇ ਭਰੇ ਖੇਤਾਂ ਵਿਚਕਾਰ ਸਥਿਤ ਸਟੇਡੀਅਮ ਵਾਸਤੇ ਦਰਸ਼ਨ ਮਾਹਿਲ ਤੇ ਸ਼ਮੇਸ਼ਰ ਮਾਹਿਲ (ਦੋਵੇਂ ਭਰਾ), ਬਲਜਿੰਦਰ ਸਿੰਘ ਪਾਲ ਮਾਹਿਲ, ਬਲਵੀਰ ਮਾਹਿਲ ਕੈਨੇਡਾ ਅਤੇ ਜਸਵੀਰ ਬਨਵੈਤ ਕੈਨੇਡਾ ਵਾਲੇ ਵਲੋਂ ਖੁਲ੍ਹੇ ਦਿਲ ਨਾਲ ਮਾਇਆ ਦਾਨ ਕੀਤੀ ਜਾਂਦੀ ਹੈ। ਅਧੂਰਾ ਸਟੇਡੀਅਮ ਵੀ ਇਨ੍ਹਾਂ ਹੀ ਦਾਨੀ ਸੱਜਣਾਂ ਦੀ ਹਿੰਮਤ ਤੇ ਹੌਂਸਲੇ ਨਾਲ ਪੂਰਾ ਹੋ ਜਾਵੇਗਾ। ਇਹ ਵੱਡਾ ਸਟੇਡੀਅਮ ਇਕੋ ਸਮੇਂ ਫੁੱਟਬਾਲ ਤੇ ਕਬੱਡੀ ਮੈਚ ਕਰਾਉਣ ਦੀ ਸਮਰੱਥਾ ਰੱਖਦਾ ਹੈ।

ਸਟੇਡੀਅਮ ਕੋਲ ਬਣੇ ਮਾਹਿਲ ਗਹਿਲਾਂ ਹਾਈ ਸਕੂਲ ਦੀ ਪੁਰਾਣੀ ਬਿਲਡਿੰਗ ਨੂੰ ਢਾਹ ਕੇ ਨਵੀਂ ਉਸਾਰਨ ਦਾ ਸਿਹਰਾ ਵੀ ਪਿੰਡ ਦੇ ਵਿਦੇਸ਼ੀ ਵੀਰਾਂ ਨੂੰ ਹੀ ਜਾਂਦਾ ਹੈ। ਕਦੇ ਸਮਾਂ ਸੀ ਜਦੋਂ ਇਸ ਇਲਾਕੇ 'ਚ ਸਿਰਫ ਮਾਹਲ ਗਹਿਲਾਂ ਦਾ ਹੀ ਸਕੂਲ ਹੁੰਦਾ ਸੀ। ਵਿਦਿਆਰਥੀ ਦੂਰੋਂ ਦੂਰੋਂ ਤੁਰ ਕੇ ਇਥੇ ਪੜ੍ਹਨ ਆਇਆ ਕਰਦੇ ਸਨ। ਸਾਈਕਲ ਤਾਂ ਕਿਸੇ ਵਿਰਲੇ ਟਾਵੇਂ ਕੋਲ ਹੀ ਹੁੰਦਾ ਸੀ। ਵੱਡਾ ਵੀਰ ਗਿਆਨ ਸਿੰਘ ਵੀ ਕਦੇ ਇਥੇ ਹਾਈ ਸਕੂਲ ਦਾ ਵਿਦਿਆਰਥੀ ਸੀ। ਟੀਚਰ ਲਾਈਨ 'ਚ ਪੈ ਕੇ ਉਹ ਇਥੇ ਦਸਵੀਂ ਦੇ ਸਾਲਾਨਾ ਪੇਪਰਾਂ ਨੂੰ ਸੁਪਰਡੈਂਟ ਬਣ ਕੇ ਆਉਂਦਾ ਰਿਹੈ। ਮੁੱਖ ਅਧਿਆਪਕ ਬਣ ਕੇ ਉਹ ਇਥੇ ਫਲਾਇੰਗ ਸੁਕੈਅਡ ਦੀ ਸੇਵਾ ਨਿਭਾਉਂਦਾ ਰਿਹੈ। ਉਹਦੇ ਕੋਲ ਜ਼ਿਲ੍ਹੇ ਦੇ ਅਠਾਰਾਂ ਸਕੂਲਾਂ 'ਚੋਂ ਇਕ ਸਕੂਲ ਮਾਹਿਲ ਗਹਿਲਾਂ ਵੀ ਸੀ। ਚਾਰ ਸਾਲ ਜਲੰਧਰ ਜ਼ਿਲ੍ਹੇ ਦੀਆਂ ਸਕੂਲੀ ਖੇਡਾਂ ਦਾ ਪ੍ਰਧਾਨ ਹੁੰਦਿਆਂ ਉਹ ਮਾਹਿਲ ਗਹਿਲਾਂ ਨੂੰ ਕਦੇ ਨਾ ਭੁੱਲਾ।

ਮਾਹਿਲ ਗਹਿਲਾਂ ਸਕੂਲ ਨਾਲ ਮੈਨੂੰ ਵੈਸੇ ਵੀ ਕਾਫੀ ਲਗਾਓ ਹੈ। ਕਿਉਂਕਿ ਨੌਵੀਂ ਦਸਵੀਂ ਮੈਂ ਵੀ ਇਥੋਂ ਹੀ ਕੀਤੀ ਹੈ। ਉਸ ਵੇਲੇ ਸਕੂਲ ਦੀ ਫੁੱਟਬਾਲ ਟੀਮ ਦਾ ਆਲੇ-ਦੁਆਲੇ ਦੇ ਸਕੂਲਾਂ ਤੇ ਕਾਫੀ ਦਬਦਬਾ ਹੁੰਦਾ ਸੀ। ਮਾਸਟਰ ਤਰਸੇਮ ਸਿੰਘ ਨੌਰੇਵਾਲੇ ਕਾਫੀ ਮਿਹਨਤ ਕਰਾ ਕੇ ਫੁੱਟਬਾਲ ਦੀ ਵਧੀਆ ਟੀਮ ਤਿਆਰ ਕਰਦੇ। ਉਸ ਤੋਂ ਬਾਅਦ ਸਰਬਜੀਤ ਮੰਗੂਵਾਲ ਨੂੰ ਇਕ ਸੈਸ਼ਨ ਵਾਸਤੇ ਮੌਕਾ ਮਿਲਿਆ। ਇਹ ਸੈਸ਼ਨ ਸਰਬਜੀਤ ਤੇ ਮਾਹਿਲ ਗਹਿਲਾਂ ਸਕੂਲ ਦੇ ਖਿਡਾਰੀਆਂ ਵਾਸਤੇ ਸੁਨਹਿਰੀ ਮੌਕਾ ਹੋ ਨਿਬੜਿਆ ਤੇ ਛੇ ਫੁੱਟਬਾਲ ਖਿਡਾਰੀ ਇਥੋਂ ਸਟੇਟ ਵਾਸਤੇ ਚੁਣੇ ਗਏ। ਜੁਗਵਿੰਦਰ ਸ਼ੇਰੀ ਕੈਨੇਡਾ (ਪ੍ਰੋ. ਨਿਸਾਨ ਸਿੰਘ ਦਾ ਬੇਟਾ), ਰਘਵੀਰ ਕਾਲਾ, ਤਜਿੰਦਰ ਸਿੰਘ ਕਿੰਦਾ, ਜਸਵਿੰਦਰ ਬਿੰਦਾ, ਸਤਵਿੰਦਰ ਪਾਲਾ ਨੌਰਾ, ਤਰਸੇਮ ਨੌਰਾ (ਨੌਂ ਸਾਲ ਜੇ.ਸੀ.ਟੀ. ਦਾ ਰਹਿ ਚੁੱਕਾ ਪਲੇਅਰ), ਸੁਰਿੰਦਰ ਪਾਲ ਪੱਪੀ (ਜੇ.ਸੀ.ਟੀ.), ਸੰਦੀਪ ਲਾਲ (ਜੇ.ਸੀ.ਟੀ.), ਮਿੰਟਾਂ (ਜੇ.ਸੀ.ਟੀ.), ਬੂਟਾ ਲਾਲ ਯੂ.ਕੇ., ਸੁਰਜੀਤ ਰਾਮ (ਸਾਬਕਾ ਸਰਪੰਚ ਮਹਿਲ ਗਹਿਲਾਂ), ਮਨੋਜ ਭਾਸਕਰ ਮੰਨੂ, ਰਮਣੀਕ ਸ਼ਰਮਾ (ਰੰਮੀ) ਇਹ ਸਾਰੇ ਨੈਸ਼ਨਲ ਲੈਵਲ ਦੇ ਫੁੱਟਬਾਲ ਖਿਡਾਰੀ ਸਰਬਜੀਤ ਮੰਗੂਵਾਲ ਵਲੋਂ ਤਿਆਰ ਕੀਤੇ ਗਏ ਸਨ।

ਮਾਹਿਲ ਗਹਿਲਾਂ ਤੋਂ ਇਲਾਵਾ ਇਸ ਇਲਾਕੇ ਦੇ ਹੋਰ ਸ਼ੌਕੀ ਫੁੱਟਬਾਲ ਪਿੰਡਾਂ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਸਮਝਦਾ ਹਾਂ ਜਿਵੇਂ ਕਾਹਮਾ, ਭੂਤਾਂ, ਮੰਗੂਵਾਲ, ਦੁਸਾਂਝ ਖੁਰਦ, ਜਗਤਪੁਰ, ਮੁਕੰਦਪੁਰ, ਖੋਥੜਾ, (ਏਸ਼ੀਆ ਸਟਾਰ ਇੰਦਰ ਸਿੰਘ ਦਾ ਪਿੰਡ), ਨੌਰਾ, ਭੌਰਾ, ਉਚਾ ਲਧਾਣਾ, ਝਿੱਕਾ ਲਧਾਣਾ, ਮੋਰਾਂਵਾਲੀ, ਪੱਦੀ, ਪੋਸੀ, ਪਾਲਦੀ, ਲੰਗੇਰੀ, ਕਾਲੇ ਆਲ ਭਗਤਾਂ, ਖੈੜ (ਏਸ਼ੀਅਨ ਸਟਾਰ ਗੁਰਦੇਵ ਸਿੰਘ ਗਿੱਲ ਤੇ ਮਨਜੀਤ ਸਿੰਘ ਦਾ ਪਿੰਡ), ਅਛਰੋਵਾਲ, ਬਡੋਂ, ਬੱਜੋਂ, ਪਿਜੌੜਾ, ਕਾਲਰਾ, ਪੱਲੀਆ, ਸੂਰਾਪੁਰ, ਸੁੱਜੋਂ, ਪਨਾਮ (ਉਲੰਪੀਅਨ ਜਰਨੈਲ ਸਿੰਘ ਦਾ ਪਿੰਡ), ਧਮਾਈ (ਪੱਪੂ ਦਾ ਪਿੰਡ), ਰੁੜਕੀ, ਚੱਕ ਫੁੱਲੂ, ਗੁੱਲਪੁਰ, ਨੰਗਲ ਖਿਡਾਰੀਆਂ, ਫਤਹਿਪੁਰ ਕਲਾਂ (ਏਸ਼ੀਅਨ ਸਟਾਰ ਤੇ ਨੈਸ਼ਨਲ ਕੋਚ ਸੁਖਵਿੰਦਰ ਸੁਖੀ ਦਾ ਪਿੰਡ), ਕੁਰਾਲੀ (ਏਸ਼ੀਅਨ ਸਟਾਰ ਤੇ ਸੀਨੀਅਰ ਕੋਚ ਪਰਮਿੰਦਰ ਦਾ ਪਿੰਡ)। ਤੇ ਹਰਜਿੰਦਰ ਸਿੰਘ ਜੱਗਾ ਮੌਜੂਦਾ ਕੋਚ ਤੇ ਇੰਦਰ ਸਿੰਘ ਦਾ ਬੇਟਾ। ਇਹ ਮਹਾਨ ਫੁੱਟਬਾਲ ਹਸਤੀਆਂ ਤੇ ਮਾਣਯੋਗ ਪਿੰਡ ਜੋ ਉਲੰਪੀਅਨ ਜਰਨੈਲ ਸਿੰਘ ਪਨਾਮ ਦੇ ਨਕਸ਼ੇ ਕਦਮਾਂ ਤੇ ਚੱਲੇ, ਨੇ ਫੁੱਟਬਾਲ ਖੇਡ ਨੂੰ ਉਪਰ ਚੁੱਕਿਆ ਤੇ ਜ਼ਿੰਦਗੀ 'ਚ ਵੱਡੇ-ਵੱਡੇ ਮਾਣ ਸਨਮਾਨ ਤੇ ਵਧੀਆ ਨੌਕਰੀਆਂ ਪ੍ਰਾਪਤ ਕੀਤੀਆਂ।

ਅਗਰ ਇਲਾਕੇ ਦੇ ਹੋਰ ਐਨ.ਆਰ.ਆਈ. ਭਰਾ ਵੀ ਮਾਹਿਲ ਗਹਿਲਾਂ ਵਾਲਿਆਂ ਵਾਂਗ ਆਪਣੇ ਆਪਣੇ ਪਿੰਡਾਂ ਜਾਂ ਇਲਾਕੇ ਵਿਚ ਵੱਧ ਚੜ੍ਹ ਕੇ ਹਿੱਸਾ ਪਾਉਣ ਤਾਂ ਪੰਜਾਬ ਦੀ ਨੁਹਾਰ ਬਦਲੀ ਜਾ ਸਕਦੀ ਹੈ। ਵੱਡੀਆਂ ਕੋਠੀਆਂ ਤੇ ਮਹਿੰਗੀਆਂ ਕਾਰਾਂ ਸੋਹਣੇ ਪੰਜਾਬ ਦੀ ਸ਼ੋਭਾ ਨੂੰ ਹੋਰ ਵਧਾਉਣਗੀਆਂ। ਬਾਹਰ ਮੁਲਕਾਂ 'ਚ ਆਉਣਾ ਸਾਡਾ ਤਾਂ ਹੀ ਸਫਲ ਹੋਵੇਗਾ ਜੇ ਅਸੀਂ ਪਿੱਛੇ ਰਹਿੰਦੇ ਗਰੀਬ ਖਿਡਾਰੀਆਂ ਦੀ ਮਦਦ ਕਰੀਏ ਜਾਂ ਗਰੀਬ ਬੱਚਿਆਂ ਦੀ ਪੜ੍ਹਾਈ 'ਚ ਸਹਾਇਤਾ ਕਰੀਏ। ਅਸੀਂ ਗੁਰੂਆਂ, ਪੀਰਾਂ, ਫਕੀਰਾਂ ਦੀ ਧਰਤੀ ਤੋਂ ਆਏ ਹਾਂ, ਦੇਖਿਓ ਕਿਤੇ ਭੁੱਲ ਨਾ ਜਾਣਾ ਆਪਣੇ ਪਿਛੋਕੜ ਨੂੰ। ਲੰਬਾ ਜਿਉਣ ਲਈ ਖੇਡਾਂ ਵੀ ਜ਼ਰੂਰੀ ਹਨ। ਜਿੰਨਾ ਚਿਰ ਖੇਡ ਮੇਲੇ ਚਲਦੇ ਰਹਿਣਗੇ ਸਵਾਸਾਂ ਦੀ ਲੜੀ ਵੀ ਚਲਦੀ ਰਹੇਗੀ। ਖੇਡਾਂ ਦੇ ਸ਼ੌਕ ਨੂੰ ਚਲਦਾ ਰੱਖਣ ਲਈ ਮਾਹਿਲ ਸਪੋਰਟਸ ਕਲੱਬ ਬਣਦਾ ਸਰਦਾ ਯੋਗਦਾਨ ਪਾ ਰਿਹੈ ਜਿਹੜਾ ਹਰ ਸਾਲ ਫੁਟਬਾਲ ਤੇ ਕਬੱਡੀ ਮੈਚ ਕਰਾ ਕੇ ਯੋਗ ਖਿਡਾਰੀਆਂ ਨੂੰ ਅੱਗੇ ਲਿਆਉਂਦਾ ਹੈ। ਸਮੂਹ ਇਲਾਕੇ ਤੇ ਹੋਰ ਪਰਵਾਸੀ ਭਰਾਵਾਂ ਲਈ ਮਾਹਿਲ ਗਹਿਲਾਂ ਚਾਨਣ ਮੁਨਾਰਾ ਹੈ।


*ਫੋਨ:917-375-6395*


**SUPER TRAVEL**
**847-676-9090**
*E-mail: supertravel2003@yahoo.com*
*Lowest Fares With Excellent Service*
*AMERICAN AIR, JET AIRWAYS DELTA, AIR INDIA,*

*For Emergency Call anytime at*
**India $545**
*EARLY BIRD SALE!!!!*

**Homeopathic Systems for Health Treatment**
**When you are tired of all treatments for any disease at any age**
**Try homeopathic, systems of treatment**
ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ
You can get all Homeopathic, Ayurvedic, Biochemic medicines at economical prices.
www.homeomedicine.net
Consultant /Practitioner
**GURDIP SINGH SANDHU**
DHMS, Hons, BAMS, MDEH, 30 Years experience
Working as per ACT.SB-577 State of CA.
**CALL: TOLL FREE: 877-OK-HOMEO**
**(877-654-6636)OFFICE: 408-729-6691**
E-mail: Homeomedicine@yahoo.com

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

**ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ**
ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ
ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ
ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

**Global Multi Services**
ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:
*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.


*Rajinder Singh*
Insurance Lic No. 0G73739
**RAM Commercial Insurance**
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant
Financing Available For Buying Trucks
**Cell:(510) 557-6988, Ph:209-982-9996**

# ਕਈ ਸਾਲ ਲਗ ਸਕਦੇ ਨੇ ਕਸਾਬ ਨੂੰ ਫਾਂਸੀ ਦੇ ਤਖਤੇ ਤੱਕ ਪਹੁੰਚਾਣ ਲਈ

**ਮੁੰਬਈ:**ਪਾਕਿਸਤਾਨੀ ਦਹਿਸ਼ਤਗਰਦ ਅਜ਼ਮਲ ਆਮਿਰ ਕਸਾਬ ਨੂੰ ਬੀਤੀ 6 ਮਈ ਨੂੰ ਇਕ ਵਿਸ਼ੇਸ਼ ਅਦਾਲਤ ਵਲੋਂ ਮੁੰਬਈ ਹਮਲਿਆਂ ਦੇ ਦੋਸ਼ ਵਿਚ ਸਜ਼ਾ-ਏ-ਮੌਤ ਸੁਣਾਈ ਗਈ। ਫੈਸਲਾ ਸੁਣਾਉਣ ਸਮੇਂ ਅਦਾਲਤ ਨੇ ਕਿਹਾ ਕਿ ਅਜਿਹੇ ਦਹਿਸ਼ਤਗਰਦ ਨੂੰ ਜਿਊਂਦਾ ਰੱਖਣਾ ਸਮਾਜ ਅਤੇ ਭਾਰਤ ਨੂੰ 'ਲੰਮੇ ਖ਼ਤਰੇ' ਵਿਚ ਪਾਉਣਾ ਹੋਵੇਗਾ। ਵਿਸ਼ੇਸ਼ ਦਹਿਸ਼ਤਵਾਦ ਰੋਕੂ ਅਦਾਲਤ ਦੇ ਜੱਜ ਐਮ ਐਲ ਤਹਿਲਿਆਨੀ ਨੇ 22 ਸਾਲਾ ਕਸਾਬ ਨੂੰ 5 ਦੋਸ਼ਾਂ ਦੇ ਤਹਿਤ ਸਜ਼ਾ-ਏ-ਮੌਤ ਸੁਣਾਈ। ਕਸਾਬ ਨੂੰ ਹੱਤਿਆ, ਹੱਤਿਆ ਦੀ ਸਾਜ਼ਿਸ਼, ਦੇਸ਼ ਦੇ ਖਿਲਾਫ਼ ਜੰਗ ਛੇੜਨਾ, ਹੱਤਿਆ ਵਿਚ ਸਹਿਯੋਗ ਦੇਣ ਅਤੇ ਗੈਰ ਕਾਨੂੰਨੀ ਗਤੀਵਿਧੀਆਂ ਸਬੰਧੀ ਕਾਨੂੰਨ ਤਹਿਤ ਦਹਿਸ਼ਤਵਾਦੀ ਗਤੀਵਿਧੀਆਂ ਨੂੰ ਅੰਜਾਮ ਦੇਣ ਦੇ ਦੋਸ਼ ਵਿਚ ਸਜ਼ਾ-ਏ-ਮੌਤ ਸੁਣਾਈ। ਜਦਕਿ ਕਸਾਬ ਨੂੰ 5 ਹੋਰ ਦੋਸ਼ਾਂ ਹੱਤਿਆ ਦੀ ਕੋਸ਼ਿਸ਼, ਅਪਰਾਧਿਕ ਸਾਜ਼ਿਸ਼, ਦੇਸ਼ ਵਿਰੁਧ ਜੇਹਾਦ ਛੇੜਨ ਲਈ ਹਥਿਆਰ ਇਕੱਠੇ ਕਰਨ, ਕਤਲ ਲਈ ਅਗਵਾ ਕਰਨਾ ਤੇ ਵਿਸਫੋਟਕ ਅਧਿਨਿਯਮ ਤਹਿਤ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

ਜੱਜ ਨੇ ਇਹ ਫੈਸਲਾ ਸੁਣਾਉਂਦਿਆਂ ਕਿਹਾ ਕਿ "ਅਦਾਲਤ ਦਾ ਮੰਨਣਾ ਹੈ ਕਿ ਕਸਾਬ ਦੇ ਸੁਧਰਨ ਦੇ ਕੋਈ ਆਸਾਰ ਨਹੀਂ ਹਨ। ਅਜਿਹੇ ਦਹਿਸ਼ਤਗਰਦ ਨੂੰ ਜਿਊਂਦਾ ਛੱਡਣਾ ਸਮਾਜ ਅਤੇ ਭਾਰਤ ਸਰਕਾਰ ਨੂੰ ਹੋਰ ਖ਼ਤਰੇ ਵਿਚ ਪਾਉਣਾ ਹੋਵੇਗਾ।" ਦੱਸਣਾ ਬਣਦਾ ਹੈ ਕਿ ਮੁੰਬਈ ਹਮਲਿਆਂ ਵਿਚ 166 ਲੋਕ ਮਾਰੇ ਗਏ, ਜਿਨ੍ਹਾਂ ਵਿਚ 25 ਵਿਦੇਸ਼ੀ ਸ਼ਾਮਲ ਸਨ। ਜਸਟਿਸ ਤਹਿਲਿਆਨੀ ਨੇ ਇਸ ਮੌਕੇ ਕੰਧਾਰ ਅਗਵਾ ਕਾਂਡ ਦੀ ਮਿਸਾਲ ਦਿੱਤੀ, ਜਿਸ ਵਿਚ ਗ੍ਰਿਫ਼ਤਾਰ ਦਹਿਸ਼ਤਗਰਦਾਂ ਨੂੰ ਬੰਦੀ ਬਣਾਏ ਗਏ ਯਾਤਰੀਆਂ ਦੀ ਜਾਨ ਬਚਾਉਣ ਦੇ ਬਦਲੇ ਛੱਡਣਾ ਪਿਆ ਸੀ। ਉਨ੍ਹਾਂ ਕਿਹਾ ਕਿ ਜੇਕਰ ਕਸਾਬ ਨੂੰ ਜਿਊਂਦਾ ਛੱਡ ਦਿੱਤਾ ਗਿਆ ਤਾਂ ਅਜਿਹੀ ਸਥਿਤੀ ਦੁਬਾਰਾ ਆ ਸਕਦੀ ਹੈ। ਜਸਟਿਸ ਤਹਿਲਿਆਨੀ ਨੇ ਕਿਹਾ ਕਿ ਕਸਾਬ ਦਹਿਸ਼ਤਗਰਦ ਜਥੇਬੰਦੀ ਲਸ਼ਕਰ-ਏ-ਤੋਇਬਾ 'ਚ ਆਪਣੀ ਇੱਛਾ ਮੁਤਾਬਕ ਸ਼ਾਮਲ ਹੋਇਆ ਅਤੇ ਖ਼ੁਦ ਨੂੰ 'ਮੁਜ਼ਾਹੀਦੀਨ' ਵਜੋਂ ਪੇਸ਼ ਕੀਤਾ। ਅਦਾਲਤ ਦਾ ਫੈਸਲਾ ਸੁਣਨ ਤੋਂ ਬਾਅਦ ਪਾਕਿਸਤਾਨ ਦੇ ਫਰੀਦਕੋਟ ਦਾ ਨਿਵਾਸੀ ਦਹਿਸ਼ਤਗਰਦ ਕਸਾਬ ਰੋ ਪਿਆ।

ਇਸ ਤੋਂ ਪਹਿਲਾਂ ਜਸਟਿਸ ਤਹਿਲਿਆਨੀ ਵਲੋਂ ਫੈਸਲਾ ਸੁਣਾਏ ਜਾਣ ਸਮੇਂ ਕਸਾਬ ਸਿਸਕ ਰਿਹਾ ਸੀ। ਫੈਸਲਾ ਸੁਣਨ ਦੌਰਾਨ ਉਸ ਨੇ ਇਕ ਗਿਲਾਸ ਪਾਣੀ ਵੀ ਮੰਗਿਆ। ਇਹ ਫੈਸਲਾ ਸੁਣਾਉਣ ਤੋਂ ਬਾਅਦ ਜਸਟਿਸ ਤਹਿਲਿਆਨੀ ਨੇ ਉਸ ਨੂੰ ਫੈਸਲਾ ਹਿੰਦੀ ਵਿਚ ਸੁਣਾਇਆ ਅਤੇ ਕਸਾਬ ਨੂੰ ਕਿਹਾ ਕਿ ਤੈਨੂੰ ਸਜ਼ਾ-ਏ-ਮੌਤ ਦਿੱਤੀ ਜਾ ਰਹੀ ਹੈ ਤੇ ਕੀ ਉਹ ਕੁਝ ਕਹਿਣਾ ਚਾਹੁੰਦਾ ਹੈ। ਇਸ ਦੇ ਜਵਾਬ ਵਿਚ ਕਸਾਬ ਨੇ ਸਿਰਫ਼ ਆਪਣਾ ਸਿਰ ਨਾਂਹ ਦੇ ਜਵਾਬ ਵਿਚ ਹਿਲਾਇਆ, ਜਿਸ ਤੋਂ ਬਾਅਦ ਉਸ ਨੂੰ ਪੁਲਿਸ ਵਾਪਸ ਆਰਥਰ ਰੋਡ ਜੇਲ੍ਹ 'ਚ ਲੈ ਗਈ।



ਇਨ੍ਹਾਂ ਮਾਮਲਿਆਂ 'ਚ ਹੋਈ ਫਾਂਸੀ: ਹੱਤਿਆ, ਹੱਤਿਆ ਦੀ ਸਾਜ਼ਿਸ਼, ਦੇਸ਼ ਦੇ ਖਿਲਾਫ਼ ਜੰਗ ਛੇੜਨਾ, ਹੱਤਿਆ ਵਿੱਚ ਸਹਿਯੋਗ ਦੇਣ ਅਤੇ ਗੈਰ ਕਾਨੂੰਨੀ ਗਤੀਵਿਧੀਆਂ ਸਬੰਧੀ ਕਾਨੂੰਨ ਤਹਿਤ ਦਹਿਸ਼ਤਵਾਦੀ ਗਤੀਵਿਧੀਆਂ ਨੂੰ ਅੰਜਾਮ ਦੇਣਾ।

... ਤੇ ਇਨ੍ਹਾਂ 'ਚ ਉਮਰ ਕੈਦ : ਹੱਤਿਆ ਦੀ ਕੋਸ਼ਿਸ਼, ਅਪਰਾਧਿਕ ਸਾਜ਼ਿਸ਼, ਦੇਸ਼ ਵਿਰੁੱਧ ਜੇਹਾਦ ਛੇੜਨ ਲਈ ਹਥਿਆਰ ਇਕੱਠੇ ਕਰਨਾ, ਕਤਲ ਲਈ ਅਗਵਾ ਕਰਨਾ ਤੇ ਵਿਸਫੋਟਕ ਅਧਿਨਿਯਮ।

ਜ਼ਿਕਰਯੋਗ ਹੈ ਕਿ ਮੁੰਬਈ 'ਤੇ 26 ਨਵੰਬਰ 2008 ਨੂੰ ਹੋਏ ਹਮਲੇ ਤੋਂ 17 ਮਹੀਨਿਆਂ ਬਾਅਦ ਕਸਾਬ ਨੂੰ ਸਜ਼ਾ-ਏ-ਮੌਤ ਦੇਣ ਦਾ ਫੈਸਲਾ ਸੁਣਾਇਆ ਗਿਆ ਹੈ। ਜਸਟਿਸ ਤਹਿਲਿਆਨੀ ਨੇ ਕਿਹਾ ਕਿ ਕਸਾਬ ਭਾਰਤ 'ਤੇ ਹਮਲਾ ਕਰਨ ਦੇ ਲਈ ਮਾਨਸਿਕ ਤੌਰ 'ਤੇ ਤਿਆਰ ਸੀ। ਉਨ੍ਹਾਂ ਨੇ ਬਚਾਅ ਪੱਖ਼ ਦੇ ਵਕੀਲ ਕੇ ਪੀ ਪਵਾਰ ਦੀ ਉਸ ਦਲੀਲ ਨੂੰ ਰੱਦ ਕਰ ਦਿੱਤਾ ਕਿ ਕਸਾਬ ਨੇ ਲਸ਼ਕਰ ਦੇ ਬਾਨੀ ਹਾਫਿਜ਼ ਸਈਅਦ ਦੇ ਨਿਰਦੇਸ਼ 'ਤੇ ਇਹ ਹਮਲਾ ਕੀਤਾ ਸੀ।

ਦੂਜੇ ਪਾਸੇ ਸਰਕਾਰੀ ਵਕੀਲ ਉਜਵਲ ਨਿਕਮ ਨੇ ਕਸਾਬ ਨੂੰ ਪਾਕਿਸਤਾਨ ਵਿਚ ਤਿਆਰ ਹੱਤਿਆ ਕਰਨ ਵਾਲੀ ਮਸ਼ੀਨ ਦੱਸਦਿਆਂ ਉਸ ਨੂੰ ਫਾਂਸੀ ਦੀ ਸਜ਼ਾ ਤੋਂ ਘੱਟ ਕੋਈ ਸਜ਼ਾ ਨਾ ਦੇਣ ਲਈ ਅਪੀਲ ਕੀਤੀ ਸੀ। ਉਨ੍ਹਾਂ ਕਿਹਾ ਸੀ ਕਿ ਇਹ ਇਕ ਦੁਰਲਭ ਮਾਮਲਾ ਹੈ ਤੇ ਅਜਿਹੇ ਮਾਮਲੇ ਬਹੁਤ ਘੱਟ ਹੀ ਸਾਹਮਣੇ ਆਉਂਦੇ ਹਨ। ਹਾਲਾਂਕਿ ਕਸਾਬ ਦੇ ਵਕੀਲ ਪਵਾਰ ਨੇ ਮੰਨਿਆ ਸੀ ਕਿ ਉਨ੍ਹਾਂ ਦਾ ਮੁਵੱਕਲ ਧਾਰਮਿਕ ਜਨੂੰਨ ਦਾ ਸ਼ਿਕਾਰ ਹੈ, ਪਰ ਇਸ ਦੇ ਬਾਵਜੂਦ ਉਸ ਦੀ ਘੱਟ ਉਮਰ ਨੂੰ ਦੇਖਦਿਆਂ ਉਸ ਨਾਲ ਨਰਮੀ ਵਰਤਣ ਦੀ ਅਪੀਲ ਕੀਤੀ ਸੀ। ਪਰ ਜਸਟਿਸ ਤਹਿਲਿਆਨੀ ਨੇ ਇਸ ਦਲੀਲ ਨੂੰ ਸਵੀਕਾਰ ਨਹੀਂ ਕੀਤਾ।

ਕਸਾਬ ਨੂੰ 'ਕਿਲਿੰਗ' ਮਸ਼ੀਨ ਅਤੇ ਬੇਰਹਿਮ ਇਨਸਾਨ ਦੱਸਦਿਆਂ ਸਰਕਾਰੀ ਵਕੀਲ ਉਜਵਲ ਨਿਕਮ ਨੇ ਦਲੀਲ ਦਿੱਤੀ ਸੀ ਕਿ ਅਜਿਹੀਆਂ ਮਸ਼ੀਨਾਂ ਪਾਕਿਸਤਾਨ ਵਿਚ ਬਣਦੀਆਂ ਹਨ ਅਤੇ ਜੇਕਰ ਇਸ ਨੂੰ ਫਾਂਸੀ ਦੇ ਤਖ਼ਤੇ 'ਤੇ ਨਾ ਚੜ੍ਹਾਇਆ ਗਿਆ ਤਾਂ ਉਹ ਖ਼ੂਨ ਦੇ ਪਿਆਸੇ ਵਹਿਸ਼ੀ ਜਾਨਵਰ ਦੇ ਰੂਪ 'ਚ ਬਦਲ ਜਾਵੇਗਾ। ਨਿਕਮ ਨੇ ਕਿਹਾ 'ਕਸਾਬ ਇਕ ਬੇਰਹਿਮ ਇਨਸਾਨ ਹੈ ਜੋ ਸਮਾਜ ਲਈ ਸਰਾਪ ਹੈ, ਉਸ ਨੂੰ ਨਾ ਸਿਰਫ਼ ਮਾਸੂਮ ਲੋਕਾਂ ਨੂੰ ਮਾਰਨ ਵਿਚ ਮਜ਼ਾ ਆਉਂਦਾ ਹੈ, ਸਗੋਂ ਉਸ ਨੇ ਮੈਜਿਸਟਰੇਟ ਦੇ ਸਾਹਮਣੇ ਇਸ ਗੱਲ ਨੂੰ ਲੈ ਕੇ ਗੁੱਸਾ ਵੀ ਦਿਖਾਇਆ ਕਿ ਉਹ ਜ਼ਿਆਦਾ ਲੋਕਾਂ ਨੂੰ ਨਹੀਂ ਸੀ ਮਾਰ ਸਕਿਆ।"

ਦੂਜੇ ਪਾਸੇ ਕਸਾਬ ਦੇ ਵਕੀਲ ਪਵਾਰ ਨੇ ਉਸ ਦੀ ਘੱਟ ਉਮਰ ਅਤੇ ਕੋਈ ਅਪਰਾਧਿਕ ਰਿਕਾਰਡ ਨਾ ਹੋਣ ਦੀ ਦਲੀਲ ਦਿੰਦਿਆਂ ਕਿਹਾ ਕਿ ਉਸ ਨੂੰ ਮੁੜ ਵਸੇਬੇ ਅਤੇ ਸੁਧਾਰ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਕਸਾਬ ਦੇ ਵਕੀਲ ਨੇ ਕਿਹਾ ਕਿ ਕਸ਼ਮੀਰ ਵਿਚ ਦਹਿਸ਼ਤਵਾਦ ਅਤੇ ਗੋਧਰਾ ਦੰਗਿਆਂ ਨੇ ਕਸਾਬ ਦੇ ਦਿਮਾਗ 'ਤੇ ਮਾੜਾ ਅਸਰ ਪਾਇਆ, ਜਿਸ ਦੇ ਸਿੱਟੇ ਵਜੋਂ ਉਹ ਭਾਵਨਾਤਮਕ ਤੌਰ 'ਤੇ ਪ੍ਰੇਸ਼ਾਨ ਅਤੇ ਧਾਰਮਿਕ ਜਨੂੰਨ ਵਿਚ ਫਸ ਗਿਆ। ਕਾਨੂੰਨ ਅਨੁਸਾਰ ਕਸਾਬ ਨੂੰ ਦਿੱਤੀ ਗਈ ਸਜ਼ਾ-ਏ-ਮੌਤ ਦੀ ਅਜੇ ਮੁੰਬਈ ਹਾਈਕੋਰਟ ਵਲੋਂ ਪੁਸ਼ਟੀ ਕਰਨੀ ਹੋਵੇਗੀ। ਇਸ ਤੋਂ ਇਲਾਵਾ ਕਸਾਬ ਕੋਲ ਹੇਠਲੀ ਅਦਾਲਤ ਦੇ ਫੈਸਲੇ ਨੂੰ ਹਾਈਕੋਰਟ ਵਿਚ ਚੁਣੌਤੀ ਦੇਣ ਦਾ ਅਧਿਕਾਰ ਵੀ ਹੈ। ਹਾਈਕੋਰਟ ਵਲੋਂ ਵੀ ਇਹ ਫੈਸਲਾ ਬਰਕਰਾਰ ਰੱਖੇ ਜਾਣ ਤੋਂ ਬਾਅਦ ਕਸਾਬ ਸੁਪਰੀਮ ਕੋਰਟ ਵਿਚ ਅਪੀਲ ਕਰ ਸਕਦਾ ਹੈ। ਇਥੇ ਵੀ ਸਜ਼ਾ ਬਰਕਰਾਰ ਰਹਿਣ 'ਤੇ ਕਸਾਬ ਰਾਸ਼ਟਰਪਤੀ ਦੇ ਸਾਹਮਣੇ ਸਜ਼ਾ ਮੁਆਫ਼ੀ ਲਈ ਅਰਜ਼ੀ ਦਾਖ਼ਲ ਕਰ ਸਕਦਾ ਹੈ।

ਪਾਕਿ ਨੇ ਪ੍ਰਗਟਾਈ ਸੰਤੁਲਤ ਪ੍ਰਤੀਕਿਰਿਆ : ਕਸਾਬ ਨੂੰ ਸਜ਼ਾ-ਏ-ਮੌਤ ਸੁਣਾਏ ਜਾਣ 'ਤੇ ਸੰਤੁਲਤ ਪ੍ਰਤੀਕਿਰਿਆ ਪ੍ਰਗਟਾਉਂਦਿਆਂ ਪਾਕਿਸਤਾਨ ਨੇ ਕਿਹਾ ਕਿ ਉਸ ਦੇ ਕਾਨੂੰਨੀ ਮਾਹਿਰ ਫੈਸਲੇ ਦੀ ਚੰਗੀ ਤਰ੍ਹਾਂ ਘੋਖ ਪੜਤਾਲ ਕਰਨਗੇ। ਪਾਕਿਸਤਾਨੀ ਵਿਦੇਸ਼ ਵਿਭਾਗ ਦੇ ਬੁਲਾਰੇ ਅਬਦੁੱਲ ਬਾਸਿਤ ਨੇ ਇਸ ਮਾਮਲੇ 'ਤੇ ਆਪਣਾ ਪੱਖ਼ ਰੱਖਦਿਆਂ ਕਿਹਾ ਕਿ ਇਸ ਗੇੜ ਵਿਚ ਹੁਣ ਮੈਂ ਇਹੀ ਕਹਿ ਸਕਦਾ ਹਾਂ ਕਿ ਪਾਕਿਸਤਾਨ ਮੁੱਢ ਤੋਂ ਹੀ ਇਸ ਤਰ੍ਹਾਂ ਦੇ ਹਮਲਿਆਂ ਦੀ ਨਿਖੇਧੀ ਕਰਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੰਬਈ ਹਮਲਿਆਂ ਦੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿਚ ਲਿਆਉਣਾ ਬੇਹੱਦ ਅਹਿਮ ਹੈ।

ਜਨਾਬ ਬਾਸਿਤ ਤੋਂ ਜਦੋਂ ਕਸਾਬ ਨੂੰ ਪਾਕਿ ਵਲੋਂ ਕੋਈ ਕਾਨੂੰਨੀ ਮਦਦ ਦੇਣ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਇਸ ਸਬੰਧੀ ਫੈਸਲਾ ਭਾਰਤ ਵਿਚ ਕਸਾਬ ਦੇ ਵਕੀਲ ਹੀ ਲੈਣਗੇ।

ਅਜਮਲ ਕਸਾਬ ਨੂੰ ਮੌਤ ਦੀ ਸਜ਼ਾ ਸੁਣਾਉਣ ਵਾਲੇ ਜਸਟਿਸ ਐਮ ਐਲ ਤਹਿਲਿਆਨੀ ਨੂੰ ਮੁੰਬਈ ਦੀ ਦੀਵਾਨੀ ਅਤੇ ਸੈਸ਼ਨ ਅਦਾਲਤ 'ਚ ਮੁੱਖ ਸੈਸ਼ਨ ਜੱਜ ਦੇ ਤੌਰ 'ਤੇ ਪਦਉੱਨਤ ਕੀਤਾ ਗਿਆ ਹੈ। f

ਕਸਾਬ ਨੂੰ ਸੁਣਾਈ ਗਈ ਮੌਤ ਦੀ ਸਜ਼ਾ ਦੀ ਪੁਸ਼ਟੀ ਲਈ 26/11 ਦੀ ਵਿਸ਼ੇਸ਼ ਅਦਾਲਤ ਦੇ ਫੈਸਲੇ ਅਤੇ ਮਾਮਲੇ ਦੇ ਕਾਗਜ਼ਾਤ ਬੰਬੇ ਹਾਈਕੋਰਟ ਭੇਜਣ ਦੀ ਕਵਾਇਦ 'ਚ ਘੱਟੋ-ਘੱਟ 3 ਮਹੀਨੇ ਦਾ ਸਮਾਂ ਲੱਗਿਆ ਹੈ।

ਇਹ ਗੱਲ ਵਿਸ਼ੇਸ਼ ਅਦਾਲਤ ਦੇ ਸਰਕਾਰੀ ਵਕੀਲ ਉਜਵਲ ਨਿਕਮ ਨੇ ਕਹੀ। ਉਨ੍ਹਾਂ ਕਿਹਾ ਕਿ ਇੱਕ ਸਾਲ ਤੱਕ ਚੱਲੀ ਲੰਮੀ ਸੁਣਵਾਈ ਦੀ ਕਾਰਵਾਈ, 1522 ਸਫ਼ਿਆਂ ਦੇ ਫੈਸਲੇ, ਗਵਾਹਾਂ ਦੇ ਜ਼ਰੀਏ ਮਿਲੇ ਸਬੂਤ ਅਤੇ ਹਲਫ਼ਨਾਮੇ ਵਿਚ ਦਰਜ ਉਨ੍ਹਾਂ ਦੇ ਬਿਆਨਾਂ ਦੇ ਨਾਲ ਹੀ ਬਚਾਅ ਪੱਖ਼ ਵਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਦੀ ਅਸਲ ਕਾਪੀਆਂ ਨੂੰ ਇੱਕ ਪੇਪਰ ਬੁਕ ਵਿਚ ਸ਼ਾਮਲ ਕੀਤਾ ਜਾਵੇਗਾ। ਫ਼ਿਰ ਇਸ ਪੇਪਰ ਬੁਕ ਨੂੰ ਹਾਈਕੋਰਟ ਵਿਚ ਭੇਜਿਆ ਜਾਵੇਗਾ।

ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਪਾਕਿਸਤਾਨੀ ਅਤਿਵਾਦੀ ਅਜਮਲ ਆਮਿਰ ਕਾਸਬ ਨੂੰ ਫਾਹੇ ਲਾਉਣ 'ਚ ਅਜੇ ਕਈ ਸਾਲ ਲੱਗ ਸਕਦੇ ਹਨ ਕਿਉਂਕਿ ਉਸ ਤੋਂ ਪਹਿਲਾਂ 29 ਅਜਿਹੇ ਕੈਦੀ ਮੌਜੂਦ ਹਨ ਜਿਨ੍ਹਾਂ ਨੂੰ ਫਾਂਸੀ ਦਿਤੀ ਜਾਣੀ ਹੈ। ਵਿਸ਼ੇਸ਼ ਅਦਾਲਤ ਦੇ ਜੱਜ ਐਮ.ਐਲ. ਤਹਿਲਿਆਨੀ ਦਾ ਇਹ ਫ਼ੈਸਲਾ ਲੰਮੀ ਪ੍ਰਕਿਰਿਆ ਦੀ ਸ਼ੁਰੂਆਤ ਹੈ। ਕਾਸਬ ਖ਼ੁਦ ਨੂੰ ਮਿਲੀ ਸਜ਼ਾ ਨੂੰ ਉਚ ਅਦਾਲਤ ਵਿਚ ਚੁਣੌਤੀ ਦੇ ਸਕਦਾ ਹੈ। ਇਸ ਤੋਂ ਇਲਾਵਾ ਉਹ ਰਾਸ਼ਟਰਪਤੀ ਤੋਂ ਰਹਿਮ ਦੀ ਅਪੀਲ ਵੀ ਕਰ ਸਕਦਾ ਹੈ। ਜੱਜ ਤਹਿਲਿਆਨੀ ਆਈ.ਪੀ.ਸੀ. ਦੀ ਧਾਰਾ 366 ਤਹਿਤ ਪ੍ਰਵਾਨਗੀ ਲਈ ਫ਼ੈਸਲੇ ਨੂੰ ਬੰਬੇ ਹਾਈ ਕੋਰਟ ਕੋਲ ਭੇਜਣਗੇ। ਹੇਠਲੀ ਅਦਾਲਤ ਦੇ ਆਦੇਸ਼ਾਂ ਨੂੰ ਆਮ ਤੌਰ 'ਤੇ ਉਚ ਅਦਾਲਤ ਵਿਚ ਚੁਣੌਤੀ ਦਿਤੀ ਜਾਂਦੀ ਹੈ ਪਰ ਸਜ਼ਾ-ਏ-ਮੌਤ ਦੇ ਮਾਮਲੇ ਵਿਚ ਆਦੇਸ਼ ਦੀ ਹਾਈ ਕੋਰਟ ਤੋਂ ਪੁਸ਼ਟੀ ਕਰਵਾਉਣੀ ਲਾਜ਼ਮੀ ਹੈ। ਹੇਠਲੀ ਅਦਾਲਤ ਦਾ ਫ਼ੈਸਲਾ ਸਾਹਮਣੇ ਰੱਖੇ ਜਾਣ 'ਤੇ ਉਚ ਅਦਾਲਤ ਮਾਮਲੇ ਦੇ ਸਾਰੇ ਸਬੂਤਾਂ ਦੀ ਇਕ ਵਾਰ ਫਿਰ ਪਰਖ ਕਰੇਗੀ। ਉਸ ਤੋਂ ਬਾਅਦ ਹੀ ਹਾਈ ਕੋਰਟ ਤੈਅ ਕਰੇਗੀ ਕਿ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਬਰਕਰਾਰ ਰਖਿਆ ਜਾਵੇ ਜਾਂ ਸਜ਼ਾ ਵਿਚ ਕੋਈ ਰਿਆਇਤ ਦਿਤੀ ਜਾਵੇ। ਇਸ ਦੇ ਨਾਲ ਹੀ ਭਾਵੇਂ ਕਾਸਬ ਨੂੰ ਫਾਂਸੀ ਦੀ ਸਜ਼ਾ ਸੁਣਾ ਦਿਤੀ ਗਈ ਹੈ ਪਰ ਅਹਿਮ ਸਵਾਲ ਇਹ ਹੈ ਕਿ ਉਸ ਨੂੰ ਫਾਂਸੀ ਕੌਣ ਦੇਵੇਗਾ। ਮਹਾਰਾਸ਼ਟਰ ਵਿਚ ਇਸ ਸਮੇਂ ਇਕ ਵੀ ਜੱਲਾਦ ਨਹੀਂ ਹੈ। ਪਿਛਲੇ ਦਸ ਸਾਲਾਂ ਤੋਂ ਜੱਲਾਦ ਦੀ ਆਸਾਮੀ ਖ਼ਾਲੀ ਪਈ ਹੈ।


ਮੇਰਠ: ਮੁੰਬਈ ਹਮਲੇ ਦੇ ਦੋਸ਼ੀ ਪਾਕਿਸਤਾਨੀ ਬੰਦੂਕਧਾਰੀ ਅਜਮਲ ਆਮਿਰ ਕਸਾਬ ਨੂੰ ਫਾਂਸੀ ਲਾਉਣ ਲਈ ਇਸ ਸ਼ਹਿਰ ਦਾ ਮੱਮੂ ਜਲਾਲ ਕਾਹਲਾ ਹੈ। 62 ਸਾਲਾ ਮੱਮੂ ਦਾ ਕਹਿਣਾ ਹੈ ਕਿ ਕਸਾਬ ਨੂੰ ਫਾਂਸੀ ਦੇਣ ਵਿਚ ਦੇਰ ਨਹੀਂ ਕਰਨੀ ਚਾਹੀਦੀ। ਜੇ ਉਸ ਨੂੰ ਕਸਾਬ ਨੂੰ ਫਾਂਸੀ ਦੇਣ ਦਾ ਕੰਮ ਦਿੱਤਾ ਜਾਵੇ ਤਾਂ ਉਸ ਦੇ ਬੁੱਢੇ ਹੱਥ ਜ਼ਰਾ ਵੀ ਨਹੀਂ ਕੰਬਣਗੇ। ਦੇਸ਼ ਵਿਚ ਇਸ ਸਮੇਂ ਦੋ ਹੀ ਲੋਕ ਫਾਂਸੀ ਦੀ ਸਜ਼ਾ ਹਾਸਲ ਲੋਕਾਂ ਨੂੰ ਫਾਂਸੀ ਦੇਣ ਦਾ ਕੰਮ ਕਰਦੇ ਹਨ। ਇਨ੍ਹਾਂ ਵਿਚੋਂ ਇਕ ਮੱਮੂ ਜਲਾਲ ਹੈ।




*ਕਸਾਬ ਨੂੰ ਫਾਂਸੀ ਦੇਣ ਲਈ ਮੱਮੂ ਜਲਾਲ ਕਾਹਲਾ-ਇਕ ਖਬਰ*

## ਪੀੜਤ ਪਰਿਵਾਰਾਂ ਨੂੰ ਮਿਲੇਗੀ ਸੰਤੁਸ਼ਟੀ : ਨਿਕਮ

**ਮੁੰਬਈ :** ਮੁੰਬਈ ਹਮਲਿਆਂ ਦੀ ਸੁਣਵਾਈ ਵਿਚ ਸਰਕਾਰੀ ਵਕੀਲ ਉਜਵਲ ਨਿਕਮ ਨੇ ਪਾਕਿਸਤਾਨੀ ਦਹਿਸ਼ਤਗਰਦ ਅਜ਼ਮਲ ਆਮਿਰ ਕਸਾਬ ਨੂੰ ਮੌਤ ਦੀ ਸਜ਼ਾ ਦਿੱਤੇ ਜਾਣ ਵਾਲੇ ਫੈਸਲੇ 'ਤੇ ਤਸੱਲੀ ਪ੍ਰਗਟਾਈ।




ਵਕੀਲ ਨਿਕਮ ਨੇ ਪੱਤਰਕਾਰਾਂ ਨੂੰ ਕਿਹਾ ਕਿ ਮੈਂ ਇਸ ਫੈਸਲੇ ਤੋਂ ਖੁਸ਼ ਹਾਂ ਅਤੇ ਪੀੜਤਾਂ ਦੇ ਪਰਿਵਾਰਾਂ ਨੂੰ ਵੀ ਇਸ ਫੈਸਲੇ ਤੋਂ ਸੰਤੁਸ਼ਟੀ ਮਿਲੇਗੀ। ਸ੍ਰੀ ਨਿਕਮ ਨੇ ਕਿਹਾ ਕਿ ਇਸ ਮਾਮਲੇ 'ਚ ਨਿਰਪੱਖ਼ ਅਤੇ ਖੁੱਲ੍ਹੇ ਮੁਕੱਦਮੇ ਨੇ ਸਮੁੱਚੀ ਦੁਨੀਆ ਨੂੰ ਸੰਦੇਸ਼ ਦਿੱਤਾ ਹੈ ਕਿ ਭਾਰਤ ਵਿਚ ਹਰ ਵਿਅਕਤੀ ਨੂੰ ਇਥੋਂ ਤੱਕ ਕਿ ਖੂੰਖਾਰ ਦਹਿਸ਼ਤਗਰਦ ਨੂੰ ਵੀ ਆਪਣੇ ਬਚਾਅ ਲਈ ਮੌਕਾ ਦਿੱਤਾ ਜਾਂਦਾ ਹੈ। ਸ੍ਰੀ ਨਿਕਮ ਨੇ ਕਿਹਾ ਕਿ ਕਸਾਬ ਨੇ ਅਦਾਲਤ ਨੂੰ ਗੁਮਰਾਹ ਕਰਨ ਲਈ ਬਹੁਤ ਕੋਸ਼ਿਸ਼ਾਂ ਕੀਤੀਆਂ ਅਤੇ ਅਦਾਲਤੀ ਕਾਰਵਾਈ ਨੂੰ ਪ੍ਰਭਾਵਤ ਕਰਨ ਲਈ ਉਸ ਨੇ ਕਈ ਤਰ੍ਹਾਂ ਦੇ ਨਾਟਕ ਕੀਤੇ। ਸ੍ਰੀ ਨਿਕਮ ਨੇ ਕਿਹਾ ਕਿ ਕਸਾਬ ਨੇ ਅਧਿਕਾਰੀਆਂ ਨੂੰ ਬਹੁਤ ਪ੍ਰੇਸ਼ਾਨ ਕੀਤਾ ਤੇ ਖ਼ੁਦ ਨੂੰ ਬਚਾਉਣ ਲਈ ਬਹੁਤ ਪੈਂਤੜੇ ਅਪਣਾਏ।

## ਇਕਬਾਲ ਨਹੀਂ ਸਬੂਤਾਂ 'ਤੇ ਹੋਇਆ ਫੈਸਲਾ

**ਨਵੀਂ ਦਿੱਲੀ :** ਕਸਾਬ ਨੂੰ ਮੁੰਬਈ ਹਮਲਿਆਂ 'ਚ ਉਸ ਦੀ ਸ਼ਮੂਲੀਅਤ ਦੇ ਇਕਬਾਲ ਦੀ ਬਜਾਏ ਠੋਸ ਸਬੂਤਾਂ ਦੇ ਆਧਾਰ 'ਤੇ ਸਜ਼ਾ ਸੁਣਾਈ ਗਈ ਹੈ। ਇਹ ਟਿੱਪਣੀ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਨੇ ਰਾਜ ਸਭਾ ਵਿਚ ਗ੍ਰਹਿ ਮੰਤਰਾਲੇ ਦੇ ਕੰਮ ਕਾਰ 'ਤੇ ਹੋ ਰਹੀ ਚਰਚਾ ਦੌਰਾਨ ਕੀਤੀ। ਸ੍ਰੀ ਚਿਦੰਬਰਮ ਨੇ ਕਿਹਾ ਕਿ ਸਾਡੀਆਂ ਏਜੰਸੀਆਂ ਨੇ ਪੂਰੀ ਮਿਹਨਤ ਨਾਲ ਸਬੂਤ ਇਕੱਠੇ ਕਰਕੇ ਮਾਮਲੇ ਨੂੰ ਠੋਸ ਰੂਪ ਦਿੱਤਾ ਹੈ ਤੇ ਇਹ ਸਬੂਤ ਸਾਡੇ ਲਈ ਪੂੰਜੀ ਵਾਂਗ ਹਨ। ਸ੍ਰੀ ਚਿਦੰਬਰਮ ਨੇ ਕਿਹਾ ਕਿ ਅਸੀਂ ਨਾ ਤਾਂ ਗਵਾਤਨਾਮੋ ਜੇਲ੍ਹ ਤੇ ਨਾ ਹੀ ਫੌਜੀ ਅਦਾਲਤਾਂ ਬਣਾਈਆਂ ਹੋਈਆਂ ਹਨ, ਸਾਡੇ ਫੈਸਲੇ ਸਿਵਲ ਅਦਾਲਤਾਂ ਵਿਚ ਹੁੰਦੇ ਹਨ। ਇਸੇ ਤਰ੍ਹਾਂ ਕੇਂਦਰੀ ਕਾਨੂੰਨ ਮੰਤਰੀ ਵੀਰੱਪਾ ਮੋਇਲੀ ਨੇ ਇਸ ਮਾਮਲੇ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਇਹ ਫੈਸਲਾ ਪਾਕਿਸਤਾਨ ਲਈ ਸਬਕ ਹੈ ਤੇ ਇਸ ਫੈਸਲੇ ਨਾਲ ਦਹਿਸ਼ਤਗਰਦਾਂ ਨੂੰ ਇਹ ਸੰਦੇਸ਼ ਜਾਵੇਗਾ ਕਿ ਹੁਣ ਉਨ੍ਹਾਂ ਦਾ ਹਸ਼ਰ ਵੀ ਇਹੋ ਹੋਵੇਗਾ।



# ਟਾਈਟਲਰ ਵਿਰੁਧ ਬਾਜਵਾ ਤੇ ਬਿੱਟੂ ਪ੍ਰਧਾਨ ਮੰਤਰੀ ਨੂੰ ਮਿਲੇ

**ਜਲੰਧਰ :** ਪੰਜਾਬ ਤੋਂ ਦੋ ਵਾਹਵਾ ਰਸੂਖ ਵਾਲੇ ਕਾਂਗਰਸੀ ਲੋਕ ਸਭਾ ਮੈਂਬਰਾਂ ਨੇ ਪ੍ਰਧਾਨ ਮੰਤਰੀ 'ਤੇ ਜ਼ੋਰ ਪਾਇਆ ਹੈ ਕਿ ਗ੍ਰਹਿ ਮੰਤਰਾਲੇ ਦੀ ਨਿਗਰਾਨੀ ਹੇਠ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਕਾਇਮ ਕੀਤੀ ਜਾਵੇ, ਜੋ ਸੀ.ਬੀ.ਆਈ. ਦੀ ਉਸ ਰਿਪੋਰਟ ਦੀ ਜਾਂਚ ਪੜਤਾਲ ਕਰੇ, ਜਿਸ ਦੇ ਆਧਾਰ 'ਤੇ ਦਿੱਲੀ ਦੀ ਇਕ ਅਦਾਲਤ ਨੇ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਵਿਰੁਧ ਸਿੱਖ ਕਤਲੇਆਮ 'ਚ ਸ਼ਮੂਲੀਅਤ ਸਬੰਧੀ ਕੇਸ ਬੰਦ ਕਰ ਦਿੱਤਾ ਹੈ।



ਸੂਤਰਾਂ ਅਨੁਸਾਰ ਗੁਰਦਾਸਪੁਰ ਤੇ ਆਨੰਦਪੁਰ ਸਾਹਿਬ ਤੋਂ ਕਾਂਗਰਸ ਦੇ ਲੋਕ ਸਭਾ ਮੈਂਬਰ ਕ੍ਰਮਵਾਰ ਪ੍ਰਤਾਪ ਸਿੰਘ ਬਾਜਵਾ ਤੇ ਰਵਨੀਤ ਸਿੰਘ ਬਿੱਟੂ ਨੇ ਇਸ ਸਬੰਧੀ ਪ੍ਰਧਾਨ ਮੰਤਰੀ ਨਾਲ ਮੀਟਿੰਗ ਕੀਤੀ।

ਪਤਾ ਲੱਗਿਆ ਹੈ ਕਿ ਦੋਵੇਂ ਆਗੂਆਂ ਨੇ ਪ੍ਰਧਾਨ ਮੰਤਰੀ ਨੂੰ ਦੱਸਿਆ ਹੈ ਕਿ ਸਿੱਖ ਭਾਈਚਾਰੇ 'ਚ ਇਹ ਪ੍ਰਭਾਵ ਬਣਦਾ ਜਾ ਰਿਹਾ ਹੈ ਕਿ ਜਗਦੀਸ਼ ਟਾਈਟਲਰ ਦੀ ਸਿੱਖ ਕਤਲੇਆਮ 'ਚ ਸ਼ਮੂਲੀਅਤ ਸਬੰਧੀ ਸੀ.ਬੀ.ਆਈ. ਦੀ ਜਾਂਚ ਤਸੱਲੀਬਖਸ਼ ਨਹੀਂ ਸੀ। ਉਨ੍ਹਾਂ ਨੇ ਡਾ. ਮਨਮੋਹਨ ਸਿੰਘ ਨੂੰ ਦੱਸਿਆ ਕਿ ਇਹ ਪ੍ਰਭਾਵ ਬਣਿਆ ਹੈ ਕਿ ਸੀ.ਬੀ.ਆਈ. ਨੇ ਟਾਈਟਲਰ ਵਿਰੁਧ ਸਬੂਤ ਇੱਕਠੇ ਕਰਨ ਦੀ ਥਾਂ ਉਹਨੂੰ ਨਿਰਦੋਸ਼ ਦਿਖਾਉਣ ਲਈ ਜ਼ੋਰ ਲਾਇਆ।



ਦੋਵੇਂ ਆਗੂਆਂ ਨੇ ਜ਼ੋਰ ਦਿੱਤਾ ਕਿ ਸੱਚ ਸਾਹਮਣੇ ਲਿਆਉਣ ਲਈ ਜਿੰਨੀ ਛੇਤੀ ਹੋ ਸਕੇ ਵਿਸ਼ੇਸ਼ ਜਾਂਚ ਟੀਮ ਕਾਇਮ ਕੀਤੀ ਜਾਵੇ। ਇਹ ਵੀ ਪਤਾ ਲੱਗਿਆ ਹੈ ਕਿ ਪ੍ਰਧਾਨ ਮੰਤਰੀ ਨਾਲ ਮੀਟਿੰਗ ਦੌਰਾਨ ਦੋਵੇਂ ਸੰਸਦ ਮੈਂਬਰਾਂ ਨੇ ਸੀ.ਬੀ.ਆਈ. ਦੇ ਜਾਂਚ ਕਰਨ ਦੇ ਢੰਗ ਸੰਬੰਧੀ ਸੁਆਲ ਵੀ ਕੀਤੇ।

ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਪੰਜਾਬ ਦੇ ਕਾਂਗਰਸੀਆਂ ਵਲੋਂ ਅਜਿਹੀ ਪੇਸ਼ਕਦਮੀ ਕੀਤੀ ਗਈ ਹੋਵੇ। ਸੂਤਰਾਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਤੋਂ ਕੀਤੀ ਲਿਖਤੀ ਮੰਗ 'ਚ ਦੋਵੇਂ ਸੰਸਦ ਮੈਂਬਰਾਂ ਨੇ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਦਾ ਵੀ ਹਵਾਲਾ ਦਿੱਤਾ ਹੈ। ਇਸ ਕਮਿਸ਼ਨ ਨੇ ਫਰਵਰੀ 2005 'ਚ ਆਪਣੀ ਰਿਪੋਰਟ ਦੇ ਕੇ ਕਿਹਾ ਸੀ ਕਿ 1984 'ਚ ਸਿੱਖਾਂ 'ਤੇ ਹਮਲੇ ਕਰਾਉਣ 'ਚ ਟਾਈਟਲਰ ਦੀ ਸ਼ਮੂਲੀਅਤ ਸਬੰਧੀ ਕਾਫੀ ਸਬੂਤ ਹਨ।

ਆਪਣੀ ਰਿਪੋਰਟ 'ਚ ਕਮਿਸ਼ਨ ਦੇ ਗੁਰਬਚਨ ਸਿੰਘ ਤੇ ਗੋਵਿੰਦ ਨਰਾਇਣ ਦੇ ਟਾਈਟਲਰ ਵਿਰੁਧ ਬਿਆਨਾਂ ਨੂੰ ਸਬੂਤ ਕਰਾਰ ਦਿੱਤਾ ਸੀ। ਸੀ.ਬੀ.ਆਈ. ਨੇ ਇਹ ਕਾਨੂੰਨੀ ਘੁਣਤਰ ਵਰਤ ਕੇ ਅਦਾਲਤ 'ਚ ਕੇਸ ਬੰਦ ਕਰਨ ਦੀ ਰਿਪੋਰਟ ਦੇ ਦਿੱਤੀ ਸੀ ਕਿ ਮੁੱਖ ਗਵਾਹ ਸੁਰਿੰਦਰ ਸਿੰਘ ਚਲਾਣਾ ਕਰ ਗਿਆ ਸੀ।

# ਮਾਂ ਬੋਲੀ ਦੀ ਅਹਿਮੀਅਤ

ਅੱਜ ਆਪਣੀ ਮਾਤ ਭੂਮੀ ਤੋਂ ਕੋਹਾਂ ਮੀਲ ਦੂਰ ਬੈਠੇ ਪੰਜਾਬੀ ਆਪਣੀ ਪੰਜਾਬੀਅਤ ਅਤੇ ਆਪਣੀਆਂ ਆਦਤਾਂ ਨੂੰ ਆਪਣੇ ਅੰਦਰ ਸਮੋਈ ਬੈਠੇ ਹਨ। ਅੱਜ ਦੇ ਤੱਰਕੀਆਂ ਕਰ ਰਹੇ ਜ਼ਮਾਨੇ ਵਿਚ ਆਪਣੇ ਪੂਰਾਣੇ ਸਭਿਆਚਾਰ ਨੂੰ ਬਚਾਈ ਰਖੱਣਾ ਕਾਫ਼ੀ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਭਾਵੇਂ ਕਿ ਪ੍ਰਦੇਸਾਂ ਵਿਚ ਵਕਤ ਦੀ ਕਮੀ ਕਾਰਣ ਇਨ੍ਹਾਂ ਗੱਲਾਂ ਨੂੰ ਅਸੀਂ ਅਣਗੌਲਿਆਂ ਕਰ ਦਿੰਦੇ ਹਾਂ ਪਰ ਫਿਰ ਵੀ ਪੰਜਾਬੀ ਪ੍ਰਦੇਸੀ ਸੱਭਿਆਚਾਰਕ ਪ੍ਰੋਗਰਾਮਾਂ ਵਿਚ ਵਧ ਚੜ੍ਹਕੇ ਹਿੱਸਾ ਲੈਂਦੇ ਹਨ। ਪੱਛਮੀ ਸਭਿਆਚਾਰ ਦੇ ਬੋਲਬਾਲੇ ਵਿਚ ਪੰਜਾਬੀ ਆਪਣੀ ਹੀ ਮਾਂ ਬੋਲੀ ਤੋਂ ਦੂਰ ਜਾ ਰਹੇ ਹਨ। ਲੁਪਤ ਹੁੰਦੀ ਜਾ ਰਹੀ ਪੰਜਾਬੀ ਬੋਲੀ ਦੇ ਨਤੀਜਿਆਂ ਨੂੰ ਵੀ ਅਸੀਂਅਣਦੇਖਿਆਂ ਕਰ ਰਹੇ ਹਾਂ। ਕਿਸੇ ਸਭਿਆਚਾਰ ਧਰਮ ਜਾਂ ਵਿਰਸੇ ਨੂੰ ਜਿੰਦਾ ਰਖਣਾ ਹੋਵੇ ਤਾਂ ਆਪਣੀ ਬੋਲੀ ਨੂੰ ਕਾਇਮ ਰਖੱਣਾ ਸਭ ਤੋਂ ਵਧ ਜ਼ਰੂਰੀ ਹੁੰਦਾ ਹੈ।

ਇਕ ਪਾਸੇ ਅੱਜ ਦੀ ਨੌਜਵਾਨ ਪੀੜ੍ਹੀ ਅਤੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਨਾਲ ਜੋੜੀ ਰੱਖਣ ਦੇ ਉਪਰਾਲੇ ਕੀਤੇ ਜਾ ਰਹੇ ਹਨ, ਪੰਜਾਬੀ ਦੀਆਂ ਕਲਾਸਾਂ ਅਤੇ ਇੰਟਰਨੈਟ ਤੇ ਵੀ ਪੰਜਾਬੀ ਸਿੱਖਣ-ਸਿੱਖਾਣ ਦੇ ਵਿਸ਼ੇਸ਼ ਪ੍ਰੋਗਰਾਮ ਤਿਆਰ ਕੀਤੇ ਜਾ ਰਹੇ ਹਨ। ਠੀਕ ਇਸਦੇ ਉਲਟ ਹੁਣ ਤੇ ਪੰਜਾਬ ਵਿਚ ਵੀ ਸਕੂਲਾਂ ਦੇ ਬੱਚਿਆਂ ਨੂੰ ਪੰਜਾਬੀ ਬੋਲਣ ਤੋਂ ਵਰਜਿਆ ਜਾਂਦਾ ਹੈ ਜੋ ਕਿ ਇਕ ਕਾਫ਼ੀ ਗੰਭੀਰਤਾ ਨਾਲ ਵਿਚਾਰਨਯੋਗ ਮੁੱਦਾ ਹੈ।

ਪੰਜਾਬ ਦੇ ਸ਼ਹਿਰਾਂ ਵਿਚ ਬੱਚੇ ਘਰਾਂ ਵਿਚ ਵੀ ਪੰਜਾਬੀ ਵਿਚ ਗੱਲ ਨਹੀਂ ਕਰਦੇ। ਪਰ ਇਹ ਬੜੀ ਸ਼ਰਮਨਾਕ ਗੱਲ ਬਣ ਜਾਂਦੀ ਹੈ ਜਦੋਂ ਕੋਈ ਪਰਦੇਸੀ ਪੰਜਾਬੀ ਵਿਚ ਗੱਲ ਕਰੇ ਤੇ ਅਗੋਂ ਜਵਾਬ ਅੰਗ੍ਰੇਜ਼ੀ ਵਿਚ ਹੋਵੇ। ਇੰਜ ਹੀ ਹੋਇਆ ਜਦ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਵਿਚ ਲਗੀ ਹੋਈ ਆਇਰਲੈਂਡ ਦੀ ਗੋਰੀ ਅਤੇ ਨਿਊ ਯਾਰਕ ਦੀ ਜੰਮਪਲ, ਪੰਜਾਬੀ ਦੀ ਪ੍ਰੋਫ਼ੈਸਰ ਐਨ ਮਰਫ਼ੀ ਨਾਮ ਦੀ ਗੋਰੀ ਨਾਲ ਜਿਸਨੇ ਚਾਰ ਸਾਲ ਲਗਾਕੇ ਪੰਜਾਬੀ ਸਿੱਖੀ ਅਤੇ ਹੁਣ ਸ਼ੁਧ ਪੰਜਾਬੀ ਬੋਲਦੀ ਹੈ। ਪੰਜਾਬੀ ਬੋਲਣ ਅਤੇ ਪੰਜਾਬੀ ਇਤਿਹਾਸ ਨਾਲ ਉਸਦਾ ਇਤਨਾ ਲਗਾਅ ਹੋਣ ਦਾ ਜਦ ਉਸ ਤੋਂ ਕਾਰਣ ਪੁਛਿਆ ਤਾਂ ਉਤਰ ਸੀ ਪੰਜਾਬੀਆਂ ਵਿਚ ਸੱਚੀ ਸੇਵਾ ਦੀ ਭਾਵਨਾ ਹੋਣਾ ਜੋ ਕਿ ਦੁਨੀਆਂ ਵਿਚ ਅਪਣੀ ਹੀ ਮਿਸਾਲ ਹੈ। ਭਾਵੇਂ ਕਿ ਹਰ ਧਰਮ ਲੋਕ ਸੇਵਾ ਕਰਨ ਲਈ ਉਤਸ਼ਾਹਿਤ ਕਰਦਾ ਹੈ ਪਰ ਸਿੱਖ ਧਰਮ ਵਿਚ ਬਿਨਾਂ ਕਿਸੇ ਭੇਦ ਭਾਵ ਦੇ ਸੇਵਾ ਕੀਤੀ ਜਾਂਦੀ ਹੈ। ਉਸਨੇ ਭਾਈ ਘਨਈਆ ਜੀ ਦੀ ਉਦਾਹਰਣ ਦਿੰਦਿਆ ਕਿਹਾ ਕਿ ਉਨ੍ਹਾਂ ਨੇ ਆਪਣੇ ਦੁਸ਼ਮਣਾਂ ਦੇ ਵੀ ਮਲ੍ਹਮ ਪੱਟੀ ਕੀਤੀ ਸੀ। ਪਰ ਜਦ ਇਹ ਗੋਰੀ ਮਹਾਰਾਜਾ ਰਣਜੀਤ ਸਿੰਘ ਬਾਰੇ ਅਤੇ ਹੋਰ ਇਤਿਹਾਸਕ ਤਥਾਂ ਬਾਰੇ ਜਾਣਕਾਰੀ ਲੈਣ ਲਈ ਚੰਡੀਗੜ੍ਹ ਅਤੇ ਪੰਜਾਬ ਦੇ ਅੱਡ ਅੱਡ ਹਿਸਿਆਂ ਵਿਚ ਗਈ ਤਾਂ ਜਿਸਨੂੰ ਵੀ ਉਸ ਨੇ ਪੰਜਾਬੀ ਵਿਚ ਸਵਾਲ ਪੁਛਿਆ, ਜਵਾਬ ਅੰਗ੍ਰੇਜ਼ੀ ਵਿਚ ਮਿਲਿਆ।

ਇਸ ਤੋਂ ਪਤਾ ਚਲਦਾ ਹੈ ਕਿ ਅਸੀਂ ਕਿਤਣਾ ਕੁ ਮਾਣ ਮਹਿਸੂਸ ਕਰਦੇ ਹਾ ਅਪਣੀ ਮਾਂ ਬੋਲੀ ਬੋਲਣ ਵਿਚ। ਸਕੂਲਾਂ ਵਿਚ ਵੀ ਪੰਜਾਬੀ ਇਕ ਦੂਜੇ ਨਾਲ ਆਪਸ ਵਿਚ ਪੰਜਾਬੀ ਜ਼ਬਾਨ ਵਿਚ ਗੱਲ ਕਰਨ ਵਿਚ ਵੀ ਸ਼ਰਮ ਮਹਿਸੂਸ ਕਰਦੇ ਹਾਂ। ਅਜਕਲ ਦੇ ਬਹੁਤ ਸਾਰੇ ਪੰਜਾਬੀ ਮਾਪੇ ਆਪਣੇ ਬੱਚਿਆਂ ਦੇ ਮੂੰਹੋਂ ਅੰਗ੍ਰੇਜ਼ੀ ਸੂਣਕੇ ਬਹੁਤ ਫ਼ਖਰ ਮਹਿਸੂਸ ਕਰਦੇ ਹਨ ਪਰ ਦਰਅਸਲ ਉਹ ਆਪਣੇ ਪੰਜਾਬੀ ਹੋਣ ਦੀ ਪਹਿਚਾਣ ਗਵਾ ਰਹੇ ਹੁੰਦੇ ਹਨ। ਸ਼ਾਇਦ ਉਹ ਅਪਣੇ ਬੱਚਿਆਂ ਨੂੰ ਇਹ ਸੁਨੇਹਾ ਦੇਣਾ ਚਾਹੁੰਦੇ ਹਨ ਕਿ ਤੇਰੀ ਆਪਣੀ ਮਾਂ ਨਾਲੋਂ ਦੂਜੇ ਦੀ ਮਾਂ ਕਿਤੇ ਚੰਗੀ ਹੈ। ਅਸੀਂ ਇਹ ਭੁਲ ਜਾਂਦੇ ਹਾਂ ਕਿ ਦੂਜੇ ਦੀ ਮਾਂ ਕਦ ਤੀਕ ਸਾਥ ਦੇਵੇਗੀ, ਨੌਕਰੀ ਲੈਣ ਤਕ ਵੀ ਨਹੀਂ। ਨੌਕਰੀ ਲੈਣ ਵੇਲੇ ਵੀ ਅਤੇ ਅੰਤ ਤੀਕ ਕੇਵਲ ਅਪਣੀ ਹੀ ਮਾਂ ਸਾਥ ਨਿਭਾਉਂਦੀ ਹੈ।

ਇਹੀ ਕਾਰਨ ਹੈ ਪੰਜਾਬੀ ਦੇ ਅਲੋਪ ਹੋਣ ਦਾ। ਜਦ ਕਿ ਦੂਜੀਆਂ ਬੋਲੀਆਂ ਦੇ ਮੁਕਾਬਲੇ ਵਿਚ ਪੰਜਾਬੀ ਇਕ ਬਹੁਤ ਹੀ ਮਿੱਠੀ ਜ਼ਬਾਨ ਹੈ। ਦੁਨੀਆ ਵਿਚ ਬੋਲੀਆਂ ਜਾਣ ਵਾਲੀਆਂ 6000 ਜ਼ਬਾਨਾਂ ਵਿਚ ਪੰਜਾਬੀ ਨੂੰ ਦਸਵਾਂ ਦਰਜਾ ਪ੍ਰਾਪਤ ਹੈ ਅਤੇ ਕੈਨੇਡਾ ਵਿਚ ਬੋਲੀਆਂ ਜਾਣ ਵਾਲੀਆ ਜ਼ਬਾਨਾਂ ਵਿਚ ਪੰਜਾਬੀ ਪੰਜਵੇਂ ਨੰਬਰ ਤੇ ਹੈ। ਅਮਰੀਕਾ ਵਿਚ ਵੀ ਹੁਣ ਤਾਂ ਯੁਨੀਵਰਸਿਟੀਆਂ ਵਿਚ ਪੰਜਾਬੀ ਨੂੰ ਕੇਵਲ ਮਾਨਤਾ ਹੀ ਪ੍ਰਾਪਤ ਨਹੀਂ ਬਲਕਿ ਦੇਸ਼ ਦੀ ਸੁੱਰਖਿਆ ਲਈ ਪੰਜਾਬੀ ਨੂੰ ਇਕ ਜ਼ਰੂਰੀ ਭਾਸ਼ਾ ਸਮਝਦਿਆਂ ਹੋਇਆਂ ਪੜ੍ਹਨ ਲਈ ਉਤਸੁਕ ਵੀ ਕੀਤਾ ਜਾ ਰਿਹਾ ਹੈ ਅਤੇ ਪੜ੍ਹਨ ਵਾਲੇ ਨੂੰ ਸਾਰਾ ਖਰਚਾ ਵੀ ਦਿੱਤਾ ਜਾਂਦਾ ਹੈ।

ਆਪਣੀ ਮਾਂ ਬੋਲੀ ਪੰਜਾਬੀ ਨੂੰ ਕਾਇਮ ਰੱਖਣ ਵਾਸਤੇ ਸਾਨੂੰ ਸਭ ਨੂੰ ਕੁਝ ਕਰਨ ਦੀ ਲੋੜ ਹੈ। ਜੇਕਰ ਅਸੀਂ ਹੀ ਅਪਣੀ ਮਾਂ ਦੀ ਕੱਦਰ ਕਰਨੀ ਨਹੀਂ ਜਾਣਦੇ ਤਾਂ ਦੂਜਿਆਂ ਤੋਂ ਕੀ ਆਸ ਕਰ ਸਕਦੇ ਹਾਂ। ਨੌਜਵਾਨ ਪੀੜ੍ਹੀ ਨੂੰ ਪੰਜਾਬੀ ਬੋਲਣ ਅਤੇ ਇਸ ਬੋਲੀ ਤੇ ਮਾਣ ਮਹਿਸੂਸ ਕਰਨ ਲਈ ਅਜ ਸਾਨੂੰ ਲੋੜ ਹੈ ਇਸ ਦੀ ਵੱਧ ਤੋਂ ਵੱਧ ਵਰਤੋਂ ਕਰਨ ਦੀ। ਅਖਬਾਰਾਂ ਅਤੇ ਪੰਜਾਬੀ ਕਿਤਾਬਾਂ ਨੂੰ ਪੜ੍ਹਨ ਨਾਲ ਪੰਜਾਬੀ ਸਾਹਿਤ ਦੇ ਰੂਬਰੂ ਹੋ ਸਕਦੇ ਹਾਂ। ਇਸ ਕੰਮ ਲਈ ਮਾਪਿਆਂ

ਅਤੇ ਭਾਈਚਾਰੇ ਦੇ ਬੁਧੀਜੀਵੀਆਂ ਨੂੰ ਚਾਹੀਦਾ ਹੈ ਕਿ ਆਪਣੀ ਮਾਂ ਬੋਲੀ ਦੀ ਪੜ੍ਹਾਈ ਲਈ ਯਤਨਸ਼ੀਲ ਹੋਣ ਅਤੇ ਆਪਣੀ ਮਾਂ ਬੋਲੀ ਪ੍ਰਤੀ ਤਨਦੇਹੀ ਨਾਲ ਆਪਣਾ ਫਰਜ ਨਿਬਾਹੁਣ।

*ਰਮਨਪਰੀਤ ਕੌਰ*
*12 ਗਰੇਡ*
*ਲੋਗਨ ਹਾਈ ਸਕੂਲ, ਯੂਨੀਅਨ ਸਿਟੀ*

# ਸਿੱਖ ਵਿਦਿਆਰਥੀਆਂ ਅਤੇ ਮਾਪਿਆਂ ਦੀ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨਾਲ ਮੁਲਾਕਾਤ

**ਸੈਨ ਹੋਜ਼ੇ:** ਸਿੱਖ ਕੁਲੀਸ਼ਨ ਦੇ ਉਦਮ ਨਾਲ ਇਥੇ ਮਿਡਲ ਅਤੇ ਹਾਈ ਸਕੂਲਾਂ ਦੇ ਸਿੱਖ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਦੀ ਵ੍ਹਾਈਟ ਹਾਊਸ ਅਤੇ ਸਿੱਖਿਆ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਇਕ ਮੀਟਿੰਗ ਕਰਵਾਈ ਗਈ। ਇਸ ਮੀਟਿੰਗ ਵਿਚ ਅਮਰੀਕਾ ਦੇ ਸਿੱਖਿਆ ਵਿਭਾਗ ਲਈ ਕੰਮ ਕਰ ਰਹੇ ਸੈਂਟਰ ਫਾਰ ਫ਼ੇਥ-ਬੇਸਡ ਐਂਡ ਨੇਬਰਹੁੱਡ ਪਾਰਟਨਰਸ਼ਿੱਪ ਦੇ ਡਾਇਰੈਕਟਰ, ਪੀਟਰ ਗਰੌਫ਼, ਵ੍ਹਾਈਟ ਹਾਊਸ ਦੇ ਧਾਰਮਿਕ ਮਸਲਿਆਂ ਦੇ ਸਹਾਇਕ ਡਾਇਰੈਕਟਰ ਪੌਲ ਮੌਨਟੈਰੋ ਅਤੇ ਸਿੱਖਿਆ ਵਿਭਾਗ ਅਧੀਨ ਸੁਰੱਖਿਅਤ ਅਤੇ ਨਸ਼ਾਮੁਕਤ ਸਕੂਲ ਮਹਿਕਮੇ ਦੇ ਡਾਇਰੈਕਟਰ ਕੇਵਿਨ ਜੈਨਿੰਗਜ਼ ਨੇ ਭਾਗ ਲਿਆ। ਇਹ ਤਿੰਨੇ ਅਧਿਕਾਰੀ ਵਸ਼ਿੰਗਟਨ ਡੀ.ਸੀ. ਤੋਂ ਖ਼ਾਸ ਇਸ ਮੀਟਿੰਗ ਵਿਚ ਭਾਗ ਲੈਣ ਲਈ ਪਹੁੰਚੇ ਸਨ। ਇਸ ਮੀਟਿੰਗ ਦਾ ਮਕਸਦ ਸਿੱਖ ਵਿਦਿਆਰਥੀਆਂ ਨੂੰ ਸਕੂਲਾਂ ਵਿਚ ਆ ਰਹੀਆਂ ਸਮੱਸਿਆਵਾਂ ਪ੍ਰਤੀ ਸੰਵੇਦਨਸ਼ੀਲਤਾ ਪੈਦਾ ਕਰਨਾ ਅਤੇ ਮਸਲਿਆਂ ਦੀ ਗੰਭੀਰਤਾ ਅਤੇ ਇਨ੍ਹਾਂ ਦੇ ਵਧ ਰਹੇ ਪੱਧਰ ਬਾਰੇ ਇਹਨਾਂ ਉਚ ਅਧਿਕਾਰੀਆਂ ਨੂੰ ਜਾਣੂ ਕਰਵਾਉਣਾ ਸੀ।

ਵਿਦਿਆਰਥੀਆਂ ਨੇ ਆਪਣੇ ਨਾਲ ਸਕੂਲਾਂ ਵਿਚ ਹੋਏ ਗੁੰਡਾਗ਼ਰਦੀ, ਬਦਮਾਸ਼ੀ ਅਤੇ ਪਰੇਸ਼ਾਨੀਆਂ ਦੇ ਤਲਖ਼ ਤਜ਼ਰਬਿਆਂ ਅਤੇ ਹੱਡਬੀਤੀਆਂ ਬਾਰੇ ਅਧਿਕਾਰੀਆਂ ਨੂੰ ਦੱਸਿਆ। ਵਿਦਿਆਰਥੀਆਂ ਅਤੇ ਮਾਪਿਆਂ ਨੇ ਸਕੂਲਾਂ ਵਿਚ ਹੋ ਰਹੀਆਂ ਵਿਤਕਰੇ ਅਤੇ ਪਰੇਸ਼ਾਨੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਸੁਝਾਅ ਅਤੇ ਤਰੀਕੇ ਵੀ ਪੇਸ਼ ਕੀਤੇ। ਕੈਵਿਨ ਜੈਨਿੰਗ, ਜਿਨ੍ਹਾਂ ਨੂੰ ਸਕੂਲਾਂ ਨੂੰ 'ਬੱਚਿਆਂ ਲਈ ਸੁਰੱਖਿਅਤ ਥਾਂ' ਬਣਾਉਣ ਲਈ ਨੀਤੀ ਬਣਾਉਣ ਦਾ ਕੰਮ ਸੌਂਪਿਆ ਗਿਆ ਹੈ, ਨੇ ਇਸ ਮੀਟਿੰਗ ਨੂੰ ਬਹੁਤ ਹੀ ਮਹੱਤਵਪੂਰਨ ਅਤੇ 'ਅੱਖਾਂ ਖੋਲ੍ਹਣ ਵਾਲੀ' ਕਰਾਰ ਦਿੱਤਾ। ਉਨ੍ਹਾਂ ਦੱਸਿਆ ਕਿ, ਭਾਵੇਂ ਉਸ ਨੇ ਸਿੱਖ ਅਤੇ ਹੋਰ ਦੱਖਣੀ ਏਸ਼ੀਆਈ ਵਿਦਿਆਰਥੀਆਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਸੁਣਿਆ ਸੀ ਪਰ ਕਦੇ ਵੀ ਸਮੱਸਿਆ ਦੀ ਗੰਭੀਰਤਾ ਨੂੰ ਨਹੀਂ ਸੀ ਸਮਝਿਆ।

ਇਸ ਮੀਟਿੰਗ ਦਾ ਨਿਸ਼ਾਨਾ ਕੇਵਲ ਸਿੱਖ ਵਿਦਿਆਰਥੀਆਂ ਦੇ ਵਿਦਿਆ, ਭੇਦ-ਭਾਵ ਅਤੇ ਗੁੰਡਾ-ਗ਼ਰਦੀ ਨਾਲ ਸਬੰਧਤ ਮਸਲਿਆਂ ਤੋਂ ਜਾਣੂ ਕਰਵਾਉਣਾ ਹੀ ਨਹੀਂ ਸੀ ਬਲਕਿ ਇਨ੍ਹਾਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਯਤਨਸ਼ੀਲ ਲੋਕਾਂ ਅਤੇ ਸੰਸਥਾਵਾਂ ਨੂੰ ਸਰਕਾਰ ਦੇ ਪ੍ਰਬੰਧਕੀ ਢਾਂਚੇ ਅਧੀਨ ਇਨ੍ਹਾਂ ਸਮੱਸਿਆਵਾਂ ਲਈ ਚੱਲ ਰਹੇ ਪ੍ਰੋਗਰਾਮਾਂ ਅਤੇ ਮੌਕਿਆਂ ਨਾਲ ਜੋੜਿਆ ਜਾਣਾ ਵੀ ਸੀ। ਸਿੱਖ ਕੁਲੀਸ਼ਨ ਤੋਂ ਇਲਾਵਾ, ਆਈ ਐਨ ਜੀ (ਇਸਲਾਮਿਕ ਨੈਟਵਰਕਸ ਗਰੁੱਪ) ਅਤੇ ਹੋਰ ਮੁਸਲਿਮ ਅਤੇ ਦੱਖਣੀ ਏਸ਼ਿਆਈ ਗਰੁੱਪਾਂ ਨੇ ਵੀ ਇਨ੍ਹਾਂ ਅਧਿਕਾਰੀਆਂ ਨਾਲ ਹੋਰ ਵੀ ਵੱਖ-ਵੱਖ ਮੀਟਿੰਗਾਂ ਵਿਚ ਭਾਗ ਲਿਆ।

ਮੀਟਿੰਗ ਦੇ ਕਨਵੀਨਰ ਅਤੇ ਇਸ ਵਿਚ ਭਾਗ ਲੈਣ ਵਾਲਿਆਂ ਨੇ ਸਾਰੇ ਵਿਚਾਰ-ਵਟਾਂਦਰੇ ਅਤੇ ਗੱਲਬਾਤ ਤੇ ਤਸੱਲੀ ਪ੍ਰਗਟ ਕੀਤੀ। ਵਸ਼ਿੰਗਟਨ ਤੋਂ ਆਈ ਟੀਮ ਵਿਚਾਰ-ਵਟਾਂਦਰੇ ਅਤੇ ਨਤੀਜਿਆਂ ਦਾ ਸਾਰ ਸਿੱਖਿਆ ਮੰਤਰੀ ਆਰਨੇ ਡੰਕਨ ਨੂੰ ਪੇਸ਼ ਕਰਨਗੇ। ਇਨ੍ਹਾਂ ਅਧਿਕਾਰੀਆਂ ਨੇ ਭਰੋਸਾ ਪ੍ਰਗਟਾਇਆ ਕਿ ਉਹ ਸਿੱਖ, ਮੁਸਲਿਮ ਅਤੇ ਅਰਬ ਪਿਛੋਕੜ ਦੇ ਵਿਦਿਆਰਥੀਆਂ ਨੂੰ ਦਰਪੇਸ਼ ਸਮੱਸਿਆਵਾਂ ਦਾ ਠੋਸ ਹੱਲ ਲੱਭਣਗੇ। ਸਿੱਖ ਕੁਲੀਸ਼ਨ, ਆਈ ਐਨ ਜੀ ਅਤੇ ਬੇ-ਏਰੀਆ ਦੇ ਮੁਸਲਿਮ ਭਾਈਚਾਰਿਆਂ ਨੇ ਓਬਾਮਾ ਸਰਕਾਰ ਵਲੋਂ ਇਨ੍ਹਾਂ ਚਿਰ-ਲਟਕਦੀਆਂ ਸਮੱਸਿਆਵਾਂ ਦੇ ਹੱਲ ਲਈ ਦਿਖਾਏ ਗਏ ਨਵੇਂ ਸਰੋਕਾਰਾਂ ਦੀ ਸ਼ਲਾਘਾ ਕੀਤੀ ਹੈ।

## ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਅਹੁਦੇ 'ਤੇ ਬਣੇ ਰਹਿਣ ਦਾ ਹੱਕ

**ਚੰਡੀਗੜ੍ਹ:** ਭਾਰਤ ਸਰਕਾਰ ਨੇ 10 ਮਈ ਨੂੰ ਮੰਨਿਆ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪੰਜ ਸਾਲਾ ਮਿਆਦ 31 ਅਗਸਤ, 2009 ਨੂੰ ਖਤਮ ਹੋ ਚੁੱਕੀ ਹੈ ਪਰ ਨਾਲ ਹੀ ਕਿਹਾ ਹੈ ਕਿ ਨਵੇਂ ਬੋਰਡ ਦੀ ਸਥਾਪਨਾ ਤੱਕ ਇਸ ਦੇ ਮੈਂਬਰ ਅਹੁਦਿਆਂ 'ਤੇ ਤਾਇਨਾਤ ਰਹਿ ਸਕਦੇ ਹਨ।

ਸਰਕਾਰੀ ਵਕੀਲ ਓਂਕਾਰ ਬਟਾਲਵੀ ਨੇ ਕਿਹਾ ਕਿ ਸਿੱਖ ਗੁਰਦੁਆਰਾ ਐਕਟ ਦੀ ਧਾਰਾ 51 ਤਹਿਤ ਬੋਰਡ ਮੈਂਬਰ ਕਮੇਟੀ ਦੀ ਸਥਾਪਨਾ ਤੋਂ ਪੰਜ ਸਾਲਾਂ ਤੱਕ ਜਾਂ ਨਵੇਂ ਬੋਰਡ ਦੀ ਸਥਾਪਨਾ ਤੱਕ ਆਪਣੇ ਅਹੁਦਿਆਂ ਦੀ ਜ਼ਿੰਮੇਵਾਰੀ ਨਿਭਾਅ ਸਕਦੇ ਹਨ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ ਕਿ ਸ਼੍ਰੋਮਣੀ ਕਮੇਟੀ ਦੀ ਮਿਆਦ ਖਤਮ ਹੋਣ ਕਾਰਨ ਇਸ ਦੀਆਂ ਚੋਣਾਂ ਕਰਵਾਈਆਂ ਜਾਣ। ਸ੍ਰੀ ਬਟਾਲਵੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਅਗਲੀਆਂ ਚੋਣਾਂ ਲਈ ਵੋਟਰ ਸੂਚੀਆਂ ਦੀ ਤਿਆਰੀ ਪ੍ਰਕਿਰਿਆ ਚੱਲ ਰਹੀ ਹੈ ਤੇ ਜਦੋਂ ਹੀ ਇਹ ਤਿਆਰ ਹੋ ਗਈਆਂ, ਚੋਣ ਪ੍ਰਕਿਰਿਆ ਅਰੰਭ ਦਿੱਤੀ ਜਾਵੇਗੀ।


Quik Signs
Signs • Graphics • Wraps

ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ

ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।
ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ
Specialized in English, Spanish, Hindi & Punjabi



ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ
ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)
ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।
ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ
ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।
ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।
ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।
ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।

ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.
ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।
Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

ਸ਼ਰਧਾਂਜਲੀ

# ਜ਼ਿੰਦਗੀ ਦੀ ਬਾਤ ਪਾਉਣ ਵਾਲੀ ਫ਼ਰਖੰਦਾ ਲੋਧੀ

**ਜਸਵੀਰ ਸਮਰ**

ਲਾਹੌਰ ਵਿਚ ਵਸਦੀ ਪੰਜਾਬੀ ਤੇ ਉਰਦੂ ਦੀ ਲੇਖਿਕਾ ਫ਼ਰਖੰਦਾ ਲੋਧੀ ਦਾ ਇਸ ਬੁੱਧਵਾਰ ਦੇਹਾਂਤ ਹੋ ਗਿਆ। ਉਹ ਲੰਮੇ ਸਮੇਂ ਤੋਂ ਬਿਮਾਰ ਸਨ। ਦਹਾਕਾ ਪਹਿਲਾਂ ਉਹ ਅਧਰੰਗ ਦੀ ਮਾਰ ਹੇਠ ਆ ਗਈ ਸੀ। ਸਾਲ 2001 ਵਿਚ ਜਦੋਂ ਵਰਲਡ ਪੰਜਾਬੀ ਫਾਊਂਡੇਸ਼ਨ ਨੇ ਉਸ ਨੂੰ ਪੰਜਾਬੀ ਸਾਹਿਤ ਦੀ ਸਰਬੋਤਮ ਲੇਖਕ ਵਜੋਂ ਨਿਵਾਜਿਆ ਤਾਂ ਉਹ ਪਹਿਲੀ ਔਰਤ ਲੇਖਕ ਸੀ ਜਿਸ ਨੂੰ ਇਹ ਮਾਣ ਮਿਲਿਆ। ਇਸ ਤੋਂ ਪਹਿਲਾਂ ਇਹ ਇਨਾਮ ਹਾਸਲ ਕਰਨ ਵਾਲੇ ਪੰਜ ਦੇ ਪੰਜ ਲੇਖਕ ਮਰਦ ਸਨ। ਉਦੋਂ ਇਸ ਬਾਬਤ ਪੁੱਛਣ 'ਤੇ ਉਹਨੇ ਟੁਣਕਦੇ ਹਾਸੇ ਨਾਲ ਆਖਿਆ ਸੀ, "ਫ਼ਖ਼ਰ ਜਮਾਂ ਨੂੰ ਖੌਰੇ ਪਤਾ ਹੈ ਕਿ ਮੈਂ ਛੇਤੀ ਮਰ ਜਾਣਾ ਹੈ। ਸੋਚਿਆ ਹੋਊ ਕਿ ਚਲੋ ਇਹਨੂੰ ਇਨਾਮ ਦੇ ਦਿਨੇ ਆਂ।"

ਦਰਅਸਲ ਇੰਨੇ ਹੀ ਧੜੱਲੇ ਨਾਲ ਉਸ ਦੀਆਂ ਲਿਖਤਾਂ ਵਿਚ ਆਉਂਦੀਆਂ ਔਰਤ ਪਾਤਰ ਬੋਲਦੇ ਹਨ। ਇਹ ਪਾਤਰ ਜਾਨ ਹੂਲਣ ਵਾਲੇ ਹਨ। ਔਰਤਾਂ ਦੀਆਂ ਗੱਲਾਂ ਕਰਦਿਆਂ ਉਹ ਅਕਸਰ ਹੁੱਬ ਹੁੱਬ ਕੇ ਦੱਸਦੀ ਕਿ ਔਰਤ ਤਾਂ ਜ਼ਿੰਦਗੀ ਦਾ ਦੂਜਾ ਰੂਪ ਹੈ। ਮਰਦ ਬਹੁਤ ਪਿਛਾਂਹ ਹਨ, ਬੱਸ ਪਲ-ਛਿਣ ਦੀ ਵਾਰਤਾ! ਔਰਤ ਸਿਰਫ਼ ਜ਼ਿੰਦਗੀ ਹੀ ਨਹੀਂ, ਬਲਕਿ ਇਹ ਤਾਂ ਦੂਜਿਆਂ ਨੂੰ ਜ਼ਿੰਦਗੀ ਨਿਵਾਜਣ ਵਾਲੀ ਹੈ। ਫਿਰ ਇਸ ਨੂੰ, ਇਸੇ ਸਪਿਰਟ ਵਿਚ ਹੀ ਕਿਉਂ ਨਾ ਪੇਸ਼ ਕੀਤਾ ਜਾਵੇ? ਉਹਦੀ ਪਹਿਲੀ ਕਹਾਣੀ 'ਪਾਰਵਤੀ' ਉਸ ਔਰਤ ਬਾਰੇ ਹੈ ਜਿਹੜੀ ਭਾਰਤ ਤੋਂ ਜਾਸੂਸ ਬਣ ਕੇ ਪਾਕਿਸਤਾਨ ਆਉਂਦੀ ਹੈ। ਪਾਕਿਸਤਾਨ ਵਿਚ ਉਸ ਦਾ ਪਿਆਰ ਫ਼ੌਜ ਦੇ ਕੈਪਟਨ ਨਾਲ ਪੈ ਜਾਂਦਾ ਹੈ ਅਤੇ ਉਹ ਉਹਦੇ ਨਾਲ ਨਿਕਾਹ ਕਰਵਾ ਲੈਂਦੀ ਹੈ। ਖਾਵੰਦ ਨੂੰ ਜਦੋਂ ਇਹ ਇਲਮ ਹੁੰਦਾ ਹੈ ਕਿ ਉਹ ਤਾਂ ਜਾਸੂਸ ਹੈ ਤਾਂ ਉਹ ਉਸ ਨੂੰ ਚਿੱਤੋਂ ਕੱਢ ਦਿੰਦਾ ਹੈ ਅਤੇ ਭਾਰਤ ਦੀ ਸਰਹੱਦ ਉਤੇ ਮਾਰੂਥਲ ਵਿਚ ਛੱਡ ਆਉਂਦਾ ਹੈ। ਮਾਂ ਬਣਨ ਵਾਲੀ ਪਾਰਵਤੀ ਜਦੋਂ ਭਾਰਤ ਵਿਚ ਆਪਣੇ ਪਹਿਲੇ ਖਾਵੰਦ ਕੋਲ ਪੁੱਜਦੀ ਹੈ ਤਾਂ ਉਹ ਵੀ ਉਸ ਨੂੰ ਦੁਰਕਾਰ ਦਿੰਦਾ ਹੈ। ਉਹ ਆਖ਼ਰਕਾਰ ਪਾਕਿਸਤਾਨ ਵਿਚ ਆਪਣੇ ਪਿਆਰ ਕੋਲ ਮੁੜਨ ਦਾ ਫੈਸਲਾ ਕਰਦੀ ਹੈ ਪਰ ਸਰਹੱਦ ਉਤੇ ਫੌਜੀਆਂ ਦੀ ਗੋਲੀ ਨਾਲ ਮਾਰੀ ਜਾਂਦੀ ਹੈ। ਇਹ ਅਸਲ ਵਿਚ ਫ਼ਰਖੰਦਾ ਲੋਧੀ ਦਾ 1965 ਵਾਲੀ ਹਿੰਦ-ਪਾਕਿ ਲੜਾਈ ਨੂੰ ਕਰਾਰਾ ਜਵਾਬ ਸੀ।

ਫ਼ਰਖੰਦਾ ਦੀ ਸਾਧਾਰਨ ਪਰ ਜਾਨਦਾਰ ਦਲੀਲ ਸੀ ਕਿ ਹਾਕਮ ਜੰਗਾਂ ਲਾਉਂਦੇ ਹਨ, ਮਰਦ ਇਹ ਜੰਗਾਂ ਜਿੱਤਦੇ ਹਨ ਅਤੇ ਔਰਤ ਸੂਲੀ ਉਤੇ ਟੰਗੀ ਜਾਂਦੀ ਹੈ। ਇੱਦਾਂ ਦੀ ਹੀ ਕਹਾਣੀ 'ਸ਼ਰਾਬੀ' ਹੈ ਜਿਹੜੀ 1969 ਵਿਚ ਲਿਖੀ ਗਈ ਸੀ। ਪਾਤਰ ਦੇ ਸਾਰੇ ਮਿੱਤਰ-ਸੱਜਣ ਜਦੋਂ ਆਸੇ-ਪਾਸੇ ਪਰਵਾਸ ਕਰ ਜਾਂਦੇ ਹਨ ਤਾਂ ਉਹਦਾ ਇਕੱਲ ਦਾ ਦਰਦ ਸਿੰਮਣ ਲਗਦਾ ਹੈ। ਪੰਜਾਬੀ ਵਿਚ ਉਹਦੀ ਪਹਿਲੀ ਕਹਾਣੀ 'ਚੰਨੇ ਦੇ ਉਹਲੇ' 1970 ਵਿਚ ਛਪੀ ਤਾਂ ਪੰਜਾਬੀ ਖੇਤਰਾਂ ਵਿਚ ਵੀ ਉਸ ਦੀ ਗੱਲ ਤੁਰ ਨਿਕਲੀ।

ਉਹਦੇ ਘਰ ਧੀ ਜੰਮੀ ਤਾਂ ਉਹਨੇ ਨਾਂ ਰੱਖਿਆ ਸਰਿਤਾ। ਘਰੇ ਇਸ ਧੀ ਨੂੰ ਰੀਤੂ ਕਹਿ ਕੇ ਬੁਲਾਉਂਦੇ। ਸਾਰਿਆਂ ਨੇ ਕੰਨ ਖੜ੍ਹੇ ਕਰ ਲਏ। ਸਵਾਲ ਸੀ-ਇਹ ਹਿੰਦੂ ਨਾਂ ਕਿਉਂ? ਉਹ ਬੜੇ ਤਹੱਮਲ ਨਾਲ ਆਖਦੀ, "ਇਹਦੇ ਵਿਚ ਹਿੰਦੂ-ਹਿੰਦੀ ਦਾ ਕੋਈ ਮਸਲਾ ਨਹੀਂ। ਇਹ ਨਾਂ ਮੈਨੂੰ



ਫ਼ਰਖੰਦਾ ਲੋਧੀ

ਚੰਗਾ ਲਗਦਾ ਹੈ। ਇਹਦੇ ਨਾਲ ਮੇਰਾ ਪਿਛੋਕੜ ਜੁੜਿਆ ਹੋਇਆ ਹੈ।" ਅਸਲ ਵਿਚ ਦੇਸ਼ ਦੀ ਵੰਡ ਵੇਲੇ ਉਹ ਗਿਆਰਾਂ ਵਰ੍ਹਿਆਂ ਦੀ ਸੀ ਅਤੇ ਹੁਸ਼ਿਆਰਪੁਰ ਰਹਿੰਦੀ ਸੀ। ਉਹਦੇ ਚੇਤਿਆਂ ਵਿਚ ਇਹ ਨਾਂ ਕਿਤੇ ਡੂੰਘਾ ਉਤਰਿਆ ਹੋਇਆ ਸੀ। ਮਈ 2004 ਵਿਚ ਉਹ ਭਾਰਤ ਆਈ ਤਾਂ ਉਹਨੂੰ ਆਪਣੇ ਜੱਦੀ ਸ਼ਹਿਰ ਹੁਸ਼ਿਆਰਪੁਰ ਜਾਣ ਦਾ ਵੀ ਮੌਕਾ ਨਾ ਮਿਲਿਆ। ਉਹ ਤੜਫਦੀ ਰਹਿ ਗਈ। ਅਗਲੇ ਸਾਲ ਮਈ ਵਿਚ ਪਟਿਆਲੇ ਪੰਜਾਬੀ ਕਾਨਫਰੰਸ ਵਿਚ ਹਿੱਸਾ ਲੈਣ ਆਈ ਤਾਂ ਉਹ ਆਪਣੇ ਖਾਵੰਦ ਪ੍ਰੋਫ਼ੈਸਰ ਸਬੀਰ ਲੋਧੀ ਨਾਲ ਹੁਸ਼ਿਆਰਪੁਰ ਗਈ, ਉਥੇ ਉਰਦੂ ਸ਼ਾਇਰ ਪ੍ਰੇਮ ਕੁਮਾਰ ਨਜ਼ੀਰ ਦੇ ਘਰ ਰਹੀ। ਆਪਣਾ ਘਰ, ਗਲੀ, ਮੁਹੱਲਾ ਪਛਾਣਦੀ ਰਹੀ ਅਤੇ ਨਾਲ ਹੀ ਵੰਡ ਦਾ ਦਿੱਤਾ ਦਰਦ ਉਹਦੀਆਂ ਅੱਖਾਂ ਵਿਚੋਂ ਵਹਿੰਦਾ ਰਿਹਾ। ਪਿੱਛੋਂ ਬਾਜ਼ਾਰ ਵਿਚ ਘੁੰਮਦਿਆਂ ਉਹਨੇ ਕਿਤਾਬਾਂ ਦੀ ਦੁਕਾਨ ਪਛਾਣ ਲਈ ਅਤੇ ਉਥੋਂ ਕਿਤਾਬਾਂ ਖਰੀਦੀਆਂ। ਘਰ ਪੁੱਜ ਕੇ ਕੁਰਸੀ ਨਾਲ ਢੋਹ ਲਾਈ ਗੱਲਾਂ ਕਰਦੀ ਉਹ ਆਖ ਰਹੀ ਸੀ, "ਮੇਰਾ ਤਾਂ ਹੱਜ ਹੋ ਗਿਆ।" ਉਹਨੇ ਦੱਸਿਆ ਕਿ ਉਹਦੀਆਂ ਰਚਨਾਵਾਂ ਦਾ 90 ਫ਼ੀਸਦੀ ਹਿੱਸਾ ਇਸੇ ਇਲਾਕੇ ਨਾਲ ਵਾਬਸਤਾ ਹੈ।

ਫ਼ਰਖੰਦਾ ਲੋਧੀ ਲਈ ਸਾਹਿਤ ਲਿਖਣਾ-ਪੜ੍ਹਨਾ ਕੋਈ ਟਾਈਮ ਪਾਸ ਨਹੀਂ ਸੀ। ਉਹਦੇ ਲਈ ਸ਼ਬਦ ਛੁਰੀ ਸਨ ਜਿਹੜੇ ਇਸ ਸਮਾਜ ਦੇ ਕੁਹਜ ਨੂੰ ਲਗਾਤਾਰ ਛਿਲਦੇ ਹਨ। ਉਹ ਮਿਥ ਕੇ ਵਾਰਿਸ ਸ਼ਾਹ ਦੇ ਰੁਮਾਂਸਵਾਦ ਤੋਂ ਪਾਰ ਗਈ ਅਤੇ ਉਸ ਨੇ ਪੰਜਾਬੀ ਲਈ ਹੰਭਲਾ ਮਾਰਿਆ। ਪੰਜਾਬੀਆਂ ਦੇ ਪੰਜਾਬੀ ਨਾ ਬੋਲਣ 'ਤੇ ਉਹ ਬਹੁਤ ਔਖੀ ਰਹਿੰਦੀ ਸੀ। ਮਾਪੇ ਜਦੋਂ ਆਪਣੇ ਬੱਚਿਆਂ ਨਾਲ ਉਰਦੂ ਜਾਂ ਅੰਗਰੇਜ਼ੀ ਬੋਲਦੇ ਤਾਂ ਉਹਦੇ ਜ਼ਿਹਨ ਵਿਚ ਖੌਰੂ ਉਠ ਪੈਂਦਾ। ਉਹਦਾ ਫ਼ਿਕਰ ਸੀ ਕਿ ਜੇ ਅਸੀਂ ਮਾਂ-ਬੋਲੀ ਬੋਲਣਾ ਹੀ ਛੱਡ ਗਏ ਤਾਂ ਪੰਜਾਬੀ ਦਾ ਬਣੇਗਾ ਕੀ?

ਫ਼ਰਖੰਦਾ ਲੋਧੀ ਨੇ ਤਾਨਾਸ਼ਾਹ ਜ਼ਿਆ-ਉਲ-ਹੱਕ ਦਾ ਦੌਰ ਵੀ ਦੇਖਿਆ ਪਰ ਉਹਨੇ ਸਾਹਿਤ ਸਿਰਜਣਾ ਵਿਚ ਆਪਣੀ ਆਵਾਜ਼ ਮੱਠੀ ਨਾ ਕੀਤੀ ਅਤੇ ਇਸ ਦਾ ਖਮਿਆਜ਼ਾ ਵੀ ਭੁਗਤਿਆ। ਉਹਦੀ ਇਕ ਕਿਤਾਬ ਦਾ ਨਾਂ ਹੈ: ਹਸਰਤ-ਇ-ਅਰਜ਼-ਇ-ਤਮੰਨਾ। ਇਹ ਭਾਰਤ ਵਿਚ ਬਣੀਆਂ ਦੋ ਫ਼ਿਲਮਾਂ 'ਮੌਸਮ' ਅਤੇ 'ਮੰਡੀ' ਦਾ ਜੋੜ ਹੈ। ਇਸ ਵਿਚ ਵੰਡ ਦੇ ਦਰਦ ਦੇ ਨਾਲ ਨਾਲ ਦੋਹਾਂ ਦੇਸ਼ਾਂ ਵਿਚ ਫੈਲ ਰਹੀ ਨਫ਼ਰਤ ਦੀ ਵੀ ਚਰਚਾ ਹੈ। ਨਤੀਜਾ 'ਗ਼ੱਦਾਰ' ਹੋਣ ਦੇ ਇਲਜ਼ਾਮ ਵਿਚ ਨਿਕਲਦਾ ਹੈ। ਲਾਹੌਰ ਦੇ ਕੁਈਨ ਮੇਰੀ ਕਾਲਜ ਵਿਚ ਉਹ ਲਾਇਬਰੇਰੀਅਨ ਸੀ ਅਤੇ 1997 ਵਿਚ ਉਹ ਲਾਹੌਰ ਦੇ ਸਰਕਾਰੀ ਕਾਲਜ ਤੋਂ ਬਤੌਰ ਮੁੱਖ ਲਾਇਬਰੇਰੀਅਨ ਰਿਟਾਇਰ ਹੋਈ। ਲੈਕਚਰਰ ਬਣਨ ਲਈ ਉਹਨੇ ਬਹੁਤ ਵਾਰ ਅਰਜ਼ੀਆਂ ਦਿੱਤੀ ਪਰ ਕਦੀ ਗ਼ੌਰ ਨਾ ਹੋਇਆ। ਭ੍ਰਿਸ਼ਟ ਢਾਂਚੇ ਨਾਲ ਉਹ ਲਗਾਤਾਰ ਦੋ-ਚਾਰ ਹੁੰਦੀ ਰਹੀ। ਸਰਕਾਰੀ ਕਾਲਜ ਵਿਚ ਉਹਨੇ 150 ਸਾਲ ਪੁਰਾਣੇ ਰਿਕਾਰਡ ਨੂੰ ਨਵੇਂ ਸਿਰਿਓਂ ਤਰਤੀਬ ਦਿੱਤੀ। ਰਸਾਇਣ ਲੱਗੀਆਂ ਕਿਤਾਬਾਂ ਨਾਲ ਜੂਝਦਿਆਂ ਉਹਨੂੰ ਬਿਮਾਰੀ ਲੱਗ ਗਈ ਅਤੇ ਕੁਝ ਸਮਾਂ ਤਾਂ ਉਸ ਦੀ ਆਵਾਜ਼ ਵੀ ਚਲੀ ਗਈ ਸੀ।

ਫ਼ਰਖੰਦਾ ਲੋਧੀ ਦੀਆਂ ਰਚਨਾਵਾਂ ਵਿਚ ਔਰਤ ਬੁਲੰਦ ਰੂਪ ਵਿਚ ਪੇਸ਼ ਹੋਈ ਹੈ। ਉਹਨੇ ਬੇਬਾਕ ਹੋ ਕੇ ਇਸ ਜਮਾਤ ਦੀ ਬਾਤ ਪਾਈ। ਉਹਨੇ ਔਰਤਾਂ ਬਾਰੇ ਗੱਲਾਂ ਸੁਣੀਆਂ ਅਤੇ ਸੁਣਾਈਆਂ। ਪਾਬੰਦੀਆਂ ਦੇ ਦੌਰ ਵਿਚ ਇਨ੍ਹਾਂ ਗੱਲਾਂ ਦਾ ਕੋਈ ਮਤਲਬ ਹੁੰਦਾ ਹੈ। ਇਸੇ ਕਰਕੇ ਫ਼ਰਖੰਦਾ ਲੋਧੀ, ਫ਼ਰਖੰਦਾ ਲੋਧੀ ਹੈ। ਇਸੇ ਕਰਕੇ ਉਹਦੀ ਧੀ ਦਾ ਨਾਂ ਸਰਿਤਾ ਹੈ।

# ਅਮਰੀਕਾ ਦੇ 'ਇੰਟਰਨੈਸ਼ਨਲ ਪੰਜਾਬੀ ਪ੍ਰਮੋਟਰ'

ਚਲਦੇ-ਫਿਰਦੇ



ਮਨਦੀਪ ਮਾਨ

ਫੋਨ:661-889-1927

ਪਿਛਲੇ ਕੁਝ ਸਾਲਾਂ ਤੋਂ ਪੰਜਾਬੀ ਗੀਤ ਸੰਗੀਤ ਨੂੰ ਸੁਣਨ ਵਾਲੇ ਕੁਝ ਲੋਕਾਂ ਵਿਚ ਆਪਣੇ ਨਾਂ ਪਿਛੇ 'ਇੰਟਰਨੈਸ਼ਨਲ ਪੰਜਾਬੀ ਪ੍ਰਮੋਟਰ' ਲਿਖਣ ਦਾ ਰੁਝਾਨ ਕੁਝ ਜ਼ਿਆਦਾ ਹੀ ਹੋਇਆ ਹੈ ਜਿਸ ਕਾਰਨ ਅਮਰੀਕਾ ਵਿਚ ਹਰ ਸਾਲ ਪੰਜਾਬੀ 'ਗਾਇਕਾਂ' ਦੇ ਸੈਂਕੜੇ ਸ਼ੋਅ ਹੁੰਦੇ ਹਨ ਅਤੇ ਕੁਝ ਨੂੰ ਛੱਡਕੇ ਬਾਕੀ ਸਭ ਬੁਰੀ ਤਰ੍ਹਾਂ ਫਲਾਪ ਹੁੰਦੇ ਹਨ। ਪਰ ਫਿਰ ਵੀ ਹਰ ਸਾਲ ਸੈਂਕੜੇ ਪੰਜਾਬੀ ਕਲਾਕਾਰ ਅਮਰੀਕਾ ਆਉਂਦੇ ਹਨ ਕਿਉਂ? ਸਭ ਤੋਂ ਵੱਡੀ ਗੱਲ ਇਹ ਹੈ ਕਿ ਸਾਰੇ ਸ਼ੋਅ ਤਕਰੀਬਨ ਗਰਮੀ ਦੇ ਮੌਸਮ ਵਿਚ ਹੀ ਹੁੰਦੇ ਹਨ। ਕਲਾਕਾਰਾਂ ਨੂੰ ਪੰਜਾਬ ਵਿਚ ਇਨੀ ਦਿਨੀਂ ਕੋਈ ਪ੍ਰੋਗਰਾਮ ਨਹੀਂ ਮਿਲਦਾ ਅਤੇ ਉਤੋਂ ਮੱਖੀ-ਮੱਛਰ ਵੀ ਬਥੇਰਾ ਹੁੰਦਾ ਹੈ। ਮੱਛਰ ਤੇ ਗਰਮੀ ਤੋਂ ਬਚਣ ਲਈ ਇਹ 4 ਤੋਂ 5 ਮਹੀਨੇ ਇਧਰ ਕੱਢ ਜਾਂਦੇ ਹਨ ਜਿਸ ਕਾਰਨ ਇਨ੍ਹਾਂ ਨੂੰ ਚਾਰ ਪੈਸੇ ਵੀ ਬਣ ਜਾਂਦੇ ਹਨ ਤੇ ਗਰਮੀ ਤੋਂ ਵੀ ਬਚੇ ਰਹਿੰਦੇ ਹਨ।

ਹੁਣ ਮੁੜਦੇ ਹਾਂ "ਇੰਟਰਨੈਸ਼ਨਲ ਪੰਜਾਬੀ ਪ੍ਰਮੋਟਰਾਂ" ਵਲ ਇਹ ਸਾਡੇ ਸਮਾਜ ਵਿਚ ਇਕ ਵੱਖਰੀ ਕਿਸਮ ਦੇ ਲੋਕ ਹਨ। ਬਹੁਤੇ ਇਨ੍ਹਾਂ ਵਿਚ ਘਰ ਫੂਕ ਤਮਾਸ਼ਾ ਵੇਖਣ ਵਾਲੇ ਹੀ ਹੁੰਦੇ ਹਨ। ਜਦੋਂ ਇਨ੍ਹਾਂ ਦੇ ਇਕ ਤੋਂ ਦੋ ਲੱਖ ਡਾਲਰ ਦੀ ਖੁਰਕ ਹੁੰਦੀ ਹੈ ਤਾਂ ਇਹ ਸਭ ਤੋਂ ਪਹਿਲਾਂ ਪੰਜਾਬ ਬੈਠੇ ਸਸਤੇ ਰੇਟਾਂ ਵਾਲੇ ਗਾਇਕਾਂ ਨਾਲ ਰਾਬਤਾ ਕਾਇਮ ਕਰਦੇ ਹਨ ਤੇ ਅਜਿਹੇ ਗਾਇਕ ਤਾਂ ਪਹਿਲਾਂ ਹੀ ਬਾਹਰ ਆਉਣ ਨੂੰ ਤਰਸਦੇ ਹਨ ਜਿਸ ਕਾਰਨ ਉਹ ਝੱਟ ਹੀ ਹਾਂ ਕਰ ਦਿੰਦੇ ਹਨ, ਉਹ ਵੀ ਬਿਨਾਂ ਕਿਸੇ ਲਿਖਤ ਪੜ੍ਹਤ ਤੋਂ। ਇਸ ਤੋਂ ਬਾਅਦ ਸ਼ੁਰੂ ਹੁੰਦਾ ਹੈ ਗਾਇਕ ਅਤੇ ਸਾਜ਼ੀਆਂ ਨੂੰ ਵੀਜ਼ੇ ਦਿਵਾਉਣ ਦਾ ਸਿਲਸਿਲਾ। ਅਖ਼ਬਾਰਾਂ 'ਚ ਮਸ਼ਹੂਰੀ ਸ਼ੁਰੂ ਕਿ ਫਲਾਣਾ ਗਾਇਕ ਫਲਾਣੀ ਤਰੀਕ ਨੂੰ ਪਹੁੰਚ ਰਿਹਾ ਹੈ। ਜਦ ਸੁਣਨ ਵਾਲੇ ਉਥੇ ਪਹੁੰਚਦੇ ਹਨ ਤਾਂ ਉਥੇ ਕੋਈ ਹੋਰ ਹੀ ਗਾ ਰਿਹਾ ਹੁੰਦਾ ਹੈ। ਪੁੱਛਣ 'ਤੇ ਪਤਾ ਲੱਗਦਾ ਹੈ ਕਿ ਫਲਾਣੇ ਗਾਇਕ ਦਾ ਵੀਜ਼ਾ ਨਹੀਂ ਲੱਗਿਆ ਕਿਉਂਕਿ ਉਸ ਦਾ ਨਾਂ ਕਿਸੇ ਮਸ਼ਹੂਰ ਖਾੜਕੂ ਸਿੰਘ ਨਾਲ ਮੇਲ ਖਾ ਗਿਆ, ਜਿਸ ਕਾਰਨ ਅੰਬੈਸੀ ਨੇ ਉਸਨੂੰ ਵੀਜ਼ਾ ਨਹੀਂ ਦਿੱਤਾ। ਇਸ ਕਰਕੇ ਇਧਰ ਆਉਣ ਵਾਲੇ ਜ਼ਿਆਦਾ ਗਾਇਕ ਵੀ ਨਵੇਂ ਹੁੰਦੇ ਹਨ ਤੇ ਉਨ੍ਹਾਂ ਦੇ 'ਬੌਸ' ਯਾਨੀ ਪ੍ਰਮੋਟਰ ਭਾਈ ਵੀ। ਅਮਰੀਕਾ ਪਹੁੰਚਣ ਦੇ ਬਾਅਦ ਸ਼ੁਰੂ ਹੁੰਦਾ ਹੈ ਇਨ੍ਹਾਂ ਗਾਇਕਾਂ ਦਾ ਸ਼ੋਸ਼ਣ ਅਤੇ ਸਭ ਤੋਂ ਬੁਰੀ ਹੁੰਦੀ ਹੈ ਇਨ੍ਹਾਂ ਨਾਲ ਆਏ ਸਾਜ਼ੀਆਂ ਨਾਲ ਜਿਨ੍ਹਾਂ ਨੂੰ "ਇੰਟਰਨੈਸ਼ਨਲ ਪ੍ਰਮੋਟਰ" ਬੰਦੇ ਹੀ ਨਹੀਂ ਸਮਝਦਾ। ਇਕ ਹੋਟਲ ਦੇ ਕਮਰੇ 'ਚ ਪੰਜ ਤੋਂ ਸੱਤ ਸਾਜ਼ੀ ਹੁੰਦੇ ਹਨ। ਕੁਝ ਸਾਲ ਪਹਿਲਾਂ ਦੀ ਗੱਲ ਹੈ, ਬੇ-ਏਰੀਆ ਦਾ ਇਕ ਪ੍ਰਮੋਟਰ ਪੰਜਾਬ ਤੋਂ ਕਲਾਕਾਰ ਲੈ ਕੇ ਆਇਆ। ਉਸ ਨੇ ਉਨ੍ਹਾਂ ਨੂੰ ਕਿਰਾਏ ਦੇ ਇਕ ਨਿਕੰਮੇ ਜਿਹੇ ਅਪਾਰਟਮੈਂਟ ਵਿਚ ਰਖਿਆ-ਵਿਚੇ ਮੁੰਡੇ, ਵਿਚੇ ਕੁੜੀਆਂ। ਜਦੋਂ ਕਿਤੇ ਸ਼ੋਅ ਲਈ ਜਾਣਾ ਹੁੰਦਾ ਤਾਂ ਉਹ ਹਜ਼ਾਰ-ਹਜ਼ਾਰ ਮੀਲ ਵੀ ਉਨ੍ਹਾਂ ਨੂੰ ਹਵਾਈ ਜਹਾਜ਼ ਵਿਚ ਲੈ ਜਾਣ ਦੀ ਥਾਂ ਇਕ ਵੈਨ ਵਿਚ ਤੁੜੀ ਵਾਂਗ ਤੁਸ ਕੇ ਲੈ ਜਾਂਦਾ। ਉਦੋਂ ਇਕ ਗਾਇਕਾ ਨੇ ਕਿਹਾ ਸੀ ਕਿ ਜਿੰਨੇ ਪੈਸੇ ਮੈਨੂੰ ਇਸ ਪ੍ਰਮੋਟਰ ਨੇ ਦਿਤੇ ਹਨ, ਉਸ ਤੋਂ ਵੱਧ ਤਾਂ ਪੰਜਾਬ ਵਿਚ ਸਰਕਾਰੀ ਨੌਕਰੀ ਦੀ ਤਨਖਾਹ ਬਣਦੀ ਸੀ।

ਕਈ ਵਾਰੀ ਇੰਜ ਵੀ ਹੁੰਦਾ ਹੈ ਕਿ ਇੰਟਰਨੈਸ਼ਨਲ ਪ੍ਰਮੋਟਰ ਕਿਸੇ ਗਾਇਕ ਨਾਲ ਲੰਮਾ ਸੌਦਾ ਬੜੇ ਸਸਤੇ ਭਾਅ ਬਣਾ ਲੈਂਦਾ ਹੈ ਅਤੇ ਫਿਰ ਇਹ ਸ਼ੋਅ ਅਗੋਂ ਕਿਸੇ ਹੋਰ ਇੰਟਰਨੈਸ਼ਨਲ ਪ੍ਰਮੋਟਰ ਨੂੰ ਵੇਚ ਦਿੰਦਾ ਹੈ। ਇੰਜ ਹਾਲ ਹੀ ਵਿਚ ਇਕ ਸ਼ੋਅ ਤਿੰਨ-ਤਿੰਨ ਥਾਈਂ ਵਿਕਿਆ।

ਫਿਰ ਇਨ੍ਹਾਂ ਇੰਟਰਨੈਸ਼ਨਲ ਪੰਜਾਬੀ ਪ੍ਰਮੋਟਰਾਂ ਦੀ ਖਹਿਬਾਜ਼ੀ ਸ਼ੁਰੂ ਹੁੰਦੀ ਹੈ ਗਾਇਕਾਂ ਨਾਲ ਪੈਸੇ ਪਿੱਛੋਂ। ਗਾਇਕ ਕਹਿੰਦੇ ਨੇ ਸਟੇਜ 'ਤੇ ਚੜ੍ਹਨ ਤੋਂ ਪਹਿਲਾਂ ਪੈਸੇ ਦਿਓ ਤੇ ਇਹ ਕਹਿੰਦੇ ਹਨ, ਕੋਈ ਨਹੀਂ ਤੂੰ ਇਹ ਸ਼ੋਅ ਕਰ ਤੈਨੂੰ ਅਗਲੇ ਸ਼ੋਅ ਤੋਂ ਪਹਿਲਾਂ ਪੈਸੇ ਦੇਵਾਂਗੇ। ਅਗਲੇ ਸ਼ੋਅ 'ਤੇ ਫਿਰ ਬਹਾਨਾ ਬਣਾ ਦਿੰਦੇ ਹਨ, ਸ਼ੋਅ ਭਰਿਆ ਨਹੀਂ ਇਸ ਕਰਕੇ ਪੈਸੇ ਅਗਲੇ ਸ਼ੋਅ 'ਤੇ ਮਿਲਣਗੇ। ਅਖੀਰ ਕੁੱਤੇਖਾਣੀ ਕਰਵਾ ਕੇ ਇਹ "ਇੰਟਰਨੈਸ਼ਨਲ ਪੰਜਾਬੀ ਪ੍ਰਮੋਟਰ" ਅੱਧ ਪਚੱਧੇ ਪੈਸੇ ਦੇ ਦਿੰਦੇ ਹਨ ਇਨ੍ਹਾਂ ਸਭਿਆਚਾਰ ਦੇ ਰਖਵਾਲਿਆਂ ਨੂੰ।

ਇਹ ਇੰਟਰਨੈਸ਼ਨਲ ਪ੍ਰਮੋਟਰ ਪੰਜਾਬ ਤੋਂ ਗਾਇਕਾਂ ਦਾ ਗਰੁੱਪ ਲਿਆ ਕੇ ਅੱਗੇ ਵੱਖ-ਵੱਖ ਸ਼ਹਿਰਾਂ ਵਿਚ ਸਥਾਨਕ ਪੱਧਰ ਦੇ ਪ੍ਰਮੋਟਰਾਂ ਨੂੰ ਵੇਚਦੇ ਹਨ ਜਿਸ ਕਾਰਨ ਇਨ੍ਹਾਂ ਦਾ ਇਨ੍ਹਾਂ ਸਥਾਨਕ ਪ੍ਰਮੋਟਰ ਨਾਲ ਵੀ ਪੰਗਾ ਪਿਆ ਹੀ ਰਹਿੰਦਾ ਹੈ। ਬਹੁਤੇ ਇੰਟਰਨੈਸ਼ਨਲ ਪ੍ਰਮੋਟਰ ਤਾਂ ਹੁੰਦੇ ਹੀ ਸ਼ਰਾਬ ਤੇ ਸ਼ਬਾਬ ਦੇ ਸ਼ੌਕੀਨ ਨੇ, ਜਿਨ੍ਹਾਂ ਦੀ ਅੱਖ ਹਰ ਵੇਲੇ ਪੰਜਾਬ ਤੋਂ ਆਈ ਗਾਉਣ ਵਾਲੀ ਉਪਰ ਹੀ ਰਹਿੰਦੀ ਹੈ।

ਇਕ ਪੰਜਾਬੀ ਗਾਇਕਾ ਦੇ ਅਮਰੀਕਾ ਵਿਚ ਹੁੰਦੇ ਸੈਂਕੜੇ ਫੇਲ੍ਹ ਸ਼ੋਆਂ ਦਾ ਕਾਰਨ ਇਹ ਅਣਜਾਣ ਇੰਟਰਨੈਸ਼ਨਲ ਪੰਜਾਬੀ ਪ੍ਰਮੋਟਰ ਹੁੰਦੇ ਹਨ, ਜਿਨ੍ਹਾਂ ਦਾ ਸਾਥ ਕੁਝ ਬੇਸੁਰੇ ਗਾਇਕ ਵੀ ਦਿੰਦੇ ਹਨ। ਪਰ ਕੁਝ ਕਾਰੋਬਾਰੀ ਪ੍ਰਮੋਟਰ ਹੁਣ "ਸੰਤਾਂ-ਮਹਾਂਪੁਰਸ਼ਾਂ" ਦੇ ਦੀਵਾਨਾਂ ਨੂੰ ਬੁੱਕ ਕਰਨ ਲੱਗ ਪਏ ਹਨ ਜਿਸ ਨੂੰ ਇਹ ਸ਼ੋਅ ਦਾ ਨਾਂ ਹੀ ਦਿੰਦੇ ਹਨ ਅਤੇ ਸੰਗਤਾਂ ਵਿਚ ਸ਼ਰਧਾ ਹੋਣ ਕਾਰਨ ਇਨ੍ਹਾਂ ਨੂੰ ਮੋਟਾ ਚੜ੍ਹਾਵਾ ਚੜ੍ਹਦਾ ਹੈ ਜਿਸਨੂੰ ਇਹ ਇੰਟਰਨੈਸ਼ਨਲ ਪੰਜਾਬੀ ਪ੍ਰਮੋਟਰ ਅਤੇ 'ਸੰਤ' ਰਲ ਕੇ ਵੰਡ ਲੈਂਦੇ ਹਨ। ਇਨ੍ਹਾਂ ਸੰਤਾਂ-ਮਹਾਂਪੁਰਸ਼ਾਂ ਉਪਰ ਪ੍ਰਮੋਟਰਾਂ ਨੂੰ ਜ਼ਿਆਦਾ ਖਰਚ ਨਹੀਂ ਕਰਨਾ ਪੈਂਦਾ ਕਿਉਂਕਿ ਇਹ ਸਥਾਨਕ ਸ਼ਰਧਾਲੂਆਂ ਦੇ ਘਰਾਂ ਵਿਚ ਹੀ ਠਹਿਰਦੇ ਹਨ। ਇਹ ਗੱਲ ਸਾਰੇ ਸੰਤਾਂ-ਮਹਾਤਮਾਵਾਂ ਉਪਰ ਲਾਗੂ ਨਹੀਂ ਹੁੰਦੀ ਕਿਉਂਕਿ ਕੁਝ ਅਜੇ ਵੀ ਇਮਾਨਦਾਰੀ ਨਾਲ ਸਿੱਖ ਧਰਮ ਦਾ ਪ੍ਰਚਾਰ ਕਰਦੇ ਹਨ।

ਅਖੀਰ ਦੋ-ਚਾਰ ਲੱਖ ਨੂੰ ਥੁੱਕ ਲਵਾਉਣ ਤੋਂ ਬਾਅਦ ਇਹ ਇੰਟਰਨੈਸ਼ਨਲ ਪ੍ਰਮੋਟਰ ਕਿਸੇ ਹਨ੍ਹੇਰੇ ਵਿਚ ਅਲੋਪ ਹੋ ਜਾਂਦੇ ਹਨ ਤੇ ਨਵਾਂ ਪੰਜਾਬੀ ਇੰਟਰਨੈਸ਼ਨਲ ਪ੍ਰਮੋਟਰ 'ਸਭਿਆਚਾਰ' ਦੀ ਸੇਵਾ ਲਈ ਪਰ ਤੋਲਦੇ ਹਨ। ਦੇਖਦੇ ਹਾਂ ਕਿ ਇਹ ਸਿਲਸਿਲਾ ਕਦ ਤੱਕ ਚਲੇਗਾ। ਕੁੱਲ ਮਿਲਾ ਕੇ ਬਹੁਤੇ 'ਇੰਟਰਨੈਸ਼ਨਲ' ਪੰਜਾਬੀ ਪ੍ਰਮੋਟਰ ਸਭਿਆਚਾਰ ਦਾ ਬੇੜਾ ਗਰਕ ਕਰਨ ਵਲ ਤੁਰੇ ਹੋਏ ਹਨ।

# ਮਾਵਾਂ ਦੀ ਸਿਹਤ ਦੇ ਮਾਮਲੇ ਵਿਚ ਭਾਰਤ ਫਾਡੀਆਂ 'ਚ

**ਨਵੀਂ ਦਿੱਲੀ:** ਭਾਰਤ ਦਰਮਿਆਨੀ ਆਮਦਨ ਵਾਲੇ ਉਨ੍ਹਾਂ ਦੇਸ਼ਾਂ ਵਿਚ ਸ਼ਾਮਲ ਹੈ, ਜਿੱਥੇ ਮਾਵਾਂ ਦੀ ਸਿਹਤ ਸਬੰਧੀ ਦੇਖ-ਭਾਲ ਅਤੇ ਬਿਹਤਰੀ ਵਲ ਸਮੁੱਚਾ ਧਿਆਨ ਨਹੀਂ ਦਿੱਤਾ ਜਾਂਦਾ। ਬਾਲ ਅਧਿਕਾਰ ਸੰਗਠਨ ਸੇਵ ਦਾ ਚਿਲਡਰਨ ਦੀ ਇੱਕ ਰਿਪੋਰਟ ਅਨੁਸਾਰ ਮਾਂ ਬਣਨ ਲਈ ਸਰਵੋਤਮ ਸਥਾਨਾਂ ਦੀ ਸੂਚੀ ਵਿਚ ਸ਼ਾਮਲ 77 ਦੇਸ਼ਾਂ ਵਿਚ ਭਾਰਤ ਦਾ ਸਥਾਨ 73ਵਾਂ ਹੈ। ਸਟੇਟ ਆਫ਼ ਦਾ ਵਰਲਡਜ਼ ਮਦਰਜ਼ 2010 ਦੀ ਰਿਪੋਰਟ ਵਿਚ ਸਭ ਤੋਂ ਹੈਰਾਨੀਜਨਕ ਗੱਲ ਇਹ ਹੈ ਕਿ ਭਾਰਤ ਦਾ ਸਥਾਨ ਹਿੰਸਾਗ੍ਰਸਤ ਅਫ਼ਰੀਕੀ ਦੇਸ਼ਾਂ-ਕੀਨੀਆ ਅਤੇ ਕਾਂਗੋ ਤੋਂ ਵੀ ਹੇਠਾਂ ਹੈ।

ਮਦਰਜ਼ ਇੰਡੈਕਸ ਦੇ ਮਾਮਲੇ ਵਿਚ ਕਿਊਬਾ ਸਭ ਤੋਂ ਉਪਰ ਹੈ। ਇਸ ਤੋਂ ਬਾਅਦ ਇਜ਼ਰਾਈਲ, ਅਰਜਨਟੀਨਾ, ਬਾਰਬਾਡੋਸ, ਦੱਖਣੀ ਕੋਰੀਆ, ਸਾਇਪਰਸ, ਉਰੂਗਵੇ, ਕਜ਼ਾਕਿਸਤਾਨ, ਬਾਹਾਮਾਸ ਅਤੇ ਮੰਗੋਲੀਆ ਹਨ। ਰਿਪੋਰਟ ਵਿਚ ਭਾਰਤ ਦੇ ਗੁਆਂਢੀ ਦੇਸ਼ਾਂ ਵਿਚ ਚੀਨ 18ਵੇਂ ਸਥਾਨ 'ਤੇ, ਜਦਕਿ ਸ੍ਰੀਲੰਕਾ 40ਵੇਂ ਸਥਾਨ 'ਤੇ ਹੈ। ਪਾਕਿਸਤਾਨ, ਭਾਰਤ ਤੋਂ ਬਾਅਦ 75ਵੇਂ ਸਥਾਨ 'ਤੇ ਹੈ। ਘੱਟ ਵਿਕਸਤ ਦੇਸ਼ਾਂ ਦੀ ਸੂਚੀ ਵਿਚ 40ਵਾਂ ਸਥਾਨ ਪਾਉਣ ਵਾਲਾ ਬੰਗਲਾਦੇਸ਼ ਇਸ ਸੂਚੀ ਵਿਚ 14ਵੇਂ ਸਥਾਨ 'ਤੇ ਹੈ।

ਰਿਪੋਰਟ ਵਿਚ ਕੁੱਲ 166 ਦੇਸ਼ਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸਿਖਿਅਤ ਸਿਹਤ ਕਰਮੀਆਂ ਦੀ ਘਾਟ ਕਾਰਨ ਖਾਸ ਕਰ ਅਰਧ ਸ਼ਹਿਰੀ ਅਤੇ ਪਿੰਡਾਂ ਵਿਚ ਸਿਹਤ ਪ੍ਰਣਾਲੀ ਦੀ ਹਾਲਤ ਕਾਫ਼ੀ ਕਮਜ਼ੋਰ ਹੈ। ਜ਼ਿਕਰਯੋਗ ਹੈ ਕਿ ਭਾਰਤ ਵਿਚ ਅਰਧ ਸ਼ਹਿਰੀ ਅਤੇ ਪਿੰਡਾਂ ਲਈ ਰਿਪੋਰਟ ਮੁਤਾਬਕ ਦੇਸ਼ ਵਿਚ 74 ਹਜ਼ਾਰ ਮਾਨਤਾ ਪ੍ਰਾਪਤ ਸਮਾਜਿਕ ਸਿਹਤ ਕਰਮਚਾਰੀਆਂ ਦੀ ਅਤੇ 21066 ਅਗਜ਼ੈਲਰੀ ਨਰਸ ਮਿਡ ਵਾਇਫਾਂ (ਏ ਐਨ ਐਮ) ਦੀ ਘਾਟ ਹੈ। ਸਰਕਾਰੀ ਮਾਪਦੰਡਾਂ ਅਨੁਸਾਰ ਮੈਦਾਨੀ ਇਲਾਕਿਆਂ ਵਿਚ 1000 ਦੀ ਆਬਾਦੀ 'ਤੇ ਇੱਕ ਸਮਾਜਿਕ ਸਿਹਤ ਕਰਮਚਾਰੀ (ਆਸ਼ਾ ਵਰਕਰਾਂ) ਅਤੇ 5,000 ਦੀ ਆਬਾਦੀ 'ਤੇ ਇੱਕ ਏ ਐਨ ਐਮ ਜ਼ਰੂਰੀ ਹੈ। ਜਦਕਿ ਪੇਂਡੂ ਇਲਾਕਿਆਂ ਵਿਚ 3,000 ਦੀ ਆਬਾਦੀ 'ਤੇ ਇੱਕ ਏ ਐਨ ਐਮ ਹੋਣੀ ਚਾਹੀਦਾ ਹੈ।

ਸੇਵ ਦਾ ਚਿਲਡਰਨ ਦੇ ਡਾਇਰੈਕਟਰ ਆਫ਼ ਐਡਵੋਕੇਸੀ ਸ਼ੀਰੀਨ ਵਕੀਲ ਮਿਲਰ ਅਨੁਸਾਰ ਮਹਿਲਾਵਾਂ ਦੀ ਸਿਹਤ ਦਾ ਸਿੱਧਾ ਸਬੰਧ ਉਨ੍ਹਾਂ ਦੀ ਵਿਦਿਅਕ, ਸਮਾਜਿਕ ਅਤੇ ਆਰਥਿਕ ਸਥਿਤੀ ਨਾ ਹੈ। ਭਾਰਤ ਵਿਚ ਮਾਵਾਂ ਦੀ ਮੌਤ ਦਰ ਘੱਟ ਰਹੀ ਹੈ। ਇਸ ਤੋਂ ਬਾਅਦ ਵੀ ਹਰ ਸਾਲ ਹਜ਼ਾਰਾਂ ਮਹਿਲਾਵਾਂ ਸਿਰਫ਼ ਇਸ ਲਈ ਮੌਤ ਦੇ ਮੂੰਹ ਵਿਚ ਜਾਂਦੀਆਂ ਹਨ ਕਿਉਂਕਿ ਉਨ੍ਹਾਂ ਦੀ ਪਹੁੰਚ ਬੁਨਿਆਦੀ ਸਿਹਤ ਸਹੂਲਤਾਂ ਤੱਕ ਨਹੀਂ ਹੁੰਦੀ ਅਤੇ ਜੇਕਰ ਉਨ੍ਹਾਂ ਦੀ ਪਹੁੰਚ ਹੁੰਦੀ ਵੀ ਹੈ ਤਾਂ ਸਿਹਤ ਸਹੂਲਤਾਂ ਦਾ ਪੱਧਰ ਬੇਹੱਦ ਕਮਜ਼ੋਰ ਹੁੰਦਾ ਹੈ। ਜਿੱਥੋਂ ਤੱਕ ਬੱਚਿਆਂ ਦੀ ਮੌਤ ਦਰ ਦਾ ਸਵਾਲ ਹੈ, ਭਾਰਤ ਵਿਚ ਸਾਲ 2008 ਵਿਚ ਪ੍ਰਤੀ 1000 ਬੱਚਿਆਂ 'ਤੇ 5 ਸਾਲ ਦੀ ਉਮਰ ਦੇ ਬੱਚਿਆਂ ਦੀ ਮੌਤ ਦਰ 68 ਸੀ, ਜਦਕਿ ਮੌਜੂਦਾ ਸਮੇਂ ਵਿਚ ਮਾਵਾਂ ਦੀ ਮੌਤ ਦਰ ਪ੍ਰਤੀ ਇੱਕ ਲੱਖ ਜੀਵਤ ਜਨਮ 'ਤੇ 254 ਹੈ।

ਰਿਪੋਰਟ ਵਿਚ ਉਨ੍ਹਾਂ 12 ਦੇਸ਼ਾਂ ਦੀ ਸੂਚੀ ਵਿਚ ਭਾਰਤ ਦਾ ਸਥਾਨ ਸਿਖਰ 'ਤੇ ਹੈ। ਜਿੱਥੇ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦਰ ਅਤੇ ਮਾਵਾਂ ਦੀ ਮੌਤ ਦਰ 2 ਤਿਹਾਈ ਹੈ। ਯੂਨੀਸੈਫ਼ ਦੀ ਨਵੀਂ ਰਿਪੋਰਟ ਅਨੁਸਾਰ ਦੇਸ਼ ਵਿਚ ਹਰ ਸਾਲ 5 ਸਾਲ ਤੱਕ ਤੋਂ ਘੱਟ ਉਮਰ ਦੇ 19.5 ਕਰੋੜ ਬੱਚੇ ਮੌਤ ਦੇ ਮੂੰਹ ਵਿਚ ਚਲੇ ਜਾਂਦੇ ਹਨ। ਇਸ ਦਾ ਮਤਲਬ ਇਹ ਹੈ ਕਿ ਰੋਜ਼ਾਨਾ 5 ਹਜ਼ਾਰ ਬੱਚਿਆਂ ਜਾਂ ਪ੍ਰਤੀ 20 ਸਕਿੰਟਾਂ ਵਿਚ ਇਕ ਬੱਚੇ ਦੀ ਮੌਤ ਹੁੰਦੀ ਹੈ। ਇਹ ਅੰਕੜਾ ਵਿਸ਼ਵ ਵਿਚ ਸਭ ਤੋਂ ਵਧ ਹੈ।

# ...ਇਹ ਮੁੰਡਾ ਨਿਰਾ ਛਨਿੱਛਰ ਈ!

ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ

ਫੋਨ:510-277-2592

*ਦੁਨੀਆਂ ਅਮਰੀਕਾ ਨੂੰ ਮਹਾਂ ਸ਼ਕਤੀ ਤੇ ਤਾਕਤਵਰ ਦੇਸ਼ ਮੰਨਦੀ ਹੈ ਪਰ ਯਕੀਨ ਕਰੋ ਕਿ ਇਥੇ ਰੱਜੇ ਵੀ ਤੇ ਭੁੱਖੇ ਵੀ ਚੱਤੋ ਪਹਿਰ ਮੱਥੇ 'ਤੇ ਹੱਥ ਮਾਰ ਕੇ ਦੁਹਾਈ ਸਭ ਤੋਂ ਵਧ ਦਿੰਦੇ ਨੇ ਕਿ 'ਹਾਏ' ਤਣਾਓ ਨੇ ਖਾ ਲਿਆ। ਇਸ ਕਰਕੇ ਮਨ ਦੀ ਸ਼ਾਂਤੀ ਲਈ ਪਖੰਡੀ ਸੁੱਖ ਦੇ ਫਰੀਵੇਅ 'ਤੇ ਚੜ੍ਹਾਉਣ ਲਈ ਇਨ੍ਹਾਂ ਦੀਆਂ ਜੇਬਾਂ 'ਚੋਂ ਡਾਲਰ ਮੁੱਠਾਂ ਭਰ ਭਰ ਕੱਢੀ ਜਾਂਦੇ ਨੇ। ਕੁਝ ਸਤਰਾਂ ਨੇ :*

*ਚਿਹਰੇ ਉਤੇ ਡਾਲਰਾਂ ਦੀ ਬੜੀ ਗੂੜ੍ਹੀ ਲਾਲੀ ਐ, ਭਰੀਆਂ ਨੇ ਜੇਬਾਂ ਪਰ ਦਿਲ ਸਾਡੇ ਖਾਲੀ ਐ।*<br>
*ਹਾਸੇ ਨੇ ਬਨਾਉਟੀ ਅਤੇ ਹੰਝੂ ਸਾਡੇ ਜਾਅਲੀ ਐ, ਕੰਮਾਂ ਉਤੇ ਜਾਵਣੇ ਦੀ ਦੇਖੋ ਕਿੱਡੀ ਕਾਹਲੀ ਐ।*<br>
*ਜ਼ਿੰਦਗੀ ਦਾ ਰਿਹਾ ਨੀ ਸੁਆਦ ਪਿੰਡ ਮੇਰਿਆ? ਭੁੱਲਦੀ ਨ੍ਹੀਂ ਸਾਨੂੰ ਤੇਰੀ ਯਾਦ ਪਿੰਡ ਮੇਰਿਆ...।*

*ਜੇ ਕੰਪਿਊਟਰ ਤੁਹਾਡੇ ਮੱਥੇ ਦੀਆਂ ਰੇਖਾਵਾਂ ਤੇ ਹੱਥ ਦੀਆਂ ਲਕੀਰਾਂ ਦੇ ਭੇਦ ਵਾਲੀ ਕੁੰਡਲੀ ਤਿਆਰ ਕਰਕੇ ਦੇਣ ਲੱਗ ਪਿਆ ਹੈ ਤਾਂ ਸ਼ੱਕ ਕਿੱਥੇ ਰਹਿ ਜਾਂਦਾ ਹੈ, ਗਿਆਨ ਵਿਗਿਆਨ ਦੇ ਜਬਾੜੇ ਹੇਠ ਨਹੀਂ ਹੈ? ਹੁਣ ਸਾਰੇ ਜੋਤਿਸ਼ੀ ਇਸੇ ਵਿਧੀ ਨਾਲ ਟੇਵੇ ਤਿਆਰ ਕਰ ਰਹੇ ਹਨ। ਕਦੇ ਲੱਗਦਾ ਸੀ ਕਿ ਮੰਗਲ, ਬੁੱਧ, ਸ਼ੁੱਕਰ ਤੇ ਸ਼ਨੀ ਖੌਰੇ ਅੰਬਰਾਂ 'ਚ ਰਹਿਣ ਵਾਲੇ ਦੇਵਤੇ ਹਨ ਪਰ ਵਿਗਿਆਨ ਨੇ ਭਾਂਡਾ ਭੰਨ ਦਿੱਤਾ ਹੈ ਕਿ ਇਹ ਗ੍ਰਹਿ ਹੀ ਹਨ। ਵੱਖਰੀ ਗੱਲ ਹੈ ਕਿ ਰਾਮਦੇਵ ਦੇ ਕਹਿਣ ਵਾਂਗ ਸ਼ਨੀ ਦੇਵਤੇ ਨੂੰ ਖੁਸ਼ ਕਰਨ ਲਈ ਆਪਣੇ ਮੁਲਕ 'ਚ ਹਾਲੇ ਵੀ ਸਨਿਚਰਵਾਰ ਨੂੰ ਲੱਖਾਂ ਟਨ ਦੇਸੀ ਤੇਲ ਇਨ੍ਹਾਂ ਦੀਆਂ ਮੂਰਤੀਆਂ ਮੂਹਰੇ ਢੇਰ ਹੋਈ ਜਾਂਦਾ ਹੈ। ਧਰਤੀ ਗੈਸਾਂ ਨਾਲ ਭਰੀ ਪਈ ਹੈ, ਜਿੱਥੇ ਬਲਣ ਵਾਲੀ ਗੈਸ ਨਿਕਲਦੀ ਹੋਊ ਉਥੇ ਜੋਤ ਵੀ ਜਗ ਸਕਦੀ ਹੈ। ਪਰ ਪ੍ਰੇਸ਼ਾਨੀ ਵਾਲੀ ਗੱਲ ਤੇ ਦੁੱਖ ਦਾ ਝਟਕਾ ਦਿੱਤਾ ਹੈ ਕਿ ਇਥੇ ਵਿਗਿਆਨੀ ਵੀ ਗੋਡਿਆਂ ਭਾਰ ਹੋ ਕੇ ਮੱਥਾ ਥੱਲੇ ਲਾਈ ਜਾਂਦੇ ਨੇ। ਆਮ ਭਾਸ਼ਾ 'ਚ ਕਹਿੰਦੇ ਨੇ ਦਿਮਾਗ ਟਿਕਾਣੇ ਰੱਖ ਕੇ ਧਰਮੀ ਬੰਦੇ ਨੇ ਗਿਆਨ ਇੰਦਰੀਆਂ 'ਤੇ ਕਾਬੂ ਕਰਕੇ ਧਿਆਨ ਮੱਥੇ ਹੇਠ ਲਿਆ। ਇਹਦੇ ਪਿੱਛੇ ਹੀ ਬਿੰਦੀ ਤੇ ਟਿੱਕਾ ਲਾਉਣ ਦਾ ਭੇਦ ਕੀਹਨੂੰ ਕੀਹਨੂੰ ਸਮਝਾਈਏ? ਦਿਮਾਗ ਆਪਣਾ ਟਿਕਾਣੇ ਨਹੀਂ ਤੇ ਔਲਾਦ ਬਾਰੇ ਪਾਖੰਡੀਆਂ ਨੂੰ ਪੁੱਛਦੇ ਹੋ, ...ਕੀ ਏ ਲਾਲ ਮੇਰਾ? ਤੇ ਉਹ ਤੁਹਾਡੀ ਬੁੱਧੀ 'ਤੇ ਅੰਗੂਠਾ ਧਰ ਕੇ ਕਹਿੰਦੇ ਨੇ...*

ਕਥਨ ਹੈ ਕਿ ਸੋਹਣੀ ਔਰਤ ਜਦੋਂ ਮੁਸਕਰਾਉਂਦੀ ਹੈ ਤਾਂ ਆਪਣੇ ਨੈਣ-ਨਕਸ਼ਾਂ ਨੂੰ ਹੋਰ ਸੁਨੱਖੇ ਬਣਾ ਲੈਂਦੀ ਹੈ ਤੇ ਇਹੀ ਕੰਮ ਜਦੋਂ ਕਈ ਵਾਰੀ ਮਰਦ ਕਰਦਾ ਹੈ ਤਾਂ ਉਹ ਆਪਣੀ ਅਕਲ ਦੀਆਂ ਸਾਰੀਆਂ ਚੂਲਾਂ ਢਿੱਲੀਆਂ ਕਰ ਲੈਂਦਾ ਹੈ। ਜੇ ਕਦੇ ਪਰੀਆਂ ਦੇ ਮਾਵਾਂ ਬਣਨ ਦੀਆਂ ਖਬਰਾਂ ਆਉਂਦੀਆਂ ਹੁੰਦੀਆਂ ਤਾਂ ਸਮਝੋ 'ਮੇਕਅੱਪ' ਜਾਂ ਫਿਰ ਕਾਸਮੈਟਿਕ ਦਾ ਸਾਮਾਨ ਵਪਾਰ ਨਹੀਂ ਬਣਨਾ ਸੀ ਤੇ ਸੱਚ ਮੰਨੋਂ ਜੇ ਧਰਮ 'ਚ ਸ਼ੈਤਾਨ ਲੋਕਾਂ ਨੇ ਪਾਖੰਡ ਦੀ ਘੁਸਪੈਠ ਨਾ ਕੀਤੀ ਹੁੰਦੀ ਤਾਂ ਸ਼ਰੀਫਾਂ ਦੀਆਂ ਜੇਬਾਂ ਅਖੌਤੀ ਸ਼ਰੀਫ ਲੋਕਾਂ ਨੇ ਜੇਬ ਕਤਰਿਆਂ ਨਾਲੋਂ ਵੀ ਵੱਧ ਸ਼ਰਾਫਤ ਨਾਲ ਕਤਰ ਕਰਨ ਦਾ ਹੁਨਰ ਨਹੀਂ ਸੀ ਪ੍ਰਾਪਤ ਕਰਨਾ। ਗੁੱਸੇ ਹੋਵੋ ਜਾਂ ਰਾਜ਼ੀ ਹੋਵੋ ਪਰ ਮੰਨ ਇਹ ਵੀ ਲਵੋਂ ਕਿ ਜੇ ਪਖੰਡੀ ਲੋਕ ਨਾ ਹੁੰਦੇ ਤਾਂ ਕਿਸੇ ਵੀ ਧਰਮ ਵਿਚ ਇਕ ਨੇ ਦੂਜੇ ਵਿਰੁਧ ਡਾਂਗ ਸੋਟਾ ਨਹੀਂ ਕੱਢਣਾ ਸੀ ਤੇ ਨਾ ਹੀ ਕਿਸੇ ਨੇ ਸਿਰਸੇ, ਭਨਿਆਰੇ ਵਿਰੁਧ ਤੱਤੇ-ਠੰਢੇ ਹੋਣਾ ਸੀ ਤੇ ਨਾ ਹੀ ਲਾਈਟਾਂ ਬੁਝਾਉਣ ਲਈ ਲੁਧਿਆਣੇ ਵਰਗੇ ਗੋਲੀ ਕਾਂਡ ਵਾਪਰਨੇ ਸਨ। ਸੱਚ ਮੰਨੋ ਕਿ ਢਿੱਡ ਹਾਲੇ ਵੀ ਇਸ ਕਰਕੇ ਦੁਖੀ ਜਾ ਰਿਹਾ ਹੈ, ਕਿਉਂਕਿ ਪਖੰਡ ਦੋਵੇਂ ਬਾਹਾਂ ਉਪਰ ਨੂੰ ਚੁੱਕ ਕੇ ਸੁਰ 'ਚ ਤਾੜੀ ਵਜਾ ਰਿਹਾ ਹੈ।

ਪਖੰਡੀ ਲੋਕਾਂ ਦੀ 'ਜੈ ਜੈ ਕਾਰ' ਕਿਵੇਂ ਹੁੰਦੀ ਹੈ? ਤੇ ਫਿਰ ਭੇਦ ਖੁੱਲ੍ਹਣ 'ਤੇ ਇਨ੍ਹਾਂ ਦੇ ਹੁੱਝਾਂ ਕਿਵੇਂ ਪੈਂਦੀਆਂ ਹਨ? ਇਸੇ ਗੱਲ ਦਾ ਖੁਲਾਸਾ ਤੁਹਾਡੇ ਨਾਲ ਸਾਂਝਾ ਕਰਨ ਲੱਗਾ ਹਾਂ। ਕਿਉਂਕਿ ਪਖੰਡ 'ਚ ਕ੍ਰਿਸ਼ਮਿਆਂ ਦੀ ਬੜੀ ਅਹਿਮ ਭੂਮਿਕਾ ਹੁੰਦੀ ਹੈ। ਹੋਇਆ ਇਹ ਕਿ ਦੁਆਬੇ ਦੇ ਇਕ ਪਿੰਡ ਦਾ ਇਕ ਪੜ੍ਹੇ-ਲਿਖੇ ਸਿੱਖ ਪਰਿਵਾਰ ਦਾ ਮੁੰਡਾ ਨਕੋਦਰ ਲਾਗਲੇ ਇਕ ਬਾਬੇ ਦਾ ਚੇਲਾ ਬਣ ਗਿਆ। ਘਰ 'ਚ ਇਸ ਗੱਲ ਦਾ ਵਿਰੋਧ ਵੀ ਰੱਜ ਕੇ ਹੁੰਦਾ ਰਿਹਾ ਪਰ ਉਸ ਦਾ ਬ੍ਰੇਨ ਬਾਸ਼ ਏਨਾ ਹੋਇਆ ਕਿ ਉਸ 'ਤੇ ਪੱਥਰ ਉਤੇ ਪਾਣੀ ਪੈਣ ਵਾਂਗ ਅਸਰ ਕੋਈ ਨਾ ਹੋਇਆ। ਉਤਮ ਹਿੰਦੂ ਦੇ ਇਕ ਪੁੱਤਰ 'ਚੋਂ ਵਿਚਕਾਰਲਾ ਅਰਜੁਨ ਸਿੰਘ ਇਸ ਪਖੰਡੀ ਸਾਧ ਦੇ ਗੋਡਿਆਂ ਨਾਲ ਲਗਦਾ ਲਗਦਾ ਚਰਨਾਂ 'ਚ ਢੇਰੀ ਹੋ ਗਿਆ। ਉਹ ਸਾਰੇ ਟੱਬਰ ਨੂੰ ਇਹ ਕਹਿਣ ਲੱਗ ਪਿਆ ਕਿ ਤੁਸੀਂ ਕੁਰਾਹੇ ਪੈ ਗਏ ਹੋ। ਅਰਜੁਨ ਸਿੰਘ ਅੰਦਰ ਪਖੰਡਾਂ ਪ੍ਰਤੀ ਏਨੀ ਕੱਟੜਤਾ ਪੈਦਾ ਹੋ ਗਈ ਕਿ ਪੂਰੇ ਟੱਬਰ ਦੀ ਵਾਹ-ਪੇਸ਼ ਇਕ ਨਾ ਚੱਲੀ। ਖੇਤੀਬਾੜੀ ਦੇ ਧੰਦੇ 'ਚੋਂ ਵਿਚਾਰੇ ਦੀ ਦੋ ਡੰਗ ਦੀ ਰੋਟੀ ਹੀ ਮਸਾਂ ਚੱਲਦੀ ਸੀ ਪਰ ਉਹ ਆਏ ਐਤਵਾਰ ਨੂੰ ਨਿਆਣੇ-ਨਿੱਕੇ ਲੈ ਕੇ ਸਾਧ ਦੇ ਪਾਖੰਡ 'ਚ ਗਿੱਧਾ ਪਾਉਣ ਲਈ ਹਰਗਿਜ ਪੁੱਜਦਾ।

ਅਚਨਚੇਤ ਇਹ ਹੋਇਆ ਕਿ ਅਰਜੁਨ ਦੀ ਵਹੁਟੀ ਸਵਿੱਤਰੀ ਬਿਮਾਰ ਹੋ ਗਈ। ਬੜੇ ਡਾਕਟਰਾਂ ਕੋਲ ਉਸ ਨੂੰ ਲਿਜਾਇਆ ਗਿਆ ਪਰ ਉਹ ਠੀਕ ਨਾ ਹੋਈ। ਇਕ ਕਸਾਈਆਂ ਵਰਗੇ ਡਾਕਟਰ ਦੇ ਕਲੀਨਿਕ ਵਿਚ ਸਮੁੱਚੀ ਜਾਂਚ ਕਰਵਾਈ ਤਾਂ ਉਸ ਡਾਕਟਰ ਨੇ ਸਾਰਾ ਟੱਬਰ ਫਿਕਰਾਂ 'ਚ ਡੋਬ ਦਿੱਤਾ ਜਦੋਂ ਰਿਪੋਰਟ ਵਿਚ ਉਸ ਨੇ ਕਿਹਾ ਕਿ ਸਵਿੱਤਰੀ ਦੀ ਇਕ ਕਿਡਨੀ ਖਰਾਬ ਹੋ ਚੁੱਕੀ ਹੈ ਤੇ ਦੂਜੀ ਅੱਧੀ ਕੁ ਕੰਮ ਕਰਦੀ ਹੈ। ਸੋ ਸਵਿੱਤਰੀ ਦੀ ਦੂਜੀ ਕਿਡਨੀ ਪਵਾ ਕੇ ਜਾਨ ਬਚਾਉਣੀ ਹੈ ਤਾਂ ਅਪ੍ਰੇਸ਼ਨ ਨਾਲ ਇਕ ਕਿਡਨੀ ਬਾਹਰ ਕੱਢਣੀ ਪਵੇਗੀ। ਤੇ ਉਸ ਨੇ ਲੁਧਿਆਣੇ ਦੇ ਇਕ ਸਰਜਰੀ ਹਸਪਤਾਲ ਵਲ ਕੇਸ ਰੈਫਰ ਕਰਦਿਆਂ ਕਿਹਾ ਕਿ ਇਹ ਕੰਮ ਉਥੇ ਹੀ ਹੋ ਸਕਦਾ ਹੈ ਤੇ ਜੇ ਖਰਚ ਦੀ ਕੁਝ ਬੱਚਤ ਕਰਨੀ ਹੈ ਤਾਂ ਮੇਰੇ ਇਕ ਮਿੱਤਰ ਡਾਕਟਰ ਨੂੰ ਨਿੱਜੀ ਤੌਰ 'ਤੇ ਮਿਲ ਲਵੋ। ਬੇਚੈਨ ਹੋਏ ਪਰਿਵਾਰ ਨੂੰ ਸੁੱਝੇ ਕੁਝ ਨਾ ਕਿ ਕੀ ਕੀਤਾ ਜਾਵੇ। 'ਮਰਦੀ ਕੀ ਨਾ ਕਰਦੀ' ਵਾਂਗ ਸਵਿੱਤਰੀ ਨੂੰ ਲੁਧਿਆਣੇ ਉਸ ਡਾਕਟਰ ਦੀ ਰਿਹਾਇਸ਼ 'ਤੇ ਲਿਜਾਇਆ ਗਿਆ ਤਾਂ ਉਸ ਨੇ ਬਲੱਡ ਸੈਂਪਲ ਲੈ ਕੇ ਅਗਲੇ ਦਿਨ ਤਕ ਫੇਰ ਰਿਪੋਰਟ ਦੀ ਉਡੀਕ ਕਰਨ ਲਈ ਕਿਹਾ। ਪੂਰੇ ਪਰਿਵਾਰ ਦੀ ਚਿੰਤਾ ਸਵਿੱਤਰੀ ਦੀ ਜਾਨ ਬਚਾਉਣ ਵਿਚ ਲੱਗੀ ਹੋਈ ਸੀ ਤੇ ਕਿਸੇ ਨੂੰ ਵੀ ਇਸ ਗੱਲ ਦਾ ਗਿਆਨ ਨਹੀਂ ਸੀ ਚੋਰਾਂ ਨਾਲ ਕੁੱਤੀ ਰਲ ਗਈ ਹੈ ਜਾਂ ਚੋਰ ਕੁੱਤੀ ਨਾਲ 'ਕੱਠੇ 'ਸੈਰ' 'ਤੇ ਨਿਕਲੇ ਹੋਏ ਹਨ। ਪਰ ਰੱਬ ਦਾ ਰੂਪ ਸਮਝੇ ਜਾਣ ਵਾਲੇ ਡਾਕਟਰ ਫਿਕਰਾਂ ਦੇ ਚੱਕਰ ਵਾਲੇ ਚੌਰਾਹੇ 'ਚ ਖੜੇ ਮਨੁੱਖ ਨੂੰ ਘੁੰਮਣਘੇਰੀਆਂ 'ਚ ਕਿਵੇਂ ਫਸਾਉਂਦੇ ਨੇ ਸਾਰਾ ਟੱਬਰ ਪਖੰਡ ਦੀ ਇਸ ਘਟੀਆ ਤੇ ਚਾਲਬਾਜ਼ੀ




ਵਾਲੀ ਸ਼ੈਤਾਨੀ ਤੋਂ ਕੋਰਾ ਸੀ। ਅਗਲੇ ਦਿਨ ਜਦੋਂ ਲੁਧਿਆਣੇ ਵਾਲੇ ਡਾਕਟਰ ਨੇ ਸਵਿੱਤਰੀ ਦੀ ਰਿਪੋਰਟ ਪੜ੍ਹ ਕੇ ਸੁਣਾਈ ਤਾਂ ਘਰ 'ਚ ਭੁਚਾਲ ਜਿਹਾ ਇਸ ਕਰਕੇ ਆ ਗਿਆ ਕਿਉਂਕਿ ਸਾਰਾ ਟੱਬਰ ਗਮ ਦੇ ਸਮੁੰਦਰ ਵਿਚ ਡੁੱਬ ਗਿਆ ਸੀ। ਰਿਪੋਰਟ ਉਹੀ ਸੀ ਕਿ ਸਮਿੱਤਰੀ ਦੀ ਇਕ ਕਿਡਨੀ ਖਰਾਬ ਹੋ ਚੁੱਕੀ ਹੈ। ਬਚਾਉਣ ਦਾ ਇਕੋ ਹੱਲ ਸੀ ਅਪ੍ਰੇਸ਼ਨ ਨਾਲ ਇਸ ਨੂੰ ਬਾਹਰ ਕੱਢ ਦੇਣਾ ਖਰਚ ਪੁੱਛਿਆ ਤਾਂ ਪਤਾ ਲੱਗਾ ਕਿ ਕਰੀਬ 2 ਲੱਖ ਰੁਪਏ ਲੱਗ ਜਾਣਗੇ। ਵਿਚਾਰਾ ਅਰਜੁਨ ਤਾਂ ਦੋ ਹਜ਼ਾਰ ਖਰਚ ਕਰਨ ਦੀ ਸਮਰੱਥਾ ਵਿਚ ਨਹੀਂ ਸੀ। ਉਤਮ ਸਿੰਘ ਤੇ ਉਹਦੇ ਪੁੱਤਰਾਂ ਨੇ ਸੋਚਿਆ ਚਲੋ ਨਿਆਈ ਵਾਲੀ 4 ਕਨਾਲਾਂ ਜ਼ਮੀਨ ਵੇਚ ਕੇ ਅੱਕ ਚੱਬ ਹੀ ਲੈਂਦੇ ਹਾਂ। ਹਾਲੇ ਜ਼ਮੀਨ ਵੇਚਣ ਦੀ ਵਿਉਂਤਬੰਦੀ ਹੋ ਹੀ ਰਹੀ ਸੀ ਕਿ ਅਰਜੁਨ ਆਪਣੀ ਪਤਨੀ ਨੂੰ ਲੈ ਕੇ ਸਾਧ ਦੇ ਚਰਨਾਂ ਜਾ ਕੇ ਲੰਬਾ ਪੈ ਗਿਆ। ਕਿ ਮਾਲਕਾ ਰਹਿਮ ਕਰ ਦੇ, ਦੇ ਗਰੀਬ ਦਾ ਸਾਥ। ਤੇ ਅਗਲੇ ਦੋ ਦਿਨ ਅਰਜੁਨ ਉਸ ਡੇਰੇ 'ਤੇ ਹੀ ਰਿਹਾ ਤੇ ਸਾਧ ਸਵਿੱਤਰੀ ਦਾ ਮੋਰ ਦੇ ਖੰਭਾਂ ਨਾਲ ਝਾੜਾ ਕਰਦਿਆਂ ਤੀਜੇ ਦਿਨ ਕਹਿਣ ਲੱਗਾ। "ਜਾਓ ਜਿੱਥੋਂ ਮਰਜ਼ੀ ਚੈਕ ਕਰਵਾ ਲਵੋ। ਸਵਿੱਤਰੀ ਦੀਆਂ ਅਸੀਂ ਇਕ ਨਹੀਂ ਦੋਵੇਂ ਕਿਡਨੀਆਂ ਠੀਕ ਕਰ ਦਿੱਤੀਆਂ ਹਨ। ਅਰਜੁਨ ਸਿੰਘ ਆਪਣੇ ਭਰਾਵਾਂ ਤੇ ਉਤਮ ਸਿੰਘ ਨੂੰ ਲੈ ਕੇ ਜਲੰਧਰ ਦੇ ਇਕ ਨਿਜੀ ਹਸਪਤਾਲ ਵਿਚ ਚਲਾ ਗਿਆ। ਕੀ ਚਲੋ ਜਿਸ ਮੇਰੇ ਗੁਰੂ ਨੂੰ ਤੁਸੀਂ ਬੁਰਾ ਭਲਾ ਆਖਦੇ ਸੀ ਵੇਖੋ ਉਹਦੀ ਰਹਿਮਤ ਤੇ ਕ੍ਰਿਸ਼ਮਾ। ਹੈਰਾਨੀ ਦੀ ਹੱਦ ਉਦੋਂ ਟੱਪ ਗਈ ਜਦੋਂ ਇਸ ਜਾਂਚ ਰਿਪੋਰਟ ਨੇ ਸਾਰੇ ਟੱਬਰ ਨੂੰ ਸ਼ਰਮਿੰਦਗੀ 'ਚ ਡੋਬ ਦਿੱਤਾ। ਤੇ ਸਾਧ ਪ੍ਰਤੀ ਵਿਰੋਧ ਵਿਸ਼ਵਾਸ ਵਿਚ ਬਦਲ ਗਿਆ। ਇਸ ਰਿਪੋਰਟ ਦਾ ਨਤੀਜਾ ਸੋਚ ਤੋਂ ਬਿਲਕੁਲ ਉਲਟ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਪੇਟ ਦੀ ਮਾਮੂਲੀ ਇਨਫੈਕਸ਼ਨ ਕਾਰਨ ਬੁਖਾਰ ਹੈ ਜਦੋਂ ਕਿ ਸਵਿਤਰੀ ਦੀਆਂ ਦੋਵੇਂ ਕਿਡਨੀਆਂ ਠੀਕ ਹਨ। ਮਨ ਦੀ ਤਸੱਲੀ ਲਈ ਸਾਰੇ ਪਰਿਵਾਰ ਨੇ ਇਕ ਹੋਰ ਡਾਕਟਰ ਪਾਸੋਂ ਵੀ ਜਾਂਚ ਕਰਵਾਈ ਤਾਂ ਸਵਿੱਤਰੀ ਦੀਆਂ ਕਿਡਨੀਆਂ ਸਹੀ ਸਲਾਮਤ ਹੋਣ ਦੀ ਪੁਸ਼ਟੀ ਹੋ ਗਈ। ਹੁਣ ਘਰ 'ਚ ਇਹੋ ਲਗਦਾ ਸੀ ਕਿ ਜਿਵੇਂ ਅਰਜੁਨ ਸਿੰਘ ਨੇ ਸਾਡੇ ਟੱਬਰ ਦੀ ਵਿਰੋਧੀ ਸੋਚ ਦੇ ਉਪਰੋਂ ਦੀ ਲੱਤ ਘੁੰਮਾ ਦਿੱਤੀ ਹੋਵੇ। ਬਿਨਾਂ ਦੱਸੇ ਅਰਜੁਨ ਆੜ੍ਹਤੀਏ ਕੋਲ ਗਿਆ ਤੇ 51000 ਰੁਪਏ ਵਿਆਜ 'ਤੇ ਚੁੱਕੇ ਸਾਧ ਦੀ ਪਾਖੰਡੀ ਝੋਲੀ ਇਸ ਕਰਕੇ ਭਰ ਆਇਆ ਕਿ 2 ਲੱਖ ਤੋਂ ਤਾਂ ਛੁਟਕਾਰਾ ਹੋ ਗਿਆ। ਭਾਵੇਂ ਉਤਮ ਸਿੰਘ ਦਾ ਪਰਿਵਾਰ ਤਾਂ ਡੇਰੇ ਨਹੀਂ ਗਿਆ ਪਰ ਅਰਜੁਨ ਸਿੰਘ ਦਾ ਵਿਰੋਧ ਉਥੇ ਜਾਣ 'ਚ ਉਕਾ ਹੀ ਖਤਮ ਹੋ ਗਿਆ ਸੀ। ਤੇ ਅਗਲੇ ਕੁਝ ਦਿਨਾਂ 'ਚ ਸਵਿੱਤਰੀ ਬਿਲਕੁਲ ਤੰਦਰੁਸਤ ਹੋ ਗਈ ਤੇ ਫਿਰ ਜੋ ਅਗਲੀ ਖਬਰ ਆਈ ਉਹ ਵੀ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ ਸੀ। ਜਦੋਂ ਅਰਜੁਨ ਹੀ ਉਸ ਪਾਖੰਡੀ ਸਾਧ ਨੂੰ ਮਣ-ਮਣ ਪੱਕੇ ਦੀਆਂ ਗਾਲਾਂ ਕੱਢਦਿਆਂ ਆਖ ਰਿਹਾ ਸੀ ਸਾਲਿਆਂ ਸਾਧਾ ਜਦ ਤੱਕ ਤੇਰੀਆਂ ਜੇਬਾਂ 'ਚ 51000 ਨਹੀਂ ਕੱਢ ਲੈਂਦਾ ਮੈਂ ਵੀ ਉਤਮ ਸਿੰਘ ਦਾ ਪੁੱਤ ਨਹੀਂ ਹੋਵਾਂਗਾ। ਸ਼ੈਤਾਨ ਦਾ ਭਾਂਡਾ ਡਾਕਟਰ ਦੀ ਸ਼ੈਤਾਨੀ ਨੇ ਭੰਨ ਸੁੱਟਿਆ ਸੀ ਜਦੋਂ ਕਿਡਨੀਆਂ ਖਰਾਬ ਦੱਸਣ ਦੀ ਦੁਹਾਈ ਦੇਣ ਵਾਲੇ ਦੋਵੇਂ ਡਾਕਟਰ ਕਿਡਨੀਆਂ ਵੇਚਣ ਵਾਲੇ ਸਕੈਂਡਲ ਵਿਚ ਫਸ ਗਏ ਸਨ।

ਅਸਲ ਕਹਾਣੀ ਇਹ ਸੀ ਕਿ ਸਵਿੱਤਰੀ ਦਾ ਬਲੱਡ ਗਰੁੱਪ ਓ ਨੈਗੇਟਿਵ ਸੀ ਤੇ ਕਿਡਨੀ ਖਰੀਦਣ ਲਈ ਇਸ ਗਰੁੱਪ ਦਾ ਲੋੜਵੰਦ ਇਕ ਰੋਗੀ ਵੀਹ ਲੱਖ ਨੂੰ ਲੁਧਿਆਣੇ ਵਾਲੇ ਡਾਕਟਰ ਦੀ ਲਿਸਟ ਵਿਚ ਪਹਿਲੇ ਨੰਬਰ 'ਤੇ ਸੀ। ਡਾਕਟਰਾਂ ਦੀ ਬੇਈਮਾਨੀ ਨੇ ਅਰਜੁਨ ਸਿੰਘ ਨੂੰ ਫਿਕਰਾਂ ਦੀ ਦਲਦਲ ਵਿਚ ਫਸਾ ਲਿਆ ਸੀ। ਜਦੋਂਕਿ ਸਵਿੱਤਰੀ ਦੀਆਂ ਕਿਡਨੀਆਂ ਸਾਧ ਨੇ ਨਹੀਂ ਠੀਕ ਕੀਤੀਆਂ ਸਨ ਇਨ੍ਹਾਂ ਵਿਚ ਨੁਕਸ ਡਾਕਟਰਾਂ ਦੇ ਲਾਲਚ ਨੇ ਪਾਇਆ ਹੋਇਆ ਸੀ। ਅਰਜੁਨ ਵਿਚਾਰਾ ਡਾਕਟਰਾਂ ਦੇ ਜ਼ੁਲਮ ਤੋਂ ਤਾਂ ਬਚ ਗਿਆ ਸੀ ਪਰ ਅੰਨ੍ਹੀ ਸ਼ਰਧਾ ਕਰਕੇ ਫਿਰ ਵੀ 51000 ਨੂੰ ਲੁਟਿਆ ਗਿਆ ਸੀ। ਘਰ ਦੇ ਆਂਗਣ ਵਿਚ ਸਾਧ ਦੀਆਂ ਫੋਟੋਆਂ, ਜਿਨ੍ਹਾਂ ਨੂੰ ਉਹ ਸਵੇਰੇ-ਸ਼ਾਮ ਧੂਫ ਬੱਤੀ ਕਰਕੇ ਧਰਮ ਰਾਜ ਵਾਂਗ ਪੂਜਦਾ ਸੀ ਖਿਲਾਰ ਕੇ ਅੱਗ ਲਾ ਕੇ ਇਨ੍ਹਾਂ ਦੀ ਸੁਆਹ ਜੁੱਤੀਆਂ ਨਾਲ ਉਡਾ ਰਿਹਾ ਸੀ। ਅਰਜੁਨ ਦਾ 51000 ਤਾਂ ਭਾਵੇਂ ਖੂਹ 'ਚੋਂ ਸੁੱਕੀ ਇੱਟ ਬਾਹਰ ਨਿਕਲਣ ਵਾਂਗ ਨਾ ਮਿਲਿਆ ਪਰ ਪਾਖੰਡੀ ਦੀ ਚਾਂਦੀ ਵਾਲਾ ਭਾਂਡਾ ਚੋਰ ਨੇ ਭੰਨਿਆ ਸੀ ਕਿ ਉਨ੍ਹਾਂ ਨਾਲ ਰਲੀ ਕੁੱਤੀ ਨੇ, ਇਹ ਫੈਸਲਾ ਤੁਹਾਡੇ 'ਤੇ ਛੱਡਦਾ ਹਾਂ। ਕਿਤੇ ਇਕਾਗਰ ਚਿੱਤ ਹੋ ਕੇ ਰੰਗਾ ਨਾਥ ਮਿਸ਼ਰਾ ਦੀ ਰਿਪੋਰਟ ਵਾਂਗ ਇਹਦੀ ਝੂਠੀ ਸੱਚੀ ਜਾਂਚ ਆਪ ਕਰ ਲਿਓ।

ਤੇ ਨਾਲ ਦੀ ਨਾਲ ਹੀ ਇਕ ਜੇ ਭਾਂਡਾ ਨਹੀਂ ਤਾਂ ਚਲੋ ਕੁੱਜੀ ਹੀ ਭੰਨਣ ਦਾ ਯਤਨ ਕਰਦਾ ਹਾਂ ਕਿ ਜਿਸ ਸੰਧੂਰ ਨੂੰ ਔਰਤਾਂ ਆਪਣੀ ਮਾਂਗ 'ਚ ਸੁਹਾਗ ਦੀ ਨਿਸ਼ਾਨੀ ਸਮਝ ਕੇ ਪਾਉਂਦੀਆਂ ਹਨ ਉਸੇ ਸੰਧੂਰ ਨੂੰ ਗਿੱਲਾ ਕਰਕੇ ਮੱਥੇ 'ਤੇ ਟਿੱਕਾ ਲਾਉਣ ਵਾਲੇ ਚੱਕਵੀਂ ਧੋਤੀ ਲਾ ਕੇ ਕਿਵੇਂ ਸ਼ਰੀਫਾਂ 'ਤੇ ਸਿੱਧੇ ਲੋਕਾਂ ਦੇ ਘਰਾਂ 'ਚ ਸੰਨ੍ਹ ਲਾਉਂਦੇ ਨੇ? ਗੌਰ ਕਰਿਓ!

ਇਕ ਪਰਿਵਾਰ ਨੇ ਸੱਜੇ ਹੱਥ ਦੀਆਂ ਰੇਖਾਵਾਂ, ਇਕ ਇਨ੍ਹਾਂ ਨੂੰ ਪੜ੍ਹਨ ਦਾ ਦਾਅਵਾ ਕਰਨ ਵਾਲੇ ਅਣਜਾਣ ਮੂਹਰੇ ਇਹ ਕਹਿੰਦਿਆਂ ਪੇਸ਼ ਕਰ ਦਿੱਤੀਆਂ ਕਿ ਘਰ 'ਚ ਮਾਇਆ ਤਾਂ ਮਾਇਆਵਤੀ ਵਾਂਗ ਬਹੁਤ ਆਉਂਦੀ ਹੈ ਪਰ ਬਰਕਤ ਦਾ ਖੂਹ ਨਹੀਂ ਭਰਦਾ, ਪਰਿਵਾਰ 'ਚ ਬੇਇਤਫਾਕੀ ਨਹੀਂ ਮੁੱਕਦੀ, ਕਰੋ ਕੋਈ ਹੀਲਾ। ਮਜਬੂਰੀ ਵਾਲੀ ਮੂਰਖਤਾ ਦਾ ਲਾਹਾ ਲੈਂਦਿਆਂ ਪਾਖੰਡੀ ਨੇ ਚਾਰੇ ਖੁਰ ਚੁੱਕ ਲਏ ਤੇ ਦੋਵੇਂ ਕੰਨ੍ਹ ਖੜ੍ਹੇ ਕਰ ਲਏ। ਕਹਿਣ ਲੱਗਾ ਮੇਰੀ ਭੇਟਾ ਤਾਂ ਹਜ਼ਾਰ ਕੁ ਡਾਲਰ ਐ ਪਰ ਜੇ ਕੌਡਾਂ ਸਿੱਧੀਆਂ ਛੇਤੀ ਕਰਨੀਆਂ ਹਨ ਤਾਂ ਮੇਰੇ ਗੁਰੂ ਕਾ ਪੁੱਤਰ ਆਇਆ ਹੋਇਆ ਜੇ ਅਸੀਂ ਦੋਵੇਂ ਪਾਠ ਕਰੀਏ ਤਾਂ ਦਿਨਾਂ 'ਚ ਨਹੀਂ ਘੰਟਿਆਂ 'ਚ ਵਾਰੇ-ਨਿਆਰੇ ਹੋ ਜਾਣਗੇ ਪਰ ਡਾਲਰ ਢਾਈ ਕੁ ਹਜ਼ਾਰ ਲੱਗ ਜੂ।

ਗੱਲ ਈ ਕੋਈ ਨੀ...ਜੀ। ਤੁਸੀਂ ਮਿਹਰ ਕਰੋ ਊਂ ਵੀ ਤਾਂ ਹੜ੍ਹ ਦੇ ਪਾਣੀ ਵਾਂਗ ਮਾਇਆ ਨਿੱਤ ਰੁੜੀ ਹੀ ਜਾਂਦੀ ਐ।"

ਤੇ ਪਖੰਡੀ ਨੇ ਨਕਲੀ ਗੁਰੂ ਦੇ ਨਕਲੀ ਪੁੱਤ ਦੇ ਤੇੜੋਂ ਜੀਨ ਲੁਹਾ ਕੇ ਧੋਤੀ ਲਗਾਈ, ਮੱਥੇ ਟਿੱਕਾ ਲਾਇਆ ਗਲ 'ਚ ਪੀਲਾ ਤੇ ਉਨਾਭੀ ਪੱਟੀ ਵਾਲਾ ਪਰਨਾ ਪਾਇਆ ਤੇ ਫੜ ਲਏ ਦੋਹਾਂ ਦੇ ਚਰਨ ਪਰਿਵਾਰ ਨੇ।

ਚਾਰ ਕੁ ਫੁੱਟ ਦੂਰ ਬੈਠਾ ਗੁਰੂ ਦਾ ਪੁੱਤ ਮੂੰਹ 'ਚ ਗੁਣ ਗੁਣ ਕਰੇ ਤੇ ਪਾਖੰਡੀ ਮਗਰੇ ਪੁੱਠਾ-ਸਿੱਧਾ ਕਰਕੇ ਗਾਉਣ ਵਾਲਿਆਂ ਦੇ ਮਗਰ ਕੋਰਸ ਬੋਲਣ ਵਾਲਿਆਂ ਵਾਂਗ ਗੱਲ ਬਣਾ ਕੇ ਜਾਗਦਾ ਪਰਿਵਾਰ ਪੌਂਦੀਆਂ ਵਲ ਪਾ ਦਿਆ ਕਰੇ। ਵੀਹ ਮਿੰਟ ਪਾਖੰਡ ਦਾ ਭਰਵਾਂ ਮੀਂਹ ਪਿਆ ਤੇ ਫਿਰ ਚਿੱਟੀਆਂ ਚਾਦਰਾਂ 'ਤੇ ਪ੍ਰਸ਼ਾਦਾ ਛੱਕ ਕੇ ਪਾਖੰਡੀ ਨੂੰ ਚਿੱਟੇ ਲਿਫਾਫੇ 'ਚ ਪੰਝੀ ਨੋਟ ਸੌ-ਸੌ ਦੇ ਫੜਾ ਦਿੱਤੇ ਗਏ ਤੇ ਘਰੋਂ ਨਿਕਲਦਿਆਂ ਹੀ ਉਹਨੇ 1500 ਆਪਣੀ ਜੇਬ ਵਿਚ ਪਾਇਆ ਤੇ ਹਜ਼ਾਰ ਨਕਲੀ ਦੀ ਜੇਬ 'ਚ। ਲਿੱਕਰ ਸਟੋਰ ਥਾਈਂ ਹੋ ਕੇ ਫਿਰ ਸ਼ਾਮ ਤੱਕ ਦੋਵਾਂ ਨੇ ਘੜੇ ਦੁਆਲੇ ਬਹਿ ਕੇ ਚਮਕੀਲਾ ਤੇ ਬੱਬੂ ਮਾਨ ਦੇ, ਬਾਹਰ ਮੀਂਹ ਪੈਂਦਾ ਵੇਖ ਕੇ "ਸਾਉਣ ਦੀ ਝੜੀ 'ਚ ਤੇਰੇ ਨਾਲ ਨੱਚਣ ਨੂੰ ਜੀਅ ਕਰਦੈ.." ਜਿਹੇ ਗੀਤਾਂ ਨਾਲ ਸ਼ਾਮ ਵੀ ਗੁਜ਼ਾਰ ਲਈ।

ਇਹ ਭੇਦ ਵੀ ਖੋਲ੍ਹ ਦਿਆਂ ਕਿ ਗੁਰੂ ਦਾ ਨਕਲੀ ਪੁੱਤ ਬਣਨ ਵਾਲਾ ਮੁੰਡਾ ਪੰਜਾਬ ਤੋਂ ਆਇਆ ਇਕ ਨਾਮੀ ਗੀਤਕਾਰ ਸੀ ਤੇ ਫਿਰ ਸਾਰੀ ਵਿਥਿਆ ਉਹ ਸਾਨੂੰ ਸੁਣਾਉਂਦਿਆਂ ਆਖੇ ਕਿ ਮੈਂ ਉਹਨੂੰ ਕਿਹਾ ਪ੍ਰੋਗਰਾਮਾਂ ਨੂੰ ਗੋਲੀ ਮਾਰਦੇ ਆਂ, ਰੱਬ ਦੇ ਵਾਸਤੇ ਏਦਾਂ ਦੇ ਪੰਜ-ਸੱਤ ਪਾਠ ਹੀ ਕਰਵਾ ਦੇ।

ਸਾਡੇ ਪਿੰਡਾਂ ਵਲ ਬੜੀ ਦੇਰ ਪਹਿਲਾਂ ਰਾਤ ਦੇ ਇਕ ਪੇਂਡੂ ਨਾਕੇ 'ਤੇ ਇਕ ਸਾਈਕਲ 'ਤੇ ਜਾਂਦਾ ਬੰਦਾ ਕਾਲੇ ਕੱਛੇ ਵਾਲਿਆਂ ਦੇ ਸ਼ੱਕ 'ਚ ਬੁਰੀ ਤਰ੍ਹਾਂ ਇਸ ਕਰਕੇ ਕੁੱਟਿਆ ਗਿਆ ਕਿ ਉਸ ਨੇ ਉਪਰਲੇ ਕੱਪੜੇ ਹੇਠ ਇਕ ਹੋਰ ਸੂਟ ਪਹਿਨਿਆ ਹੋਇਆ ਸੀ। ਮੁੰਡ੍ਹੀਰ ਕਹੀ ਜਾਵੇ ਕਿ ਪਤੰਦਰ ਦਾ ਭੇਸ ਬਦਲ ਬਦਲ ਕੇ ਘਰਾਂ ਦੇ ਨਕਸ਼ੇ ਬਣਾ ਕੇ ਦਿੰਦਾ ਹੋਣਾ, ਪਾਕਿਸਤਾਨੀ ਤੇ ਭਾਰਤੀ ਜਾਸੂਸਾਂ ਵਾਂਗ ਕਿ ਕਿਹੜਾ ਘਰ ਰੱਜਿਆ-ਪੁੱਜਿਆ ਹੈ ਤੇ ਸੰਨ੍ਹ ਕਿਧਰੋਂ ਦੀ ਲੱਗੂ। ਪਰ ਉਹਨੇ ਵਿਚਾਰੇ ਨੇ ਹੱਡ ਤੁੜਾ ਕੇ ਹੱਥ ਜੋੜ ਕੇ ਪੱਤਰੀ ਮੂਹਰੇ ਕਰਦਿਆਂ ਕਿਹਾ ਕਿ ਪਿੰਡ ਦੇ ਵਸੀਵੇਂ 'ਤੇ ਉਪਰਲੇ ਲੀੜੇ ਲਾਹ ਕੇ ਹੇਠਲੇ ਕੱਪੜਿਆਂ ਨਾਲ ਜੋਤਿਸ਼ ਜੰਤਰੀ ਪੱਤਰੀ ਟੇਵਾ ਲਾ ਕੇ ਢਿੱਡ ਭਰਦਾ ਸੀ।' ਡੇਢ ਦੋ ਮਹੀਨੇ ਹਸਪਤਾਲ ਰਿਹਾ ਤੇ ਅੱਜ ਕੱਲ੍ਹ ਸਾਡੇ ਬੰਗਾ ਸ਼ਹਿਰ 'ਚ ਕਾਰਖਾਨੇ 'ਤੇ ਖਰਾਦ ਦਾ ਕੰਮ ਕਰਦਾ ਹੈ।

ਬਾਂਦਰ ਤੰਗ ਮੂੰਹ ਵਾਲੇ ਗਿਰੀਆਂ ਨਾਲ ਭਰੇ ਭਾਂਡੇ 'ਚ ਬਾਂਹ ਤਾਂ ਫਸਾ ਲੈਂਦਾ ਹੈ ਪਰ ਕੁੱਟ ਖਾ ਕੇ ਭਾਂਡਾ ਛੱਡਦਾ ਨਹੀਂ ਭੰਨ ਜ਼ਰੂਰ ਦਿੰਦਾ ਹੈ। ਵਿਗਿਆਨ ਦਾ ਇਨਕਲਾਬ ਤਾਂ ਆਇਆ ਹੈ ਪਰ ਦੁਨੀਆਂ ਦੇ ਅੱਧੀ ਫੀਸਦੀ ਲੋਕਾਂ ਦੀਆਂ ਆਦਤਾਂ ਬਾਰੇ ਗਿਆਨ ਨਹੀਂ ਹੋ ਰਿਹਾ। ਇਨਕਲਾਬ ਚਿੱਟਾ ਵੀ ਆ ਗਿਆ ਹੈ ਤੇ ਹਰਾ ਵੀ ਪਰ ਪਖੰਡ ਵਿਰੁਧ ਇਨਕਲਾਬ ਆਉਣ ਦੀਆਂ ਸੰਭਾਵਨਾਵਾਂ ਮੱਧਮ ਹੁੰਦੀਆਂ ਜਾ ਰਹੀਆਂ ਹਨ।

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### *ਜੇ ਜੀਅ ਨਹੀਂ ਜਾਣ ਨੂੰ ਕਰਦੈ?*

ਦੁਨੀਆਂ ਤੋਂ ਬੰਦੇ ਬਲਵਾਨ ਤੁਰ ਜਾਂਦੇ ਨੇ, ਛੱਡ ਕੇ ਹਵੇਲੀਆਂ ਮਕਾਨ ਤੁਰ ਜਾਂਦੇ ਨੇ।<br>
ਜਿਨ੍ਹਾਂ ਬਿਨਾਂ ਆਖਦੇ ਸੀ ਕਿਵੇਂ ਸੰਸਾਰ ਚੱਲੂ, ਰੰਗਲਾ ਉਹ ਛੱਡ ਕੇ ਜਹਾਨ ਤੁਰ ਜਾਂਦੇ ਨੇ।<br>
ਹੋਣੀ ਕਦੋਂ ਵੇਖਦੀ ਏ ਵੱਡਿਆਂ ਤੇ ਛੋਟਿਆਂ ਨੂੰ, ਤਾਹੀਓਂ ਹੀ ਸ਼ਰੀਫ ਤੇ ਸ਼ੈਤਾਨ ਤੁਰ ਜਾਂਦੇ ਨੇ।<br>
ਕਿਥੇ ਗਏ ਬੰਸਰੀ ਸੁਰੀਲੀ ਸੀ ਵਜਾਉਣ ਵਾਲੇ, ਸੂਰਦਾਸ ਵੈਜੂ ਅਤੇ ਤਾਨ ਤੁਰ ਜਾਂਦੇ ਨੇ।<br>
ਜਿਨ੍ਹਾਂ ਦੇ ਹੁਕਮ ਬਿਨਾਂ ਪੱਤਾ ਨਹੀਂ ਸੀ ਝੁੱਲਦਾ, ਫਾਂਸੀਆਂ ਦੇ ਫੰਦੇ 'ਚ ਸੁਦਾਮ ਤੁਰ ਜਾਂਦੇ ਨੇ।<br>
ਚੁਟਕੀ 'ਚ ਰੋਗ ਸੀ ਭਜਾਉਣ ਵਾਲੇ ਰੋਗੀਆਂ ਦਾ, ਰੋਗੀ ਹੋ ਕੇ ਆਪ ਲੁਕਮਾਨ ਤੁਰ ਜਾਂਦੇ ਨੇ।<br>
ਤਨੋਂ ਨੰਗੇ ਵੇਖੇ ਕਈ ਭੁੱਖ ਨਾਲ ਵਿਲਕਦੇ ਸੀ, ਦੂਜਿਆਂ ਲਈ ਹੋ ਕੇ ਕੁਰਬਾਨ ਤੁਰ ਜਾਂਦੇ ਨੇ।<br>
ਵਿੰਨ ਕੇ ਨਿਸ਼ਾਨੇ ਜਿਹੜੇ ਲਾਹੁੰਦੇ ਸੀ ਪਰਿੰਦਿਆਂ ਨੂੰ, ਹੱਥੀਂ ਉਹੀ ਭੰਨ ਕੇ ਕਮਾਨ ਤੁਰ ਜਾਂਦੇ ਨੇ।<br>
ਖਿੱਚ ਕੇ ਲਗਾਮਾਂ ਸੀ ਭਜਾਉਂਦੇ ਘੋੜੇ ਦੁਨੀਆਂ ਦੇ, ਹੱਥ ਖੜੇ ਕਰ ਰਥਵਾਨ ਤੁਰ ਜਾਂਦੇ ਨੇ।<br>
ਠਗੀਆਂ-ਫਰੇਬੀਆਂ ਦਾ ਸੌਦਾ ਝੂਠਾ ਵੇਚਦੇ ਸੀ, ਹੱਥੀਂ ਉਹੀ ਫੂਕ ਕੇ ਦੁਕਾਨ ਤੁਰ ਜਾਂਦੇ ਨੇ।<br>
ਜਿਨ੍ਹਾਂ ਉਚੇ ਮਹਿਲਾਂ ਵਿਚ ਹੁੰਦੀਆਂ ਸਲਾਮਾਂ ਰਹੀਆਂ, ਉਲੂਆਂ ਨੂੰ ਸੌਂਪ ਕੇ ਵਿਰਾਨ ਤੁਰ ਜਾਂਦੇ ਨੇ।<br>
ਕੌਣ ਏਥੇ ਪੁੱਛਦਾ ਏ ਵੱਡੇ ਸ਼ਾਹੂਕਾਰਾਂ ਨੂੰ, ਗੋਪੀਆਂ ਦੇ ਸਣੇ ਇਥੋਂ ਕਾਨ੍ਹ ਤੁਰ ਜਾਂਦੇ ਨੇ।

ਪਾਠਕਾਂ ਦਾ ਪੰਨਾ

# ਪਹਿਲਾਂ ਤੋਲੀਏ ਫੇਰ ਮੁੱਖੋਂ ਬੋਲੀਏ ਜੀ

ਪੰਜਾਬ ਟਾਈਮਜ਼ ਵਿਚ 'ਸਤਿੰਦਰ ਸਰਤਾਜ ਦੀਆਂ ਬੇਤੁਕੀਆਂ' ਸਿਰਲੇਖ ਹੇਠ ਸੁਰਿੰਦਰ ਸੋਹਲ ਅਤੇ ਹਰਪਾਲ ਸਿੰਘ ਭਿੰਡਰ ਦੁਆਰਾ ਲਿਖਿਆ ਲੇਖ ਪੜ੍ਹਨ ਨੂੰ ਮਿਲਿਆ। ਲੇਖ ਦਾ ਸਿਰਲੇਖ ਪੜ੍ਹ ਕੇ ਲਗਦਾ ਸੀ ਕਿ ਇਹ ਲੇਖ ਜ਼ਰੂਰ ਕੋਈ ਨਵੀਂ ਤੇ ਪਾਇਦਾਰ ਅਲੋਚਨਾ ਭਰਪੂਰ ਹੋਵੇਗਾ, ਪਰ ਲੇਖ ਪੜ੍ਹ ਕੇ ਇੰਜ ਮਹਿਸੂਸ ਹੋਇਆ ਜਿਵੇਂ ਕੋਈ ਕਿਸੇ ਦੀ ਅਸਮਾਨੀ ਉਡ ਰਹੀ ਪਤੰਗ ਗਾਟੀ ਪਾ ਕੇ ਹੇਠਾਂ ਲਾਹੁਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਸਮਝ ਨਹੀਂ ਆਉਂਦੀ ਕਿ ਲੇਖਕ ਨੂੰ ਉਸਦੀ ਪੜ੍ਹਾਈ ਪਸੰਦ ਨਹੀਂ, ਉਸਦਾ ਯੂਨੀਵਰਸਿਟੀ 'ਚ ਪੜ੍ਹਾਉਣਾ ਪਸੰਦ ਨਹੀਂ, ਉਸਦਾ ਗਾਉਣਾ ਚੰਗਾ ਨਹੀਂ ਲਗਦਾ ਜਾਂ ਉਸਦੀ ਲੇਖਣੀ ਠੀਕ ਨਹੀਂ। ਲੇਖ ਦੇ ਅੰਤ ਵਿਚ ਲਿਖਿਆ ਹੈ ਕਿ ਲੇਖ ਕਿਸੇ ਵਿਅਕਤੀ ਵਿਸ਼ੇਸ਼ ਨੂੰ ਨਿੱਜੀ ਨਿਸ਼ਾਨਾ ਬਣਾ ਕੇ ਨਹੀਂ ਲਿਖਿਆ ਗਿਆ, ਪਰ ਸਾਰੇ ਲੇਖ ਵਿਚ ਕਿਸੇ ਵੀ ਥਾਂ ਤੇ ਇਸ ਗੱਲ ਦਾ ਅਹਿਸਾਸ ਨਹੀਂ ਹੁੰਦਾ ਬਲਕਿ ਜਿਸ ਹਲਕੇ ਪੱਧਰ ਦੀ ਕਿੜ ਕੱਢਣ ਵਾਲੀ ਆਲੋਚਨਾ ਕੀਤੀ ਗਈ ਹੈ ਉਸ ਤੋਂ ਤਾਂ ਇਹੀ ਜਾਪਦੈ, ਜਿਵੇਂ ਇਹ ਲਿਖਿਆ ਹੀ ਕਿਸੇ ਵਿਅਕਤੀ ਵਿਸ਼ੇਸ਼ ਦੀ ਨਿੱਜੀ ਆਲੋਚਨਾ ਕਰਨ ਲਈ ਹੋਵੇ। ਮੈਂ ਇੱਥੇ ਕੁਝ ਗੱਲਾਂ ਇਸ ਲੇਖ ਬਾਰੇ ਕਰਨੀਆਂ ਚਾਹਾਂਗਾ:

ਲੇਖਕ ਲਿਖਦਾ ਹੈ ਕਿ ਇੱਕ ਗੀਤ ਤੋਂ ਪਹਿਲਾਂ ਗਾਇਕ ਆਖਦਾ ਹੈ-ਵਿਦਿਆਰਥੀ ਜੀਵਨ ਦੀ ਆਰਥਿਕ ਮੰਦਹਾਲੀ ਦਾ ਵਰਨਣ। ਇਸ ਗੱਲ ਨੂੰ ਜਿਸ ਤਰੀਕੇ ਨਾਲ ਆਲੋਚਨਾ ਦੇ ਛੱਜ ਵਿਚ ਪਾ ਕੇ ਛੰਡਿਆ ਗਿਆ ਹੈ ਉਸ ਤੋਂ ਇਸ ਲੇਖ ਦੇ ਲਿਖਣ ਦਾ ਮੰਤਵ ਸ਼ੱਕੀ ਜਾਪਦਾ ਹੈ। ਕਿਉਂਕਿ ਲੇਖਕ ਇਸਦੇ ਅਰਥ ਤੋੜ ਮਰੋੜ ਕੇ ਪੇਸ਼ ਕਰਦਾ ਹੈ ਜਦਕਿ ਇਹ ਬਿਲਕੁਲ ਸਿੱਧੀ ਤੇ ਦਿਨ ਵਾਂਗ ਚਿੱਟੀ ਗੱਲ ਹੈ ਕਿ ਘਰ ਤੋਂ ਦੂਰ ਯੂਨੀਵਰਸਿਟੀਆਂ 'ਚ ਪੜ੍ਹਨ ਵਾਲੇ ਵਿਦਿਆਰਥੀ, ਭਾਵੇਂ ਉਹ ਅਮੀਰ ਹੈ ਤੇ ਭਾਵੇਂ ਉਹ ਗਰੀਬ, ਆਰਥਿਕ ਤੌਰ ਤੇ ਕਦੇ ਵੀ ਮਜ਼ਬੂਤ ਨਹੀਂ ਹੁੰਦਾ। ਮੇਰਾ ਆਪਣਾ ਪੰਜ ਸਾਲ ਦਾ ਤਜ਼ਰਬਾ ਹੈ ਇਸ ਚੀਜ਼ ਦਾ, ਪਰ ਲੇਖਕ ਦਾ ਤਜ਼ਰਬਾ ਕਿੰਨੇ ਸਾਲ ਦਾ ਹੈ ਮੈਨੂੰ ਨਹੀਂ ਪਤਾ।

ਦੂਸਰੀ ਗੱਲ ਕਰਾਂਗਾ ਜੋ ਲੇਖਕ ਸਰਤਾਜ ਨੂੰ ਸੂਫੀ ਨਾ ਹੋਣ ਬਾਰੇ ਲਿਖਦਾ ਹੈ। ਲਗਦਾ ਹੈ ਲੇਖਕ ਨੇ ਲੇਖ ਲਿਖਣ ਤੋਂ ਪਹਿਲਾਂ ਯੂ ਟਿਊਬ ਤੇ ਪਈਆਂ ਗਾਇਕ ਦੀਆਂ ਸਾਰੀਆਂ ਮੁਲਾਕਾਤਾਂ ਦਾ ਅਧਿਐਨ ਨਹੀਂ ਕੀਤਾ ਜਾਂ ਫੇਰ ਜਾਣ ਬੁੱਝ ਕੇ ਕੁਝ ਮੁਲਾਕਾਤਾਂ ਦਾ ਵਰਨਣ ਆਪਣੇ ਲੇਖ ਵਿਚ ਕਰਨਾ ਹੀ ਨਹੀਂ ਚਾਹੁੰਦਾ। ਕਿਉਂਕਿ ਯੂ ਟਿਊਬ ਤੇ ਹੀ ਇੱਕ ਮੁਲਾਕਾਤ (ਜੋ ਕੇ ਅਮਰਜੀਤ ਖੇਲਾ ਦੁਆਰਾ ਆਸਟਰੇਲੀਆ ਵਿਚ ਕੀਤੀ ਗਈ ਹੈ) ਵਿਚ ਗਾਇਕ ਸਾਫ ਸ਼ਬਦਾਂ ਵਿਚ ਇਕਬਾਲ ਕਰਦਾ ਹੈ ਕਿ ਉਹ ਸੂਫੀ ਨਹੀਂ ਹੈ। ਉਹ ਲੋਕਾਂ ਨੂੰ ਵੀ ਅਪੀਲ ਕਰਦਾ ਹੈ ਕਿ ਉਸ ਨੂੰ ਸੂਫੀ ਨਾ ਆਖਿਆ ਜਾਵੇ। ਸ਼ਾਇਦ ਲੇਖਕ ਸਿਰਫ ਗਾਇਕ ਨੂੰ ਨੀਵਾਂ ਵਿਖਾਉਣ ਦੇ ਮੰਤਵ ਨਾਲ ਹੀ ਲਿਖਣ ਬੈਠਿਆ ਸੀ ਕਿਉਂਕਿ ਲੇਖਕ ਖੁਦ ਦਸਦਾ ਹੈ ਕਿ ਅਸੀਂ ਸਰਤਾਜ ਨੂੰ ਸੂਫੀ ਆਖਣਾ ਸ਼ੁਰੂ ਕਰ ਦਿੱਤਾ ਹੈ। ਭਲਾ ਇਸ ਵਿਚ ਗਾਇਕ ਦਾ ਕੀ ਕਸੂਰ? ਕਸੂਰ ਤਾਂ ਆਪਣਾ ਹੈ ਜੋ ਉਸ ਨੂੰ ਸੂਫੀ ਆਖਣ ਲੱਗ ਪਏ।

ਅਗਲੀ ਗੱਲ ਸਰਤਾਜ ਦੀ ਗਾਇਕੀ ਬਾਰੇ। ਜੋ ਨੁਕਤੇ ਲੇਖਕ ਉਠਾਉਂਦਾ ਹੈ ਉਨ੍ਹਾਂ ਬਾਰੇ। ਮੈਨੂੰ ਨਹੀਂ ਲਗਦਾ ਕਿ ਸਰਤਾਜ ਨੇ ਕੋਈ ਅਜਿਹਾ ਗੀਤ ਗਾਇਆ ਹੋਵੇ ਜੋ ਅਸੀਂ ਆਪਣੀਆਂ ਮਾਵਾਂ ਭੈਣਾਂ ਵਿਚ ਬੈਠ ਕੇ ਨਾ ਸੁਣ ਸਕਦੇ ਹੋਈਏ। ਕੀ ਇਹ ਇੱਕ ਚੰਗੀ ਗੱਲ ਨਹੀਂ? ਨਾ ਹੀ ਉਹ ਸੁਰਾਂ ਤੋਂ ਬਾਹਰ ਹੋ ਕੇ ਗਾਉਂਦਾ ਹੈ। ਉਸਦੇ ਹਰ ਗੀਤ ਵਿਚ ਕੋਈ ਨਾ ਕੋਈ ਸੇਧ ਦੇਣ ਵਾਲੀ ਰਮਜ਼ ਛੁਪੀ ਹੁੰਦੀ ਹੈ। ਉਸਦੇ ਗੀਤਾਂ ਦੀ ਭਾਸ਼ਾ ਸਰਲ ਹੈ ਤੇ ਆਮ ਲੋਕਾਂ ਦੀ ਜ਼ੁਬਾਨ ਨਾਲ ਪੂਰਾ ਪੂਰਾ ਮੇਲ ਖਾਂਦੀ ਹੈ। ਇਹੀ ਕਾਰਣ ਹੈ ਕਿ ਉਹ ਲੋਕਾਂ ਵਿਚ ਹਰਮਨ ਪਿਆਰਾ ਹੋ ਰਿਹਾ ਹੈ। ਸੋ ਇਹ ਜ਼ਰੂਰੀ ਨਹੀਂ ਕਿ ਸਰਤਾਜ ਜਾਂ ਕੋਈ ਵੀ ਗਾਇਕ ਆਪਣੀ ਪਹਿਚਾਣ ਬਣਾਉਣ ਲਈ ਡੂੰਘੀ ਸ਼ਾਇਰੀ ਹੀ ਕਰੇ ਜਾਂ ਗਾਵੇ। ਲੋੜ ਹੈ ਕਿ ਉਹ ਚੰਗਾ ਗਾਵੇ ਜੋ ਕਿ ਸਰਤਾਜ ਕਰ ਰਿਹਾ ਹੈ। ਕੀ ਲੋੜ ਹੈ ਉਸਨੂੰ ਡੂੰਘੀ ਸ਼ਾਇਰੀ ਕਰਨ ਜਾਂ ਗਾਉਣ ਦੀ? ਜੋ ਆਮ ਲੋਕਾਂ ਦੇ ਪੱਲੇ ਨਾ ਪਵੇ? ਇਸ ਲੇਖ ਵਿਚ ਲੇਖਕ ਡੂੰਘੀ ਸ਼ਾਇਰੀ ਦੇ ਤਰਕ ਦੇ ਅਧਾਰ ਤੇ ਸਰਤਾਜ ਦੀ ਬਿਨਾਂ ਵਜਾ ਹੀ ਆਲੋਚਨਾ ਕਰਦਾ ਹੈ ਕਿਉਂਕਿ ਆਮ ਸਰੋਤਿਆਂ ਦਾ ਇਸ ਨਾਲ ਕੋਈ ਸਰੋਕਾਰ ਨਹੀਂ। ਆਮ ਜੀਵਨ ਦੀ ਭੱਜ ਦੌੜ ਵਿਚ ਘਿਰੇ ਸਰੋਤਿਆਂ ਨੂੰ ਹਮੇਸ਼ਾ ਅਜਿਹੇ ਗੀਤਾਂ ਦੀ ਭਾਲ ਰਹਿੰਦੀ ਹੈ ਜਿਸ ਨੂੰ ਸੁਣ ਕੇ ਉਹ ਹਲਕੇ ਫੁੱਲ ਹੋ ਜਾਣ ਨਾ ਕਿ ਡੂੰਘੀ ਸ਼ਾਇਰੀ ਦੀ ਜਿਸ ਨੂੰ ਸਮਝਣ ਲਈ ਆਪਣੇ ਦਿਮਾਗ ਤੇ ਹੋਰ ਬੋਝ ਪਾਉਣਾ ਪਵੇ। ਲੇਖ ਵਿਚ ਲੇਖਕ ਖੁਦ ਲਿਖਦਾ ਹੈ ਕਿ ਸਰਤਾਜ ਦੀ ਗਾਇਕੀ ਲੋਕਾਂ ਨੂੰ ਬੰਨ ਲੈਂਦੀ ਹੈ। ਇਸਦਾ ਇਹੀ ਕਾਰਣ ਹੈ ਕਿ ਉਹ ਆਪਣੇ ਗੀਤਾਂ ਵਿਚ ਆਮ ਲੋਕਾਂ ਦੀਆਂ ਗੱਲਾਂ ਤੇ ਭਾਸ਼ਾ ਵਰਤਦਾ ਹੈ ਤਾਂ ਉਸ ਦੀਆਂ ਮਹਿਫਲਾਂ ਵਿਚ ਤਿਲ ਸੁੱਟਣ ਲਈ ਥਾਂ ਨਹੀਂ ਮਿਲਦੀ ਤੇ ਸਾਡੇ ਸ਼ਾਇਰਾਨਾ (ਡੂੰਘੀ ਸ਼ਾਇਰੀ ਵਾਲੇ) ਕਵੀ ਦਰਬਾਰਾਂ ਵਿਚ ਸਿਰਫ ਤੇ ਸਿਰਫ ਕਵੀ ਹੀ ਨਜ਼ਰ ਆਉਂਦੇ ਹਨ, ਸਰੋਤਾ ਤਾਂ ਕੋਲ ਦੀ ਵੀ ਨਹੀਂ ਲੰਘਦਾ ਕਿਉਂਕਿ ਅਜੋਕੇ ਕਵੀਆਂ ਨੇ ਖੁੱਲੀ ਕਵਿਤਾ ਦੇ ਨਾਂ ਤੇ ਕਵਿਤਾ ਰਸ ਦਾ ਜੋ ਘਾਣ ਕੀਤਾ ਹੈ, ਉਸ ਨੇ ਕਵੀ ਦਰਬਾਰਾਂ ਵਿਚ ਸਰੋਤਿਆਂ ਦੀ ਹਾਜ਼ਰੀ ਘਟਾ ਦਿੱਤੀ ਹੈ। ਲੇਖਕ (ਜੋ ਖੁਦ ਕਵੀ ਹੈ) ਇਸ ਗੱਲ ਤੇ ਕਦੇ ਕੋਈ ਸੰਜੀਦਾ ਟਿੱਪਣੀ ਕਰਦਾ ਨਹੀਂ ਦੇਖਿਆ। ਭਲਾ ਕਿਉਂ? ਕਿਉਂਕਿ ਆਪਣਾ ਝੱਗਾ ਚੁੱਕਿਆਂ ਆਪਣਾ ਹੀ ਢਿੱਡ ਨੰਗਾ ਹੁੰਦਾ ਹੈ। ਪਰ ਸਰਤਾਜ ਆਪਣੇ ਕਈ ਗੀਤਾਂ ਵਿਚ ਆਪਣੀ ਹੀ ਆਲੋਚਨਾ ਖੁਦ ਕਰਦਾ ਹੈ।

ਅਗਲੀ ਗੱਲ ਸਰਤਾਜ ਦੇ ਗੀਤਾਂ ਬਾਰੇ ਕਰਾਂਗਾ। ਲੇਖਕ ਸਰਤਾਜ ਦੇ ਇੱਕੋ ਗੀਤ (ਯਾਮਾ) ਨੂੰ ਲੈ ਕੇ ਉਸ ਨੂੰ ਭੰਡਦਾ ਨਜ਼ਰ ਆਉਂਦਾ ਹੈ। ਵੈਸੇ ਤਾਂ ਇਸ ਗੀਤ ਵਿਚ ਕੋਈ ਏਡੀ ਵੱਡੀ ਗਲਤੀ ਨਹੀਂ ਕਿ ਇਸ ਤਰਾਂ ਭੰਡੀ ਪ੍ਰਚਾਰ ਕੀਤਾ ਜਾਵੇ, ਪਰ ਫੇਰ ਵੀ ਜੇ ਕੋਈ ਛੋਟੀ ਮੋਟੀ ਤਰੁੱਟੀ ਹੈ, ਤਾਂ ਉਸ ਨੂੰ ਸਮਝਾ ਕੇ ਮਾਫ ਕੀਤਾ ਜਾ ਸਕਦਾ ਹੈ ਕਿਉਂਕਿ ਕੋਈ ਵੀ ਸੰਪੂਰਨ ਨਹੀਂ ਹੈ। ਹਰ ਇਨਸਾਨ ਗਲਤੀਆਂ ਕਰਦਾ ਹੈ ਪਰ ਮੈਂ ਲੇਖਕ ਨੂੰ ਪੁੱਛਣਾ ਚਾਹਾਂਗਾ ਕਿ ਕੀ ਸਰਤਾਜ ਨੇ ਸਿਰਫ


ਸਤਿੰਦਰ ਸਰਤਾਜ

ਏਹੋ ਇੱਕ ਗੀਤ ਗਾਇਆ ਹੈ, ਜਿਸਦੀ ਆਲੋਚਨਾ ਹੋ ਸਕੇ। 'ਅੰਮੀ,' 'ਪਾਣੀ ਪੰਜਾਂ ਦਰਿਆਵਾਂ ਵਾਲਾ,' 'ਗੱਲ ਤਜ਼ਰਬੇ ਵਾਲੀ,' 'ਨਿੱਕੀ ਜਿਹੀ ਕੁੜੀ,' 'ਦਿਲ ਪਹਿਲਾਂ ਵਾਲਾ,' 'ਜਿੱਤ ਦੇ ਨਿਸ਼ਾਨ' ਅਤੇ ਅਜਿਹੇ ਹੋਰ ਕਿੰਨੇ ਹੀ ਵਧੀਆ ਉਸਾਰੂ ਸੋਚ ਵਾਲੇ, ਸੁਰ ਤੇ ਲੈਅ ਭਰਪੂਰ, ਸਰਲ ਭਾਸ਼ਾ 'ਚ ਗੜੁੱਚ ਗੀਤ ਵੀ ਸਰਤਾਜ ਦੀ ਕਲਮ 'ਚੋਂ ਹੀ ਨਿਕਲੇ ਹਨ। ਪਰ ਲੇਖਕ ਕੋਲ ਉਨ੍ਹਾਂ ਲਈ ਕੋਈ ਸ਼ਾਬਾਸ਼ੀ ਭਰੇ ਸ਼ਬਦ ਨਹੀਂ ਹਨ। ਪਤਾ ਨਹੀਂ ਕਿਉਂ?

ਲੇਖ ਅਤੇ ਗੁਰਮੁਖ ਸਿੰਘ ਭੁੱਲਰ ਦੀ ਕਾਵਿ ਰਚਨਾ ਵਿਚ ਇੱਕ ਹੋਰ ਨੁਕਤਾ ਸਰਤਾਜ ਦੀ ਪੱਗ ਨੂੰ ਲੈ ਕੇ ਉਠਾਇਆ ਗਿਆ ਹੈ। ਸਮਝ ਨਹੀਂ ਆਉਂਦੀ ਕਿ ਸਰਤਾਜ ਦੁਆਰਾ ਪੱਗ ਤੇ ਲਗਾਏ ਘੁੰਗਰੂ (ਸਰਪੇਚ) ਪੱਗ ਦੀ ਸ਼ਾਨ ਨੂੰ ਕਿਵੇਂ ਘਟਾ ਰਹੇ ਹਨ। ਹਾਂ ਇਨਾ ਜ਼ਰੂਰ ਹੈ ਕਿ ਜੇਕਰ ਉਸਨੇ ਕੇਸ ਰੱਖੇ ਹਨ ਤਾਂ ਉਨ੍ਹਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਭਾਵ ਬੰਨ ਕੇ ਰੱਖਣੇ ਚਾਹੀਦੇ ਨੇ। ਪਰ ਘੁੰਗਰੂ ਲਾਉਣ ਨਾਲ ਪੱਗ ਦੀ ਸ਼ਾਨ ਕਿਵੇਂ ਘਟ ਗਈ, ਗੱਲ ਪੱਲੇ ਨਹੀਂ ਪਈ। ਜੇਕਰ ਲੇਖਕ ਸੋਚਦਾ ਹੈ ਕਿ ਗਿੱਟੇ ਤੇ ਬੰਨੇ ਜਾਣ ਵਾਲੇ ਘੁੰਗਰੂ ਕਦੇ ਪੱਗ ਤੱਕ ਨਹੀਂ ਪਹੁੰਚ ਸਕਦੇ ਤਾਂ ਜਾਂ ਪੱਗ ਤੱਕ ਪਹੁੰਚ ਕੇ ਉਸਦੀ ਸ਼ਾਨ ਘਟਾ ਰਹੇ ਨੇ ਤਾਂ ਇਹ ਤੰਗਦਿਲ ਸੋਚ ਦੀ ਨਿਸ਼ਾਨੀ ਹੈ ਕਿਉਂਕਿ ਸਾਡਾ ਤਾਂ ਧਰਮ ਹੀ ਉਚ ਨੀਚ ਨੂੰ ਦੂਰ ਕਰਨ ਵਾਲਾ ਹੈ। ਜਦੋਂ ਪੜ੍ਹੇ ਲਿਖੇ ਲੋਕ ਅਜਿਹੀਆਂ ਬੇਤੁਕੀਆਂ ਗੱਲਾਂ ਕਰਦੇ ਹਨ ਤਾਂ ਹਾਸਾ ਮੱਲੋ-ਮੱਲੀ ਆ ਜਾਂਦਾ ਹੈ। ਹਰਪਾਲ ਸਿੰਘ ਭਿੰਡਰ ਤਾਂ ਗਹਿਣਿਆਂ (ਸਰਪੇਚ) ਨੂੰ ਵੀ ਆਪਣੇ-ਬੇਗਾਨਿਆਂ ਦੀ ਤੱਕੜੀ 'ਚ ਤੋਲ ਰਿਹਾ ਤੇ ਗੱਲ ਕਰਦਾ ਹੈ ਕੌਮ ਦੀ। ਕਿਸ ਕੌਮ ਦੀ ਗੱਲ ਕਰ ਰਹੇ ਹੋ? ਉਸ ਕੌਮ ਦੀ, ਜਿਸ ਲਈ ਸਭ ਧਰਮ, ਸਭ ਇਨਸਾਨ, ਸਭ ਜਾਤਾਂ ਇੱਕ ਨੇ ਅਤੇ ਜਿਸ ਧਰਮ ਨੇ ਸਭ ਨੂੰ ਪਿਆਰ ਨਾਲ ਬਿਨਾ ਕਿਸੇ ਭੇਦ ਭਾਵ ਦੇ ਰਹਿਣ ਦੀ ਸਿੱਖਿਆ ਦਿੱਤੀ ਹੈ। ਉਸ ਕੌਮ ਦੀ ਪੈਰਵਾਈ ਕਰਨ ਲਈ ਤੁਸੀਂ ਗਹਿਣਿਆਂ ਤੱਕ ਨੂੰ ਆਪਣੇ ਬੇਗਾਨੇ ਆਖ ਕੇ ਵੰਡ ਰਹੇ ਹੋ।

ਇੱਕ ਨਿੱਕੀ ਜਿਹੀ ਕੁੜੀ' ਗੀਤ ਵਿਚ ਸਰਤਾਜ ਨੇ ਜਿਸ ਤਰ੍ਹਾਂ ਇੱਕ ਸੂਖਮ ਭਾਵ ਨੂੰ ਛੂਹਿਆ ਹੈ, ਉਸਨੂੰ ਸੁਣ ਕੇ ਹਰ ਇੱਕ ਦੀ ਅੱਖ ਨਮ ਹੋ ਜਾਂਦੀ ਹੈ ਪਰ ਲੇਖਕ ਨੂੰ ਇਸ ਗੀਤ ਵਿਚ ਵੀ ਕੋਈ ਭਾਵ ਨਜ਼ਰ ਨਹੀਂ ਆਉਂਦਾ। ਸ਼ਾਇਦ ਸਰੋਤੇ ਹੀ ਮੂਰਖ ਨੇ ਜੋ ਬਿਨਾਂ ਸਿਰ ਪੈਰ ਦੀ ਸ਼ਾਇਰੀ ਤੇ ਭਾਵੁਕ ਹੋ ਜਾਂਦੇ ਨੇ।

ਹਰਪਾਲ ਸਿੰਘ ਭਿੰਡਰ ਵਾਰ ਵਾਰ ਸੰਜੀਦਾ ਗਾਇਕੀ ਤੇ ਸ਼ਾਇਰੀ ਦੀ ਗੱਲ ਕਰਦਾ ਹੈ ਪਰ ਖੁਦ ਆਪਣੀ ਆਲੋਚਨਾ ਵਿਚ ਕਿੰਨੀ ਸੰਜੀਦਗੀ ਵਰਤਦਾ ਹੈ ਉਹ ਸਭ ਦੇ ਸਾਹਮਣੇ ਹੈ।

ਹਰਜੀਤ ਕਾਰਟਰੇਟ ਵਾਲਾ ਕਹਿੰਦਾ ਹੈ, ਸਰਤਾਜ ਦੀ ਕੈਸਿਟ ਖਰੀਦ ਕੇ ਉਸ ਨੇ ਦਸ ਡਾਲਰ ਖੂਹ ਵਿਚ ਪਾ ਲਏ। ਨਾ ਖਰੀਦਦਾ ਭਾਈ। ਸਰਤਾਜ ਕਿਹੜਾ ਘਰੇ ਆ ਕੇ ਦੇ ਗਿਆ ਤੈਨੂੰ। ਸਭ ਦੀ ਆਪੋ ਆਪਣੀ ਪਸੰਦ ਹੈ। ਕਿਸੇ ਨੂੰ ਜਗਜੀਤ ਪਸੰਦ ਹੈ, ਕਿਸੇ ਨੂੰ ਅਬਿਦਾ ਤੇ ਕਿਸੇ ਨੂੰ ਸਰਤਾਜ। ਜਿਸਨੂੰ ਜੋ ਪਸੰਦ ਹੈ, ਉਹੀ ਖਰੀਦੋ ਤੇ ਸੁਣੋ। ਕੋਈ ਧੱਕਾ ਤਾਂ ਹੈ ਨਹੀਂ। ਨਾਲੇ ਸਰਤਾਜ ਦੀ ਕੈਸਿਟ ਖਰੀਦ ਕੇ ਦਸ ਡਾਲਰ ਖਰੇ ਕਰਨ ਵਾਲੇ ਵੀ ਬਹੁਤ ਸਰੋਤੇ ਨੇ ਪਰ ਉਨ੍ਹਾਂ ਦੇ ਵਿਚਾਰ ਪੇਸ਼ ਕਰਨ ਲੱਗਿਆਂ ਲੇਖਕ ਪਤਾ ਨਹੀਂ ਕਿੱਧਰ ਗਾਇਬ ਹੋ ਗਿਆ?

'ਮਾਂ ਦੇ ਦੀਨੇ' ਕੋਈ ਗਾਲ ਹੈ ਮੈਨੂੰ ਅੱਜ ਪਤਾ ਚੱਲਿਐ। ਪਰ ਸਮਝ ਨਹੀਂ ਲੱਗ ਰਹੀ ਗਾਲ ਕਿਸ ਪਾਸਿਓ ਹੈ? ਮੇਰੇ ਹਿਸਾਬ ਨਾਲ ਤਾਂ ਇਸ ਦਾ ਮਤਲਬ ਹੈ ਮਾਂ ਦੇ ਸ਼ੇਰ ਬੱਗੇ ਜਾਂ ਮਾਂ ਦੇ ਗੱਭਰੂ ਪੁੱਤ, ਭਾਵ ਮਾਂ ਦੇ ਦੀਨੇ ਸ਼ਬਦ ਮਾਂ ਦੇ ਪੁੱਤਾਂ ਲਈ ਵਰਤਿਆ ਜਾਂਦਾ ਹੈ। ਜੇਕਰ ਲੇਖਕ ਨੂੰ ਇਹ ਵੀ ਗਾਲ ਲਗਦੀ ਹੈ ਤਾਂ ਉਸ ਦੀਆਂ ਉਹੀ ਜਾਣੇ।

ਹਰਭਜਨ ਸਿੰਘ ਬੈਂਸ ਆਖਦੇ ਨੇ ਕਿ ਸਰਤਾਜ ਨੂੰ ਨਾ ਤਾਂ ਗਾਉਣਾ ਆਉਂਦਾ ਹੈ ਤੇ ਨਾ ਹੀ ਲਿਖਣਾ। ਬੈਂਸ ਸਾਹਿਬ ਨੇ ਅਜਿਹਾ ਕਿਹਾ ਹੋਵੇਗਾ, ਲਗਦਾ ਤਾਂ ਨਹੀਂ। ਸ਼ਾਇਦ ਸੋਹਲ ਸਾਹਿਬ ਨਾਲ ਕੋਈ ਨਿੱਜੀ ਸਾਂਝ ਹੋਵੇ। ਕੀ ਪਤਾ ਚਲਦਾ ਅੱਜ ਕੱਲ...?

ਹੁਣ ਕੁਝ ਟਿੱਪਣੀਆਂ ਗੁਰਮੁਖ ਸਿੰਘ ਭੁੱਲਰ ਦੀ ਕਾਵਿ ਰਚਨਾ 'ਪਿੱਛੇ ਲੱਗ ਕੇ ਸਰਤਾਜ ਦੇ' ਬਾਰੇ ਵੀ। ਪਤਾ ਨਹੀਂ ਕਵੀ ਦੀ ਸੋਚ ਕਿੱਥੇ ਟਪਲਾ ਖਾ ਗਈ ਕਿ ਉਹ ਸਰਪੇਚ (ਜੋ ਕਿ ਇੱਕ ਗਹਿਣਾ ਹੈ) ਨੂੰ ਵੀ ਧਾਗੇ-ਤਵੀਤਾਂ ਨਾਲ ਜੋੜ ਰਿਹਾ ਹੈ। ਕਵੀ ਨੂੰ ਲਗਦਾ ਹੈ ਕਿ ਪੱਗ ਬੰਨ ਕੇ ਕੋਈ ਅੱਲਾ (ਰੱਬ) ਤੇ ਫਕੀਰਾਂ (ਭਗਤਾਂ) ਦੀ ਗੱਲ ਨਹੀਂ ਕਰ ਸਕਦਾ। ਸ਼ਾਇਦ ਇਹ ਕਵੀ ਨੇ ਆਪਣਾ ਹੀ ਸਿੱਖੀ ਦਾ ਨਿਯਮ ਬਣਾ ਲਿਆ ਕਿਉਂਕਿ ਸਿੱਖ ਧਰਮ ਤਾਂ ਕਦੇ ਨਹੀਂ ਕਹਿੰਦਾ ਕਿ ਰੱਬ ਦਾ ਨਾਂ ਨਾ ਲਵੋ। ਬਲਕਿ ਗੁਰਬਾਣੀ ਵਿਚ ਤਾਂ ਕਈ ਵਾਰ ਅੱਲਾ ਤੇ ਫਕੀਰ ਸ਼ਬਦ ਦਾ ਵਰਨਣ ਹੈ। ਸ਼ਾਇਦ ਕਵੀ ਨੇ ਗੁਰਬਾਣੀ ਨਾ ਪੜ੍ਹੀ ਹੋਵੇ ਜਾਂ ਗੁਰਬਾਣੀ ਨੂੰ ਵੀ ਕੱਟੜਤਾ ਦੀ ਕਸੌਟੀ ਤੇ ਵੰਗਾਰ ਰਿਹਾ ਹੈ। ਯਾਮੇ ਵਾਲਾ ਗੀਤ ਇਸ ਕਵੀ ਨੂੰ ਵੀ ਚੂੰਢੀਆਂ ਵੱਢ ਰਿਹਾ ਹੈ। ਯਾਮਾ, ਮਾਮਾ, ਜੀਨ, ਪਜਾਮਾ ਸ਼ਬਦਾਂ ਨਾਲ ਪਤਾ ਨਹੀਂ ਕਵੀ ਨੂੰ ਕੀ ਗਲਤ ਜਾਪਦਾ ਹੈ, ਸਾਡੀ ਸਮਝੋਂ ਬਾਹਰ ਹੈ। ਸੁਰਿੰਦਰ ਸੋਹਲ ਆਪਣੇ ਸਾਰੇ ਲੇਖ ਵਿਚ ਕਵਿਤਾ ਦੀ ਡੂੰਘੀ ਜਾਣਕਾਰੀ ਦਿੰਦੇ ਨੇ ਪਰ ਇਸ ਕਵੀ ਦੀ ਰਚਨਾ ਵਿਚ ਲੈਅ ਤੇ ਬਹਿਰ ਦੀ ਕਿੰਨੀ ਕੁ ਸਥਿਰਤਾ ਹੈ, ਸੋਹਲ ਸਾਹਿਬ ਖੁਦ ਦੱਸ ਸਕਦੇ ਨੇ।

ਹਾਂ ਹੁਣ ਉਹ ਦੋ ਗੱਲਾਂ ਵੀ ਕਰ ਲਈਏ ਜੋ ਇਸ ਲੇਖ ਵਿਚ ਕੁਝ ਹਜ਼ਮ ਹੁੰਦੀਆਂ ਹਨ।

ਪਹਿਲੀ ਗੱਲ ਤਾਂ ਇਹ ਕਿ ਜੋ ਸਰਤਾਜ ਤੇ ਗੀਤ ਚੋਰੀ ਕਰਨ ਦੇ ਇਲਜ਼ਾਮ ਲੱਗੇ ਹਨ। ਇਹ ਵਾਕਿਆ ਹੀ ਗੰਭੀਰ ਮਸਲਾ ਹੈ। ਇਸ ਦੀ ਸਹੀ ਜਾਂਚ ਪੜਤਾਲ ਹੋਣੀ ਚਾਹੀਦੀ ਹੈ ਤੇ ਸੱਚ ਸਰੋਤਿਆਂ ਦੇ ਸਾਹਮਣੇ ਆਉਣਾ ਚਾਹੀਦਾ ਹੈ। ਚੰਗਾ ਹੁੰਦਾ ਜੇਕਰ ਸੋਹਲ ਸਾਹਿਬ ਫਜ਼ੂਲ ਦੀਆਂ ਗੱਲਾਂ ਛੱਡ ਕੇ ਇਸ ਵਿਸ਼ੇ 'ਤੇ ਵਿਸਥਾਰ ਨਾਲ ਚਰਚਾ ਕਰਦੇ।

ਦੂਸਰੀ ਗੱਲ ਇਹ ਕਿ ਪੱਗ ਹੇਠੋਂ ਵਾਲ ਕੱਢ ਕੇ ਜਾਂ ਖਿਲਾਰ ਕੇ ਕੇਸਾਂ ਦੀ ਬੇਅਦਬੀ ਕਰਨਾ ਜ਼ਰੂਰ ਰੜਕਦਾ ਹੈ। ਇਹ ਗੱਲ ਸਰਤਾਜ ਤੱਕ ਪਹੁੰਚਾਈ ਜਾਣੀ ਬਣਦੀ ਹੈ।

ਇਨ੍ਹਾਂ ਦੋ ਗੱਲਾਂ ਤੋਂ ਬਿਨਾਂ ਬਾਕੀ ਲੇਖ ਤਾਂ ਨਾਕਾਰਾਤਮਕ ਆਲੋਚਨਾ ਹੀ ਕਿਹਾ ਜਾ ਸਕਦਾ ਹੈ। ਅਜਿਹੀ ਆਲੋਚਨਾ ਦੀ ਪਿਰਤ ਪੰਜਾਬੀ ਸਾਹਿਤ ਲਈ ਹਮੇਸ਼ਾ ਹੀ ਮਾਰੂ ਰਹੀ ਹੈ। ਸੋ ਇਸ ਤੋਂ ਕਿਨਾਰਾ ਕਰਨ ਦੀ ਲੋੜ ਹੈ। ਜੇਕਰ ਕੋਈ ਚੰਗਾ ਕੰਮ ਕਰ ਰਿਹਾ ਹੈ ਤਾਂ ਉਸ ਨੂੰ ਚੰਗਾ ਕਹਿਣ ਦਾ ਫਰਜ਼ ਬਣਦਾ ਹੈ ਨਾ ਕਿ ਉਸ ਦੀਆਂ ਲੱਤਾਂ ਖਿੱਚਣ ਦਾ।

ਇਹ ਵੀ ਇੱਕ ਸੱਚਾਈ ਹੈ ਕਿ ਪੈਸੇ ਦਾ ਲਾਲਚ ਵੱਡੇ ਤੋਂ ਵੱਡੇ ਬੰਦੇ ਨੂੰ ਧਰਤੀ ਤੋਂ ਚੁੱਕ ਦਿੰਦਾ ਹੈ। ਹਾਲ ਦੀ ਘੜੀ ਤਾਂ ਸਰਤਾਜ ਧਰਤੀ ਤੇ ਹੀ ਨਜ਼ਰ ਆ ਰਿਹਾ ਹੈ ਪਰ ਕੱਲ ਕਿਸ ਨੇ ਦੇਖੀ ਹੈ? ਕੀ ਪਤਾ ਪੈਸੇ ਦਾ ਨਸ਼ਾ ਉਸਨੂੰ ਕਿਸ ਦਿਸ਼ਾ ਵੱਲ ਲੈ ਜਾਵੇ?

*-ਡਾ. ਹਨੀ ਸ਼ੇਰਗਿੱਲ*
*ਸੈਕਰਾਮੈਂਟੋ।*

# ਡਾ. ਜਗਤਾਰ ਸਿੰਘ ਗਰੇਵਾਲ ਨਾਲ ਮੁਲਾਕਾਤ

***ਗੁਰਦਿਆਲ ਸਿੰਘ ਬੱਲ ਵਲੋਂ ਡਾ. ਜਗਤਾਰ ਸਿੰਘ ਗਰੇਵਾਲ ਨਾਲ ਇਹ ਇੰਟਰਵਿਊ ਕੋਈ ਬਾਰਾਂ ਸਾਲ ਪਹਿਲਾਂ ਕੀਤੀ ਗਈ ਸੀ। ਅਸੀਂ ਇਹ ਤੱਥ ਇੰਟਰਵਿਊ ਛਾਪਦੇ ਸਮੇਂ ਛਾਪਣਾ ਭੁੱਲ ਗਏ। ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਵਿਚ ਛਪੇ ਕਿਸੇ ਵੀ ਲੇਖ ਉਤੇ ਟਿੱਪਣੀ ਕਰਦਿਆਂ ਸੁਾਇਸਤਗੀ ਦਾ ਪੱਲਾ ਨਾ ਛੱਡਿਆ ਜਾਵੇ। -ਸੰਪਾਦਕ***

ਪੰਜਾਬ ਟਾਈਮਜ਼ ਦੇ 24 ਅਪਰੈਲ ਦੇ ਅੰਕ ਵਿਚ ਛਪੀ ਗੁਰਦਿਆਲ ਸਿੰਘ ਬੱਲ ਦੀ ਜੇ.ਐਸ. ਗਰੇਵਾਲ ਨਾਲ ਕੀਤੀ ਮੁਲਾਕਾਤ ਪੜ੍ਹੀ ਜਿਸ 'ਤੋਂ ਪਤਾ ਚੱਲਿਆ ਕਿ ਇਸ ਗਰੇਵਾਲ ਦਾ ਜ਼ਿਕਰ ਤਾਂ ਪਹਿਲਾਂ ਵੀ ਮੈਗਜ਼ੀਨ ਦੇ ਪੁਰਾਣੇ ਅੰਕਾਂ ਵਿਚ ਆ ਚੁੱਕਾ ਹੈ। ਇਹ ਮੈਕਲੋਡ ਦੀ ਉਸ ਜੁੰਡਲੀ ਵਿਚ ਹੈ ਜਿਸ ਜੁੰਡਲੀ ਨੇ ਸਿੱਖੀ ਵਿਚਾਰਧਾਰਾ ਨੂੰ ਗੰਧਲਾ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਅਤੇ ਲਾ ਰਹੇ ਹਨ। ਇਹੋ ਜਿਹੇ ਲੇਖਕ ਸਮਾਜ ਨੂੰ ਸਹੀ ਰਾਹ ਦਿਖਾਉਣ ਦੀ ਬਜਾਏ ਭੰਬਲਭੂਸੇ ਜ਼ਰੂਰ ਪਾ ਸਕਦੇ ਹਨ। ਆਖਿਰ ਸੱਚ ਤਾਂ ਸੱਚ ਹੀ ਰਹਿਣਾ ਹੈ। ਇਨ੍ਹਾਂ ਦੀ ਟੋਲੀ ਵਿਚੋਂ ਕੁਝ ਨੇ ਤਾਂ ਆਪਣੀ ਦਾਹੜੀ ਪਹਿਲਾਂ ਹੀ ਕਟਾਈ ਹੋਈ ਹੈ ਅਤੇ ਕੁਝ ਕੁ ਨੂੰ ਆਪਣੀ ਦਾ ਖਿਆਲ ਨਹੀਂ। ਇਸੇ ਲਈ ਇਹ ਚੰਗੇ ਭਲੇ ਬੁਧੀਜੀਵੀਆਂ ਦੀ ਦਾਹੜੀ ਨੂੰ ਹੱਥ ਪਾਉਣ ਲੱਗੇ ਵੀ ਆਪਣੀ ਵਿਕ ਚੁਕੀ ਮਾਨਸਿਕਤਾ ਦਾ ਦਿਖਾਵਾ ਕਰਨ ਤੋਂ ਵੀ ਪ੍ਰਹੇਜ਼ ਨਹੀਂ ਕਰਦੇ।

ਆਮ ਭੋਲੀ ਜਨਤਾ ਕੀ ਜਾਣੇ ਕਿ ਸਿੱਖੀ ਦੇ ਭੇਸ ਵਿਚ, ਸਿੱਖੀ ਸੋਚ ਨੂੰ ਕਲੰਕਤ ਕਰਨ ਲਈ ਆਰ.ਐਸ.ਐਸ. ਅਤੇ ਸਰਕਾਰੀ ਏਜੰਸੀਆਂ ਦੇ ਖਰੀਦੇ ਲੇਖਕ ਅਤੇ ਪ੍ਰਚਾਰਕ ਕਿਸ ਹੱਦ ਤੱਕ ਗਿਰ ਸਕਦੇ ਹਨ। ਸਿੱਖ ਸਮਾਜ ਨਾਲ ਵਾਪਰ ਰਹੀਆਂ ਘਟਨਾਵਾਂ ਤੋਂ ਤਾਂ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਪਿਛਲੇ ਅੰਕਾਂ ਵਿਚ ਸੁਹਿਰਦ ਬੁਧੀਜੀਵੀਆਂ ਵਲੋਂ ਲੇਖ ਲਿਖ ਕੇ ਚਲ ਰਹੇ ਮਸਲਿਆਂ ਬਾਬਤ ਚੰਗੀਆਂ ਰਾਵਾਂ ਵੀ ਦਿੱਤੀਆਂ। ਪ੍ਰੋ. ਬਲਕਾਰ ਸਿੰਘ ਅਤੇ ਡਾ. ਗੁਰਨਾਮ ਕੌਰ ਵਰਗੇ ਲੇਖਕ ਚੰਗਾ ਰੋਲ ਨਿਭਾ ਰਹੇ ਹਨ। ਜਰਨਲਿਸਟ ਜਾਂ ਕਿਸੇ ਹੋਰ ਸੋਚ ਨਾਲ ਗੁਰਦਿਆਲ ਸਿੰਘ ਬੱਲ ਦੀ ਜੇ ਐਸ ਗਰੇਵਾਲ ਨਾਲ ਕੀਤੀ ਗੱਲਬਾਤ ਤੋਂ ਜੋ ਵਿਚਾਰ ਮਨ ਵਿਚ ਆਏ ਉਨ੍ਹਾਂ ਨੂੰ ਤਾਂ ਲਿਖਣ ਦੀ ਲੋੜ ਨਹੀਂ ਹੈ ਕਿਉਂਕਿ ਜੋ ਸੱਚ ਅਤੇ ਬੁਧੀ ਜੇ ਐਸ ਗਰੇਵਾਲ ਦੀ ਹੈ ਉਹਦੀ ਪੁਸ਼ਟੀ ਉਨ੍ਹਾਂ ਖੁਦ ਹੀ ਕਰ ਦਿੱਤੀ ਹੈ। ਆਡਿਟ ਐਂਡ ਅਕਾਉਂਟਸ ਸਰਵਿਸਜ਼ ਦੀ ਨੌਕਰੀ ਕਰਨ ਨੂੰ ਸ਼ਾਇਦ ਲੋਕ ਸੇਵਾ ਨਾ ਸਮਝਦੇ ਹੋਣ। ਐਸੇ ਇਨਸਾਨ ਦਾ ਘਰਦਿਆਂ ਨਾਲੋਂ ਟੁਟਣਾ ਸੁਭਾਵਿਕ ਹੀ ਸੀ। ਇਸ ਨੌਕਰੀ ਨੂੰ ਛੱਡ ਕੇ ਅਜੰਤਾ-ਅਲੋਰਾ ਅਤੇ ਐਲੀਫੈਂਟਾ ਦੀਆਂ ਨਗਨ ਤਸਵੀਰਾਂ ਵਿਚ ਮਧਕਾਲੀ ਭਾਰਤ ਦਾ ਇਤਿਹਾਸ ਅਤੇ ਸਭਿਆਚਾਰ ਜਾਨਣ ਦਾ ਰੁਮਾਂਸ ਪੈਦਾ ਕਰਕੇ ਲੋਕ ਸੇਵਾ ਦੀ ਭਾਵਨਾ ਦਾ ਸ਼ੌਕ ਜਾਗ ਪਿਆ। ਅਜਿਹੇ ਲੋਕਾਂ ਨੂੰ ਸਿੱਖ ਵਿਚਾਰਧਾਰਾ ਤੋਂ ਤਾਂ ਨਫਰਤ ਹੈ ਹੀ, ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਨੂੰ ਪਿਆਰ ਕਰਨ ਵਾਲੇ ਲੋਕਾਂ ਅਤੇ ਲਿਖਾਰੀਆਂ ਨੂੰ ਭੰਡਣ ਵਿਚ ਵੀ ਕਸਰ ਬਾਕੀ ਨਹੀਂ ਛੱਡਦੇ। ਗੁਰੂ ਨਾਨਕ ਦੇਵ ਦੇ ਨਾਂ ਨਾਲ ਸੰਬੰਧਿਤ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਸਿਖੀ ਸਿਧਾਂਤਾਂ ਵਾਲਾ ਬੰਦਾ ਹੀ ਹੋਣਾ ਚਾਹੀਦਾ ਸੀ ਪਰ ਉਥੇ ਸਿੱਖ ਲੀਡਰ ਨੇ ਅਜਿਹੇ ਲੋਕਾਂ ਨੂੰ ਜ਼ਿੰਮੇਵਾਰੀ ਸੌਂਪ ਕੇ ਪੰਜਾਬ ਦੇ ਕਾਮਰੇਡਾਂ ਨਾਲ ਯਾਰੀ ਨਿਭਾਈ।

ਸਿੱਖ ਕੌਮ ਨਾਲ ਹੋਏ ਵਿਸ਼ਵਾਸਘਾਤ ਅਤੇ ਅਨਿਆਂ ਨੂੰ ਅੱਖੋਂ ਓਹਲੇ ਕਰਨ ਵਾਲੇ ਅਖੌਤੀ ਬੁਧੀਜੀਵੀ ਆਮ ਕਰਕੇ ਪੰਜਾਬ ਅਤੇ ਖਾਸ ਤੌਰ 'ਤੇ ਸਿੱਖਾਂ ਨਾਲ ਹੋਏ ਅਣ-ਮਨੁੱਖੀ ਵਰਤਾਰਿਆਂ ਨੂੰ ਭੁਲ ਕੇ, ਖੁਦਗਰਜ਼ੀ, ਈਰਖਾਲੂ ਅਤੇ ਲੋਭੀ ਮਾਨਸਿਕਤਾ ਦਾ ਮੁਜਾਹਰਾ ਕਰ ਰਹੇ ਹਨ। ਅਜਿਹੇ ਲੋਕਾਂ ਨੂੰ ਮਨੁੱਖਤਾ ਨਾਲ ਵਿਸ਼ਵਾਸਘਾਤ ਕਰਨਾ ਚੰਗਾ ਲਗਦਾ ਹੈ। ਜਰਨਲਿਸਟਾਂ ਨੂੰ ਚਾਹੀਦਾ ਹੈ ਕਿ ਕਿਸੇ ਨਾਲ ਸੰਵਾਦ ਰਚਾਉਣ ਵੇਲੇ ਹਰ ਸੱਚਾਈ ਨੂੰ ਸਾਹਮਣੇ ਲਿਆਵੇ ਅਤੇ ਸਹੀ ਜਾਂ ਗਲਤ ਦਾ ਨਿਤਾਰਾ ਜਨਤਾ ਉਪਰ ਛੱਡ ਦੇਵੇ, ਪਰ ਇੰਜ ਨਹੀਂ ਕੀਤਾ ਜਾਂਦਾ। ਕਿਸੇ ਸਿਆਸੀ ਸ਼ਖਸੀਅਤ ਨਾਲ ਬਾਤ-ਚੀਤ ਕਰਨ ਵੇਲੇ ਉਸ ਦੇ ਵਿਚਾਰ ਬੜੇ ਵਧਾ ਚੜ੍ਹਾ ਕੇ ਲਿਖੇ ਜਾਂਦੇ ਹਨ ਪਰ ਇਹ ਸੁਆਲ ਕੋਈ ਨਹੀਂ ਪੁੱਛਿਆ ਜਾਂਦਾ ਕਿ ਇਨ੍ਹਾਂ ਯੋਜਨਾਵਾਂ ਨੂੰ ਸਿਰੇ ਚਾੜ੍ਹਨ ਲਈ ਜਿਨ੍ਹਾਂ ਦੀ ਜ਼ਿੰਮੇਵਾਰੀ ਹੈ, ਉਹ ਇਸ ਕੰਮ ਨੂੰ ਸੁਹਿਰਦਤਾ ਨਾਲ ਸਿਰੇ ਚਾੜ੍ਹਨਯੋਗ ਅਤੇ ਇਮਾਨਦਾਰ ਹਨ ਵੀ ਜਾਂ ਨਹੀਂ।

ਗੱਲਬਾਤ ਦੇ ਸੰਦਰਭ ਵਿਚ ਜੋ ਆਖਰੀ ਪ੍ਰਸ਼ਨ ਗੁਰਦਿਆਲ ਸਿੰਘ ਬਲ ਨੇ ਜੇ ਐਸ ਗਰੇਵਾਲ ਤੋਂ ਪੁੱਛਿਆ, ਉਸ ਦੇ ਜਵਾਬ ਤੋਂ ਹੀ ਇਸ ਦੀ ਈਰਖਾਲੂ ਸੌੜੀ ਸੋਚ ਸਾਫ ਦਿਖਾਈ ਦਿੰਦੀ ਹੈ। ਇਸ ਨੂੰ ਹਰਿੰਦਰ ਸਿੰਘ ਮਹਿਬੂਬ ਨੂੰ ਮਿਲੇ ਸਾਹਿਤ ਅਕੈਡਮੀ ਅਵਾਰਡ ਜਾਂ ਇੰਡੀਆ ਗੌਰਮਿੰਟ ਵਲੋਂ ਮਹਿਬੂਬ ਦੀ ਲਿਖੀ 'ਝਨਾਂ ਦੀ ਰਾਤ' ਪੁਸਤਕ ਨੂੰ ਪ੍ਰਕਾਸ਼ਿਤ ਕਰਨ ਤੇ ਲੱਗੀ ਰੋਕ ਦੀ ਵੀ ਜਾਣਕਾਰੀ ਨਹੀਂ। ਸ਼ਾਇਦ ਉਸ ਵੇਲੇ ਗਰੇਵਾਲ ਰੂਪੋਸ਼ ਹੋ ਗਿਆ ਹੋਵੇ।

ਅੰਤ ਵਿਚ ਲੇਖਕਾਂ, ਪੱਤਰਕਾਰਾਂ ਅਤੇ ਪ੍ਰਸਾਰਣ ਮੀਡੀਏ ਵਿਚ ਕੰਮ ਕਰਦੇ ਲੋਕਾਂ ਨੂੰ ਬੇਨਤੀ ਹੈ ਕਿ ਸਰਮਾਏਦਾਰਾਂ ਦੀਆਂ ਕਠਪੁਤਲੀਆਂ ਬਣ ਕੇ ਗਰੀਬ ਜਨਤਾ ਦੇ ਹੁੰਦੇ ਘਾਣ ਵਿਚ ਹਿੱਸਾ ਨਾ ਪਾਓ।

*-ਗੁਰਚਰਨ ਸਿੰਘ ਗਿੱਲ,*
*ਚੈਸਟਰਫੀਲਡ,*
*ਵਰਜੀਨੀਆ।*

# ਮੇਰੀ ਨਗਰੀ ਵਿਚ ਹਰੇ! ਹਰੇ!!

## ਇੰਨੀ ਕੁ ਬਾਤ



ਬਲਜੀਤ ਬਾਸੀ
ਫੋਨ: 734-454-4958


ਮੈਂ ਜਿੰਨਾ ਚਿਰ ਆਪਣੇ ਪਿੰਡ ਰਿਹਾ, ਹਰ ਸਾਲ ਪਿੰਡ 'ਚ ਲਗਦੇ ਦੁਸਹਿਰੇ ਦਾ ਮੇਲਾ ਜ਼ਰੂਰ ਦੇਖਣ ਜਾਂਦਾ। ਇਸ ਤੋਂ ਬਿਨਾਂ ਹੋਰ ਕਿਸੇ ਮੇਲੇ ਜਾਣਾ ਮੈਨੂੰ ਕਦੇ ਨਸੀਬ ਨਾ ਹੋਇਆ। ਹਰ ਵਾਰ ਹੁਮਹੁਮਾ ਕੇ ਰਾਮਲੀਲਾ ਵਾਲੇ ਖੱਤਿਆਂ ਚ ਪਹੁੰਚਣਾ ਪਰ ਜਾ ਕੇ ਪਤਾ ਲੱਗਣਾ, ਬੱਸ ਫਿਰ ਓਹੀ ਰਾਮ ਕਹਾਣੀ, ਓਹੀ ਪੀਲੇ ਵਸਤਰ ਪਾਈ ਟਪੂਸੀਆਂ ਮਾਰਦੇ ਹਨੂਮਾਨ, ਕਾਲੇ ਕਪੜਿਆਂ ਵਾਲੀ ਰਾਵਣ ਸੈਨਾ, ਮੱਖੀਆਂ ਵਾਲੇ ਪਕੌੜੇ ਤੇ ਕਚਾਲੂ, ਲੱਡੂ ਤੇ ਜਲੇਬੀਆਂ, ਬਾਲਟੀ 'ਚ ਸਿੱਕਾ-ਸੁੱਟ ਲੈਟਰੀ ਤੇ ਲੱਕੜ ਦੇ ਚਲੀਘੜੇ, ਪੀਪਨੀਆਂ ਤੇ ਅਲਗੋਜ਼ੇ, ਕਿੱਸੇ ਤੇ ਕਲੰਡਰ, ਭੂੰਪੜੇ ਤੇ ਡਿਬਡਿਬਾਂ, ਗੱਟਾਪਾਰਚਾ ਤੇ ਮਿੱਟੀ ਘੱਟਾ। ਹਾਂ, ਡਰਾਵਣੇ ਦਹਿਸਰ ਦੀ ਠੋਡੀ ਭਾਵੇਂ ਓਨੀ ਹੀ ਲੰਮੀ ਹੁੰਦੀ ਸੀ ਪਰ ਹਰ ਸਾਲ ਏਹ ਚਰਚਾ ਜ਼ਰੂਰ ਹੁੰਦੀ ਸੀ ਪਈ ਐਸ ਵਾਰ ਦੁਸਹਿਰਾ ਕਰਾਉਣ ਵਾਲੇ ਨੇ ਦਹਿਸਰਾਂ 'ਚ ਬਰੂਦ ਦਿਲ ਖੋਲ੍ਹ ਕੇ ਪੁਆਇਆ ਹੈ। ਜੇ ਪਿਛਲੇ ਸਾਲ ਮਣ ਪੱਕਾ ਸੀ ਤਾਂ ਇਸ ਵਾਰ ਸਵਾ ਮਣ ਹੈ। ਡਰਦਿਆਂ ਨੇ ਕਿ ਕਿਤੇ ਕੰਨ ਹੀ ਨਾ ਪਾਟ ਜਾਣ, ਦਹਿਸਰਾਂ ਨੂੰ ਅੱਗ ਲੱਗਣ ਸਮੇਂ ਕੰਨ ਘੁਟ ਕੇ ਬੰਦ ਕਰ ਲੈਣੇ- ਬਾਅਦ ਵਿਚ ਦੂਜਿਆਂ ਤੋਂ ਪੁਛਣਾ ਕਿ ਖੜਕਾ ਕਿੰਨਾ ਕੁ ਹੋਇਆ ਸੀ। ਘੁਟ ਪੀਣ ਜੋਗੇ ਹੋਏ ਤਾਂ ਪਿੜ ਦੀ ਕਿਸੇ ਬਾਹੀ 'ਚ ਬਹਿ ਕੇ ਮੇਲਾ ਦੇਖਣ ਦੀ ਬਜਾਏ ਅੱਖਾਂ ਦੇ ਸ਼ੌਕ ਫਰਮਾਉਣ ਲਈ ਗੇੜੀ ਦੇਣ ਲੱਗ ਪਏ। ਇਹ ਸ਼ਾਇਦ ਅਰਸਤੂ ਹੈ ਜਿਸਨੇ ਸਮਝਾਇਆ ਸੀ ਕਿ ਪਹਿਲੀ ਵਾਰ ਤਾਂ ਅਸੀਂ ਨਾਟਕ ਉਤਸੁਕਤਾ ਵੱਸ ਦੇਖਦੇ ਹਾਂ, ਹੁਣ ਕੀ ਹੋਵੇਗਾ ਦੇ ਕਿਆਫ਼ੇ ਲਾਉਂਦੇ ਰੌਂਗਟੇ ਖੜੇ ਕਰੀ ਰਖਦੇ ਹਾਂ, ਇਸ ਤੋਂ ਪਿਛੋਂ ਜਿੰਨੀ ਵਾਰੀ ਵੀ ਨਾਟਕ ਦੇਖੀਦਾ ਹੈ, ਬੱਸ ਪਿਛਲੀ ਵਾਰੀ ਆਏ ਸਵਾਦ ਦੀ ਉਡੀਕ ਕਰੀ ਜਾਈਦੀ ਹੈ। ਹੁਲਾਰੇ ਭਰਿਆ ਸਨਸਨੀਖੇਜ਼ ਸੀਨ ਆਉਣ ਲਗੇ ਸਹੀ, ਪਹਿਲਾਂ ਹੀ ਟਪੂੰ ਟਪੂੰ ਕਰਨ ਲੱਗ ਪੈਂਦੇ ਹਾਂ। ਪਹਿਲਾਂ ਦੇਖੀ ਚੀਜ਼ ਦਾ ਨਵਿਆਂ ਨੂੰ ਦੱਸਣ ਨਾਲ ਪੈਂਦਾ ਰੁਹਬ ਵਖਰੀ ਪ੍ਰਾਪਤੀ ਹੈ।

ਭਾਵੇਂ ਭਾਰਤੀ ਮੇਲਿਆਂ ਪਿਛੇ ਕੋਈ ਨਾ ਕੋਈ ਈਸ਼ਵਰੀ ਲਕਸ਼ ਕਾਰਜਸ਼ੀਲ ਹੁੰਦਾ ਹੈ ਪਰ ਦੁਨਿਆਵੀ ਤੌਰ 'ਤੇ ਤਾਂ ਇਨ੍ਹਾਂ ਨੂੰ ਬੰਦਿਆਂ ਦੇ ਮਿਲਣ ਦਾ ਹੀ ਸਬੱਬ ਕਿਹਾ ਜਾਂਦਾ ਹੈ। ਇਸ ਹਿਸਾਬ ਨਾਲ ਭਾਰਤ ਵਿਚ ਤਾਂ ਹਰ ਵੇਲੇ ਹਰ ਥਾਂ ਮੇਲਾ ਹੀ ਮੇਲਾ ਹੈ। ਕੋਈ ਵੀ ਸੜਕ, ਗਲੀ, ਬਾਜ਼ਾਰ, ਚੌਕ, ਮੋੜ, ਅੱਡਾ, ਸੱਥ ਮੇਲੇ ਦਾ ਭਰਪੂਰ ਦ੍ਰਿਸ਼ ਹੈ। ਭਾਰਤੀ ਸਭਿਆਚਾਰ ਵਿਚ ਇਕ ਦੂਜੇ ਨੂੰ ਮਿਲਣ ਦਾ ਏਨਾ ਮਹਾਤਮ ਹੈ ਕਿ ਬਾਹਾਂ ਆਕੜੀਆਂ ਹੀ ਰਹਿੰਦੀਆਂ ਹਨ। ਪੰਜਾਬੀ ਨੂੰ ਤਾਂ ਮਰਨ ਲੱਗੇ ਵੀ ਕੋਈ ਦੂਰੋਂ ਮਿਲਣ ਆ ਜਾਵੇ, ਕਹਿ ਦਿੰਦਾ, "ਚਲੋ ਮੇਲਾ ਹੋ ਗਿਆ।" ਫਿਰ ਲਗਦੇ ਮੇਲਿਆਂ 'ਚ ਏਨੀ ਭੀੜ ਹੋ ਜਾਂਦੀ ਹੈ ਕਿ ਬੰਦੇ 'ਤੇ ਬੰਦਾ ਚੜ੍ਹਿਆ ਹੁੰਦਾ ਹੈ, ਭਗਦੜ ਮਚ ਜਾਂਦੀ ਹੈ, ਕਈ ਵਾਰੀ ਸੈਂਕੜੇ ਬੰਦੇ ਇਕ ਦੂਜੇ ਦੇ ਹੇਠਾਂ ਆ ਕੇ ਦਮ ਤੋੜ ਦਿੰਦੇ ਹਨ। ਏਨੀਆਂ ਜਾਨਾਂ ਗੁਆ ਕੇ ਵੀ ਭਾਰਤੀ ਲੋਕਾਂ ਦੀ ਮੇਲੇ ਗੇਲੇ ਦੀ ਭੁਖ ਨਹੀਂ ਮਿਟਦੀ।

ਏਧਰ ਇਨ੍ਹਾਂ ਮੁਲਕਾਂ ਦੇ ਲੋਕ ਮੇਲਿਆਂ ਗੇਲਿਆਂ ਦੇ ਕਾਇਲ ਨਹੀਂ ਭਾਵੇਂ ਉਹ ਵਿਅਕਤੀਗਤ ਮੌਜ-ਮੇਲੇ ਦੇ ਸ਼ਾਇਦ ਸਭ ਤੋਂ ਵਧ ਸ਼ੌਕੀਨ ਹਨ। ਉਹ ਭੀੜ ਵਿਚ ਵੀ ਕੱਲੇ ਰਹਿਣ ਗਿਝੇ ਹੋਏ ਹਨ। ਮੈਂ 1997 'ਚ ਪਹਿਲੀ ਵਾਰੀ ਦਰਸ਼ਕ ਵਜੋਂ ਏਧਰ ਆਇਆ। ਕਿਸੇ ਥਾਂ 'ਤੇ ਜਾਣਾ ਸੀ। ਮੇਰੀ ਬਹੁਤ ਚਿਰ ਪਹਿਲਾਂ ਤੋਂ ਏਧਰ ਵਸਦੀ ਭਤੀਜੀ ਕਹਿੰਦੀ, ਚਲੋ ਮੈਂ ਨਾਲ ਚੱਲਦੀ ਹਾਂ, ਮੇਰੀ ਓਧਰ ਇਕ ਗੋਰੀ ਫਰੈਂਡ ਰਹਿੰਦੀ ਹੈ, ਨਾਲੇ ਉਸ ਨੂੰ ਮਿਲ ਲਵਾਂਗੇ। ਕੰਮ ਹੋਣ ਪਿਛੋਂ ਉਸ ਦੇ ਘਰ ਦੇ ਬੂਹੇ ਅੱਗੇ ਘੰਟੀ ਮਾਰੀ। ਉਹ ਭਲੀਮਾਣਸ ਵੀਹ ਮਿੰਟ ਸਾਡੇ ਨਾਲ ਬਾਹਰ ਖੜੀ ਖੜੀ ਹੱਸ ਹੱਸ ਗੱਲਾਂ ਕਰਦੀ ਰਹੀ ਪਰ ਅੰਦਰ ਸੱਦ ਕੇ ਮੇਲਾ ਗੇਲਾ ਕਰਨਾ ਗਵਾਰਾ ਨਹੀਂ ਸਮਝਿਆ। ਭਤੀਜੀ ਵਿਚਾਰੀ ਕੱਚੀ ਜਿਹੀ ਹੋ ਗਈ। ਐਪਰ ਸਾਡੇ ਲੋਕਾਂ ਦਾ ਇਹ ਹਾਲ ਹੈ ਕਿ ਅਸੀਂ ਦਸਤਕ ਦੇਣ ਵਾਲੇ ਦੀ ਬਾਂਹ ਧੂਹ ਕੇ ਅੰਦਰ ਸੁੱਟਣ ਨੂੰ ਫਿਰਦੇ ਹਾਂ। ਮੈਂ ਕੰਨਾਂ ਨੂੰ ਹੱਥ ਲਾਏ, ਕਿਸੇ ਘੰਟੀ ਖੜਕਾਉਂਦੇ ਗੋਰੇ ਨੂੰ ਕਦੇ ਅੰਦਰ ਨਹੀਂ ਵਾੜਨਾ।

ਹਾਂ, ਮੇਲੇ ਏਧਰ ਵੀ ਬਥੇਰੇ ਲਗਦੇ ਹਨ, ਤਾਂ ਹੀ ਤਾਂ ਪਤਾ ਲਗਦਾ ਹੈ ਕਿ ਏਥੇ ਵੀ ਸੁਖ ਨਾਲ ਬਥੇਰੀ ਮਨੁਖਤਾ ਵਸਦੀ ਹੈ। ਪਰ ਏਥੇ ਲੋਕ ਮੇਲਾ ਗੇਲਾ ਨਹੀਂ ਮਨਾਉਂਦੇ ਬਲਕਿ ਮੌਜ ਮੇਲਾ ਕਰਨ ਜਾਂਦੇ ਹਨ। ਇਨ੍ਹਾਂ ਦੇ ਮੇਲਿਆਂ ਦੇ ਪਿੱਛੇ ਪਦਾਰਥਕ/ਵਪਾਰਕ ਰੁਚੀ ਕਾਰਜਸ਼ੀਲ ਹੁੰਦੀ ਹੈ ਜਿਸ ਦਾ ਮਕਸਦ ਦੁਕਾਨਦਾਰ ਦਾ ਗਾਹਕ ਨਾਲ ਮੇਲਾ ਹੈ। ਇਹ ਮੇਲੇ ਮੂਲ ਰੂਪ ਵਿਚ ਧੂੰਮ ਧੜੱਕੇ ਤੇ ਚਕਾਚੌਂਧ ਨਾਲ ਸੌਦਾ ਵੇਚਣ ਲਈ ਲਗਦੇ ਹਨ- ਅੰਗਰੇਜ਼ੀ ਸ਼ਬਦ 'ਫੇਅਰ' ਦਾ ਮੂਲ ਅਰਥ ਹੀ ਮਾਰਕਿਟ ਹੈ।

ਮੇਰੇ ਨਿੱਕੇ ਸ਼ਹਿਰ ਪਲਿਮਥ ਵਿਚ ਹਰ ਸਾਲ ਤਿੰਨ ਵੱਡੇ ਮੇਲੇ ਲਗਦੇ ਹਨ, ਤੇ ਇਹ ਮੇਲੇ ਹੀ ਅਜਿਹਾ ਸਬੱਬ ਹਨ ਜਿਥੇ ਅਮਰੀਕੀ ਜਨਤਾ ਦੇ ਥੋਕ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਇਸ ਮਹੀਨੇ ਯਾਨਿ ਮਈ ਵਿਚ ਗਰੀਨ ਸਟਰੀਟ ਮੇਲਾ, ਜੁਲਾਈ ਵਿਚ ਕਲਾ ਮੇਲਾ ਤੇ ਦਸੰਬਰ ਵਿਚ ਬਰਫ ਦੀਆਂ ਮੂਰਤੀਆਂ ਦਾ ਮੇਲਾ। ਇਸ ਸ਼ਹਿਰ ਵਿਚ ਜਦ ਦਾ ਆਇਆ ਹਾਂ, ਕੋਈ ਮੇਲਾ ਨਹੀਂ ਛੱਡਿਆ। ਡਾਊਨ ਟਾਊਨ ਤਾਂ ਮੇਰੀ ਰਿਹਾਇਸ਼ ਤੋਂ ਥੀਮ ਦੀ ਮਾਰ ਹੈ। ਇਸ ਵਾਰ ਦਸੰਬਰ ਦੇ ਅਖੀਰ ਬਰਫਬਾਰੀ ਦੇ ਦਿਨਾਂ 'ਚ ਲਗਦਾ ਬਰਫ ਦੀਆਂ ਮੂਰਤੀਆਂ ਦਾ ਮੇਲਾ ਦੇਖਣ ਜਾਣਾ ਸੀ। ਪਰ ਗਲੋਬਲ ਵਾਰਮਿੰਗ ਦੀ ਐਸੀ ਕਰੋਪੀ ਹੋਈ ਕਿ ਜਿਸ ਦਿਨ ਸਾਡਾ ਪ੍ਰੋਗਰਾਮ ਬਣਿਆ, ਅਚਾਨਕ ਤਾਪਮਾਨ ਖਾਸਾ ਉਤਾਂਹ ਚੜ੍ਹ ਗਿਆ। ਚੜ੍ਹੇ ਹੋਏ ਤਾਪਮਾਨ ਨੇ ਬਰਫ ਦੀਆਂ ਮੂਰਤੀਆਂ ਦੀ ਵਜਾ-ਕਤਾ ਹੀ ਬਦਲ ਕੇ ਰਖ ਦਿੱਤੀ। ਸਾਰੀਆਂ ਮੂਰਤੀਆਂ ਦਾ ਪੋਟਾ ਪੋਟਾ ਖੁਰ ਰਿਹਾ ਸੀ ਤੇ ਜ਼ਾਰ ਜ਼ਾਰ ਰੋ ਰਹੇ ਸਨ ਉਨ੍ਹਾਂ ਦੇ ਨੈਣ ਨਕਸ਼। ਇਕ ਦਾ ਨੱਕ ਚੋਅ ਚੋਅ ਕੇ ਗੋਡੇ ਨੂੰ ਲੱਗਾ ਪਿਆ ਸੀ, ਦੂਜੇ ਦੀ ਗਰਦਨ ਢਿਲਕ ਗਈ ਸੀ। ਈਸਾ ਸਲੀਬ ਤੋਂ ਮੁਕਤ ਹੋ ਗਿਆ ਸੀ। ਅਮਰੀਕੀ ਗਿਰਝ ਡੈਣ ਲੱਗ ਰਹੀ ਸੀ। ਇਕ ਬੱਚਾ, ਪਤਾ ਨਹੀਂ ਪਿਘਲ ਰਹੀ ਵੱਡੀ ਸਾਰੀ ਆਈਸ ਕਰੀਮ ਦੇ ਭੁਲੇਖੇ, ਇਕ ਮੂਰਤੀ ਨੂੰ ਚੱਟਣ ਹੀ ਲੱਗ ਪਿਆ। ਮੂੰਹ ਨਾ ਮੱਥਾ ਜਿੰਨ ਪਹਾੜੋਂ ਲੱਥਾ ਵਾਲੀ ਗੱਲ ਬਣੀ ਪਈ ਸੀ। ਟੱਬਰ-ਟੀਹਰ ਮੈਨੂੰ ਚਿੜ੍ਹਾਉਣ ਲੱਗ ਪਿਆ, "ਆਹ ਭੂਤਨੀਆਂ ਜਿਹੀਆਂ ਦਿਖਾਉਣ ਲਿਆਏ ਸਾਨੂੰ?" ਮੈਂ ਝਿੜਕ ਕੇ ਚੁਪ ਕਰਾਇਆ, ਤੁਹਾਨੂੰ ਪਤਾ ਨਹੀਂ, ਸਾਰੀ ਦੁਨੀਆ ਚ ਹਾਹਾਕਾਰ ਮਚੀ ਪਈ ਹੈ, ਸ੍ਰਿਸ਼ਟੀ ਗਰਮ ਹੋਣ ਡਹੀ ਹੈ, ਅਜੇ ਤਾਂ ਬਰਫ ਦੇ ਬੁੱਤ ਹੀ ਪਿਘਲ ਰਹੇ, ਕਲ੍ਹ ਨੂੰ ਬੰਦਿਆਂ ਨੇ ਤਾਂ ਫੂਕੇ ਹੀ ਜਾਣਾ ਹੈ, ਕੁਝ ਸ਼ਰਮ ਹਯਾ ਹੈ ਤੁਹਾਨੂੰ। ਉਹ ਦਹਿਲ ਗਏ। ਮੈਂ ਆਪਣੇ ਆਪ ਨੂੰ ਸ਼ਾਬਾਸ਼ੇ ਦਿੱਤੀ, ਮੈਂ ਵੀ ਕਦੇ ਮਹੈਣ ਨੂੰ ਚੁੱਪ ਕਰਾ ਸਕਿਆ।




ਇਸ ਵੀਕ ਐਂਡ ਦਾ ਮੇਲਾ ਤਾਂ ਸੀ ਹੀ ਗਲੋਬਲ ਵਾਰਮਿੰਗ ਦੀ ਜਾਗ੍ਰਿਤੀ ਬਾਰੇ ਜਿਸ ਨੂੰ ਅੰਗਰੇਜ਼ ਲੋਕ 'ਗੋ ਗਰੀਨ' ਕਹਿੰਦੇ ਹਨ। ਭਾਸ਼ਾ ਵਿਚ ਉਚੇਚੀ ਦਿਲਚਸਪੀ ਹੋਣ ਕਰਕੇ ਮੈਂ ਸੋਚਣ ਲੱਗਾ, ਅੰਗਰੇਜ਼ੀ 'ਚ ਕਿੰਨੀ ਲਚਕ ਪੈਦਾ ਹੋ ਗਈ ਹੈ, ਅੰਗਰੇਜ਼ੀ ਵਾਲੇ ਝਟ ਮੁਹਾਵਰੇ, ਉਕਤੀਆਂ, ਯੁਗਮ ਘੜ ਲੈਂਦੇ ਹਨ। ਇਸ ਭਾਸ਼ਾ ਦੇ ਗਰੀਨ ਸ਼ਬਦ ਨੇ ਤਾਂ ਬਹੁਤ ਕੁਝ ਆਪਣੇ ਕਲੇਵਰ ਵਿਚ ਲੈ ਲਿਆ ਹੈ। ਵਾਤਾਵਰਣ ਨੂੰ ਗਰਮੀ ਤੇ ਪ੍ਰਦੂਸ਼ਣ ਦੇ ਕਹਿਰ ਤੋਂ ਬਚਾ ਕੇ ਸੁੱਚੇ ਕਰਨ ਦੀ ਵਿਆਪਕ ਸਮਾਜਕ ਲਹਿਰ ਤੇ ਗੰਭੀਰ ਦਰਸ਼ਨ ਦੇ ਅਰਥ ਇਸ ਵਿਚ ਸਮਾ ਗਏ ਹਨ। ਹੁਣ ਤਾਂ ਇਸ ਗਰੀਨ ਦੀਆਂ ਅੱਗੋਂ ਹੋਰ ਵੰਨਗੀਆਂ ਵੀ ਹੋ ਗਈਆਂ ਹਨ: ਲਾਈਟ ਗਰੀਨ (ਹਲਕੇ ਹਰੇ), ਡਾਰਕ ਗਰੀਨ (ਗੂੜ੍ਹੇ ਹਰੇ) ਤੇ ਬਰਾਈਟ ਗਰੀਨ (ਚਮਕੀਲੇ ਹਰੇ)। ਹਲਕੇ ਹਰੇ ਬਹੁਤੀ ਗਹਿਗੱਚ ਰਾਜਸੀ ਸਰਗਰਮੀ ਦੇ ਕਾਇਲ ਨਹੀਂ। ਜੀਵਨ ਜਾਚ ਵਿਚ ਹਰਿਆਈ ਦੀ ਰੇਖ ਮਾਰ ਦੇਵੋ, ਵਾਤਾਵਰਣ ਆਪੇ ਕਾਇਮੋ-ਕਾਇਮ। ਮਸਲਨ ਸਾਦਾ ਆਰਗੈਨਿਕ ਭੋਜਨ ਖਾਓ, ਸਾਬਣ ਸੋਡੇ ਨਾਲ ਕਪੜੇ ਧੋਵੋ ਤੇ ਥਾਪੀ ਨਾਲ ਕੁੱਟ ਕੇ ਧੁਪੇ ਸੁਕਣੇ ਪਾ ਦਿਓ। ਸਾਡੇ ਫਰੀਦ ਸਾਹਿਬ ਤਾਂ ਇਸ ਪੱਖੋਂ ਬਾਹਲਾ ਅੱਗੇ ਨਿਕਲ ਗਏ ਹਨ: ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ। ਅਜਿਹਾ ਹੋਣ ਲੱਗੇ ਤਾਂ ਵਾਤਾਵਰਣ ਦਾ ਕੋਈ ਕੀ ਵਿਗਾੜ ਸਕਦਾ ਹੈ?

ਗੂੜ੍ਹੇ ਹਰਿਆਂ ਦਾ ਕਹਿਣਾ ਹੈ ਕਿ ਧਰਤੀ ਦੇ ਗਰਮ ਹੋਣ ਜਿਹੀਆਂ ਸਮੱਸਿਆਵਾਂ ਉਦਯੋਗਕ ਪੂੰਜੀਵਾਦ ਨੇ ਪੈਦਾ ਕੀਤੀਆਂ ਹਨ ਤੇ ਇਨ੍ਹਾਂ ਦਾ ਹੱਲ ਪਦਾਰਥਵਾਦੀ ਰੁਚੀਆਂ ਦੇ ਤਿਆਗਣ ਨਾਲ ਹੋ ਸਕੇਗਾ। ਚਮਕੀਲੇ ਹਰੇ ਸਿਰਫ ਰਾਜਸੀ ਤਬਦੀਲੀ ਤੋਂ ਅੱਗੇ ਜਾਂਦੇ ਹਨ। ਉਨ੍ਹਾਂ ਅਨੁਸਾਰ ਵਰਤਮਾਨ ਰਾਜਸੀ ਆਰਥਕ ਸੰਬੰਧਾਂ ਨੂੰ ਸੁਧਾਰ ਕੇ ਨਵੀਆਂ ਤਕਨੀਕੀ ਖੋਜਾਂ ਨਾਲ ਵਾਤਾਵਰਣ ਵਿਚ ਤਬਦੀਲੀ ਲਿਆਂਦੀ ਜਾ ਸਕਦੀ ਹੈ। ਅਜੇ ਪਤਾ ਨਹੀਂ ਗਰੀਨ ਦੀਆਂ ਹੋਰ ਕਿੰਨੀਆਂ ਸ਼ੇਡਾਂ ਹੋਣੀਆਂ ਹਨ।

ਅੰਗਰੇਜ਼ੀ ਵਿਚ ਗਰੀਨ ਦੀ ਲਹਿਰ ਬਹਿਰ ਦੇਖ ਕੇ ਮੈਨੂੰ ਪੰਜਾਬੀ ਦੀ ਵੀਰਾਨਗੀ 'ਤੇ ਕਸ਼ਟ ਹੋਇਆ। ਮੈਨੂੰ 'ਗੋ ਗਰੀਨ' ਨੂੰ ਪੰਜਾਬੀ 'ਚ ਦੱਸਣ ਲਈ ਕੁਝ ਨਹੀਂ ਸੀ ਸੁਝਦਾ। ਮੈਂ ਸਿਰ ਨਿਵਾ ਕੇ ਸਾਰਾ ਮਾਜਰਾ ਵਿਚਾਰਿਆ ਤੇ ਤੱਤ ਕਢਿਆ ਕਿ ਦੇਸੀ ਭਾਸ਼ਾ 'ਚ ਇਸ ਲਹਿਰ ਦੇ ਗੁਝੇ ਭੇਤ 'ਹਰੇ ਹਰੇ' ਤੋਂ ਬਿਨਾਂ ਹੋਰ ਕੋਈ ਸ਼ਬਦ ਨਹੀਂ ਸਮਝਾ ਸਕਦਾ। ਭਾਰਤੀ ਲੋਕ ਧਾਰਮਕ ਰੁਚੀਆਂ ਵਾਲੇ ਹਨ। ਨਾਲੇ 'ਹਰੇ ਹਰੇ' ਦਾ ਮਤਲਬ ਸਹਿਜੇ ਸਹਿਜੇ ਵੀ ਹੁੰਦਾ ਹੈ, ਇਹ ਤੱਤਾ ਤੱਤਾ ਦੇ ਭਾਵਾਂ ਨੂੰ ਜੜੋਂ ਹੀ ਨਕਾਰਦਾ ਹੈ। ਮਧਕਾਲੀ ਹਿੰਦੀ ਭਗਤ ਕਵੀ ਮਲਿਕ ਮਹੰਮਦ ਜਾਇਸੀ ਮੇਰੀ ਪੁਸ਼ਟੀ ਕਰਦਾ ਹੈ:

ਸੂਖੇ ਹਿਯਾ ਹਾਰ ਯਾ ਭਾਰੀ, ਹਰੇ ਹਰੇ ਪ੍ਰਾਨ ਤਜੈ ਸਭ ਨਾਰੀ।

ਖੈਰ ਕੁਝ ਵੀ ਹੋਵੇ, ਕਹਿੰਦੇ ਹਨ ਮੇਲਾ ਫਿਰ ਤੁਰ ਕੇ ਦੇਖਣਾ ਚਾਹੀਦਾ ਹੈ। ਇਸ ਲਈ ਮੈਂ ਘਰੋਂ 'ਹਰੇ ਹਰੇ' ਕਰਦਾ ਮਲਕ ਦੇਣੀ ਝਕਾਨੀ ਦੇ ਕੇ ਕੱਲਾ ਹੀ ਖਿਸਕ ਆਇਆ। ਘਰ ਵਾਲੀ ਦੀਆਂ ਤਾਂ ਮੇਲੇ ਵਿਚ ਲੱਤਾਂ ਦੁਖਣ ਲੱਗ ਜਾਂਦੀਆਂ ਹਨ ਜੋ ਸਿਰਫ਼ ਮੌਲ ਵਿਚ ਜਾ ਕੇ ਹੀ ਠੀਕ ਹੁੰਦੀਆਂ ਹਨ। ਕੱਲੇ ਜਾਣ ਦੇ ਹੋਰ ਵੀ ਇਕ ਦੋ ਕਾਰਨ ਸਨ। ਜੇ ਅੱਖਾਂ ਠੰਡੀਆਂ/ਸਾਵੀਆਂ ਕਰਨੀਆਂ ਹੋਣ ਤਾਂ ਘਰ ਵਾਲੀ ਨੂੰ ਨਾਲ ਨਹੀਂ ਲਿਜਾਣਾ ਚਾਹੀਦਾ। ਨਾਲੇ ਮੈਂ ਅਨੇਕਾਂ ਮਤਭੇਦਾਂ ਦੇ ਬਾਵਜੂਦ ਮੂਲ ਰੂਪ ਵਿਚ 'ਹਰੇ ਹਰੇ' ਲਹਿਰ ਦੇ ਹੱਕ ਵਿਚ ਹਾਂ। ਡਾਊਨ ਟਾਊਨ ਨੂੰ ਚੀਰਦੀ ਸੜਕ ਦੇ ਸਾਰ ਪਾਰ ਜਾਂਦੀਆਂ ਛੇ ਦੀਆਂ ਛੇ ਸੜਕਾਂ ਦੇ ਦੋਵੇਂ ਪਾਸੇ ਸੈਂਕੜੇ ਚਿੱਟੇ ਚਿੱਟੇ ਸਟਾਲਾਂ ਦੀ ਛੌਣੀ ਲੱਗੀ ਹੋਈ ਸੀ। ਮੇਲੇ ਵਿਚੋਂ ਲੰਘਦਿਆਂ ਸਭ ਤੋਂ ਵਧ ਤਕਲੀਫ ਉਦੋਂ ਹੁੰਦੀ ਹੈ ਜਦ ਸਟਾਲਾਂ ਵਾਲੇ ਪਰਚਿਆਂ ਦੇ ਥੱਬੇ ਚੁੱਕੀ ਤੁਹਾਡੇ ਪੇਸ਼ ਹੀ ਪੈ ਜਾਂਦੇ ਹਨ। ਇਸ ਪੱਖੋਂ ਜਲੰਧਰ ਦੇ ਬਾਜ਼ਾਰ ਸ਼ੇਖਾਂ ਦੇ ਬਜਾਜੀਆਂ ਨਾਲੋਂ ਇਹ ਘਟ ਨਹੀਂ। ਮੈਂ ਕਾਗਜ਼ ਤਾਂ ਥਾਵੇਂ ਫੜ ਲਵਾਂ ਪਰ ਹਰੇ ਹਰੇ ਕਰਦਾ ਅੱਖਾਂ ਤੇ ਕੰਨ ਪਰੇ ਪਰੇ ਹੀ ਰੱਖਦਾ ਹਾਂ।

ਮੈਨੂੰ ਸਾਰਾ ਪਤਾ ਸੀ ਕਿ ਕੀ ਕੀ ਆਉਣਾ ਹੈ, ਪਹਿਲੇ ਦੋ ਸਾਲ ਦਾ ਤਜਰਬਾ ਸੀ। ਇਕ ਪਾਸੇ ਨਿਗਾਹ ਮਾਰੀ, ਜੜੀ ਬੂਟੀਆਂ ਤੋਂ ਤਿਆਰ ਦਵਾਈਆਂ ਦੀਆਂ ਸ਼ੀਸ਼ੀਆਂ ਸਜਾਈ ਇਕ ਨੌਜਵਾਨ ਸੁੰਦਰ ਗੋਰੀ, ਜਿਸਨੇ ਆਪਣੇ ਵਾਲ ਕੈਮੀਕਲਾਂ ਵਾਲੇ ਖ਼ਿਜ਼ਾਬ ਲੌਰੀਅਲ ਨਾਲ ਰੰਗੇ ਹੋਏ ਸਨ, ਦਰਸ਼ਕਾਂ ਨੂੰ ਆਪਣੇ ਵਾਲ ਛੰਡ ਛੰਡ ਕੇ ਖਿਚ ਰਹੀ ਸੀ। ਮੈਨੂੰ ਯਾਦ ਆਇਆ, ਪਿਛਲੇ ਸਾਲ ਮੈਂ ਇਸ ਹੁਸੀਨਾ ਦੀਆਂ ਜ਼ੁਲਫਾਂ ਦੇ ਪੇਚਾਂ 'ਚ ਫਸ ਗਿਆ ਸਾਂ। ਮੇਰੇ ਪੈਰਾਂ 'ਤੇ ਕਿੰਨੇ ਸਾਲਾਂ ਤੋਂ ਅਸਾਧ ਚੰਬਲ ਹੋਈ ਪਈ ਹੈ। ਬਥੇਰੇ ਓਹੜ-ਪੋਹੜ ਕਰ ਚੁੱਕਾ ਹਾਂ ਪਰ ਇਹ ਚੰਦਰੀ ਹਟਣ 'ਚ ਨਹੀਂ ਆਉਂਦੀ। ਹੁਸੀਨਾ ਕਹਿੰਦੀ ਇਨ੍ਹਾਂ ਜੜੀ ਬੂਟੀਆਂ ਵਿਚ ਕੁਦਰਤੀ ਇਲਾਜ ਤੇ ਜੀਵਨ ਰਸ ਦੇ ਗੁਣ ਭਰੇ ਹੋਏ ਹਨ। ਮੇਰੀ ਅਜ਼ਮਾਈ ਹੋਈ ਮਲ੍ਹਮ ਸ਼ਰਤੀਆ ਇਲਾਜ ਕਰੇਗੀ। ਮੈਂ ਫੁੰਡਿਆ ਗਿਆ। ਮਲ੍ਹਮ ਦੀ ਸ਼ੀਸ਼ੀ ਖਰੀਦੀ ਤੇ 19.99 ਡਾਲਰ ਲੁਟਾ ਦਿੱਤੇ। ਇਕ ਦੋ ਦਿਨ ਵਰਤਣ ਪਿਛੋਂ ਮਲ੍ਹਮ ਬਹੁਤ ਲੱਗਣ ਲੱਗ ਪਈ। ਆਪਣੇ ਡਾਕਟਰ ਨੂੰ ਫੋਨ ਕੀਤਾ, ਉਹ ਕਹਿੰਦਾ ਤੁਰਤ ਇਹ ਦਵਾਈ ਬੰਦ ਕਰ ਦੇਹ। ਜੜੀ ਬੂਟੀਆਂ ਕਈ ਵਾਰੀ ਬਹੁਤ ਐਲਰਜੀ ਪੈਦਾ ਕਰਦੀਆਂ ਤੇ ਮਰਜ਼ ਨੂੰ ਵਧਾ ਦਿੰਦੀਆਂ ਹਨ। ਮੇਰਾ ਜੀਅ ਕੀਤਾ ਮੈਂ ਉਸ ਜ਼ੁਲਫਾਂ ਵਾਲੀ ਨੂੰ ਉਲਾਂਭਾ ਦੇਵਾਂ ਪਰ ਹੁਸੀਨਾਵਾਂ ਦੇ ਦਿਲ ਕੌਣ ਤੋੜਦਾ ਹੈ? ਮੈਨੂੰ ਪਤਾ ਸੀ ਮੇਜ਼ 'ਤੇ ਜੜੀ ਬੂਟੀਆਂ ਅਤੇ ਸਿਰ 'ਤੇ ਝਲਿਆਂ ਵਾਂਗ ਵਾਲ ਖਿਲਾਰੀ ਹੋਰ ਵੀ ਅਜੇਹੇ ਸੰਨਿਆਸੀ ਦਿਸਣੇ ਹਨ ਪਰ ਮੇਰਾ ਤਰਕ ਇਨ੍ਹਾਂ ਨੂੰ ਰੱਦ ਕਰ ਚੁੱਕਾ ਸੀ। ਖੈਰ ਇਸ ਵਾਰੀ ਮੈਨੂੰ ਯੋਗਾ ਵਾਲਾ ਟੱਕਰ ਗਿਆ। ਯੋਗਾ ਦੇ ਤਾਂ ਮੈਂ ਪਹਿਲਾਂ ਤੋਂ ਹੀ ਖਿਲਾਫ ਹੀ ਨਹੀਂ ਬਲਕਿ ਬਰਖਿਲਾਫ਼ ਹਾਂ। ਮੈਂ ਉਸ ਨੂੰ ਪੁਛਿਆ ਗਲੋਬਲ ਵਾਰਮਿੰਗ ਜਾਂ 'ਹਰੇ ਹਰੇ' ਲਹਿਰ ਦਾ ਯੋਗਾ ਨਾਲ ਸਬੰਧ ਕਿਵੇਂ ਜੁੜਦਾ ਹੈ। ਉਹ ਸਮਝਾਉਣ ਲੱਗਾ ਕਿ ਯੋਗ ਆਸਣ ਬੜੇ ਠੰਡੇ ਠੰਡੇ ਹਨ, ਸਰੀਰ ਗਰਮ ਨਹੀਂ ਹੁੰਦਾ, ਪਸੀਨੇ ਨੇ ਕੀ ਆਉਣਾ ਹੋਇਆ, ਸੋ ਇਸ ਨਾਲ ਵਾਤਾਵਰਣ ਵਿਚ ਠੰਡਕ ਉਪਜਦੀ ਹੈ। ਗਰਮ ਤਸੀਰ ਵਾਲੀਆਂ ਅੰਗਰੇਜ਼ੀ ਦਵਾਈਆਂ ਤਾਂ ਸਰੀਰ ਦੇ ਨਾਲ ਨਾਲ ਵਾਤਾਵਰਣ ਦੇ ਤਾਪਮਾਨ ਨੂੰ ਹੋਰ ਵੀ ਚੁੱਕ ਦਿੰਦੀਆਂ ਹਨ। ਭੇਤ ਵਾਲੀ ਸਾਰੀ ਗੱਲ ਸਮਝ ਆ ਗਈ: ਏਥੇ ਹਰ ਇਕ ਨੇ ਆਪਣੀ ਚੀਜ਼ ਵੇਚਣ ਲਈ ਇਸਦਾ ਸਬੰਧ ਵਿੰਗੇ ਟੇਢੇ ਢੰਗ ਨਾਲ ਹਰਿਆਈ ਜਾਂ ਠੰਡਕ ਨਾਲ ਜੋੜ ਕੇ ਆਪਣਾ ਤੁੱਚ ਲਾਈ ਜਾਣਾ ਹੈ। ਮੇਰੇ ਪਿੱਛੇ 'ਨਿਊ ਯਾਰਕ ਟਾਈਮਜ਼' ਅਖਬਾਰ ਵਾਲਿਆਂ ਨੇ ਚੰਦੇ ਲੈਣ ਲਈ ਸਟਾਲ ਲਾਇਆ ਹੋਇਆ ਸੀ। ਮੈਂ ਉਨ੍ਹਾਂ ਤੋਂ ਏਹੀ ਸਵਾਲ ਪੁਛਿਆ। ਕਹਿੰਦੇ ਸਾਡੀ ਅਖਬਾਰ ਹਰੇ ਹਰੇ ਦੀ ਜਾਗ੍ਰਿਤੀ ਨਮਿਤ ਸਭ ਤੋਂ ਵੱਧ ਲੇਖ ਛਾਪਦੀ ਹੈ।

ਇਕ ਪਾਸੇ ਕਾਰਾਂ ਨੰਗੀਆਂ ਕਰਕੇ ਖੜੇ ਕੁਝ ਬੰਦੇ ਆਪਣੇ ਆਪ ਨੂੰ ਬਹੁਤ ਹੀ ਮਹੱਤਵਾਕਾਂਖੀ ਸਮਝ ਰਹੇ ਸਨ। ਮਿਸ਼ੀਗਨ ਆਰਥਕਤਾ ਦੀ ਜਿੰਦ ਜਾਨ ਕਾਰ ਇੰਡਸਟਰੀ ਦਿਵਾਲੇ ਚੋਂ ਨਿਕਲਣ ਲਈ ਹੱਥ ਪੈਰ ਮਾਰ ਰਹੀ ਹੈ। ਲੋਕ ਸਸਤੀਆਂ ਤੇ ਟਿਕਾਊ ਕਾਰਾਂ ਦੀ ਭਾਲ ਵਿਚ ਹਨ। ਇਹ ਸੱਜਣ ਪੁਰਾਣੀਆਂ ਕਾਰਾਂ ਵਿਚ ਬੈਟਰੀਆਂ ਪਾ ਕੇ ਚਲਾਉਣ ਦੀ ਤਕਨੀਕ ਦਾ ਪ੍ਰਦਰਸ਼ਨ ਕਰ ਰਹੇ ਸਨ। ਕਹਿੰਦੇ ਗੈਸ ਨਾਲ ਨਿਕਲਦੀ ਗੈਸ ਤੋਂ ਵਾਤਾਵਰਣ ਅਸ਼ੁਧ ਤੇ ਗਰਮ ਹੁੰਦਾ ਹੈ, ਸਾਡੀਆਂ ਬੈਟਰੀਆਂ ਠੰਡੇ ਠੰਡੇ ਸਾਰਾ ਕੰਮ ਕਰਦੀਆਂ ਹਨ। ਇਨ੍ਹਾਂ ਬੈਟਰੀ ਵਾਲਿਆਂ ਦਾ ਇੰਜਣ ਦਸ ਹਜ਼ਾਰ ਡਾਲਰ ਦੀ ਭੇਟਾ ਮੰਗਦਾ ਸੀ। ਮੇਰੇ ਮੂੰਹੋਂ ਨਿਕਲਿਆ, "ਹਰੇ! ਹਰੇ! ਹਰੇ!, ਇਹ ਤਾਂ ਬਾਹਲਾ ਮਹਿੰਗਾ ਕੰਮ ਬਈ।" ਧੇਲੇ ਦੀ ਬੁੜੀ ਟਕਾ ਸਿਰ ਮੁਨਾਈ ਵਾਲੀ ਗੱਲ ਸੀ। ਭਾਵੇਂ ਜਤਨ ਕਾਬਲੇ ਤਾਰੀਫ ਸੀ ਪਰ ਆਪਣੇ ਵਿਤੋਂ ਬਾਹਰਾ ਸੀ। ਇਕ ਕੋਨੇ 'ਤੇ ਦੂਰੋਂ ਹੀ ਇਕ ਸਟਾਲ 'ਤੇ ਸਲਵਾਰ-ਕਮੀਜ਼ ਪਾਈ ਪੰਜਾਬਣ ਦਿਸੀ। ਥੋੜਾ ਹੈਰਾਨ ਹੋਇਆ, ਇਨ੍ਹਾਂ ਸਾਰਿਆਂ ਮੇਲਿਆਂ ਵਿਚ ਮੈਂ ਕਦੇ ਆਪਣੇ ਆਪ ਤੋਂ ਸਿਵਾ ਕੋਈ ਦੇਸੀ ਦਰਸ਼ਕ ਨਹੀਂ ਦੇਖਿਆ। ਗੁਜਰਾਤੀ ਫ਼ਿਲਮਾਂ ਦੇਖਦੇ ਹਨ ਜਾਂ ਪਾਈਸੇ ਬਣਨ ਵਾਲੇ ਥਾਂ ਜਾਂਦੇ ਹਨ। ਪੰਜਾਬੀ ਭੰਗੜੇ ਜਾਂ ਕਬੱਡੀ ਦੇ ਸ਼ੌਕੀਨ ਹਨ, ਪੈਹੇ ਨੂੰ ਇਹ ਵੀ ਨਹੀਂ ਛੱਡਦੇ। ਚਲੋ ਆਪਾਂ ਆਪਣਿਆਂ ਦੀ ਬਾਹਲੀ ਨੁਕਤਾਚੀਨੀ ਕੀ ਕਰਨੀ ਹੈ, ਪੰਜਾਬਣ ਭੈਣ ਦੇਖੀਏ ਕਿਵੇਂ 'ਹਰੇ ਹਰੇ' ਦੇ ਗੁੱਲ ਖਿਲਾਉਂਦੀ ਹੈ। ਕੋਲ ਜਾਣ ਦੀ ਲੋੜ ਹੀ ਨਹੀਂ ਪਈ। ਸੜਕ ਦੇ ਦੂਜੇ ਪਾਸਿਓਂ ਦਿਸ ਪਿਆ, ਅਸਲੀ ਹਰੇ ਹਰੇ ਨੂੰ ਤਾਂ ਏਹ ਪ੍ਰਨਾਈ ਹੋਈ ਸੀ: ਇਹ ਭੈਣ ਗੋਰੇ ਗੋਰੇ ਹੱਥਾਂ ਅਤੇ ਹੋਰ ਬੜੇ ਦੂਰ ਤੱਕ ਦੇ ਅੰਗਾਂ ਨੂੰ ਬੜੀ ਰੀਝ ਨਾਲ ਮਹਿੰਦੀ ਲਾ ਰਹੀ ਸੀ। ਮੇਲੇ ਦੇ ਵਿਸ਼ੇ ਨਾਲ ਮਿਲਦਾ ਮਹਿੰਦੀ ਦਾ ਹਰਾ ਰੰਗ ਇਸਦੇ ਰਾਸ ਆਇਆ ਸੀ, ਇਹ ਗੱਲ ਵਖਰੀ ਹੈ ਕਿ ਮਗਰੋਂ ਤਾਂ ਚੰਗਿਆੜੇ ਵਰਗਾ ਲਾਲ ਸੂਹਾ ਰੰਗ ਹੀ ਨਿਕਲਣਾ ਸੀ।

ਜਿਵੇਂ ਕਹਿੰਦੇ ਹਨ ਸਾਵਣ ਦੇ ਅੰਨ੍ਹੇ ਨੂੰ ਸਭ ਹਰਾ ਹੀ ਹਰਾ ਦਿਖਾਈ ਦਿੰਦਾ ਹੈ, ਵਾਤਾਵਰਣ ਬਚਾਉਣ ਦੇ ਅੰਨ੍ਹੇ ਜਨੂਨ 'ਚ ਹਰ ਕੋਈ ਹਰੀਆਂ ਪੁੜੀਆਂ 'ਚ ਹੀ ਆਪਣਾ ਸੌਦਾ ਵੇਚ ਕੇ ਪੈਸੇ ਹਰੇ ਕਰ ਰਿਹਾ ਸੀ। ਕਾਰਪੈਟ ਕਲੀਨਿੰਗ ਹਰੀ, ਕੁਤਿਆਂ ਲਈ ਹਰੇ ਭੋਜਨ, ਹਰੀ ਬਨਸਪਤੀ ਨੂੰ ਹੋਰ ਹਰੀ ਉਗਾਉਣ ਲਈ ਹਰੀਆਂ ਖਾਦਾਂ, ਸਿਹਤ ਬਣਾਉਣ ਲਈ ਪੁੰਗਰਾਏ ਬੀਜਾਂ ਦੀਆਂ ਹਰੀਆਂ ਕਰੂੰਬਲਾਂ, ਹਰੀਆਂ ਟਾਹਣੀਆਂ ਤੋਂ ਬਣਿਆ ਹਰਾ ਫਰਨੀਚਰ। ਹਰ ਪਾਸੇ ਹਰੇ ਦੀ ਐਸੀ ਦੀ ਤੈਸੀ ਕੀਤੀ ਪਈ ਸੀ। ਹਰ ਉਹ ਵਸਤੂ, ਭੋਜਨ, ਸੰਕਲਪ, ਕਰਮ ਭਾਵੇਂ ਕਿਸੇ ਵੀ ਰੰਗ ਚ ਰੰਗਿਆ ਹੋਵੇ, ਜੇ ਉਸਨੂੰ ਹਰੇ ਹਰੇ ਦੀ ਪੁੱਠ ਦਿੱਤੀ ਜਾ ਸਕਦੀ ਹੈ ਤਾਂ ਉਹ ਹਰਾ ਹੈ। ਮੁਨਾਫੇਖੋਰ ਰੁਚੀਆਂ ਹਰ ਲਹਿਰ ਨੂੰ ਆਪਣੇ ਲਾਭ ਲਈ ਵਰਤ ਲੈਂਦੀਆਂ ਹਨ। ਗਲੋਬਲ ਪੂੰਜੀਵਾਦ ਮਿਹਨਤੀ ਦੀ ਲੁੱਟ-ਖਸੁੱਟ ਤਾਂ ਕਰਦਾ ਹੀ ਹੈ, ਨਾਲ ਧਰਤੀ ਦੇ ਵਸੀਲਿਆਂ ਦਾ ਵੀ ਰੱਜ ਕੇ ਘਾਣ ਕਰਦਾ ਹੈ। ਅੱਜ "ਧਰਤੀ ਜੇਡ ਗਰੀਬ ਨਾ ਕੋਈ" ਦੀ ਸੱਚਾਈ ਇਕ ਨਵੇਂ ਅਰਥਾਂ ਵਿਚ ਸਾਹਮਣੇ ਆ ਰਹੀ ਹੈ। ਪੂੰਜੀਵਾਦੀ ਪ੍ਰਬੰਧ ਹਮੇਸ਼ਾ ਬੇਤਹਾਸ਼ਾ ਵਸਤਾਂ ਬਣਾ ਬਣਾ ਸੁੱਟੀ ਜਾਂਦਾ ਹੈ। ਇਸ ਨੇ ਤੇਲ ਤੇ ਹੋਰ ਵਸੀਲਿਆਂ ਦੀ ਘਣੀ ਵਰਤੋਂ ਕਰਕੇ ਵਾਤਾਵਰਣ ਵਿਚ ਅਸੰਤੁਲਨ ਪੈਦਾ ਕਰ ਦਿੱਤਾ। ਹਰੇ ਹਰੇ ਦੀ ਭਾਵੇਂ ਹਨੇਰੀ ਝੁੱਲ ਜਾਵੇ, ਇਸ ਦਾ ਖਾਸਾ ਨਹੀਂ ਬਦਲਣਾ। ਇਸਨੇ 'ਗੋ ਗਰੀਨ' ਨੂੰ ਆਪਣੀ ਹੀ ਸੇਧ ਵਿਚ ਲੈ ਜਾਣਾ ਹੈ। ਪੂੰਜੀਵਾਦ ਦੇ ਅੰਨ੍ਹੇ ਪਰਵੇਗ ਵਿਚ ਹਰ ਉਸ ਚੀਜ਼ ਦਾ ਹੜ ਲਿਆਂਦਾ ਜਾਣ ਲੱਗੇਗਾ ਜਿਹੜੀ ਯਥਾਰਥਕ ਜਾਂ ਮਿਥਿਅਕ ਤੌਰ 'ਤੇ ਠੰਡਕ ਪੈਦਾ ਕਰਦੀ ਹੈ। ਮੈਨੂੰ ਡਰ ਹੈ, ਅਜਿਹਾ ਨਾ ਹੋਵੇ ਇਸ ਨਵੀਂ ਹੋੜ ਵਿਚ ਏਨੀ ਠੰਡ ਵਰਤ ਜਾਵੇ ਕਿ ਗਲੋਬਲ ਕੂਲਿੰਗ ਦਾ ਮਸਲਾ ਸਾਹਮਣੇ ਆ ਜਾਵੇ। ਹੁਣ ਗਲੇਸ਼ੀਅਰ ਤੇ ਧਰੁਵ ਪਿਘਲ ਰਹੇ ਹਨ, ਫਿਰ ਨਹਿਰਾਂ, ਦਰਿਆ, ਸਮੁੰਦਰ ਜੰਮ ਕੇ ਬਰਫ ਦੇ ਤੋਦੇ ਬਣ ਜਾਣਗੇ।

ਜ਼ਰੂਰਤ ਹੈ ਲੁੱਟ ਖਸੁਟ ਦੀ ਵਿਵਸਥਾ ਬਦਲਣ ਦੀ। ਮੈਨੂੰ ਏਥੇ ਇਕ ਚੁਟਕਲਾ ਯਾਦ ਆ ਰਿਹਾ ਹੈ। ਇਕ ਅਮਲੀ ਕਿਧਰੇ ਵਾਂਢੇ ਜਾ ਰਿਹਾ ਸੀ। ਅਫੀਮ ਦਾ ਵਾਹਵਾ ਗੱਫਾ ਲਾਇਆ ਹੋਇਆ ਸੀ। ਖਿਝਭ ਦੁਪਹਿਰਾ ਸੀ, ਉਸਨੂੰ ਪਿਆਸ ਲੱਗ ਗਈ ਤੇ ਪਾਣੀ ਦੀ ਤਲਬ ਹੋਣ ਲੱਗੀ। ਰਸਤੇ ਵਿਚ ਇਕ ਖੂਹ ਆਇਆ ਪਰ ਉਪਰ ਤਪਦਾ ਸੂਰਜ ਸੀ। ਉਸਨੇ ਸੋਚਿਆ ਕਿਉਂ ਨਾ ਪਹਿਲਾਂ ਖੂਹ ਨੂੰ ਖਿਚ ਕੇ ਦਰਖਤ ਦੇ ਹੇਠਾਂ ਕਰ ਲਿਆ ਜਾਵੇ, ਫਿਰ ਛਾਵੇਂ ਹੋ ਕੇ ਆਰਾਮ ਨਾਲ ਪਾਣੀ ਪੀਵਾਂਗਾ। ਉਸਨੇ ਖੂਹ ਦੀ ਮੌਣ ਦੁਆਲੇ ਪੱਗ ਵਲੇਟ ਕੇ ਇਸ ਨੂੰ ਦਰਖਤ ਵੱਲ ਖਿਚਣਾ ਸ਼ੁਰੂ ਕਰ ਦਿੱਤਾ। ਏਨੇ ਵਿਚ ਉਸਦੀ ਪੀਨਕ ਲੱਗ ਗਈ। ਜਦ ਉਸਨੂੰ ਹੋਸ਼ ਆਈ ਤਾਂ ਰਾਤ ਪੈ ਚੁੱਕੀ ਸੀ, ਸ਼ਾਂਤਕਾਰੀ ਦਰਖਤ ਦੀ ਛਾਂ ਕਿਧਰੇ ਗਾਇਬ ਹੋ ਗਈ। ਸੀਤ ਰਾਤ ਦੇ ਹਨੇਰੇ 'ਚ ਅਮਲੀ ਠੁਰ ਠੁਰ ਕਰਨ ਲੱਗ ਪਿਆ। ਕਾਲੇ ਹਨੇਰੇ ਵਿਚ ਖੂਹ ਵੀ ਨਹੀਂ ਸੀ ਦਿਸਦਾ। ਉਸਦਾ ਠੰਡਾ ਪਾਣੀ ਪੀਣ ਦਾ ਮਜ਼ਾ ਕਿਧਰੇ ਚਲੇ ਗਿਆ। ਏਥੇ ਅਮਲੀ ਨੂੰ ਅਨੋਭੜ ਲੋਕਾਈ, ਸੂਰਜ ਨੂੰ ਗਲੋਬਲ ਵਾਰਮਿੰਗ, ਖੂਹ ਨੂੰ ਕੁਦਰਤੀ ਵਸੀਲੇ ਤੇ ਰਾਤ ਨੂੰ ਗਲੋਬਲ ਕੂਲਿੰਗ ਦੇ ਪ੍ਰਤੀਕਾਂ ਵਜੋਂ ਸਮਝਿਆ ਜਾਵੇ ਤਾਂ ਇਸ ਸਿਧੇ ਸਾਦੇ ਲਤੀਫ਼ੇ ਦੇ ਕਿੰਨੇ ਦਾਰਸ਼ਨਿਕ ਅਰਥ ਨਿਕਲ ਆਉਂਦੇ ਹਨ।

# ਬਾਬਾ ਬੰਦਾ ਸਿੰਘ ਬਹਾਦਰ ਨੂੰ ਚੇਤੇ ਕਰਦਿਆਂ

ਸਿੱਖ ਚਿੰਤਨ

ਡਾ. ਬਲਕਾਰ ਸਿੰਘ*

*ਪਿਛਲੇ ਕੁਝ ਸਾਲਾਂ ਵਿਚ ਸਿੱਖ ਪੰਥ ਵਲੋਂ ਕਈ ਸ਼ਤਾਬਦੀਆਂ ਮਨਾਈਆਂ ਗਈਆਂ। ਇਹ ਸ਼ਤਾਬਦੀਆਂ ਸਿੱਖ ਧਰਮ ਨੂੰ ਸਿਧਾਂਤਕ ਪੱਖੋਂ ਮਜ਼ਬੂਤ ਕਰਨ ਦੀ ਥਾਂ 'ਤੇ ਸਿਆਸੀ ਲਾਹੇ ਦਾ ਸਾਧਨ ਮਾਤਰ ਬਣ ਕੇ ਰਹਿ ਗਈਆਂ। ਡਾ. ਬਲਕਾਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਮੁਖੀ ਰਹੇ ਹਨ ਅਤੇ ਸਿੱਖ ਵਿਚਾਰਧਾਰਾ ਦੇ ਗੰਭੀਰ ਚਿੰਤਕ ਹਨ। ਇਸ ਲੇਖ ਵਿਚ ਉਨ੍ਹਾਂ ਬਾਬਾ ਬੰਦਾ ਬਹਾਦਰ ਦੀ ਸਰਹੰਦ ਉਤੇ ਫਤਿਹ ਦੀ ਮਨਾਈ ਜਾ ਰਹੀ ਸ਼ਤਾਬਦੀ ਦੇ ਮਨੋਰਥਾਂ ਉਤੇ ਗੰਭੀਰ ਟਿੱਪਣੀਆਂ ਕੀਤੀਆਂ ਹਨ। ਇਸ ਲੇਖ ਪ੍ਰਤੀ ਪਾਠਕਾਂ ਦੇ ਹੁੰਗਾਰੇ ਦੀ ਸਾਨੂੰ ਉਡੀਕ ਰਹੇਗੀ। -ਸੰਪਾਦਕ*

ਸ਼ਤਾਬਦੀ ਸਮਾਰੋਹਾਂ ਦੀ ਨਿਰੰਤਰਤਾ ਵਿਚ ਸਰਹੰਦ ਨੂੰ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਫਤਿਹ ਕਰਨ ਦੀ ਤੀਜੀ ਸ਼ਤਾਬਦੀ ਮਨਾਈ ਜਾ ਰਹੀ ਹੈ। ਸਮੇਂ ਅਤੇ ਸਾਧਨਾਂ ਦੀ ਵਧੇਰੇ ਵਰਤੋਂ ਨਾਂਦੇੜ ਤੋਂ ਸ਼ੁਰੂ ਹੋਏ ਮਾਰਚ ਅਤੇ ਫਤਿਹਗੜ੍ਹ ਸਾਹਿਬ ਵਿਖੇ ਕੀਤੀ ਕਾਨਫਰੰਸ 'ਤੇ ਹੋਈ ਹੈ। ਇਸਨੂੰ ਧਿਆਨ ਵਿਚ ਰੱਖ ਕੇ 'ਸਰਹੰਦ ਫਤਿਹ ਦਿਵਸ' ਦੇ ਹਵਾਲੇ ਨਾਲ ਸਿੱਖ ਭਾਈਚਾਰੇ ਦੀ ਦਸ਼ਾ ਅਤੇ ਦਿਸ਼ਾ ਨੂੰ ਸਮਝਣ ਦਾ ਯਤਨ ਇਸ ਲੇਖ ਵਿਚ ਕੀਤਾ ਜਾ ਰਿਹਾ ਹੈ। ਸਿੱਖ ਭਾਈਚਾਰੇ ਦੀ ਦਸ਼ਾ ਅਤੇ ਦਿਸ਼ਾ ਦਾ ਸੰਬੰਧ ਸਿੱਧੇ ਤੌਰ 'ਤੇ ਸਿੱਖ ਮਾਨਸਿਕਤਾ ਨਾਲ ਹੈ। ਸਿੱਖ ਮਾਨਸਿਕਤਾ ਦਾ ਸ੍ਰੋਤ ਬਾਣੀ ਹੈ ਅਤੇ ਪ੍ਰੇਰਨਾ ਸਿੱਖ ਇਤਿਹਾਸ ਹੈ। ਵਰਤਮਾਨ 'ਫਤਿਹ ਦਿਵਸ' ਆਪਣੇ ਸ੍ਰੋਤ ਅਤੇ ਪ੍ਰੇਰਨਾ ਨਾਲ ਕਿੰਨਾ ਕੁ ਜੁੜਿਆ ਹੋਇਆ ਹੈ, ਏਸੇ ਦੀ ਗੱਲ ਕੀਤੀ ਜਾ ਰਹੀ ਹੈ। ਇਸ ਫਤਿਹ ਦਿਵਸ ਨੂੰ ਮਨਾਈਆਂ ਗਈਆਂ ਸ਼ਤਾਬਦੀਆਂ ਦੀ ਨਿਰੰਤਰਤਾ ਵਿਚ ਵੇਖੀਏ ਤਾਂ ਸੌਖਿਆ ਹੀ ਸਮਝ ਆ ਜਾਵੇਗਾ ਕਿ ਇਨ੍ਹਾਂ ਵਿਚ ਸਿਆਸੀ ਧਿਰਾਵੇ ਨੂੰ ਹੀ ਕੇਂਦਰੀਅਤ ਪ੍ਰਾਪਤ ਰਹੀ ਹੈ। ਸਿੱਖ ਧਰਮ ਵਿਚ ਮੇਲਾਨੁਮਾ ਬੇਲਗਾਮ ਭੀੜ ਨੂੰ ਕਦੇ ਵੀ ਅਹਿਮੀਅਤ ਨਹੀਂ ਦਿੱਤੀ ਗਈ। ਇਥੋਂ ਤੱਕ ਕਿ ਗੁਰਦੁਆਰਾ ਸੁਧਾਰ ਲਹਿਰ ਵੇਲੇ ਵੀ ਗਿਣਤੀ ਆਧਾਰਤ ਨਹੀਂ, ਗੁਣਤਾ ਆਧਾਰਤ ਸੰਘਰਸ਼ ਕੀਤਾ ਗਿਆ ਸੀ।

ਘੱਟਗਿਣਤੀ ਭਾਈਚਾਰਿਆਂ ਕੋਲੋਂ ਗਿਣਤੀ ਆਧਾਰਤ ਸੰਘਰਸ਼ ਦੀ ਆਸ ਹੀ ਨਹੀਂ ਕੀਤੀ ਜਾ ਸਕਦੀ। ਇਸ ਵੇਲੇ ਇਹ ਧਿਆਨ ਵਿਚ ਰੱਖਣ ਦੀ ਲੋੜ ਹੈ ਕਿ ਗਿਣਤੀ ਦੇ ਹਿਸਾਬ ਨਾਲ ਸਿੱਖ ਭਾਈਚਾਰਾ ਕੁੰਭ ਵਰਗੇ ਇਕੱਠਾਂ ਦਾ ਮੁਕਾਬਲਾ ਨਹੀਂ ਕਰ ਸਕਦਾ। ਇਕੱਠ ਕਰਨ ਵਿਚ ਤਾਂ ਸਿੱਖ ਭਾਈਚਾਰੇ ਕੋਲੋਂ ਨਿਰੰਕਾਰੀਆਂ ਦੇ ਦਿੱਲੀ-ਸੰਮੇਲਨ ਦਾ ਮੁਕਾਬਲਾ ਵੀ ਨਹੀਂ ਹੋਣਾ। ਮੈਨੂੰ ਯਾਦ ਹੈ ਕਿ ਪਟਿਆਲੇ ਤੋਂ ਫਤਿਹਗੜ੍ਹ ਸਾਹਿਬ ਤੱਕ ਖਾਲਸਾ ਮਾਰਚ ਦਾ ਪ੍ਰਬੰਧ ਇਕ ਮੱਸ-ਫੁੱਟ ਸੰਤ ਵਲੋਂ ਕੀਤਾ ਗਿਆ ਸੀ ਇਸਦਾ ਅਰੰਭ ਕਰਨ ਲਈ ਮਰਹੂਮ ਗੁਰਚਰਨ ਸਿੰਘ ਟੌਹੜਾ ਨੂੰ ਮਨਾ ਲਿਆ ਗਿਆ ਸੀ, ਪਰ ਉਹ ਬਹਾਨੇ ਨਾਲ ਟਲ ਗਏ ਸਨ। ਫਿਰ ਵੀ ਜਲੂਸ ਦਾ ਅਗਲਾ ਹਿੱਸਾ ਜਦੋਂ ਫਤਿਹਗੜ੍ਹ ਪਹੁੰਚ ਗਿਆ ਸੀ ਤਾਂ ਪਿਛਲਾ ਹਿੱਸਾ ਪਟਿਆਲੇ ਵਿਚ ਹੀ ਸੀ। ਇਨ੍ਹਾਂ ਦੋਹਾਂ ਹਵਾਲਿਆਂ ਨਾਲ ਇਹ ਤੱਥ ਸਾਹਮਣੇ ਆ ਜਾਂਦਾ ਹੈ ਕਿ ਭੀੜ-ਨੁਮਾ ਇਕੱਠ ਡੇਰੇਦਾਰੀ ਭਾਵਨਾ ਦੀ ਉਪਜ ਹਨ। ਡੇਰੇਦਾਰੀ ਭਾਵਨਾ ਵਿਚ ਵਿਅਕਤੀ ਵਿਸ਼ੇਸ਼ ਨੂੰ ਹੀ ਚਮਕਣ ਦਾ ਮੌਕਾ ਮਿਲਦਾ ਹੈ। ਇਸ ਲਈ ਵਿਅਕਤੀ-ਕੇਂਦ੍ਰਿਤ ਸਿਆਸਤ ਨੂੰ ਵੀ ਇਹ ਠੀਕ ਬੈਠਦਾ ਹੈ। ਫਤਿਹ ਦਿਵਸ ਨਾਲ ਜੋੜ ਕੇ, ਜੋ ਖਾਲਸਾ ਮਾਰਚ ਹਜ਼ੂਰ ਸਾਹਿਬ ਨਾਂਦੇੜ ਤੋਂ ਫਤਿਹਗੜ੍ਹ ਤੱਕ ਸ਼ੁਰੂ ਹੋ ਗਿਆ ਸੀ, ਇਸ ਪਿੱਛੇ ਕਿਸੇ ਇਕ ਵਿਅਕਤੀ ਵਲੋਂ ਭਾਸ਼ਣ ਕਰਦਿਆਂ ਕਹਿ ਹੋ ਗਿਆ ਹੈ ਅਤੇ ਫਿਰ ਕਹਿਣ ਵਾਲੇ ਦੇ ਹਮਾਇਤੀਆਂ ਨੇ ਇਸ ਨੂੰ ਸਿਰੇ ਲਾ ਦਿੱਤਾ। ਮੀਡੀਆ ਤਾਂ ਹਨੇਰੀ ਵਰਗਾ ਜਾਂ ਹੜ੍ਹ ਵਰਗਾ ਹੋ ਗਿਆ ਹੈ, ਜਿਹੜਾ ਸਾਹਮਣੇ ਆਏ ਉਸ ਨੂੰ ਬਿਨਾਂ ਸੋਚੇ ਸਮਝੇ ਉਡਾ ਸਕਦਾ ਹੈ ਜਾਂ ਰੋੜ੍ਹ ਸਕਦਾ ਹੈ। ਕਹਿਣ ਦਾ ਭਾਵ ਇਹ ਹੈ ਕਿ ਫਤਿਹ ਦਿਵਸ ਦੀ ਸ਼ੁਰੂਆਤ ਸ਼ੁਭਾ ਵਿਚ ਹੀ ਸਿਆਸੀ ਹੈ ਅਤੇ ਇਸਦੇ ਨਤੀਜੇ ਵੀ ਸਿਆਸੀ ਰੰਗ ਵਿਚ ਨਿਕਲਦੇ ਵੇਖੇ ਜਾ ਸਕਦੇ ਹਨ ਭਾਵੇਂ ਇਹ ਵੋਟ-ਬੈਂਕ ਸਿਆਸਤ ਹੋਵੇ ਅਤੇ ਭਾਵੇਂ ਡੇਰੇਦਾਰੀ ਸਿਆਸਤ। ਇਨ੍ਹਾਂ ਨੂੰ ਪੰਥਕ ਰੰਗ ਵਿਚ ਨਹੀਂ ਭੁਗਤਾਇਆ ਜਾ ਸਕਦਾ।

ਮੇਰਾ ਵਿਸ਼ਵਾਸ ਹੈ ਕਿ ਸਿੱਖ ਭਾਈਚਾਰੇ ਦੀ ਮਾਨਸਿਕਤਾ ਨੂੰ ਸਮਝ ਕੇ ਹੀ 'ਫਤਿਹ ਦਿਵਸ' ਦੀ ਸਿਆਸਤ ਨੂੰ ਸਮਝਿਆ ਜਾ ਸਕਦਾ ਹੈ। ਸਿੱਖ ਧਰਮ ਦੁਆਰਾ ਲਿਆਂਦਾ ਗਿਆ ਮਾਨਸਿਕ ਪਰਿਵਰਤਨ ਵਿਲੱਖਣ ਯੋਗਦਾਨ ਵਜੋਂ ਪ੍ਰਵਾਨਿਤ ਹੈ ਅਤੇ ਬੰਦਾ ਸਿੰਘ ਬਹਾਦਰ ਏਸੇ ਦਾ ਇਤਿਹਾਸ ਵਿਚ ਅਨੁਵਾਦਤ ਖਾਲਸਾ ਬਿੰਬ ਹੈ। ਇਸਨੂੰ ਨਾ ਸੰਭਾਲਿਆ ਗਿਆ ਤਾਂ ਏਸੇ ਦਾ ਮੂਰਤੀਕਰਨ ਕਰਕੇ ਖਾਲਸਾ ਭਾਵਨਾ ਦੇ ਖਿਲਾਫ ਵੀ ਵਰਤਿਆ ਜਾ ਸਕਦਾ ਹੈ। ਇਸ ਲਈ ਇਹ ਸਾਹਮਣੇ ਲਿਆਉਣ ਦੀ ਲੋੜ ਹੈ ਕਿ ਬਾਬਾ ਬੰਦਾ ਬਹਾਦਰ ਜਿਸ ਕਿਸਮ ਦੇ ਭਾਰਤੀ ਅਧਿਆਤਮ ਵਿਚੋਂ ਨਿਕਲ ਕੇ ਜਿਸ ਕਿਸਮ ਦੇ ਸਿੱਖ ਅਧਿਆਤਮ ਵਿਚ ਪ੍ਰਵੇਸ਼ ਕਰ ਗਿਆ ਸੀ, ਇਸਦਾ ਅੰਸ਼ਿਕ ਪ੍ਰਗਟਾਵਾ ਸਵਾਮੀ ਰਾਮ ਦੀ 'ਗੋਵਿੰਦ ਗੀਤਾ' (ਅੰਗ੍ਰੇਜ਼ੀ) ਵਿਚੋਂ ਵੀ ਵੇਖਿਆ ਜਾ ਸਕਦਾ ਹੈ। ਬਾਬਾ ਜੀ ਨੂੰ ਸਿੱਖ ਅਧਿਆਤਮਕਤਾ ਦੇ ਇਤਿਹਾਸਕ ਪ੍ਰਗਟਾਵੇ ਵੀ ਨਿਰੰਤਰਤਾ ਵਿਚ ਵਿਚਰਨ ਦਾ ਗੁਰੂ ਹੁਕਮ ਸੀ। ਇਹ ਸਫਰ ਉਸ ਨੇ ਪੰਜ ਪਿਆਰਿਆਂ ਨੂੰ ਨਾਲ ਲੈ ਕੇ ਸ਼ੁਰੂ ਕੀਤਾ ਸੀ ਅਤੇ ਪੰਥਕ ਰੰਗ ਵਿਚ ਹੀ ਆਪਣੇ ਮਿਸ਼ਨ ਨੂੰ ਅੰਜਾਮ ਤੱਕ ਪਹੁੰਚਾਇਆ ਸੀ। ਇਸ ਦੌਰਾਨ ਪ੍ਰਧਾਨ-ਸੁਰ ਸਿਆਸਤ ਦੀ ਨਹੀਂ, ਧਰਮ ਦੀ ਹੀ ਰਹੀ ਸੀ। ਮੈਨੂੰ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਨੇ ਇਤਿਹਾਸਕ ਹਵਾਲੇ ਨਾਲ ਦੱਸਿਆ ਸੀ ਕਿ ਚੱਪੜਚਿੜੀ ਦੇ ਮੈਦਾਨ ਵਿਚ ਨੌਬਤ ਇਹ ਆ ਗਈ ਸੀ ਕਿ ਬਾਬਾ ਬੰਦਾ ਸਿੰਘ ਬਹਾਦਰ ਮੈਦਾਨ ਛੱਡਣ ਨੂੰ ਤਿਆਰ ਹੋ ਗਿਆ ਸੀ। ਉਸਦੀ ਸਥਿਤੀ ਨੂੰ ਭਾਂਪਦਿਆਂ ਬਾਬਾ ਬਿਨੋਦ ਸਿੰਘ ਅਤੇ ਬਾਬਾ ਬਾਜ ਸਿੰਘ ਨੇ ਕਿਹਾ ਸੀ ਕਿ ਕੀ ਕਰ ਰਿਹਾ ਹੈਂ? ਤੈਨੂੰ ਗੁਰੂ ਪਾਤਸ਼ਾਹ ਨੇ ਹਰ ਮੈਦਾਨ ਫਤਿਹ ਬਖਸ਼ੀ ਹੈ। ਗੁਰੂ ਹੁਕਮ ਦੇ ਸਨਮੁਖ ਰਹਿ ਕੇ ਅਰਦਾਸ ਕਰ ਅਤੇ ਕਲਗੀਆਂ ਵਾਲੇ ਨੂੰ ਜੋਦੜੀ ਕਰ ਕਿ ਅੰਗ-ਸੰਗ ਸਹਾਈ ਹੋ ਕੇ ਫਤਿਹ ਬਖਸ਼ਿਸ਼ ਕਰਨ। ਬੰਦਾ ਸਿੰਘ ਸੰਭਲਿਆ ਅਤੇ ਆਪ ਅਰਦਾਸ ਕੀਤੀ। ਪਿਛੋਂ ਜਿਵੇਂ ਉਹ ਜੂਝਿਆ, ਉਸ ਨਾਲ ਫਤਿਹ ਹੀ ਨਸੀਬ ਹੋਈ ਸੀ।

ਇਹ ਸਿਆਸੀ ਹਾਰ ਨੂੰ ਧਾਰਮਿਕ-ਜਿੱਤ ਵਿਚ ਬਦਲਣ ਦੀ ਜਾਦੂਈ ਕਲਾ ਹੈ, ਜੋ ਸਿੱਖ ਇਤਿਹਾਸ ਵਿਚ ਵਾਰ-ਵਾਰ ਵਾਪਰਦੀ ਰਹੀ ਹੈ। ਇਸ ਨਾਲ ਸਵਾਲ ਇਹ ਪੈਦਾ ਹੁੰਦਾ ਹੈ ਕਿ ਬਾਬਾ ਜੀ ਦੇ ਜੰਗੀ ਪੈਂਤੜੇ, ਸਮਝ ਅਤੇ ਪ੍ਰਗਟਾਵੇ ਵਿਚ ਧਾਰਮਿਕ ਸਨ ਕਿ ਸਿਆਸੀ ਸਨ? ਜੇ ਸਿਆਸੀਆਂ ਵਾਂਗ ਸੋਚਦਾ ਤਾਂ ਬਾਬਾ ਜੀ ਨੂੰ ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਨਿਕਲ ਜਾਣਾ ਚਾਹੀਦਾ ਸੀ। ਹੋਰ ਵੀ ਬਹੁਤ ਸਾਰੀਆਂ ਘਟਨਾਵਾਂ ਹਨ, ਜਿਹੜੀਆਂ ਉਨ੍ਹਾਂ ਨੂੰ ਸਿਆਸੀ ਨਾਲੋਂ ਵੱਧ ਧਾਰਮਿਕ ਹੋਣ ਵਲ ਲੈ ਕੇ ਜਾਂਦੀਆਂ ਹਨ। ਇਹ ਗੱਲ ਵਖਰੀ ਹੈ ਕਿ ਧਰਮੀ-ਨੈਤਿਕਤਾ ਦੀ ਸੀਮਾ ਵਿਚ ਰਹਿ ਕੇ ਸੰਭਵ ਸਿਆਸੀ ਪੈਂਤੜਿਆਂ ਵੱਲ ਸਿੱਖਾਂ ਨੇ ਕਦੇ ਪਿੱਠ ਵੀ ਨਹੀਂ ਕੀਤੀ। ਪ੍ਰਸ਼ਨ ਇੱਥੇ ਇਹ ਵੀ ਪੈਦਾ ਹੁੰਦਾ ਹੈ ਕਿ ਕੀ ਵਰਤਮਾਨ "ਫਤਿਹ ਦਿਵਸ" ਇਸ ਪੰਥਕ ਭਾਵਨਾ ਨੂੰ ਨਾਲ ਲੈ ਕੇ ਟੁਰਿਆ ਹੈ ਜਾਂ ਨਹੀਂ?




*ਸਰਹੰਦ ਫਤਿਹ ਤ੍ਰੈਸ਼ਤਾਬਦੀ ਮੌਕੇ ਕੀਤੇ ਜਾ ਰਹੇ ਫਤਿਹ ਮਾਰਚ ਦਾ ਇਕ ਦ੍ਰਿਸ਼*

ਵਰਤਮਾਨ ਸਮੇਂ ਵਿਚ ਸਿੱਖ ਭਾਈਚਾਰੇ ਅੰਦਰ ਜਿਸ ਤਰ੍ਹਾਂ ਸਿਆਸਤ ਦਾ ਬੋਲਬਾਲਾ ਹੋ ਗਿਆ ਹੈ, ਉਸ ਨਾਲ ਧਾਰਮਿਕ ਚੇਤਨਾ ਦਾ ਰਾਹ ਹੀ ਰੁਕ ਗਿਆ ਜਾਪਦਾ ਹੈ। ਸਿਆਸਤ ਗੌਂਅ-ਮੁਖੀ ਪੈਂਤੜੇਬਾਜ਼ੀ ਹੈ, ਕਿਸੇ ਕੀਮਤ ਤੇ ਜੇਤੂ-ਲਾਲਸਾ ਹੈ ਅਤੇ ਤੁਰੰਤ ਨਤੀਜਿਆਂ ਦੀ ਪ੍ਰਾਪਤੀ ਲਈ ਬੱਚੇ ਖਾਣਾ ਜਜ਼ਬਾ ਹੈ। ਇਕ ਸੋਚ ਨਾਲ ਜੁੜੀ ਹੋਈ ਕੋਮਲ ਮਾਨਸਿਕਤਾ ਦਾ ਤਲਿਸਮੀ-ਨਾਹਰਿਆਂ ਨਾਲ ਕੀਤਾ ਗਿਆ ਸ਼ੋਸ਼ਣ, ਸਿਆਸਤ ਦੀ ਮਨਭਾਉਂਦੀ ਖੁਰਾਕ ਹੈ। ਇਹੋ ਜਿਹੀਆਂ ਸੰਭਾਵਨਾਵਾਂ, ਭੀੜ-ਮਾਨਸਿਕਤਾ ਵਿਚ ਹੀ ਸੰਭਵ ਹੋ ਸਕਦੀਆਂ ਹਨ।

ਉਲਾਰ ਜਜ਼ਬਿਆਂ ਦੀ ਬੇਰਹਿਮ ਮਾਰ-ਧਾੜ ਵੀ ਇਹੋ ਜਿਹੇ ਹਾਲਾਤ ਵਿਚ ਪੈਦਾ ਹੁੰਦੀ ਹੈ। ਬੇਰਹਿਮ ਮੁਕਾਬਲੇਬਾਜ਼ੀ ਦੇ ਸਨਮੁੱਖ ਸਿੱਖ ਭਾਈਚਾਰਾ ਤਾਂ ਪਹਿਲਾਂ ਹੀ ਚੌਰਾਹੇ 'ਤੇ ਖੜ੍ਹਾ ਹੈ। ਇਸ ਹਾਲਤ ਵਿਚ ਸਿੱਖਾਂ ਨੂੰ ਚੌਰਾਹੇ ਤੋਂ ਕੇਵਲ ਸਿਆਸਤ ਵਾਲਾ ਰਾਹ ਹੀ ਕਿਉਂ ਨਜ਼ਰ ਆ ਰਿਹਾ ਹੈ? ਕੇਵਲ ਇਸ 'ਤੇ ਤੁਰਨ ਦੇ ਹਾਲਾਤ ਹੀ ਕਿਉਂ ਪੈਦਾ ਕੀਤੇ ਜਾ ਰਹੇ ਹਨ? ਬਾਕੀ ਤਿੰਨ ਰਾਹਾਂ ਦੀ ਨਿਸ਼ਾਨਦੇਹੀ ਕਿਉਂ ਨਹੀਂ ਹੋ ਰਹੀ? ਕੀ ਕਿਰਤ ਕਰਨ, ਨਾਮ ਜਪਨ, ਵੰਡ-ਛਕਣ ਨੂੰ ਇਨ੍ਹਾਂ ਤਿੰਨਾਂ ਰਾਹਾਂ ਵਜੋਂ ਨਹੀਂ ਵਿਚਾਰਿਆ ਜਾ ਸਕਦਾ? ਕੀ ਜੋ ਸਿੱਖ-ਸਿਆਸਤਦਾਨ ਨੂੰ ਠੀਕ ਨਹੀਂ ਬੈਠਦਾ, ਉਸਨੂੰ ਅਪੰਥਕ ਪ੍ਰਵਾਨ ਕਰ ਲੈਣਾ ਚਾਹੀਦਾ ਹੈ? ਇਹੋ ਜਿਹੇ ਸਵਾਲਾਂ ਦੇ ਉਤਰ ਲੱਭਣ ਦੀ ਅਕਾਦਮਿਕਤਾ ਵਾਸਤੇ ਸ਼ਤਾਬਦੀ ਅਵਸਰਾਂ ਨੂੰ ਨਾ ਅਸੀਂ ਪਹਿਲਾਂ ਵਰਤਿਆ ਹੈ ਅਤੇ ਨਾ ਹੀ ਹੁਣ ਵਰਤਣਾ ਚਾਹੁੰਦੇ ਹਾਂ। ਆਪ ਹੀ ਕਹਿਣ, ਆਪ ਹੀ ਸੁਣਨ ਅਤੇ ਫਿਰ ਆਪ ਹੀ ਮੰਨ ਲੈਣ ਦੀ ਸਵੈ-ਕੇਂਦਰਤਾ ਦਾ ਰਾਹ ਸਿਆਸਤ ਤੋਂ ਹੀ ਸ਼ੁਰੂ ਹੁੰਦਾ ਹੈ ਅਤੇ ਸਿਆਸਤ ਤੇ ਹੀ ਖਤਮ ਹੋ ਜਾਂਦਾ ਹੈ। ਜਲਸੇ-ਜਲੂਸਾਂ ਨਾਲ ਸਿੱਖ ਪਛਾਣ ਦੀ ਸਿਆਸਤ ਤੋਂ ਅੱਗੇ ਤੁਰਨ ਦੀ ਕੋਈ ਸੰਭਾਵਨਾ ਨਹੀਂ ਹੈ, ਜਲਸੇ-ਜਲੂਸਾਂ ਦੀ ਸਿਆਸਤ ਨਾਲ ਗੈਰ-ਸਿੱਖਾਂ ਨੂੰ ਕਿਵੇਂ ਦੱਸ ਸਕਾਂਗੇ ਕਿ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਵਿਰਾਸਤੀ ਜੜ੍ਹਾਂ ਸਰਬਤ ਦੇ ਭਲੇ ਵਿਚ ਸਨ, 'ਜਗਤ ਜਲੰਦਾ ਰਖਿ ਲੈ' ਵਿਚ ਸਨ, 'ਕੋਇ ਨ ਦਿਸੈ ਬਾਹਰਾ' ਵਿਚ ਸਨ ਅਤੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਵਿਚ ਸਨ। ਇਹ ਲੜਾਈਆਂ ਲੜਦਿਆਂ ਵੀ ਬਾਬਾ ਜੀ ਦਾ ਸੱਚ ਸੀ ਅਤੇ ਜਿੱਤਾਂ ਜਿੱਤ ਕੇ ਵੀ ਉਨ੍ਹਾਂ ਲਈ ਸੱਚ ਹੀ ਰਿਹਾ। ਬਾਬਾ ਜੀ ਦੀ ਅਗਵਾਈ ਵਿਚ ਜੰਗਾਂ, ਧਰਮ ਯੁੱਧ ਦੇ ਚਾਅ ਨਾਲ ਲੜੀਆਂ ਗਈਆਂ ਸਨ ਅਤੇ ਇਨ੍ਹਾਂ ਵਿਚ ਹਾਰਾਂ ਅਤੇ ਜਿੱਤਾਂ ਨੂੰ ਭਾਣੇ ਦੀ ਭਾਵਨਾ ਵਿਚ ਹੀ ਵੇਖਿਆ ਅਤੇ ਪਰਖਿਆ ਜਾਣਾ ਚਾਹੀਦਾ ਹੈ। ਬਾਬਾ ਜੀ ਨੇ ਨਾ ਕੇਵਲ ਇਸਨੂੰ ਜੀਵਿਆ ਸਗੋਂ ਕੇਸਾਂ ਸੁਆਸਾਂ ਨਾਲ ਨਿਭਾਇਆ ਵੀ ਸੀ।

ਇਸ ਵੇਲੇ ਵੀ ਲੋੜ, ਬਾਬਾ ਬੰਦਾ ਸਿੰਘ ਦੀਆਂ ਪ੍ਰਾਪਤੀਆਂ ਦੀ ਧਾਰਮਿਕਤਾ ਉਸਾਰੇ ਜਾਣ ਦੀ ਹੈ, ਅਕਾਦਮਿਕਤਾ ਉਸਾਰੇ ਜਾਣ ਦੀ ਹੈ ਅਤੇ ਪੰਥਕ ਕਾਵਿਕਤਾ ਉਸਾਰੇ ਜਾਣ ਦੀ ਹੈ। ਜੇ ਸਿਆਸਤ ਵੀ ਉਸਾਰਨੀ ਹੈ ਤਾਂ ਇਹ ਉਸਾਰਨੀ ਚਾਹੀਦੀ ਹੈ ਕਿ ਬਾਬਾ ਜੀ ਨੇ ਭਾਰਤ ਨੂੰ ਸਦੀਆਂ ਦੀ ਗੁਲਾਮੀ ਵਿਚੋਂ ਨਿਕਲ ਸਕਣ ਦੀਆਂ ਸਿਆਸੀ-ਸੰਭਾਵਨਾਵਾਂ ਨੂੰ ਸਾਹਮਣੇ ਲਿਆਂਦਾ ਸੀ। ਵਿਰਾਸਤੀ ਜੜ੍ਹਾਂ ਨਾਲੋਂ ਟੁੱਟੇ ਹੋਏ ਆਮ ਆਦਮੀ ਨੂੰ ਉਸਦੀ ਵਿਰਾਸਤੀ ਸ਼ਕਤੀ ਪ੍ਰਤੀ ਜਾਗ੍ਰਿਤ ਕੀਤਾ ਸੀ। ਸਿਆਸੀ ਭੀੜਾਂ ਨੂੰ ਵਚਨਬੱਧ-ਸੂਰਮਿਆਂ ਵਲੋਂ ਪਛਾੜ ਸਕਣ ਦੇ ਅਹਿਸਾਸ ਨੂੰ ਪ੍ਰਚੰਡ ਕੀਤਾ ਸੀ। ਇਹ ਗੱਲਾਂ ਭਾਸ਼ਣਾਂ ਦੀ ਸਿਆਸਤ ਨਾਲ ਕਿਸੇ ਪਾਸੇ ਨਹੀਂ ਤੁਰ ਸਕਦੀਆਂ। ਇਨ੍ਹਾਂ ਦੀ ਤਾਂ ਅਕਾਦਮਿਕਤਾ ਨੂੰ ਹੀ ਸਾਹਮਣੇ ਲਿਆਉਣਾ ਪੈਣਾ ਹੈ। ਪਰ ਇਸ ਪਾਸੇ ਤੁਰਨ ਦਾ 'ਫਤਿਹ ਦਿਵਸ' ਰਾਹੀਂ ਪ੍ਰਾਪਤ ਅਵਸਰ ਵੀ ਗੁਆਚਦਾ ਹੀ ਨਜ਼ਰ ਆ ਰਿਹਾ ਹੈ। ਇਸ ਗੱਲ ਦਾ ਸਬੂਤ ਇਸ ਨਾਲ ਜੁੜੇ ਹੋਏ ਸੈਮੀਨਾਰ ਤੋਂ ਵੀ ਮਿਲ ਜਾਂਦਾ ਹੈ ਕਿਉਂਕਿ ਇਸ ਵਿਚੋਂ ਕੋਈ ਅਕਾਦਮਿਕ-ਦਸਤਾਵੇਜ਼ ਸਾਹਮਣੇ ਆਉਂਦੀ ਨਹੀਂ ਲਗਦੀ। ਪਹਿਲੀਆਂ ਸ਼ਤਾਬਦੀਆਂ ਦੇ ਸੈਮੀਨਾਰਾਂ ਦੀ ਨਿਰੰਤਰਤਾ ਵਿਚ ਵੇਖ ਕੇ ਵੀ ਇਹ ਗੱਲ ਲਈ ਜਾ ਰਹੀ ਹੈ। ਜਿਹੜੇ ਯਤਨ ਸਾਂਝੀ-ਸਿੱਖ-ਸਮਝ ਪੈਦਾ ਕਰਨ ਵੱਲ ਲੈ ਕੇ ਨਹੀਂ ਜਾਂਦੇ, ਉਹ ਗਲ ਪਿਆ ਢੋਲ ਵਜਾਉਣ ਵਰਗੇ ਹੀ ਹੁੰਦੇ ਹਨ।

ਬਾਬਾ ਬੰਦਾ ਸਿੰਘ ਦੀ ਪੰਥਕ-ਛਬੀ ਨਾਲ ਨਿਰਸੰਦੇਹ ਨਿਆਂ ਨਹੀਂ ਹੋਇਆ। ਸਿਆਸਤ ਵਿਚ ਚੜ੍ਹਤ ਨੂੰ ਮਾਨਤਾ ਮਿਲਦੀ ਹੈ ਅਤੇ ਸਿਆਸੀ ਹਾਰ ਨਾਲ ਇਸ 'ਤੇ ਪਾਣੀ ਫਿਰ ਜਾਣ ਦੀਆਂ ਸੰਭਾਵਨਾਵਾਂ ਪੈਦਾ ਹੋ ਜਾਂਦੀਆਂ ਹਨ। ਬਾਬਾ ਜੀ ਨਾਲ ਵੀ ਇਹੋ ਹੀ ਵਾਪਰਿਆ। ਮੁਗਲ ਹਕੂਮਤ ਅਰਥਾਤ ਪੰਥਕ-ਦੋਖੀਆਂ ਵਲੋਂ ਜਿਸ ਨਿਯਮ ਦੀ ਵਿਵਾਦੀ-ਸਥਿਤੀ ਵਿਚ ਬਾਬਾ ਜੀ ਨੂੰ ਪਾਇਆ ਗਿਆ ਸੀ, ਉਸ ਵਿਚੋਂ ਨਿਕਲ ਸਕਣ ਲਈ ਲੋੜੀਂਦੇ ਸਿੱਖ ਬਿਬੇਕ ਦੀ ਵਰਤੋਂ, ਸਿੱਖ ਭਾਈਚਾਰੇ ਵਲੋਂ ਵੀ ਨਹੀਂ ਹੋ ਸਕੀ। ਬਾਬਾ ਜੀ ਦੇ ਵਿਆਹ ਨੂੰ ਲੈ ਕੇ ਅਤੇ ਉਸ ਦੇ ਹਮਾਇਤੀਆਂ ਨੂੰ ਬੰਦਈ ਗਰਦਾਨ ਕੇ ਸਿੱਖ ਭਾਈਚਾਰਾ ਬਾਬਾ ਜੀ ਦੇ ਵਿਰੋਧ ਵਿਚ ਭੁਗਤਦਾ ਰਿਹਾ ਹੈ। ਸੀਰੀਉਲ-ਮੁਤਾਖਰੀਨ ਵਿਚ ਤਾਂ ਇੰਨਾ ਹੀ ਕਿਹਾ ਗਿਆ ਸੀ ਕਿ ਬਾਬਾ ਜੀ ਦੀ ਨਜ਼ਰ ਆਉਂਦੀ ਨੇਕ-ਸੀਰਤ ਤੋਂ ਵਧੀਕੀਆਂ ਕਿਵੇਂ ਹੋ ਗਈਆਂ? ਇਸ ਦਾ ਉਤਰ ਵੀ ਇਸੇ ਹੀ ਪੁਸਤਕ ਵਿਚ ਬਾਬਾ ਜੀ ਵਲੋਂ ਹੀ ਇਹ ਦਿੱਤਾ ਗਿਆ ਪ੍ਰਾਪਤ ਹੈ ਕਿ ਜ਼ਾਲਮਾਂ ਦੇ ਖਾਤਮੇ ਲਈ ਮੇਰੇ ਵਰਗੇ ਨੂੰ ਪ੍ਰਭੂ ਜ਼ੁੰਮੇਵਾਰੀ ਸੌਂਪਦਾ ਹੈ। ਜਦੋਂ ਮੇਰੇ ਵਰਗੇ ਤੋਂ ਗਲਤੀਆਂ ਹੋਣ ਤਾਂ ਤੁਹਾਡੇ ਵਰਗਿਆਂ ਨੂੰ ਜ਼ੁੰਮੇਵਾਰੀ ਮਿਲ ਜਾਂਦੀ ਹੈ। ਇਸ ਨੂੰ ਸਿੱਖ-ਸ੍ਰੋਤ 'ਮਹਿਮਾ ਪ੍ਰਕਾਸ਼' ਵਿਚ ਇਸ ਤਰ੍ਹਾਂ ਰਿਕਾਰਡ ਕੀਤਾ ਗਿਆ ਹੈ, "ਬੰਦੇ ਨੇ ਕਿਹਾ ਜੋ ਕਿਸੀ ਕਾ ਕਿਆ ਮੁਕਦਰ ਥਾ ਜੋ ਮੁਝ ਕੋ ਮਾਰਤਾ ਪਰ ਸਤਿਗੁਰੂ ਕੀ ਆਗਿਆ ਮੇਰੇ ਸੇ ਭੰਗ ਹੋਈ ਹੈ ਉਸ ਕੀ ਸਜਾਇ ਏਹ ਮੁਝ ਪਰ ਹੈ।" ਇਸ ਭਾਵਨਾ ਨੂੰ ਸਾਰੇ ਹੀ ਇਤਿਹਾਸਕਾਰਾਂ ਨੇ ਲਗਾਤਾਰ ਵਰਤਿਆ ਹੈ। ਇਸ ਨੂੰ ਪੰਥਕ-ਪ੍ਰਸੰਗ ਵਿਚ ਹਵਾਲਿਆਂ ਨਾਲ ਠੀਕ ਸਥਾਪਤ ਕਰਨ ਦੀ ਪਹਿਲ ਡਾ. ਗੰਡਾ ਸਿੰਘ ਨੇ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਇਸ ਨੂੰ ਆਮ ਸਿੱਖ-ਮਾਨਸਿਕਤਾ ਵਿਚ ਉਤਾਰਨ ਦੀ ਲੋੜ ਅਜੇ ਵੀ ਬਾਕੀ ਹੈ। ਮਨਾਈ ਜਾ ਰਹੀ ਸ਼ਤਾਬਦੀ ਜੇ ਇਸ ਪਾਸੇ ਤੁਰਦੀ ਨਜ਼ਰ ਨਹੀਂ ਆਉਂਦੀ ਤਾਂ ਫਿਰ ਏਨਾ ਕੁ ਆਪਾ-ਚੀਨਣ ਦਾ ਯਤਨ ਤਾਂ ਕਰਨਾ ਹੀ ਚਾਹੀਦਾ ਹੈ ਕਿ ਕੀ ਸਾਡੇ ਵਿਚੋਂ ਕੋਈ ਬਾਬਾ ਜੀ ਵਰਗਾ ਜੀਵਨ ਜਿਊਣਾ ਚਾਹੁੰਦਾ ਹੈ? ਜੇ ਨਹੀਂ ਤਾਂ ਫਿਰ ਅਸੀਂ ਬਾਬਾ ਜੀ ਦੇ ਕੀ ਲੱਗਦੇ ਹਾਂ?

ਬਾਬਾ ਬੰਦਾ ਸਿੰਘ ਨੂੰ ਸਿੱਖਾਂ ਅਤੇ ਪੰਜਾਬ ਤੱਕ ਸੀਮਿਤ ਕਰਕੇ ਵੇਖੇ ਜਾਣ ਨਾਲ ਗੁਲਾਮ ਭਾਰਤ ਦੇ ਮੁਕਤੀ-ਦਾਤਾ ਵਜੋਂ ਨਿਭਾਈ ਉਨ੍ਹਾਂ ਦੀ ਪਥ-ਪ੍ਰਦਰਸ਼ਕ-ਭੂਮਿਕਾ ਸਾਹਮਣੇ ਨਹੀਂ ਆ ਸਕੇਗੀ। ਮੁਗਲ ਹਾਕਮਾਂ ਦਾ ਜੇਤੂ-ਬਦਲ ਬਣ ਰਿਹਾ ਆਮ ਸਿੱਖ ਜਗੀਰਦਾਰੀ ਪ੍ਰਥਾ ਦੇ ਖਿਲਾਫ ਭੁਗਤਦਾ ਹੈ। ਉਹੀ ਆਮ ਸਿੱਖ ਮਿਸਲਾਂ ਵੇਲੇ ਫਿਰ ਜਗੀਰਦਾਰੀ ਵੱਲ ਮੁੜ ਜਾਂਦਾ ਹੈ। ਮਹਾਰਾਜਾ ਰਣਜੀਤ ਸਿੰਘ ਜਗੀਰਦਾਰੀ ਦਾ ਕੇਂਦਰੀਕਰਨ ਕਰ ਲੈਂਦਾ ਹੈ। ਜਿਸ ਜ਼ਮੀਨੀ ਸੁਧਾਰ ਦੀ ਗੱਲ ਬਾਬਾ ਜੀ ਦੇ ਹਵਾਲੇ ਨਾਲ ਕੀਤੀ ਜਾਂਦੀ ਹੈ, ਉਹ ਸਿੱਖ-ਲਹਿਰ ਦੀ ਵਕਤੀ ਉਪਜ ਤਾਂ ਹੋ ਸਕਦੀ ਹੈ। ਇਸ ਨੂੰ ਪ੍ਰਬੰਧ ਵਿਚ ਢਾਲਣ ਦਾ ਸਮਾਂ ਅਤੇ ਮਾਹੌਲ ਹੀ ਕਿੱਥੇ ਸੀ? ਬਾਬਾ ਜੀ ਦੀ ਦਸਮ ਪਾਤਸ਼ਾਹ ਹਜ਼ੂਰ ਨਾਲ ਨੰਦੇੜ ਵਿਖੇ ਮੁਲਾਕਾਤ 1708 ਵਿਚ ਹੁੰਦੀ ਹੈ ਅਤੇ ਉਸ ਵੇਲੇ ਉਹ 38 ਸਾਲਾਂ ਦਾ ਸੀ। ਪੰਜਾਬ ਵਿਚ ਨਿਭਾਈ ਗਈ ਭੂਮਿਕਾ ਕੇਵਲ ਸੱਤਾਂ ਸਾਲਾਂ ਵਾਸਤੇ ਸੀ। ਇਹ ਸਾਰਾ ਹੀ ਸਮਾਂ ਸੰਘਰਸ਼ ਵਿਚ ਬੀਤਿਆ ਅਤੇ ਇਸ ਨੂੰ ਪ੍ਰਬੰਧਕੀ-ਢਾਂਚਾ ਸਥਾਪਤ ਕਰਨ ਵਾਸਤੇ ਬਹੁਤ ਹੀ ਨਿਗੂਣਾ ਕਿਹਾ ਜਾ ਸਕਦਾ ਹੈ। ਜਗੀਰਦਾਰੀ ਨੂੰ ਕਮਜ਼ੋਰ ਕਰਨ ਲਈ ਸਿਆਸਤ ਅਧੀਨ ਜੋ ਕਿਸਾਨੀ ਜਾਂ ਜ਼ਮੀਨੀ ਪ੍ਰਬੰਧ, ਪੰਜਾਬ ਵਿਚ ਅੰਗਰੇਜ਼ੀ ਹਕੂਮਤ ਨੇ ਲਾਗੂ ਕੀਤਾ ਸੀ, ਉਹ ਪ੍ਰਾਪਤ ਤੱਥਾਂ ਦੇ ਆਧਾਰ ਤੇ ਵਧੇਰੇ ਪਾਇਦਾਰ ਲੱਗਦਾ ਹੈ। ਇਸੇ ਲਈ ਬਾਬਾ ਜੀ ਦੇ ਸਿਆਸੀ-ਬਿੰਬ ਨੂੰ ਉਸਾਰਨ ਦੀ ਥਾਂ ਉਨ੍ਹਾਂ ਦੇ ਪੰਥਕ-ਬਿੰਬ ਨੂੰ ਉਸਾਰੇ ਜਾਣ ਦੀ ਲੋੜ ਹੈ। ਵੈਸੇ ਵੀ ਅਜਿਹੇ ਹਵਾਲੇ ਇਤਿਹਾਸ ਵਿਚ ਮਿਲ ਜਾਂਦੇ ਹਨ, ਜਿਨ੍ਹਾਂ ਨਾਲ ਇਹ ਸਾਬਤ ਹੋ ਜਾਂਦਾ ਹੈ ਕਿ ਸਿਆਸੀ ਪ੍ਰਾਪਤੀਆਂ ਜੇ ਵਿਰਾਸਤੀ-ਚੇਤਨਾ ਨਾਲੋਂ ਟੁੱਟ ਜਾਣ ਤਾਂ ਕੌਮਾਂ ਖੜੋਤ ਦਾ ਸ਼ਿਕਾਰ ਹੋ ਜਾਂਦੀਆਂ ਹਨ। ਇਸ ਦੇ ਸਮਰਥਨ ਵਿਚ ਪ੍ਰਸਿੱਧ ਆਰਟਿਸਟ ਸ. ਹਰਦੇਵ ਸਿੰਘ ਦੀ ਪੋਲਿਸ਼ ਪਤਨੀ ਮਾਰੀਆ ਦੇ ਸ਼ਬਦ (ਡਾ. ਹਰਪਾਲ ਸਿੰਘ ਪੰਨੂ ਦੇ ਲੇਖ ਵਿਚੋਂ) ਹਨ, "ਕੱਜ਼ਾਕ ਪੜ੍ਹਦੇ ਨਹੀਂ। ਇਨ੍ਹਾਂ ਦਾ ਸ਼ਾਨਦਾਰ ਇਤਿਹਾਸ ਸਿੱਖਾਂ ਵਰਗਾ ਹੈ। ਅਨਪੜ੍ਹ ਹੋਣ ਕਰਕੇ ਕੱਜ਼ਾਕ ਹੁਣ ਖਤਮ ਹੋ ਰਹੇ ਹਨ, ਇਨ੍ਹਾਂ ਨੂੰ ਮਰਦਿਆਂ ਦੇਖ ਕੇ ਸਿੱਖਾਂ ਨੂੰ ਬਚਣ ਦਾ ਯਤਨ ਕਰਨਾ ਚਾਹੀਦਾ ਹੈ।" ਇਹ ਹਵਾਲਾ ਇਹ ਦੱਸਣ ਲਈ ਦਿੱਤਾ ਹੈ ਕਿ ਰੂਸ ਵਿਚ ਜੇਤੂਆਂ ਵਜੋਂ ਵੱਸ ਗਏ ਪੋਲ ਬਹਾਦਰਾਂ ਨੂੰ ਹੀ ਰੂਸੀ ਕੱਜ਼ਾਕ ਕਹਿੰਦੇ ਹਨ। ਇਨ੍ਹਾਂ ਦਾ 15ਵੀਂ ਤੋਂ 18ਵੀਂ ਸਦੀ ਤੱਕ ਰੂਸ, ਪੋਲੈਂਡ ਅਤੇ ਯੂਕਰੇਨ 'ਤੇ ਰਾਜ ਰਿਹਾ ਸੀ। ਪਰ ਅੱਜ ਉਨ੍ਹਾਂ ਦਾ ਹਵਾਲਾ ਹੀ ਮਿਲਦਾ ਹੈ ਅਤੇ ਉਹ ਆਰਕਾਈਵਲ-ਮਟੀਰੀਅਲ (ਪੁਰਾਤਤਵ ਸਮਗਰੀ) ਹੋ ਗਏ ਹਨ। ਕੀ ਸਿੱਖ ਇਸ ਪਾਸੇ ਵੱਲ ਤਾਂ ਨਹੀਂ ਵਧੀ ਜਾ ਰਹੇ? ਇਸ ਨਾਲੋਂ ਉਲਟ ਉਦਾਹਰਣ ਇਹ ਲਈ ਜਾ ਸਕਦੀ ਹੈ ਕਿ ਯਹੂਦੀਆਂ ਦਾ ਕਿਧਰੇ ਵੀ ਰਾਜ ਨਹੀਂ ਸੀ, ਪਰ ਉਹ ਦੁਨੀਆਂ ਭਰ ਨੂੰ ਪ੍ਰਭਾਵਿਤ ਕਰਨ ਵਾਲੀ ਭੂਮਿਕਾ, ਅਤਿ ਦੇ ਮਾੜੇ ਹਾਲਾਤ ਵਿਚ ਵੀ ਨਿਭਾਉਂਦੇ ਰਹੇ ਹਨ ਅਤੇ ਆਪਣੀਆਂ ਬੌਧਿਕ ਪ੍ਰਾਪਤੀਆਂ ਸਦਕਾ ਸਤਿਕਾਰੇ ਜਾਂਦੇ ਹਨ। ਹੁਣ ਜਦੋਂ ਸਿੱਖ ਆਲਮੀ-ਭਾਈਚਾਰਾ ਹੋ ਗਏ ਹਨ ਤਾਂ ਸਾਨੂੰ ਆਪਣੀ ਇਤਿਹਾਸ-ਕੇਂਦ੍ਰਿਤ ਬੁਤ-ਪੂਜਕ ਬ੍ਰਿਤੀ ਤੋਂ ਮੁਕਤ ਹੋ ਕੇ, ਜੋ ਕੁਝ ਵਾਪਰ ਗਿਆ ਹੈ ਅਤੇ ਵਾਪਰ ਰਿਹਾ ਹੈ, ਉਸ ਨੂੰ ਨਾਲ ਲੈ ਕੇ ਤੁਰਨ ਬਾਰੇ ਸਿਰ ਜੋੜ ਕੇ ਸੋਚਣਾ ਚਾਹੀਦਾ ਹੈ।

ਇਹ ਸੱਚ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੂੰ ਦਸਮ ਪਾਤਸ਼ਾਹ ਹਜ਼ੂਰ ਨੇ "ਸੰਤਾ ਮਾਨੋ ਦੂਤਾਂ ਡਾਨੋ" ਦੀ ਭਾਵਨਾ ਵਿਚ ਧਰਮ-ਚਲਾਵਨ ਦੀ ਪ੍ਰਚੰਡਤਾ ਵਾਸਤੇ ਤੋਰਿਆ ਸੀ। ਪੰਥ ਦੇ ਨੁਮਾਇੰਦੇ ਪੰਜ-ਪਿਆਰਿਆਂ ਨੂੰ ਨਾਲ ਲੈ ਕੇ, ਲੋੜੀਂਦਾ ਸੰਘਰਸ਼ ਕਰਨ ਦਾ ਥਾਪੜਾ ਵੀ ਦਿੱਤਾ ਸੀ। ਪਾਤਸ਼ਾਹੀ ਜੇ ਮਿਲਣੀ ਸੀ ਤਾਂ ਗਰੀਬ-ਸਿੱਖਨ ਨੂੰ ਮਿਲਣੀ ਸੀ। ਸਿੱਖਾਂ ਦੇ ਪਾਤਸ਼ਾਹ ਗੁਰੂ ਸਾਹਿਬਾਨ ਆਪ ਸਨ ਅਤੇ ਇਸ ਦਾ ਬਦਲ ਕੋਈ ਸਿੱਖ ਵਿਅਕਤੀਗਤ ਰੂਪ ਵਿਚ ਕਿਵੇਂ ਹੋ ਸਕਦਾ ਸੀ? ਫਿਰ ਬਾਬਾ ਜੀ ਨੂੰ ਪਹਿਲਾ ਬਾਦਸ਼ਾਹ ਕਿਵੇਂ ਸਾਬਤ ਕਰਾਂਗੇ? ਇਹ ਅਮਲ ਤਾਂ ਈਸਾਈਅਤ ਦੇ ਰੰਗ ਵਾਲੀ ਬਾਦਸ਼ਾਹਤ ਵਰਗਾ ਹੋ ਜਾਏਗਾ ਅਤੇ ਪੰਥਕ-ਸੁਰ ਵਿਚ ਇਸ ਦੀ ਸਥਾਪਤੀ ਕਰ ਸਕਣੀ ਬਹੁਤ ਮੁਸ਼ਕਿਲ ਹੋ ਜਾਵੇਗੀ। ਇਹੋ ਜਿਹੀਆਂ ਅਫਵਾਹਾਂ ਦੀ ਸਿਆਸਤ ਨੇ ਬਾਬਾ ਜੀ ਦੀ ਪੰਥਕ-ਛਬੀ ਨੂੰ ਉਨ੍ਹਾਂ ਦੇ ਜਿਉਂਦੇ ਜੀਅ ਨੁਕਸਾਨ ਪਹੁੰਚਾਉਣਾ ਸ਼ੁਰੂ ਕਰ ਦਿੱਤਾ ਸੀ। ਹੁਣ ਜਦੋਂ ਸਾਰੇ ਤੱਥ ਸਾਹਮਣੇ ਆ ਗਏ ਹਨ ਤਾਂ ਬਾਬਾ ਜੀ ਨੂੰ ਸਿਆਸੀ ਰੋਲ-ਮਾਡਲ ਵਜੋਂ ਪੇਸ਼ ਕਰਨਾ ਹੈ ਕਿ ਪੰਥਕ ਰੋਲ-ਮਾਡਲ ਵਜੋਂ? ਇਸ ਬਾਰੇ ਸੋਚਣਾ ਜ਼ਰੂਰ ਚਾਹੀਦਾ ਹੈ। ਬਾਬਾ ਜੀ ਜਦੋਂ ਦਸਮ ਪਾਤਸ਼ਾਹ ਹਜ਼ੂਰ ਦੇ ਸਨਮੁੱਖ ਹੋਏ ਸਨ ਤਾਂ ਕਰਾਮਾਤੀ-ਅਧਿਆਤਮਵਾਦੀ ਸਨ, ਜਦੋਂ ਪੰਜਾਬ ਵੱਲ ਰਵਾਨਾ ਹੋਏ ਸਨ ਤਾਂ ਕਰਮਸ਼ੀਲ-ਅਧਿਆਤਮਵਾਦੀ ਸਨ। ਇਹ ਸਫਰ ਉਨ੍ਹਾਂ ਨੇ ਇਲਾਹੀ-ਨਦਰ ਦੇ ਸਫਰ ਵਾਂਗ ਤੈਅ ਕੀਤਾ ਸੀ। ਇਹੋ ਜਿਹੇ ਮਾਨਸਿਕ-ਪਰਿਵਰਤਨ ਦੇ ਇਤਿਹਾਸਕ-ਵਰਤਾਰੇ ਦਾ ਬਾਬਾ ਬੰਦਾ ਸਿੰਘ, ਸਦੀਵ ਅਤੇ ਸਦ-ਜਾਗਤ ਰੋਲ-ਮਾਡਲ ਹਨ। ਇਸ ਨੂੰ ਸਿਆਸੀ-ਚਿੱਕੜ ਵੱਲ ਲੈ ਕੇ ਜਾਣ ਦੀ ਨਹੀਂ, ਸਗੋਂ ਇਸ ਤੋਂ ਬਚਾਏ ਜਾਣ ਦੀ ਲੋੜ ਹੈ।

ਸਿਆਸਤ ਤਾਂ ਸੱਤਾ-ਪ੍ਰਾਪਤੀ ਲਈ ਅਨੈਤਿਕਤਾ ਨੂੰ ਹਥਿਆਰ ਵਜੋਂ ਵਰਤਣ ਦੀ ਆਗਿਆ ਦਿੰਦੀ ਹੈ। ਬਾਬਾ ਜੀ ਨਾਲ ਕੈਦ ਕੀਤੇ ਗਏ ਉਨ੍ਹਾਂ ਦੇ ਸਾਥੀਆਂ ਵਿਚੋਂ ਕਿਸੇ ਇਕ ਨੇ ਵੀ ਮਾਫੀ ਨਹੀਂ ਮੰਗੀ ਅਤੇ ਨਾ ਬਾਬਾ ਜੀ ਦਾ ਸਾਥ ਛੱਡਿਆ। ਅਜਿਹਾ ਰਾਜਨੀਤੀ ਵਿਚ ਨਹੀਂ ਕੇਵਲ ਧਰਮ ਵਿਚ ਹੀ ਵਾਪਰ ਸਕਦਾ ਸੀ ਅਤੇ ਵਾਪਰ ਸਕਦਾ ਹੈ। ਇਸ ਫਖਰਯੋਗ-ਵਿਰਾਸਤ ਨਾਲੋਂ ਬਾਬਾ ਜੀ ਦੇ ਬਿੰਬ ਨੂੰ ਨਿਖੇੜੇ ਜਾਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।

*ਫੋਨ: 91-93163-01328

# ਮਾਂ ਸੱਚ ਹੀ ਤਾਂ ਕਹਿੰਦੀ ਸੀ

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856

ਜੇ ਇਨਸਾਨ ਦੇ ਅੰਦਰੋਂ ਲਾਲਚ ਤੇ ਹੰਕਾਰ ਨਿਕਲ ਜਾਵੇ ਸ਼ਾਇਦ ਕੋਰਟ-ਕਚਹਿਰੀਆਂ ਅਤੇ ਜੇਲ੍ਹਾਂ ਵੀ ਧਾਰਮਿਕ ਅਸਥਾਨ ਬਣ ਜਾਣ। ਕਈ ਵਾਰ ਲਾਲਚ ਵਿਚ ਅੰਨ੍ਹਾਂ ਹੋਇਆ ਮਨੁੱਖ ਆਪਣੇ ਜਨਮ-ਦਾਤੇ ਨੂੰ ਵੀ ਨਹੀਂ ਬਖ਼ਸ਼ਦਾ। ਜਿੱਥੇ ਲਾਲਚ ਤੇ ਹੰਕਾਰ ਰਿਸ਼ਤਿਆਂ ਦਾ ਖੂਨ ਕਰਦਾ ਹੈ ਉਥੇ ਪਿਆਰ ਤੇ ਭਾਈਚਾਰਕ ਸਾਂਝ ਨਵੇਂ ਰਿਸ਼ਤਿਆਂ ਨੂੰ ਵੀ ਜਨਮ ਦਿੰਦੀ ਹੈ। ਧੀ ਆਪਣੇ ਸਹੁਰੇ ਘਰ ਜਿੰਨੀ ਮਰਜ਼ੀ ਸੁਖੀ ਹੱਸਦੀ ਵੱਸਦੀ ਹੋਵੇ ਪਰ ਸੰਧਾਰਾ ਆਪਣੇ ਪਿਉ ਦੇ ਘਰੋਂ ਹੀ ਉਡੀਕਦੀ ਹੈ। ਭਰਾਵਾਂ ਦਾ ਮਾਣ ਹੀ ਬਹੁਤ ਵੱਡਾ ਹੁੰਦਾ ਹੈ। ਜਿੱਥੇ ਭਾਬੀਆਂ ਦਿਉਰ ਦੇ ਸੁਰਮਾ ਪਾਉਂਦੀਆਂ ਹਨ ਭੈਣਾਂ ਵੀ ਵੀਰ ਦੇ ਸਿਹਰਾ ਤੇ ਗਾਨਾ ਬੰਨ੍ਹ ਕੇ ਫੁੱਲੀਆਂ ਨਹੀਂ ਸਮਾਉਂਦੀਆਂ। ਭੈਣ ਸਾਰੀ ਉਮਰ ਹੀ ਇਸ ਦਿਨ ਨੂੰ ਉਡੀਕਦੀ ਹੋਵੇ ਕਿ ਇਕ ਵੀਰ ਦੇਈਂ ਵੇ ਰੱਬਾ ਸਹੁੰ ਖਾਣ ਨੂੰ ਬੜਾ ਚਿੱਤ ਕਰਦਾ। ਫਿਰ "ਰੱਬਾ ਪੁੱਤਾਂ ਬਿਨਾਂ ਨਾ ਮਾਵਾਂ ਸੋਹਦੀਆਂ, ਝੋਲੀ ਭਰਦੇ ਪੁੱਤਾਂ ਨਾਲ," ਕੋਈ ਭੈਣ ਇਨ੍ਹਾਂ ਦੋਵਾਂ ਦਾਤਾਂ ਤੋਂ ਬਿਨਾਂ ਆਪਣੀ ਜ਼ਿੰਦਗੀ ਦੇ ਕੌੜੇ ਮਿੱਠੇ ਦਿਨ ਕਿਵੇਂ ਲੰਘਾਉਂਦੀ ਹੋਵੇਗੀ।

ਮਿਆਮੀ ਦੀ ਧਰਤੀ ਤੇ ਅਸੀਂ ਪਹਿਲੀ ਵਾਰ ਅਮਰੀਕਾ ਨੂੰ ਗਲ ਨਾਲ ਲਾ ਕੇ ਆਪਣੇ ਸ਼ਿਪ ਨੂੰ ਅਲਵਿਦਾ ਆਖ ਦਿੱਤਾ, ਅੱਗੋਂ ਸਾਨੂੰ ਮਾਨ ਬਾਈ ਜੀ ਆਇਆਂ ਨੂੰ ਆਖਣ ਲਈ ਉਤਾਵਲਾ ਸੀ। ਰਾਤ ਮਾਨ ਬਾਈ ਕੋਲ ਕੱਟ ਕੇ ਸਵੇਰੇ ਅਸੀਂ ਗਰੇਹੌਂਡ ਬੱਸ ਫੜਨੀ ਸੀ। ਸਾਡਾ ਅਗਲਾ ਪੜਾਅ ਸ਼ਿਕਾਗੋ ਦਾ ਸੀ। ਸ਼ਿੱਪ ਵਿਚੋਂ ਤਾਂ ਕੰਮ ਵਾਲੇ ਕੱਪੜਿਆਂ ਨਾਲ ਹੀ ਉਤਰ ਗਏ ਸੀ। ਸਾਨੂੰ ਮਾਨ ਬਾਈ ਨੇ ਨਵੇਂ ਤੇ ਮੋਟੇ ਕੱਪੜੇ ਖਰੀਦ ਕੇ ਦਿੱਤੇ। ਫਰਵਰੀ ਵਿਚ ਮਿਆਮੀ ਤਾਂ ਗਰਮੀ ਹੋ ਜਾਂਦੀ ਹੈ ਪਰ ਸ਼ਿਕਾਗੋ ਵਲ ਫਰਵਰੀ ਵਿਚ ਸਨੋ ਪੂਰੀ ਪੈਂਦੀ ਹੈ। ਮਾਨ ਬਾਈ ਨੇ ਹੀ ਬੱਸ ਦੀਆਂ ਟਿਕਟਾਂ ਲੈ ਕੇ ਦਿੱਤੀਆਂ। ਮੈਂ ਸੈਕਰਾਮੈਂਟੋ ਪਹੁੰਚ ਕੇ ਸੈਟ ਹੋ ਗਿਆ। ਮੇਰਾ ਦੋਸਤ ਮਿਲਵਾਕੀ ਹੀ ਰਹਿ ਪਿਆ। ਮੈਂ ਮਾਨ ਬਾਈ ਦੇ ਖਰਚੇ ਪੈਸੇ ਭੇਜ ਕੇ ਧੰਨਵਾਦ ਕੀਤਾ। ਫਿਰ ਵੀ ਕਈ ਵਾਰ ਗੱਲ ਹੁੰਦੀ ਰਹੀ।

ਇਕ ਦਿਨ ਮੈਂ ਫਿਰ ਮਾਨ ਬਾਈ ਨੂੰ ਫੋਨ ਕੀਤਾ ਤਾਂ ਅੱਗਿਉਂ ਔਰਤ ਦੀ ਆਵਾਜ਼ ਆਈ। ਮੈਂ ਫਤਿਹ ਬੁਲਾ ਕੇ ਬਾਈ ਬਾਰੇ ਪੁੱਛਿਆ। ਭੈਣ ਨੇ ਜਵਾਬ ਵਿਚ ਆਖਿਆ ਕਿ ਵੀਰ ਇਹ ਮੇਰੇ ਘਰ ਦਾ ਨੰਬਰ ਹੈ। ਇਥੇ ਕੋਈ ਮਾਨ ਬਾਈ ਨਹੀਂ ਰਹਿੰਦਾ। ਮੈਂ ਆਪਣੇ ਫੋਨ ਦੀ ਸਕਰੀਨ ਤੇ ਫਿਰ ਨੰਬਰ ਵੇਖਿਆ ਪਿਛਲਾ ਇਕ ਨੰਬਰ ਗਲਤ ਦੱਬਿਆ ਗਿਆ। ਮੈਂ ਭੈਣ ਜੀ ਨੂੰ ਸੌਰੀ ਆਖ ਕੇ ਫੋਨ ਕੱਟਣ ਲੱਗਿਆ ਤਾਂ ਭੈਣ ਜੀ ਨੇ ਮੈਨੂੰ ਪੁੱਛਿਆ ਵੀਰੇ ਮਾਲਵੇ ਦੇ ਲੱਗਦੇ ਹੋ। ਮੈਂ ਕਿਹਾ, ਹਾਂ! ਜੀ ਭੈਣ ਮੈਂ ਲੁਧਿਆਣੇ ਤੋਂ ਹਾਂ। ਲੁਧਿਆਣੇ ਸ਼ਬਦ ਤੋਂ ਸਾਡੇ ਫੋਨ ਦੀ ਗੱਲ ਲੰਮੀ ਹੋ ਗਈ।

ਇਸ ਭੈਣ ਜੀ ਨਾਲ ਨਾ ਕੋਈ ਪਹਿਲਾਂ ਜਾਣ ਨਾ ਪਛਾਣ ਸਿਰਫ ਜ਼ਿਲ੍ਹਾ ਇਕ ਤੇ ਸਾਡੇ ਲਾਗੇ ਹੀ ਉਸ ਦਾ ਪਿੰਡ ਹੋਣ ਕਰਕੇ ਉਹ ਮੈਨੂੰ ਭਰਾ ਸਮਝਦੀ ਤੇ ਮੈਂ ਉਸ ਨੂੰ ਵੱਡੀ ਭੈਣ ਦਾ ਦਰਜਾ ਦਿੱਤਾ। ਉਹ ਹਰੇਕ ਸਾਲ ਰੱਖੜੀ ਭੇਜਦੀ ਹੈ। ਮੈਂ ਕੁਝ ਡਾਲਰਾਂ ਦਾ ਚੈਕ ਭੇਜ ਦਿੰਦਾ ਹਾਂ। ਮਿਲੇ ਅਸੀਂ ਅੱਜ ਤੱਕ ਨਹੀਂ, ਗੱਲਬਾਤ ਹੁੰਦੀ ਨੂੰ ਪੂਰੇ ਅੱਠ ਸਾਲ ਹੋ ਗਏ ਹਨ। ਇਸ ਭੈਣ ਜੀ ਤੋਂ ਮੈਂ ਬਹੁਤ ਚੰਗੀਆਂ ਗੱਲਾਂ ਸਿੱਖੀਆਂ। ਭੈਣ ਜੀ ਬਹੁਤ ਹੀ ਦਲੇਰ ਅਤੇ ਹੌਂਸਲੇ ਵਾਲੇ ਹਨ। ਭੈਣ ਜੀ ਦੇ ਕਹਿਣ ਅਨੁਸਾਰ ਜੇ ਪਰਮਾਤਮਾ ਤੁਹਾਨੂੰ ਤੁਹਾਡੇ ਮੂੰਹੋਂ ਮੰਗੀ ਦਾਤ ਨਹੀਂ ਬਖ਼ਸ਼ਦਾ ਤਾਂ ਘਬਰਾਉਣ ਦੀ ਲੋੜ ਨਹੀਂ, ਤੁਹਾਨੂੰ ਉਸ ਦਾਤ ਦੇ ਬਦਲੇ ਹੋਰ ਵਡਮੁੱਲੀਆਂ ਦਾਤਾਂ ਬਖ਼ਸ਼ ਦਿੰਦਾ ਹੈ। ਜਿਸ ਰੰਗ ਵਿਚ ਰੰਗੇ ਦਾਤਾ ਉਸ ਵਿਚ ਹੀ ਭਲਾ ਮਨਾਉਣਾ ਚਾਹੀਦਾ ਹੈ। ਮੇਰੀ ਇਹ ਭੈਣ ਆਪਣੀ ਜ਼ਿੰਦਗੀ ਦੇ ਕੌੜੇ-ਮਿੱਠੇ ਦਿਨਾਂ ਦੀ ਦਾਸਤਾਨ ਕੁਝ ਇਸ ਤਰ੍ਹਾਂ ਸੁਣਾਉਂਦੀ ਹੈ।

ਅਸੀਂ ਦੋ ਭੈਣਾਂ ਹਾਂ। ਕੋਈ ਭਰਾ ਨਹੀਂ, ਨਾ ਕੋਈ ਮਾਮਾ ਹੈ। ਸਾਡੇ ਦੋਵਾਂ ਭੈਣਾਂ ਦੇ ਅੱਗੋਂ ਤਿੰਨ-ਤਿੰਨ ਕੁੜੀਆਂ ਹਨ। ਪਹਿਲਾਂ ਨਾਨਾ-ਨਾਨੀ ਪੁੱਤ-ਪੁੱਤ ਕਰਦੇ ਮਰ ਗਏ। ਫਿਰ ਮਾਂ-ਪਿਉ ਵੀ ਪੁੱਤ ਦਾ ਮੂੰਹ ਦੇਖੇ ਬਗੈਰ ਹੀ ਜਹਾਨੋਂ ਤੁਰ ਗਏ। ਮੈਂ ਤੇ ਮੇਰੀ ਭੈਣ ਪੁੱਤ-ਪੁੱਤ ਕਰਦੀਆਂ ਨੇ ਕੋਈ ਜਗ੍ਹਾ ਨਹੀਂ ਛੱਡੀ ਜਿੱਥੋਂ ਪੁੱਤ ਮਿਲ ਜਾਵੇ। ਪੁੱਤ ਬਿਨਾਂ ਝੋਲੀ ਖਾਲੀ ਹੀ ਰਹੀ। ਵੱਡੀ ਭੈਣ ਦਾ ਵਿਆਹ ਅਮਰੀਕਾ ਹੋ ਗਿਆ। ਮੈਂ ਵਿਆਹ ਤੋਂ ਦਸ ਸਾਲ ਬਾਅਦ ਹੀ ਵਿਧਵਾ ਹੋ ਗਈ। ਰੋਂਦੀ ਕੁਰਲਾਉਂਦੀ ਤਿੰਨਾਂ ਧੀਆਂ ਨੂੰ ਲੈ ਕੇ ਬੇਬੇ-ਬਾਪੂ ਕੋਲ ਪੇਕੇ ਆ ਗਈ। ਸਹੁਰਿਆਂ ਨੇ ਤਾਂ ਪਹਿਲੋਂ ਹੀ ਗੱਲੋਂ ਲਾਹ ਦਿੱਤੀ ਸੀ ਕਿ ਇਹ ਤਾਂ ਪੱਥਰ ਹੀ ਜੰਮਦੀ ਹੈ। ਪੇਕੇ ਆ ਕੇ ਧੀਆਂ ਨੂੰ ਪੜ੍ਹਾਉਣ ਲੱਗੀ। ਸਿਰ ਦੀ ਚੁੰਨੀ ਲਾਹ ਕੇ ਉਸ ਦੀ ਪੱਗ ਬਣਾ ਕੇ ਸਿਰ ਬੰਨ੍ਹ ਲਈ, ਮਾਪਿਆਂ ਲਈ ਪੁੱਤ ਬਣ ਗਈ। ਕਿਸੇ ਦੀ ਹਿੰਮਤ ਨਾ ਪਈ ਮੇਰੇ ਵਲ ਵੇਖਣ ਦੀ। ਜਵਾਨੀ ਦੇ ਰੰਡੇਪੇ ਨੂੰ ਇੱਲ੍ਹਾਂ ਬਹੁਤ ਪੈਂਦੀਆਂ ਨੇ ਪਰ ਮੈਂ ਮਾਈ ਭਾਗੋ ਦੀ ਸ਼ੇਰ ਧੀ ਬਣ ਕੇ ਰਹੀ।



ਸਹੁਰਿਆਂ ਨੇ ਤਾਂ ਘਰੋਂ ਕੱਢ ਕੇ ਬਾਤ ਨਾ ਪੁੱਛੀ, ਬਾਪੂ ਦੇ ਦਸ ਕਿਲਿਆਂ ਦਾ ਮਾਮਲਾ ਆ ਜਾਂਦਾ ਜਿਸ ਨਾਲ ਸਾਡਾ ਵਧੀਆ ਖਰਚਾ ਚੱਲਦਾ। ਦਿਨ ਤਿਉਹਾਰ ਤੇ ਵੱਡੀ ਭੈਣ ਡਾਲਰ ਤੇ ਕੱਪੜੇ ਭੇਜ ਦਿੰਦੀ। ਭੈਣ ਨੇ ਕਦੇ ਮੇਰੇ ਕੋਲੋਂ ਮਾਮਲੇ ਦਾ ਹਿਸਾਬ ਨਹੀਂ ਮੰਗਿਆ। ਬਾਪੂ ਮੇਰੇ ਵਲ ਵੇਖ ਕੇ ਬੜਾ ਦੁਖੀ ਹੁੰਦਾ। ਰੱਬ ਨੂੰ ਤਾਅਨੇ ਦਿੰਦਾ ਰਹਿੰਦਾ। ਇਕ ਦਿਨ ਬਾਪੂ ਵੀ ਇਸ ਦੁਨੀਆਂ ਨੂੰ ਛੱਡ ਕੇ ਸਦਾ ਦੀ ਨੀਂਦ ਸੌਂ ਗਿਆ। ਮੈਂ ਤੇ ਵੱਡੀ ਭੈਣ ਨੇ ਬਾਪੂ ਦਾ ਕਿਰਿਆਕ੍ਰਮ ਪੁੱਤ ਬਣ ਕੇ ਕੀਤਾ। ਬਾਪੂ ਨੇ ਪਹਿਲਾ ਹੀ ਜ਼ਮੀਨ ਦੀ ਵਸੀਅਤ ਸਾਡੇ ਦੋਵਾਂ ਭੈਣਾਂ ਦੇ ਨਾਂ ਕਰਵਾ ਦਿੱਤੀ ਸੀ। ਪਰ ਭੈਣ ਜੀ ਨੇ ਆਪਣੇ ਹਿੱਸੇ ਵਾਲੀ ਜ਼ਮੀਨ ਵੀ ਮੇਰੇ ਨਾਂ ਕਰਵਾ ਦਿੱਤੀ।

ਰੱਖੜੀ ਵਾਲੇ ਦਿਨ ਤਿੰਨੇ ਧੀਆਂ ਬਹੁਤ ਰੋਂਦੀਆਂ। ਮੈਂ ਸਭ ਤੋਂ ਛੋਟੀ ਨੂੰ ਮੁੰਡਿਆਂ ਵਾਲਾ ਪਹਿਰਾਵਾ ਪਾ ਕੇ ਉਸ ਦੇ ਰੱਖੜੀ ਬੰਨ੍ਹਵਾ ਦਿੰਦੀ। ਮੈਂ ਧੀਆਂ ਨੂੰ ਕਿਸੇ ਦੇ ਘਰ ਰੱਖੜੀ ਬੰਨ੍ਹਣ ਨਾ ਭੇਜਦੀ, ਸੋਚਦੀ ਰਹਿੰਦੀ ਕਿ ਕਿਤੇ ਕੋਈ ਆਖ ਨਾ ਦੇਵੇ ਕਿ ਪੈਸਿਆਂ ਦੇ ਲਈ ਕੁੜੀਆਂ ਭੇਜ ਦਿੰਦੀ ਹੈ। ਭੈਣਾਂ ਨੂੰ ਪੈਸੇ ਨਹੀਂ ਭਰਾਵਾਂ ਦਾ ਪਿਆਰ ਚਾਹੀਦਾ ਹੁੰਦਾ ਹੈ। ਸਮਾਂ ਬੀਤਦਾ ਗਿਆ। ਹੁਣ ਭੈਣ ਵਲੋਂ ਸਾਡੇ ਭਰੇ ਹੋਏ ਪੇਪਰ ਨਿਕਲ ਆਏ। ਮੈਂ ਤੇ ਮੇਰੀ ਵੱਡੀ ਧੀ ਨੇ ਖੁਦ ਭੱਜ ਨੱਠ ਕਰਕੇ ਸਾਰੇ ਪੇਪਰ ਤਿਆਰ ਕਰਵਾਏ। ਜਿਸ ਦਿਨ ਸਾਨੂੰ ਅਮਰੀਕਾ ਦਾ ਵੀਜ਼ਾ ਮਿਲ ਗਿਆ ਉਸੇ ਦਿਨ ਤੋਂ ਮਾਂ ਮੰਜੇ 'ਤੇ ਪੈ ਗਈ। ਮੈਂ ਮਾਂ ਨੂੰ ਛੱਡ ਕੇ ਅਮਰੀਕਾ ਆਉਣ ਦਾ ਇਰਾਦਾ ਬਦਲ ਲਿਆ। ਲੋਕਾਂ ਨੇ ਕਹਿਣਾ ਸੀ ਹੁਣ ਤੱਕ ਮਾਂ-ਪਿਉ ਦਾ ਖਾਂਦੀ ਰਹੀ ਜਦੋਂ ਮਾਂ ਮਰਨ ਕਿਨਾਰੇ ਪਹੁੰਚੀ ਤਾਂ ਧੀਆਂ ਲੈ ਕੇ ਜਹਾਜ਼ ਚੜ੍ਹ ਗਈ।

ਮਾਂ ਨੂੰ ਕੋਈ ਬਿਮਾਰੀ ਨਹੀਂ ਸੀ। ਬਸ ਦਿਲ ਨੂੰ ਝੋਰਾ ਲਾ ਬੈਠੀ ਕਿ ਹੁਣ ਮੇਰਾ ਘਰ ਖਾਲੀ ਹੋ ਜਾਵੇਗਾ। ਵੱਡੀ ਭੈਣ ਨੇ ਕਈ ਵਾਰ ਮਾਂ ਦੇ ਪੇਪਰ ਭਰੇ ਪਰ ਮਾਂ ਅਮਰੀਕਾ ਆਉਣਾ ਨਹੀਂ ਸੀ ਚਾਹੁੰਦੀ। ਮਾਂ ਆਖਦੀ ਜਿਸ ਘਰ ਵਿਚ ਮੇਰੀ ਡੋਲੀ ਆਈ ਸੀ ਉਸੇ ਘਰ ਵਿਚੋਂ ਹੀ ਮੇਰੀ ਅਰਥੀ ਨਿਕਲੇ। ਮੈਂ ਨਹੀਂ ਗੋਰਿਆਂ ਦੇ ਮੁਲਕ ਜਾ ਕੇ ਮਰਨਾ। ਮੈਂ ਕਦੇ ਘਰ ਆਉਂਦੀ, ਕਦੇ ਹਸਪਤਾਲ ਪਹੁੰਚਦੀ। ਡਾਕਟਰਾਂ ਨੇ ਮਾਂ ਨੂੰ ਘਰ ਭੇਜ ਦਿੱਤਾ। ਮੈਂ ਚੌਵੀ ਘੰਟੇ ਮਾਂ ਦੀ ਸੇਵਾ ਵਿਚ ਲੱਗੀ ਰਹਿੰਦੀ। ਮਾਂ ਆਖਦੀ ਅੱਜ ਮੈਨੂੰ ਪੁੱਤ ਨਾ ਹੋਣ ਦਾ ਕੋਈ ਗਮ ਨਹੀਂ, ਤੂੰ ਮੇਰੀ ਪੁੱਤਾਂ ਨਾਲੋਂ ਵੱਧ ਸੇਵਾ ਕਰਦੀ ਹੈਂ।

ਇਕ ਦਿਨ ਮਾਂ ਨੇ ਕਿਹਾ ਨਿੱਕੀਏ ਮੇਰੀ ਗੱਲ ਸੁਣ ਤੇ ਮੰਨ ਕੇ ਕੁੜੀਆਂ ਨੂੰ ਲੈ ਕੇ ਜਹਾਜ਼ ਚੜ੍ਹ ਜਾ। ਇਥੇ ਦਾਜ ਦੇ ਲੋਭੀਆਂ ਦੇ ਮੂੰਹ ਅੱਡੇ ਹੋਏ ਤੇਰੇ ਕੋਲੋਂ ਭਰੇ ਨਹੀਂ ਜਾਣੇ। ਉਥੇ ਕੁੜੀਆਂ ਪੜ੍ਹ ਲਿਖ ਕੇ ਆਪਣੇ ਪੈਰੀਂ ਖੜ੍ਹੀਆਂ ਹੋ ਜਾਣਗੀਆਂ। ਫਿਰ ਭਲਾ ਮਨਮਰਜ਼ੀ ਦਾ ਵਰ ਘਰ ਲੱਭ ਲਈ। ਮੇਰਾ ਫਿਕਰ ਨਾ ਕਰ ਮੈਂ ਤਾਂ ਅੱਜ ਨਹੀਂ ਕੱਲ੍ਹ ਤੁਰ ਜਾਵਾਂਗੀ। ਤੂੰ ਕੁੜੀਆਂ ਦੇ ਭਵਿੱਖ ਬਾਰੇ ਸੋਚ, ਭਰਾਵਾਂ ਤੋਂ ਬਿਨਾਂ ਭੈਣਾਂ ਦੀ ਕੋਈ ਨਹੀਂ ਵੱਟਦੀ, ਮਾਂ ਮੈਨੂੰ ਕਦੇ ਪਿਆਰ ਨਾਲ ਕਦੇ ਗੁੱਸੇ ਨਾਲ ਸਮਝਾਉਂਦੀ। ਮੈਂ ਮਾਂ ਨੂੰ ਮੰਜੇ 'ਤੇ ਪਈ ਛੱਡ ਕੇ ਨਹੀਂ ਆਉਣਾ ਚਾਹੁੰਦੀ ਸੀ ਪਰ ਵੀਜ਼ੇ ਦੇ ਦਿਨ ਥੋੜੇ ਰਹਿ ਗਏ। ਮਾਂ ਨੇ ਪਤਾ ਨਹੀਂ ਰੱਬ ਨੂੰ ਕੀ ਕਿਹਾ, ਮਾਂ ਅੰਮ੍ਰਿਤ ਵੇਲੇ ਸਾਨੂੰ ਸਾਰਿਆਂ ਨੂੰ ਗਲ ਲੱਗ ਕੇ ਮਿਲੀ ਤੇ ਅਸੀਸ ਦਿੱਤੀ ਨਿੱਕੀਏ ਤੇਰੀ ਸੇਵਾ ਨੂੰ ਪਰਮਾਤਮਾ ਭਾਗ ਲਾਵੇਗਾ। ਮੇਰੇ ਪਿੱਛੋਂ ਰੋਣਾ ਨਹੀਂ। ਭੋਗ ਤੋਂ ਬਾਅਦ ਜਹਾਜ਼ੇ ਚੜ੍ਹ ਜਾਈਂ। ਮਾਂ ਸਭ ਕੁਝ ਸਮਝਾ ਕੇ ਸਦਾ ਲਈ ਅੱਖਾਂ ਮੀਟ ਗਈ।

ਮੈਂ ਰੋਂਦੀ ਨੇ ਸਾਰਾ ਕਿਰਿਆਕ੍ਰਮ ਕੀਤਾ। ਮਾਂ ਦੇ ਫੁੱਲ ਕੀਰਤਪੁਰ ਜਲ ਪ੍ਰਵਾਹ ਕਰਕੇ, ਲੋਕਾਂ ਦੇ ਤਾਅਨਿਆਂ ਤੋਂ ਬਚ ਗਈ। ਘਰ ਨੂੰ ਜਿੰਦੇ ਲਾ ਕੇ ਕੰਧਾਂ ਨਾਲ ਲੱਗ-ਲੱਗ ਰੋਂਦੀ ਫਿਰ ਰੱਬ ਨੂੰ ਕਹਿੰਦੀ ਰੱਬਾ ਜੇ ਅੱਜ ਇਕ ਭਰਾ ਹੁੰਦਾ ਤਾਂ ਮੈਂ ਬੂਹੇ ਖੁੱਲ੍ਹੇ ਛੱਡ ਕੇ ਚਾਅ ਨਾਲ ਜਹਾਜ਼ ਚੜ੍ਹਦੀ। ਬੇਬੇ ਦੇ ਸੰਦੂਕ ਨੂੰ ਘੁੱਟ-ਘੁੱਟ ਕੇ ਰੋਂਦੀ। ਬਾਪੂ ਦੀ ਡੰਗੋਰੀ ਨੂੰ ਮੱਥੇ ਲਾ ਕੇ ਰੋਂਦੀ। ਮੈਨੂੰ ਇੰਜ ਲੱਗੇ ਕਿ ਮੈਂ ਅੱਜ ਫਿਰ ਵਿਧਵਾ ਹੋ ਗਈ। ਘਰ ਦੀ ਕਿਹੜੀ ਉਹ ਚੀਜ਼ ਸੀ ਜਿਸ ਨੂੰ ਫੜ ਕੇ ਮੈਂ ਰੋਈ ਨਾ ਹੋਵਾਂ। ਵਿਹੜੇ ਲੱਗੀ ਨਿੰਮ ਨੂੰ ਆਉਂਦੀ ਹੋਈ ਪਾਣੀ ਪਾ ਕੇ ਆਈ। ਮੇਰੀ ਜਿਉਂਦੀ ਲਾਸ਼ ਨੇ ਮਸਾਂ ਬੂਹੇ ਨੂੰ ਟੱਪਿਆ।

ਅਮਰੀਕਾ ਵਿਚ ਭੈਣ ਨੇ ਸਾਡੇ ਆਉਣ ਤੋਂ ਪਹਿਲਾਂ ਹੀ ਵੱਡਾ ਘਰ ਲੈ ਲਿਆ ਸੀ। ਮੈਂ ਤੇ ਭੈਣ ਦੋਵੇਂ ਇਕ ਦੂਜੇ ਦੇ ਗਲ ਲੱਗ ਰੋਈਆਂ। ਮਾਮੇ, ਭਰਾਵਾਂ ਤੇ ਪੁੱਤਾਂ ਵਲੋਂ ਖਾਲੀ ਭੁੱਬਾਂ ਮਾਰ ਰੋਂਦੀਆਂ ਮੇਰੀਆਂ ਧੀਆਂ ਭੈਣ ਦੀਆਂ ਧੀਆਂ ਨਾਲ ਰਲ ਮਿਲ ਗਈਆਂ। ਮੈਨੂੰ ਭੈਣ ਨੇ ਕੰਮ 'ਤੇ ਨਹੀਂ ਜਾਣ ਦਿੱਤਾ। ਉਨ੍ਹਾਂ ਦੇ ਆਪਣੇ ਸਟੋਰ ਹਨ। ਧੀਆਂ

*(ਬਾਕੀ ਸਫਾ 34 'ਤੇ)*

# ਪੁਆਧ ਕੇ ਅਤੀਤ ਕੀ ਬਾਤ

**ਡਾ. ਗੁਰਮੀਤ ਸਿੰਘ ਬੈਦਵਾਨ**

ਪੰਜਾਬ ਕੇ ਪੁਆਧੀ ਖਿੱਤੇ ਦੇ ਰਹਿਣ-ਸਹਿਣ ਮਾ ਪਿਛਲੇ ਚਾਲੀ-ਪੰਜਾਹ ਸਾਲਾਂ ਮਾ ਐਨੀ ਤਬਦੀਲੀ ਦੇਖਣੇ ਨੂੰ ਮਿਲੀ ਐ ਬਈ ਜਿਤਰਾਂ ਆਪਣੇ ਕੋਈ ਜਾਗਦੀਆਂ ਅੱਖਾਂ ਕਾ ਸੁਪਨਾ ਦੇਖਦੇ ਹੋਆਂ। ਪੁਆਧ ਕੇ ਅਤੀਤ ਕੀ ਬਾਤ ਕੱਚੇ ਰਸਤਿਆਂ ਅਰ ਕੱਚੇ ਕੋਠਿਆਂ ਮਾ ਰਹਿਣੇ ਆਲੇ ਪੱਕੇ ਦਿਲਾਂ ਅਰ ਨਰੋਏ ਜੁੱਸੇ ਆਲੇ ਪੁਰਖਿਆਂ ਕੇ ਕਾਰ-ਵਿਹਾਰ ਮਾ ਤੇ ਈ ਪੂਰੀ ਹੋ ਸਕੇਗੀ। ਬੰਦੇ ਕੀ ਕਹਾਣੀ ਉਸ ਕੇ ਜਨਮ ਤੇ ਈ ਸ਼ੁਰੂ ਹੋ ਜਹਾ। ਜਦ ਕਿਆ ਤਾ ਬਈ ਨਿਆਣੇ ਕੇ ਜੰਮਣੇ ਤੇ ਪਹਿਲਾਂ ਈ ਗਰਭਵਤੀ ਨੂੰ ਕਈ ਤਰ੍ਹਾਂ ਕੀਆਂ ਰੋਕਾਂ-ਟੋਕਾਂ ਸ਼ੁਰੂ ਹੋ ਜਾਂਈਆਂ। ਜਿਤਰਾਂ ਮੜ੍ਹੀਆਂ ਕੇ ਲਾਗ ਨੂੰ ਨੀ ਲੰਘਣਾ, ਕਿਸੀ ਕੈਣੇ ਥੌੜ (ਥਾਂ) ਪਰ ਨੀ ਜਾਣਾ। ਦਾਈਆਂ ਆਪਣੇ ਗਰੌਂ ਮਾਂ ਯਾ ਆਂਢ-ਗੁਆਂਢ ਕੇ ਗਰੌਆਂ ਮਾਂ ਈ ਮਿਲ ਜੇ ਕਰੈ ਤੀਆਂ। ਕਿਸੀ ਹਸਪਤਾਲ ਕਾ ਕੋਈ ਚੱਕਰ ਨੀ ਤਾ। ਤੀਮੀਂ ਨੇ ਢਿੱਲੀ-ਮੱਠੀ ਹੋਣਾ ਤਾਂ ਘਰ ਕੀਆਂ ਸਿਆਣੀਆਂ ਨੇ ਘਰਾਂ ਈ ਸੁੰਢ-ਜੁਐਣ ਦੇ ਦੇਣੀ। ਸਾਰੇ ਨਿਆਣੇ ਗਰੌਆਂ ਮਾ ਈ ਜੰਮਣੇ। ਇਬ ਮਾਂਗੋਂ ਕਿਸੀ ਹਸਪਤਾਲ ਕਾ ਕਾਟ-ਕੂਟ ਨਹੀਂ ਤਾਂ ਬਣਾਇਆ ਜਹੈ। ਫੇਰ ਨਿਆਣੇ ਕਾ ਜਨਮ ਹੋਣੇ ਪਰ ਉਸ ਨੂੰ ਗੁੜ੍ਹਤੀ ਦੇਣੀ। ਗੁੜ੍ਹਤੀ ਤਾਂ ਦਾਈ ਓ ਦਏ ਕਰੇ ਤੀ। ਸੱਤਮੇਂ-ਅੱਠਮੇਂ ਦਿਨ ਨਮੇਂ ਜੰਮੇ ਜੁਆਕ ਕੀ ਮਾਂ ਨੂੰ ਚੌਂਕੇ ਚੜ੍ਹਾਉਣਾ। ਨਮੇਂ ਮਹਿਮਾਨ ਕੀ ਜਾਣ-ਪਛਾਣ ਕਰਾਉਣੈ ਬਾਸਤੇ ਉਸ ਦਿਨ ਔਸ-ਪੜੌਸ ਕੇ ਜੁਆਕਾਂ ਨੂੰ ਰੋਟੀ ਖਲਾਣੀ। ਜਣੇਪੇ ਆਲੇ ਘਰ ਦੇ ਦਰਵਾਜ਼ੇ ਮੂਹਰੇ ਅੰਬ ਕੇ ਪੱਤੇ ਸਵਾ ਮਹੀਨਾ ਬੰਨ੍ਹੇ ਰਹੇ ਤੇ। ਯੋਹ ਇਸ ਕਰਕੈ ਬਣੀ ਇਕ ਤਾਂ ਹਰਾ ਖੱਬਲ ਯਾ ਹਰੇ ਪੱਤੇ ਸ਼ੁਭ ਸ਼ਗਨ ਗਿਣਿਆ ਜਹੇ ਤਾਂ ਦੂਆ ਯੋਹ ਬਣੀ ਔਣੇ-ਜਾਣੇ ਆਲਾ ਇਤਹਾਤ ਗੈਲ ਅੰਦਰ ਆਬੈ।

ਖੇਲਦੇ ਖਾਂਦੇ ਨਿਆਣਿਆਂ ਨੈ ਜੁਆਨ ਹੋ ਜਾਣਾ। ਕੁੜੀਆਂ ਕੇ ਪੜ੍ਹਨੇ ਨੂੰ ਕੋਈ ਤਰਜੀਹ ਨੀ ਦਹੇ ਤਾ। ਛੋਕਰਿਆਂ ਨੂੰ ਧਰਮਸ਼ਾਲਾ ਮਾ ਗੁਰਦੁਆਰੇ ਕੇ ਭਾਈ ਕੋਲ ਗੁਰਮੁਖੀ ਪੜ੍ਹਨ ਭੇਜ ਦਹੇਂ ਤੇ। ਕੁਸ ਨੇ ਪੜ੍ਹ ਜਾਣਾ ਕੁਸ ਨੇ ਸਮਝ ਲੈਣਾ ਬਈ 'ਪੜ੍ਹਿਆ ਅਨਪੜ੍ਹਿਆ ਪਰਮਗਤ ਪਾਵੈ।' ਬਸ ਫੇਰ ਕਿਆ ਹੋਣਾ, ਡਾਂਗ ਚੱਕਣੀ ਅਰ ਡੰਗਰਾਂ ਕੇ ਪਿੱਛੇ ਹੋ ਲੇਣਾ। ਇਬ ਮਾਂਗੋਂ ਜਦ ਸਾਰੀ ਜ਼ਮੀਨ ਬੋਹਣ-ਬੀਜਣ ਜੋਗੀ ਨੀ ਤੀ ਹੋਈ। ਜੰਗਲ-ਢੱਕੀਆਂ, ਲੰਬੀਆਂ ਚਰਾਗਾਹਾਂ ਮਾਂ ਡੰਗਰਾਂ ਕੇ ਚੌਣੇ ਫਿਰੀ ਜਾਣੈ। ਦੁੱਧ ਘੀ ਖੁੱਲ੍ਹੇ ਬਰਤਣੇ। ਗੱਭਰੂਆਂ ਕੇ ਜੁੱਸੇ ਤਕੜੇ ਹੋਣੇ। ਪਿੜਾਂ ਮਾ ਛਿੰਝਾਂ ਪੈਣੀਆਂ, ਖੁੰਢੀਆਂ ਕੇ ਸਿੰਗ ਫਸਣੇ। ਬੜੇਵੇਂ ਖਾਣੀਆਂ ਨੇ ਨਿਤਰਨਾ, ਝੰਡੀਆਂ ਪੱਟਣੀਆਂ। ਇਬ ਮਾਂਗੋਂ ਦੁੱਧ ਘੀ ਮੁੱਲ ਨੀ ਤਾਂ ਬਿਕੈ। ਦੁੱਧ ਬੇਚਣੇ ਪੁੱਤ ਬੇਚਣੇ ਕੇ ਬਰਾਬਰੇ ਸਮਝਿਆ ਜਹੇ ਤਾ। ਉਧਰ ਧੀਆਂ-ਭੈਣਾਂ ਨੈ ਵੀ ਕੱਤਦੀਆਂ ਬੁਣਦੀਆਂ ਅਰ ਰੋਟੀ ਟੁੱਕਰ ਕਰਦੀਆਂ ਨੇ ਜੁਆਨ ਹੋ ਜਾਣਾ। ਨਾਈ (ਰਾਜੇ) ਨੂੰ ਭੇਜ ਕੇ ਹਾਣ-ਪ੍ਰਵਾਣ ਕਾ ਬਰ (ਛੋਕਰਾ) ਟੋਲ੍ਹਣਾ। ਫੇਰ ਸ਼ਗਨ ਕਾ ਰਪਈਆ ਭੇਜਣਾ। ਬਿਆਹਾਂ ਬਾਸਤੈ ਫੇਰ ਪੰਡਤਾਂ ਤੇ ਸਾਹੇ ਕਢਾਉਣੇ। ਸਾਹੇ ਬੰਨ੍ਹੇ ਛੋਕਰੇ, ਕੁੜੀਆਂ ਨੂੰ ਐਰੇ ਗੈਰੇ ਘੁੰਮਣੇ ਤੇ ਰੋਕਣਾ। ਬਿਆਹਾਂ ਕੇ ਆਟੇ ਪੈਹਲਾਂ ਤਾਂ ਘਰਾਂ ਮਾ ਈ ਚੱਕੀਆਂ ਪਰ ਪੀਹੇ ਜਹੇਂ ਤੇ ਫੇਰ ਜਾਦਾ ਹੋਣੇ ਕਰਕੇ ਘਰਾਟਾਂ ਪਰ ਜਾਣ ਲੱਗਗੇ। ਦਾਲਾਂ-ਦੂਲਾਂ ਘਰ ਕੀਆਂ ਚੱਕੀਆਂ ਮਾ ਈ ਪੀਹਣੀਆਂ। ਚੱਕੀਆਂ ਪੀਂਹਦੀਆਂ ਤੀਮੀਆਂ ਨੇ ਕੁੜੀਆਂ ਕੇ ਬਿਆਹ ਕੇ ਸੁਹਾਗ ਗਾਣੇ ਅਰ ਛੋਕਰੇ ਆਲੇ ਕੇ ਘਰਾਂ ਘੋੜੀਆਂ। ਕੱਚਿਆਂ ਦਲਾਨਾਂ ਮਾ ਕੰਧਾਂ ਕੇ ਗੈਲ-ਗੈਲ ਪਾਂਡੂ ਕੀ ਤੋਈ ਕੱਢ ਕੇ ਗੋਹੇ ਗੈਲ ਲਿੰਪ ਦਹੈਂ ਤੇ। ਬਿਆਹ ਤੇ ਚਾਰ ਦਿਨ ਪੈਹਲਾਂ ਕੜਾਹੀ ਚੜ੍ਹਾਉਣੀ। ਸ਼ਰੀਕੇ ਨੇ ਭੱਠੀ ਪਰ ਕੰਮ ਕਰਾਉਣ ਆ ਜਾਣਾ। ਲਾਗੀਆਂ ਨੇ ਬੰਨ ਲਾਉਣਾ, ਜੀਹਨੂੰ ਬਟਣਾ ਮਲਣਾ ਵੀ ਕਿਹਾ ਜਹੇ ਤਾਂ। ਕਣਕ ਕੀਆਂ ਮਿੱਠੀਆਂ ਅਰ ਛੋਲਿਆਂ ਕੀਆਂ ਸਲੂਣੀਆਂ ਬੱਕਲੀਆਂ ਵੰਡਣੀਆਂ। ਬਿਆਹ ਤੇ ਇਕ ਦਿਨ ਪੈਹਲਾਂ ਜਿੱਦਣ ਮੇਲ ਹੋਣਾ ਉਦਣ ਦਪੈਹਰੇ ਨੂੰ ਨਿਉਂਦਾ ਲਿਆ ਜਹੇ ਤਾ। ਨਿਉਂਦੇ ਗੈਲ ਬਿਆਹ ਕੇ ਖਰਚੇ ਮਾ ਮਦਦ ਮਿਲ ਜਹੈ ਤੀ। ਇਬ ਮਾਂਗੋਂ ਕਿਸੀ ਪਾ ਹਜ਼ਾਰਾਂ, ਲੱਖਾਂ ਕੀ ਫਸਲ ਨੀ ਤੀ ਹੋਐ, ਬਈ ਕੋਈ ਕੱਲਾ ਈ ਬਿਆਹ ਕਰ ਲੰਦਾ। ਸਾਰਾ ਭਾਈਚਾਰਾ, ਅੰਗ-ਸਾਕ ਮਿਲ ਕੇ ਈ ਕਾਰਜ ਨੂੰ ਸਿਰੇ ਚੜ੍ਹਾਮੈਂ ਤੇ।

ਗੱਡਿਆਂ, ਰੱਥਾਂ, ਘੋੜਿਆਂ, ਅਰ ਊਂਟਾਂ ਪਰ ਜੰਨਾ ਜਾਂਈਆਂ। ਕੱਚਿਆਂ ਰਾਹਾਂ ਮਾ ਗੱਡੇ ਅਰ ਰੱਥਾ ਸੂਤ ਪੱਟ ਦਹੈ ਤੇ। ਸਾਰੇ ਪੋਹਣ (ਸਵਾਰ ਹੋ ਕੇ ਜਾਣੇ ਕੇ ਸਾਧਨ) ਤੁਰਨੇ ਪਰ ਇਕ ਬਾਰ ਤਾਂ ਐਂ ਲੱਗਣਾ ਬਈ ਜਿਤਰਾਂ ਕਿਸੀ ਫੌਜ ਨੇ ਚੜ੍ਹਾਈ ਕਰਦੀ ਹੋਆ। ਅਗਲੇ ਸਿਰੇ ਜਾ ਕੈ ਡੇਰੇ ਮਾ ਜੰਨ ਤਾਰੀ ਜਾਣੀ। ਦੋ-ਦੋ, ਤਿੰਨ-ਤਿੰਨ ਦਿਨ ਜੰਨ ਨੇ ਰੈਹਣਾ। ਅਨੰਦ ਕਾਰਜ ਅਰ ਫੇਰਿਆਂ ਕੀ ਰਸਮ ਹੋਣੀ, ਜਨੇਤੀਆਂ ਕਾ ਸੇਵਾ ਪਾਣੀ ਕਰਨਾ। ਪੋਹਣਾ ਮਾ ਆਏ ਬੇ ਬਲਦਾਂ, ਊਂਟਾਂ ਅਰ ਘੋੜਿਆਂ ਕਾ ਦਾਣਾ-ਪਾਣੀ ਬੀ ਮਿਥ-ਮਿਥ ਕੈ ਦੇਣਾ। ਪਸੂਆਂ ਨੂੰ ਨਿਹਾਰੀਆਂ ਦੇਣੀਆਂ ਅਰ ਜਨੇਤੀਆਂ ਨੂੰ ਪਦਾਰਥ। ਜੰਨ ਕੀ ਬਦੈਗੀ ਕੇ ਟੈਮ ਮਿਸਰੀ ਅਰ ਲੈਚੀਆਂ ਬਰਤਣੀਆਂ। ਜਿਨ੍ਹਾਂ ਪਾ ਥੋੜ੍ਹਾ ਬਹੁਤ ਮਰੱਬਾ ਤਾ ਯਾ ਕੋਈ ਮਲਾਏ ਮਲੂਏ (ਮਲਾਇਆ) ਮਾ ਗਿਆ ਬਾ ਹੋਏ ਕਰੈ ਤਾ, ਉਹ ਦਾਜ ਮਾ ਘੋੜੀ-ਜੋਟੀ ਬੀ ਦੇ ਦਹੈਂ ਤੇ। ਬਿਆਂਦੜ ਛੋਕਰੇ ਕੇ ਘਰਾਂ ਬਹੂ ਪਰ ਛੋਕਰੇ ਕੀ ਮਾਂ ਦੋਹਸਤਾ ਲੇ ਕੈ ਪਾਣੀ ਬਾਰ ਕੈ ਪੀਬੈ ਤੀ। ਯੋਹ ਰਸਮ ਤਾਂ ਇਬ ਬੀ ਉਸੀ ਤਰ੍ਹਾਂ ਐ। ਘਰ ਕੇ ਬੜੇ ਬਡੇਰੇ ਕੀ ਸਮਾਧ ਪਰ ਨਮੀਂ ਜੋੜੀ ਨੂੰ ਮੱਥਾ ਟਕਾਇਆ ਜਾਣਾ ਜ਼ਰੂਰੀ ਸਮਝਿਆ ਜਹੇ ਤਾ। ਗੁਰਦੁਆਰੇ, ਖੇੜੇ, ਖੁਆਜੇ ਅਰ ਮੰਦਰ ਮਾ ਬੀ ਚਲਿਆ ਜਾਣਾ। ਫੇਰ ਨਮੀਂ ਜੋੜੀ ਆਪਸ ਮਾਂ ਛਟੀਆਂ ਖੇਲੇ ਕਰੈਂ ਤੀ। ਬਿਆਹ ਆਲੇ ਛੋਕਰੇ ਕੀ ਮਾਂ ਆਪਣੇ ਸੱਸ ਬਣਨੇ ਕੀ ਖੁਸ਼ੀ ਮਾ ਆਪਣੇ ਪਿਉਕਿਆਂ ਕੈ ਕੋਠੀ ਝਾੜ ਲੇ ਕੈ ਚਲੀ ਜਹੇ ਤੀ।

ਪੁਆਧ ਕੇ ਖਿੱਤੇ ਕਾ ਬੜਾ ਕੰਮ ਖੇਤੀਬਾੜੀ ਈ ਤਾ। ਖੇਤੀ ਕੇ ਕੰਮ ਗੈਲ ਡੰਗਰ, ਬੱਛਾ, ਲੁਹਾਰਾ, ਤਰਖਾਣਾ, ਚਮਾਰਾਂ, ਝੁਰਾਂ, ਨਾਈਆਂ, ਪੰਡਿਤਾਂ ਅਰ ਸ਼ਾਹਾਂ ਕਾ ਹੋਣਾ ਬੀ ਜ਼ਰੂਰੀ ਤਾ। ਸਾਰੇ ਖਿੱਤੇ ਮਾ ਪਾਣੀ ਕੀ ਬੜੀ ਕਿੱਲਤ ਰਹੈ ਤੀ। ਐਧਰ ਰੋਪੜ ਆਲੇ ਪਾਸੇ ਸਤਲੁਜ ਕੇ ਨੇੜੈ-ਤੇੜੈ ਤਾਂ ਫਸਲ ਬਾੜੀ ਅਰ ਡੰਗਰ ਬੱਛੇ ਨੂੰ ਕੁਸ ਫੈਦਾ ਤਾਂ। ਅੰਬਾਲੇ ਆਲੇ ਪਾਸੇ ਘੱਗਰ ਨਦੀ ਬੀ ਕਦੀ-ਕਦੀ ਚੀਣੇ ਕੇ ਚੌਲਾਂ ਨੂੰ ਭਾਗ ਲਾ ਜਹੇ ਤੀ। ਕਿਸੀ-ਕਿਸੀ ਕੇ ਖੇਤ ਮਾਂ ਟਿੰਡਾਂ ਆਲਾ ਹਲਟ ਖੂਹ ਹੋਏ ਕਰੈ ਤਾ। ਘਰਾਂ ਬਾਸਤੇ ਡੂੰਘਿਆਂ ਖੂਹਾਂ ਪਰ ਤੇ ਝੁਰ ਈ ਪਾਣੀ ਭਰੇ ਕਰੇ ਤੇ। ਲੁਹਾਰ, ਤਰਖਾਣ, ਹਲ, ਪੰਜਾਲੀ ਗੱਡੇ ਅਰ ਰਥਾਂ ਸੁਆਰੇ ਕਰੈਂ ਤੇ। ਝੁਰ ਬੈਂਹਗੇ ਪਰ ਪਾਣੀ ਢੋਏ ਕਰੈਂ ਤੇ। ਚਾਰ-ਚਾਰ, ਪੰਜ-ਪੰਜ ਘੜੇ ਇਕੋ ਬਾਰ ਬਹਿੰਗੇ ਮਾ ਫਸਾ ਲਹੈਂ ਤੇ।

ਅੱਸੂ ਕੱਤਕ ਕੇ ਮਹੀਨਿਆਂ ਮਾ ਕਪਾਹਾਂ ਚੁਗਣੀਆਂ। ਕਪਾਹਾਂ ਨੂੰ ਘਰਾਂ ਮਾ ਈ ਬੇਲਣਿਆਂ ਗੈਲ ਬੇਲਣਾ। ਬੜੇਮੇਂ ਖਾਣੀਆਂ ਮੈਸ੍ਹਾਂ ਕੇ ਦੁੱਧ ਪਰ ਗਿੱਠ-ਗਿੱਠ ਮਲਾਈ ਚੜ੍ਹ ਜਹੇ ਤੀ। ਕਪਾਹ ਗੈਲ ਰਜਾਈਆਂ ਬਛੌਣੇ ਗਰੌਂ ਕੇ ਪਿੰਜੇ ਨੇ ਭਰਵਾਣੇ।

ਸਾਰੇ ਈ ਕੰਮ ਧੰਦੇ ਬੜੀ ਮਿਹਨਤ ਆਲੇ ਹੋਏ ਕਰੈ ਤੇ। ਬੌਹਤਾ ਜੋਰ ਚੰਗੇ ਬਲਦਾਂ ਪਰ ਹੋਐ ਤਾ। ਬਲਦਾਂ ਬਾਰੇ ਕਿਹਾ ਜਾਹੈ ਤਾਂ ਬੀ 'ਧੀ ਘਰਾਣੇ ਕੀ, ਬਲਦ ਲਾਣੇ ਕਾ' ਚੰਗੇ ਘਰਾਣੇ ਕੀ ਧੀ ਘਰ ਕੇ ਕੰਮ-ਕਾਰ ਨੂੰ ਸੰਭਾਲ ਸਕਾ ਅਰ ਲਾਣੇ ਕਾ ਬਲਦ ਕਦੀ ਰਾਹ ਮਾ ਧੋਖਾ ਨਾ ਦਹੈ। ਦਸ-ਦਸ ਗੱਡਿਆਂ ਕੀਆਂ ਲੈਨਾਂ ਅੰਬਾਲੇ ਤੇ ਪੰਜੌਰ ਅਰ ਰੋਪੜ ਤੇ ਸ਼ਿਮਲੇ ਤਕ ਕਰਾਇਆ ਢੋਣੇ ਨੂੰ ਤੁਰਪੇ ਕਰੈ ਤੀਆਂ। ਪੰਜੌਰ ਤੇ ਲੈ ਕੇ ਸ਼ਿਮਲੇ ਤਕ ਕਾ ਇਕ ਗੱਡੇ ਕੇ ਇਕ ਗੇੜੇ ਕਾ ਕਰਾਇਆ ਸਿਰਫ ਬੀਹ ਰੁਪਈਏ ਹੋਏ ਕਰੈ ਤਾ। ਇਕ ਬਾਰ ਸ਼ਿਮਲੇ ਜਾ ਕੇ ਇਕ ਚੜ੍ਹਾਈ ਆਲੇ ਮੋੜ ਪਰ ਬੜੇ ਬਾਬਾ ਜੀ (ਬਾਪੂ ਜੀ ਕੇ ਤਾਇਆ ਜੀ) ਨੇ ਬਲਦਾਂ ਨੂੰ ਹੱਲਾਸ਼ੇਰੀ ਦੇਣੈ ਬਾਸਤੇ ਜ਼ੋਰ ਕੀ ਆਵਾਜ਼ ਕੱਢੀ। ਉਪਰ ਕੋਠੀ ਮਾ ਅੰਗਰੇਜ਼ ਅਫਸਰ ਸੁੱਤਾ ਪਿਆ ਤਾ। ਉਸ ਕੇ ਅਰਦਲੀ ਨੈ ਦੌੜ ਕੈ ਆ ਕੇ ਬਾਬਾ ਜੀ ਨੂੰ ਚੁੱਪ ਕਰਾਇਆ। ਉਹ ਕਹੈ ਜੇ ਸੈਹਬ ਉਠ ਖੜ੍ਹਿਆ ਤਾਂ ਜਰਮਾਨਾ ਕਰ ਦਿਊਗਾ। ਪੁਰਖਿਆਂ ਨੈ ਮਿਹਨਤ ਬੀ ਕਰੀ ਅਰ ਗਲਾਮੀ ਬੀ ਝੱਲੀ। ਪੈਸੇ ਕੀ ਕਿੱਲਤ ਕਰਕੇ ਸੌ ਪਾਪੜ ਬੇਲਣੇ ਪਸੈਂ ਤੇ। ਮ੍ਹਾਰੇ ਗਰੌਂ ਮਾ ਸੁਰਜਣ ਸੈਂ ਤਾਏ ਕੇ ਬਲਦ ਤਕੜੇ ਹੋਏ ਕਰੈ ਤੇ। ਉਸ ਨੇ ਗੱਡਿਆਂ ਕੇ ਕਿਰਾਏ ਕਾ ਸੌ ਰਪੱਈਆ ਬਣਾ ਲਿਆ। ਉਸ ਨੇ ਸੌ ਕੇ ਨੋਟ ਨੂੰ ਸਾਰਾ ਗਰੌਂ ਦੇਖਣ ਗਿਆ, ਬਈ ਸੌ ਕਾ ਨੋਟ ਕਿਹਾ ਜਾ ਹੋਆ।

ਸਾਰੇ ਕੰਮਾਂ ਕਾਰਾਂ ਨੂੰ ਕਰਦਿਆਂ-ਕਰਾਂਦਿਆਂ ਇਕ ਦਿਨ ਜ਼ਿੰਦਗੀ ਕੀ ਸੰਝ ਬੀ ਹੋ ਜਾਣੀ। ਬੰਦੇ ਕੇ ਮਰਨੇ ਪਰ ਤੀਮੀਆਂ ਨੇ ਘੜਾ ਭੰਨਣਾ। ਚਿਖਾ ਨੂੰ ਅੱਗ ਬੜੇ ਛੋਕਰੇ ਨੇ ਦਖਾਣੀ। ਕੋਰੇ ਘੜੇ ਮਾ ਮੋਰੀ ਕਰਕੇ ਦਰੱਖਤ ਗੈਲ ਬੰਨ੍ਹ ਦੇਣਾ ਬਈ ਬੂੰਦ-ਬੂੰਦ ਪਾਣੀ ਮਰਨੇ ਆਲੇ ਨੂੰ ਰਸਤੇ ਮਾ ਮਿਲਦਾ ਰਹੂ। ਕਈ ਤਾਂ ਮੜ੍ਹੀ ਬੀ ਕੀਲ ਦਹੈ ਤੇ ਬਈ ਮਰਨੇ ਆਲਾ ਕਿਤੀ ਉਠ ਕੈ ਘਰਾਂ ਨੂੰ ਏ ਨਾ ਆ ਜਹੇ। ਫੁੱਲ ਚੁੱਗ ਕੇ ਹਰਿਦੁਆਰ ਪਾ ਕੇ ਆਣੇ। ਇਬ ਤਾਂ ਕੀਰਤਪੁਰ ਬੀ ਜਾਣ ਲੱਗਗੇ। ਗੁਰਬਾਣੀ ਕੇ ਪਾਠ ਕਾ ਭੋਗ ਪਾਣਾ। ਬੁੜ੍ਹੇ ਕਾ ਹਗਾਮਾ ਕਰਨਾ। ਕਿਸੇ ਜਵਾਨ ਮੌਤ ਪਰ ਖਾਸਾ ਅਫਸੋਸ ਗੁਆਂਢ ਕੇ ਗਰੌਆਂ ਮਾ ਬੀ ਫੈਲ ਜਹੇ ਤਾ। ਏਹਾ ਜਾ ਹੋਣੇ ਪਰ ਗਰੌਂ ਮਾ ਕਿਸੀ ਕੇ ਚੁੱਲ੍ਹੇ ਪਰ ਰੋਟੀ ਨੀ ਤੀ ਪੱਕੇ।

ਆਜ਼ਾਦੀ ਤੇ ਪੈਹਲਾਂ ਸਾਰੇ ਧਰਮਾਂ ਕੇ ਲੋਕ ਬਿਨਾਂ ਕਿਸੀ ਫਰਕ ਕੇ ਰਹੇ ਕਰੇ ਤੇ। ਹੱਲਿਆਂ ਆਲੇ ਸਾਲ ਪਾਕਸਤਾਨ ਕਾ ਰੌਲਾ ਗੌਲਾ ਹੋ ਗਿਆ। ਘਰ ਕੇ ਜੀਆਂ ਮਾਂਗੋਂ ਰਹਿ ਰਹੇ ਮੁਸਲਮਾਨ ਭਾਈਆਂ ਨੂੰ ਸਭ ਕੁਸ ਛੱਡ ਕੇ ਦੌੜਨਾ ਪੈ ਗਿਆ। ਉਨ੍ਹਾਂ ਜੀਆਂ ਕਾ ਇਤਰਾਂ ਜਾਣਾ ਪੁਆਧ ਕੇ 'ਲਾਕੇ ਕੇ ਲੋਕਾਂ ਕੇ ਦਿਲਾਂ ਮਾ ਡੂੰਘੇ ਜ਼ਖਮ ਕਰ ਗਿਆ। ਪੀੜ੍ਹੀਆਂ ਲੰਘ ਗੀਆਂ ਪਰ ਔਹ ਇਬ ਤਕ ਬੀ ਹਰੇ ਐਂ। ਰੱਬ ਉਨ੍ਹਾਂ ਲੋਕਾਂ ਕੀ ਖੈਰ ਕਰੈ।

## ਰੰਗ-ਬੇਰੰਗ

# ਮਾਣ ਭਰਾਵਾਂ ਨਾਲ

ਡਾ. ਗੁਰਨਾਮ ਕੌਰ

ਸਰਕਾਰਾਂ ਦਾ ਕੰਮ ਕਰਨ ਦਾ ਰੰਗ, ਢੰਗ ਤੌਰ-ਤਰੀਕੇ ਹੁਣ ਬਿਲਕੁਲ ਬਦਲ ਗਏ ਹਨ। ਮੁੱਖ ਮੰਤਰੀ ਤਾਂ ਕੀ ਹੁਣ ਤਾਂ ਮਹਿਕਮਾ ਮੰਤਰੀ ਨੂੰ ਵੀ ਆਪਣੇ ਮਹਿਕਮੇ ਦਾ ਬਹੁਤ ਫਿਕਰ ਨਹੀਂ ਹੁੰਦਾ। ਸਭ ਨੂੰ ਸਿਰਫ ਇਕੋ ਫਿਕਰ ਹੁੰਦਾ ਹੈ ਕਿ ਪੈਸਾ ਕਿਵੇਂ ਇਕੱਠਾ ਕਰਨਾ ਹੈ। ਸੱਠਵਿਆਂ ਵਿਚ ਆਜਾਦੀ ਮਿਲੀ ਨੂੰ ਬਹੁਤ ਥੋੜ੍ਹੇ ਵਰ੍ਹੇ ਹੋਏ ਸੀ। ਸਰਕਾਰਾਂ ਸਾਹਮਣੇ ਇਕ ਆਦਰਸ਼ ਹੁੰਦਾ ਸੀ ਕਿ ਮੁਲਕ ਜਾਂ ਸੂਬੇ ਦਾ ਵਿਕਾਸ ਕਿਵੇਂ ਕਰਨਾ ਹੈ ਅਤੇ ਮੁਲਕ ਨੂੰ ਅਨਪੜ੍ਹਤਾ ਵਿਚੋਂ ਕਿਵੇਂ ਕੱਢਣਾ ਹੈ। ਇਸ ਲਈ ਸਿੱਖਿਆ ਨਾਲ ਨਵੀਆਂ ਨਵੀਆਂ ਸਕੀਮਾਂ ਲਾਗੂ ਕੀਤੀਆਂ ਜਾਂਦੀਆਂ। ਇਸੇ ਤਰ੍ਹਾਂ ਦੀ ਇਕ ਨਵੀਂ ਸਕੀਮ ਅਤੇ ਤਜਰਬੇ ਵਿਚੋਂ ''ਕੈਰੋਂ ਪੀਰੀਅਡ'' ਹੋਂਦ ਵਿਚ ਆਇਆ। ਉਦੋਂ ਸਰਦਾਰ ਪ੍ਰਤਾਪ ਸਿੰਘ ਕੈਰੋਂ ਪੰਜਾਬ ਦੇ ਮੁੱਖ ਮੰਤਰੀ ਸਨ ਅਤੇ ਕਾਂਗਰਸ ਪਾਰਟੀ ਅਜਿਹੀ ਪਾਰਟੀ ਸੀ ਜਿਸ ਨੂੰ ਤਾਕਤ ਵਿਚ ਰਹਿਣ ਲਈ ਬਹੁਤਾ ਮੁਕਾਬਲਾ ਨਹੀਂ ਸੀ ਕਰਨਾ ਪੈਂਦਾ।




ਡਾ. ਗੁਰਨਾਮ ਕੌਰ

ਸ. ਕੈਰੋਂ ਸਕੂਲਾਂ ਦੇ ਕੰਮ-ਕਾਜ ਵਲ, ਸਿੱਖਿਆ ਅਤੇ ਖੇਡਾਂ ਵਲ ਨਿੱਜੀ ਤਵਜੋ ਦਿੰਦੇ ਸੀ। ਹਾਈ ਸਕੂਲਾਂ ਵਿਚ ਉਦੋਂ ਅੱਠ ਪੀਰੀਅਡ ਲਗਦੇ ਹੁੰਦੇ ਸੀ ਜੋ ਗਰਮੀਆਂ ਵਿਚ ਡੇਢ ਕੁ ਵਜੇ ਅਤੇ ਸਰਦੀਆਂ ਵਿਚ ਚਾਰ ਵਜੇ ਖਤਮ ਹੋ ਜਾਂਦੇ। ਪੰਜਾਬ ਸਰਕਾਰ ਵਲੋਂ ਨੌਵਾਂ ਪੀਰੀਅਡ ਸ਼ੁਰੂ ਕੀਤਾ ਗਿਆ ਜਿਸ ਵਿਚ ਇਕ ਘੰਟੇ ਦਾ ਸਮਾਂ ਸਾਰੇ ਸਕੂਲ ਲਈ ਖੇਡਾਂ ਦਾ ਜ਼ਰੂਰੀ ਕਰ ਦਿੱਤਾ ਗਿਆ। ਖੇਡਾਂ ਨੂੰ ਸਖਤੀ ਨਾਲ ਲਾਗੂ ਕੀਤਾ ਗਿਆ ਜਿਸ ਲਈ ਬਾਕਾਇਦਾ ਮਹਿਕਮੇ ਵਲੋਂ ਛਾਪੇ ਵੀ ਮਾਰੇ ਜਾਂਦੇ। ਸਰਦੀਆਂ ਵਿਚ ਸਕੂਲਾਂ ਦੀ ਛੁੱਟੀ ਚਾਰ ਵਜੇ ਦੀ ਥਾਂ ਪੰਜ ਵਜੇ ਹੋਣ ਲੱਗ ਪਈ। ਇਸ ਤਰ੍ਹਾਂ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਘਰ ਪਹੁੰਚਣ ਲਈ, ਖਾਸ ਕਰਕੇ ਦੂਰੋਂ ਪਿੰਡਾਂ ਤੋਂ ਆਉਣ ਵਾਲਿਆਂ ਨੂੰ ਕਾਫੀ ਹਨ੍ਹੇਰਾ ਹੋ ਜਾਂਦਾ। ਇਸ ਦਾ ਕੋਈ ਬਦਲ ਵੀ ਨਹੀਂ ਸੀ। ਭਾਵੇਂ ਕੁਝ ਸਮਾਂ ਲਾਗੂ ਰਹਿਣ ਤੋਂ ਬਾਅਦ ਇਹ ਵਿਸ਼ੇਸ਼ ਪੀਰੀਅਡ ਸਰਕਾਰ ਵਲੋਂ ਹੀ ਬੰਦ ਕਰ ਦਿੱਤਾ ਗਿਆ ਪਰ ਖੇਡਾਂ ਦੇ ਇਸ ਪੀਰੀਅਡ ਦਾ ਨਾਂ ਹੀ ''ਕੈਰੋਂ ਪੀਰੀਅਡ'' ਪੈ ਗਿਆ। ਜੋ ਬੜੀ ਦੇਰ ਤੱਕ ਚਰਚਾ ਦਾ ਵਿਸ਼ਾ ਰਿਹਾ।

ਉਦੋਂ ਹਾਈ ਸਕੂਲ ਵਿਚ ਸਾਂ ਜਦੋਂ ਚੀਨ ਨੇ ਹਿੰਦੋਸਤਾਨ 'ਤੇ ਹਮਲਾ ਕੀਤਾ। ਇਸ ਹਮਲੇ ਤੋਂ ਪਹਿਲਾਂ ਸਕੂਲਾਂ ਵਿਚ ਪੰਚ-ਸ਼ੀਲ ਦੇ ਨਿਯਮਾਂ ਬਾਰੇ ਦੱਸਿਆ ਜਾਂਦਾ ਸੀ ਅਤੇ ''ਹਿੰਦੀ-ਚੀਨੀ ਭਾਈ ਭਾਈ'' ਦੇ ਨਾਹਰੇ ਲਗਵਾਏ ਜਾਂਦੇ ਪਰ ਚੀਨ ਦੇ ਇਸ ਹਮਲੇ ਨਾਲ ਸਾਰੇ ਹਿੰਦੋਸਤਾਨ ਵਿਚ ਇਕ ਹਲ-ਚਲ ਜਿਹੀ ਮੱਚ ਗਈ। ਉਦੋਂ ਪਹਿਲੀ ਵਾਰ ''ਨੇਫਾ'' ਨਾਂ ਸੁਣਿਆ। ਸਕੂਲਾਂ 'ਤੇ ਵੀ ਇਸ ਲੜਾਈ ਦਾ ਅਸਰ ਪਿਆ। ਨੇਫਾ ਬਾਰਡਰ ਤੇ ਅੰਤਾਂ ਦੀ ਠੰਢ ਅਤੇ ਬਰਫ਼ ਵਿਚ ਲੜ ਰਹੇ ਫੌਜੀਆਂ ਲਈ ਫੰਡ ਇਕੱਠੇ ਕਰਕੇ ਗਰਮ ਸਵੈਟਰਾਂ, ਜੁਰਾਬਾਂ, ਕੰਬਲ ਅਤੇ ਦਸਤਾਨੇ ਖਰੀਦੇ ਗਏ। ਵਿਦਿਆਰਥਣਾਂ ਨੇ ਆਪੋ ਆਪਣੀ ਵਿੱਤ ਅਨੁਸਾਰ ਫੌਜੀ-ਰੰਗੇ ਦਸਤਾਨੇ ਤੇ ਜੁਰਾਬਾਂ ਬੁਣੀਆਂ। ਥਾਂ-ਥਾਂ ਰੈਲੀਆਂ ਕੀਤੀਆਂ ਗਈਆਂ। ਸਾਡੇ ਸਕੂਲ ਵਲੋਂ ਵੀ ਵਿਦਿਆਰਥੀਆਂ ਦੀਆਂ ਕਤਾਰਾਂ ਬਣਾ ਕੇ ਸਾਰੇ ਸਮਰਾਲੇ ਵਿਚ ਜਲੂਸ ਕੱਢਿਆ ਗਿਆ ਅਤੇ ਨਾਹਰੇ ਲਾਏ ਗਏ ਜਿਨ੍ਹਾਂ ਵਿਚੋਂ ਇਕ ਨਾਹਰਾ ਮੈਨੂੰ ਅੱਜ ਤੱਕ ਯਾਦ ਹੈ, ''ਚੀਨੀ... ਭਾਗ ਜਾਓ। ਛੋਟੀ-ਛੋਟੀ ਆਖੋਂ ਸੇ ਨਾ ਹਮ ਕੋ ਡਰਾਓ। ਚਾਓ-ਮਾਓ ਭਾਗ ਜਾਓ।'' ਹੁਣ ਇਹ ਗੱਲਾਂ ਇਕ ਪਾਸੇ ਹਾਸੋ-ਹੀਣੀਆਂ ਲਗਦੀਆਂ ਹਨ ਤਾਂ ਦੂਜੇ ਪਾਸੇ ਇਹ ਵੀ ਤਾਜ਼ੁਬ ਹੁੰਦਾ ਹੈ ਕਿ ਹੁਣ ਤਾਂ ਆਮ ਆਵਾਮ 'ਤੇ ਵੀ ਕਿੰਨੀ ਕਿਸਮ ਦੇ ਹਮਲੇ ਹੁੰਦੇ ਹਨ ਅਤੇ ਅਜਿਹੇ ਹਮਲਿਆਂ ਪ੍ਰਤੀ ਕੋਈ ''ਪ੍ਰੋਟੈਸਟ ਮਾਰਚ'' ਨਹੀਂ ਹੁੰਦਾ। ਉਦੋਂ ''ਹਿੰਸਾ-ਅਹਿੰਸਾ'' ਦਾ ਕਿੰਨਾ ਰੌਲਾ ਪਿਆ ਸੀ ਹੁਣ ''ਹਿੰਸਾ'' ਇਕ ਆਮ ਜਿਹੀ ਗੱਲ ਹੋ ਗਈ ਹੈ। ''ਅਹਿੰਸਾ'' ਸ਼ਬਦ ਸਿਰਫ ਸ਼ਬਦ-ਕੋਸ਼ ਦਾ ਹਿੱਸਾ ਬਣ ਕੇ ਰਹਿ ਗਿਆ ਹੈ।

ਅੱਠਵੀਂ ਵਿਚ ਬੋਰਡ ਦੀ ਪ੍ਰੀਖਿਆ ਵਿਚ ਫਸਟ ਆਈ ਤੇ ਸਕੂਲ ਵਲੋਂ ਇਨਾਮ ਦਿੱਤਾ ਗਿਆ। ਇਸ ਇਨਾਮ ਵਿਚ ਜਿਹੜੀ ਪੁਸਤਕ ਮਿਲੀ ਉਹ ਸੀ ਮੁਨਸ਼ੀ ਪ੍ਰੇਮ ਚੰਦ ਦਾ ਨਾਵਲ ''ਨਿਰਮਲਾ''। ਸਾਹਿਤ ਪੜ੍ਹਨ ਦਾ ਚਸਕਾ ਤਾਂ ਪਿੰਡ ਦੀ ਲਾਇਬਰੇਰੀ ਤੋਂ ਹੀ ਲੱਗ ਗਿਆ ਸੀ ਪਰ ਸਕੂਲ ਦੀ ਲਾਇਬਰੇਰੀ ਨੇ ਇਸ ਨੂੰ ਹੋਰ ਪਕਾ ਦਿੱਤਾ। ਕਰਨਲ ਨਰਿੰਦਰ ਪਾਲ ਸਿੰਘ ਦਾ ਨਾਵਲ ''ਸ਼ਕਤੀ'' ਸਕੂਲ ਵਿਚ ਹੀ ਪੜ੍ਹਿਆ। ਮੇਰੀ ਛੋਟੀ ਭੈਣ ਛੇਵੀਂ ਵਿਚੋਂ ਫਸਟ ਆਉਣ 'ਤੇ ਸੱਤਵੀਂ ਜਮਾਤ ਦੀ ਮਨੀਟਰ ਬਣ ਗਈ ਅਤੇ ਮੈਂ ਨੌਵੀਂ ਦੀ। ਮੇਰੀ ਭੈਣ ਮੇਰੇ ਤੋਂ ਤਿੰਨ ਸਾਲ ਛੋਟੀ ਹੋਣ 'ਤੇ ਵੀ ਸਿਹਤ ਅਤੇ ਕੱਦ ਪੱਖੋਂ ਮੇਰੇ ਨਾਲੋਂ ਹੁੰਦੜਹੇਲ ਸੀ। ਸਾਡੇ ਸਕੂਲ ਵਿਚ ਫੌਜ ਵਿਚੋਂ ਰਿਟਾਇਰ ਹੋ ਕੇ ਪਿੰਡ ਝਮਲੂਟੀ ਦਾ ਫੌਜੀ ਸੇਵਾਦਾਰ ਲੱਗਿਆ ਜਿਸ ਦਾ ਨਾਂ ਸ਼ਾਇਦ ਅਰਜਨ ਸਿੰਘ ਸੀ। ਮੈਨੂੰ ਸਟੋਰ ਦੀ ਵਿਦਿਆਰਥਣ ਇੰਚਾਰਜ ਬਣਾ ਕੇ ਰਾਜ ਕਪੂਰ ਭੈਣ ਜੀ ਦੀ ਸਹਾਇਕ ਬਣਾਇਆ ਗਿਆ। ਸਟੋਰ ਵਿਚ ਖੇਡਾਂ ਦਾ ਸਾਮਾਨ ਅਤੇ ਲਾਇਬ੍ਰੇਰੀ ਦੀਆਂ ਕਿਤਾਬਾਂ ਦੀਆਂ ਅਲਮਾਰੀਆਂ ਸਨ। ਜੇ ਮੁੱਖ ਅਧਿਆਪਕਾ ਨੇ ਅਰਜਨ ਸਿੰਘ ਨੂੰ ਕਹਿਣਾ ਛੋਟੀ ਨੂੰ ਬੁਲਾ ਕੇ ਲਿਆ ਤਾਂ ਉਸ ਨੇ ਮੈਨੂੰ ਬੁਲਾ ਲਿਆਉਣਾ ਅਤੇ ''ਵੱਡੀ'' ਕਹਿਣ ਤੇ ਮੇਰੀ ਛੋਟੀ ਭੈਣ ਨੂੰ ਜਿਸ ਲਈ ਉਸ ਨੂੰ ਕਈ ਵਾਰ ਝਿੜਕਾਂ ਖਾਣੀਆਂ ਪੈਂਦੀਆਂ। ਸਾਡੇ ਪਿੰਡ ਇਕੋ ਪਾਸੇ ਹੋਣ ਕਰਕੇ ਉਸ ਨੇ ਹਰ ਵਾਰ ਸਾਈਕਲ ਦੁੜਾ ਕੇ ਸਾਡੇ ਨਾਲ ਆ ਰਲਣਾ ਅਤੇ ਪੁੱਛਣਾ, ''ਭਾਈ! ਮੈਨੂੰ ਪਹਿਲਾਂ ਇਹ ਦਸੋ ਥੋਡੇ ਵਿਚੋਂ ਵੱਡੀ ਕਿਹੜੀ ਹੈ ਅਤੇ ਛੋਟੀ ਕਿਹੜੀ?'' ਹਰ ਵਾਰ ਅਸੀਂ ਹੱਸਣਾ ਅਤੇ ਉਸ ਨੂੰ ਕਹਿਣਾ ਕਿ ''ਜੇ ਤੈਨੂੰ ਉਸ ਤਰ੍ਹਾਂ ਪਛਾਣ ਨਹੀਂ ਆਉਂਦੀ ਤਾਂ ਜਮਾਤ ਤੋਂ ਅੰਦਾਜ਼ਾ ਲਾ ਲਿਆ ਕਰ ਕਿ ਵੱਡੀ ਜਮਾਤ ਵਿਚ ਕਿਹੜਾ ਹੈ?''

ਵਿਸ਼ਾਲ ਕੌਸ਼ਲ ਪ੍ਰਬੰਧਕੀ ਮਾਮਲਿਆਂ ਵਿਚ ਬਹੁਤ ਸਖਤ ਸੀ। ਉਸ ਨੇ ਹੁਕਮ ਕੀਤਾ ਹੋਇਆ ਸੀ ਕਿ ਕੋਈ ਅਧਿਆਪਕਾ ਜਮਾਤ ਵਿਚ ਕੁਰਸੀ ਤੇ ਬੈਠ ਕੇ ਨਹੀਂ ਪੜ੍ਹਾਏਗੀ। ਇਸ ਲਈ ਸਾਰੇ ਕਮਰਿਆਂ ਵਿਚੋਂ ਸਕੂਲ ਦੀ ਮਾਈ ਅਧਿਆਪਕਾਂ ਦੀ ਕੁਰਸੀਆਂ ਚੱਕ ਕੇ ਬਰਾਂਡੇ ਵਿਚ ਰੱਖ ਦਿੰਦੀ ਸੀ। ਸਾਡੇ ਨੌਵੀਂ ਤੱਕ ਪਹੁੰਚਦਿਆਂ ਪਤਵੰਤ ਭੈਣ ਜੀ, ਸੁਰਜੀਤ, ਰਾਜ ਕਪੂਰ, ਵਿਸ਼ਾਲ ਕੌਸ਼ਲ ਸਭ ਦੇ ਵਿਆਹ ਹੋ ਗਏ। ਸੁਰਜੀਤ ਭੈਣ ਜੀ ਨੌਵੀਂ ਦੀ ਇੰਚਾਰਜ ਬਣ ਗਈ। ਉਹ ਮਾਂ ਬਣਨ ਵਾਲੀ ਸੀ। ਮਨੀਟਰ ਹੋਣ ਕਰਕੇ ਉਸ ਨੇ ਮੈਨੂੰ ਕੁਰਸੀ ਲਿਆਉਣ ਲਈ ਕਿਹਾ ਅਤੇ ਮੈਂ ਕੁਰਸੀ ਲੈ ਆਈ। ਮੁੱਖ ਅਧਿਆਪਕਾ ਨੇ ਵਰਾਂਡੇ ਵਿਚੋਂ ਲੰਘਦਿਆਂ ਉਸ ਨੂੰ ਕੁਰਸੀ 'ਤੇ ਬੈਠ ਕੇ ਪੜ੍ਹਾਉਂਦਿਆਂ ਦੇਖ ਲਿਆ। ਜਦੋਂ ਉਹ ਪੀਰੀਅਡ ਖਤਮ ਹੋਣ ਤੇ ਕਲਾਸ ਵਿਚੋਂ ਚਲੀ ਗਈ ਤਾਂ ਵਿਸ਼ਾਲ ਕੌਸ਼ਲ ਨੇ ਇਕਦਮ ਕਲਾਸ ਵਿਚ ਆ ਕੇ ਪੁੱਛਿਆ, ''ਕੁਰਸੀ ਕਿਸ ਨੇ ਲਿਆਂਦੀ ਸੀ?'' ਮੈਂ ਖੜ੍ਹੀ ਹੋ ਕੇ ਦੱਸ ਦਿੱਤਾ ਕਿ ''ਮੈਂ ਲਿਆਂਦੀ ਸੀ''। ਉਸ ਨੇ ਕੱਸ ਕੇ ਮੇਰੇ ਚਪੇੜ ਮਾਰੀ। ਇਹ ਸ਼ਾਇਦ ਪਹਿਲੇ ਜਾਂ ਦੂਸਰੇ ਪੀਰੀਅਡ ਦੀ ਗੱਲ ਸੀ। ਮੈਂ ਸਾਰਾ ਦਿਨ ਜਮਾਤ ਵਿਚ ਰੋਂਦੀ ਰਹੀ ਅਤੇ ਕਿਸੇ ਟੀਚਰ ਦੀਆਂ



*ਬੇ ਜੀ ਆਪਣੀ ਦੋਹਤੀ ਪੂਨਮ ਨਾਲ, ਦੋਵੇਂ ਇਸ ਜਹਾਨ 'ਤੇ ਨਹੀਂ ਹਨ*

ਪੁੱਛਾਂ ਦਾ ਉਤਰ ਨਹੀਂ ਦਿੱਤਾ। ਸੁਰਜੀਤ ਭੈਣ ਜੀ ਨੂੰ ਜਦੋਂ ਪਤਾ ਲੱਗਿਆ ਤਾਂ ਉਹ ਦਫਤਰ ਵਿਸ਼ਾਲ ਕੌਸ਼ਲ ਕੋਲ ਗਈ। ਇਸ ਪਿੱਛੋਂ ਹੀ ਮੈਨੂੰ ਵਿਸ਼ਾਲ ਕੌਸ਼ਲ ਨੇ ਦਫਤਰ ਵਿਚ ਬੁਲਾਇਆ, ਬੁੱਕਲ ਵਿਚ ਲੈ ਕੇ ਪਿਆਰ ਕੀਤਾ ਪਰ ਮੈਂ ਚੁੱਪ ਹੋਣ ਦੀ ਥਾਂ ਹੋਰ ਉਚੀ ਉਚੀ ਹੁਬਕੀਆਂ ਭਰ ਕੇ ਰੋਈ ਕਿ ਮੈਂ ਇਕ ਅਧਿਆਪਕਾ ਦਾ ਹੁਕਮ ਕਿਵੇਂ ਮੋੜ ਸਕਦੀ ਸੀ?

ਉਦੋਂ ਹੁਣ ਵਾਂਗ ਢੇਰ ਸਾਰੀਆਂ ਗਜ਼ਟਿਡ ਛੁੱਟੀਆਂ ਨਹੀਂ ਸੀ ਹੁੰਦੀਆਂ, ਖਾਸ ਖਾਸ ਦਿਨਾਂ ਦੀਆਂ ਹੀ ਛੁੱਟੀਆਂ ਹੁੰਦੀਆਂ ਸਨ। ਹੁਣ ਤਾਂ ਵੋਟਾਂ ਖਾਤਰ ਸ਼ੋਸ਼ੇ ਛੱਡ ਕੇ ਹਰ ਧਿਰ ਨੂੰ ਉਸ ਨਾਲ ਸੰਬੰਧਿਤ ਦਿਹਾੜੇ ਦੀ ਛੁੱਟੀ ਕਰਕੇ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਸਕੂਲਾਂ ਵਿਚ ਉਦੋਂ ਦੋ ਦਿਨ ਬੜੇ ਧੂਮ ਧਾਮ ਨਾਲ ਮਨਾਏ ਜਾਂਦੇ ਸਨ: ਚੌਦਾਂ ਨਵੰਬਰ ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦਾ ਜਨਮ ਦਿਨ, ਜਿਸ ਨੂੰ ''ਬਾਲ ਦਿਵਸ'' ਵੀ ਕਿਹਾ ਜਾਂਦਾ ਸੀ ਅਤੇ ਛੱਬੀ ਜਨਵਰੀ ''ਗਣਤੰਤਰ ਦਿਵਸ''। ਪੰਦਰਾਂ ਅਗਸਤ ਦੀ ਛੁੱਟੀ ਕੀਤੀ ਜਾਂਦੀ ਸੀ। ਚੌਦਾਂ ਨਵੰਬਰ ਦੇ ਦਿਨ ਸਾਡੇ ਸਕੂਲ ਵਿਚ ਪ੍ਰੋਗਰਾਮ ਕੀਤਾ ਜਾਂਦਾ ਸੀ ਅਤੇ ਲੱਡੂ ਵੰਡੇ ਜਾਂਦੇ। ਛੱਬੀ ਜਨਵਰੀ ਲੜਕਿਆਂ ਦੇ ਸਰਕਾਰੀ ਸਕੂਲ ਵਿਚ ਵੱਡੇ ਪੱਧਰ 'ਤੇ ਸੱਭਿਆਚਾਰਕ ਪ੍ਰੋਗਰਾਮ ਕੀਤਾ ਜਾਂਦਾ ਜਿਸ ਨੂੰ ਦੇਖਣ ਸਾਡਾ ਸਕੂਲ ਵੀ ਜਾਂਦਾ।

ਸਾਡੇ ਸਕੂਲ ਇਕ ਵਾਰ 14 ਨਵੰਬਰ ਨੂੰ ਰਾਤ ਵੇਲੇ ਸਭਿਆਚਾਰਕ ਪ੍ਰੋਗਰਾਮ ਰੱਖਿਆ ਗਿਆ। ਇਸ ਵਿਚ ਮੇਰੀ ਇਕ ਜਮਾਤਣ ਨੇ ਗੀਤ ਪੇਸ਼ ਕੀਤਾ, ''ਲੈ ਲਓ ਪਕੋੜੇ ਤੇਲ ਦੇ'' ਅਤੇ ਉਸ ਦਾ ਨਾਂ ਹੀ ਕੁੜੀਆਂ ਨੇ ''ਤੇਲ ਦੇ ਪਕੋੜੇ'' ਰੱਖ ਲਿਆ। ਅਸਲ ਵਿਚ ਉਸ ਦੇ ਮਾਂ-ਪਿਓ ਪੱਛਮੀ ਪੰਜਾਬ ਤੋਂ ਆਏ ਸੀ ਅਤੇ ਉਹ ਕਨੌੜੇ ਨੂੰ ਹੌੜਾ ਬੋਲਦੀ ਸੀ ਅਤੇ ਪਕੌੜਿਆਂ ਨੂੰ ''ਪਕੋੜੇ'' ਬੋਲ ਰਹੀ ਸੀ। ਇਸੇ ਤਰ੍ਹਾਂ ਦੋ ਹੋਰ ਭੈਣਾਂ ਸਕੂਲ ਵਿਚ ਪੜ੍ਹਦੀਆਂ ਸਨ ਜਿਨ੍ਹਾਂ ਦੇ ਪਿਤਾ ਦੀ ਸਮਰਾਲੇ ਦੇਸੀ ਘਿਓ ਦੀ ਦੁਕਾਨ ਸੀ। ਪਿੱਠ ਪਿੱਛੇ ਕੋਈ ਕੁੜੀ ਉਨ੍ਹਾਂ ਦਾ ਨਾਂ ਨਹੀਂ ਸੀ ਲੈਂਦੀ, ਉਨ੍ਹਾਂ ਨੂੰ ਸਭ ''ਦੇਸੀ ਘਿਓ'' ਹੀ ਕਹਿੰਦੀਆਂ।

ਘੁੰਗਰਾਲੀ ਦੀ ਸਿੰਘ ਸਭਾ ਤੇ ਸਭ ਦੇ ਦੂਰ-ਨੇੜੇ ਦੇ ਰਿਸ਼ਤੇਦਾਰ ਸਭਾ ਦੇਖਣ ਆਉਂਦੇ ਸਨ, ਖਾਸ ਕਰਕੇ ਪਿੰਡ ਦੀਆਂ ਵਿਆਹੀਆਂ-ਵਰੀਆਂ ਕੁੜੀਆਂ। ਇਸ ਨਾਲ ਸਭ ਦੇ ਘਰਾਂ ਵਿਚ ਰੌਣਕ ਲੱਗ ਜਾਂਦੀ। ਸਕੂਲ ਪੜ੍ਹਦਿਆਂ ਸਾਡੀਆਂ ਦੋਹਾਂ ਭੈਣਾਂ ਦੀਆਂ ਦੂਜੇ ਪਿੰਡਾਂ ਦੀਆਂ ਕਾਫੀ ਕੁੜੀਆਂ ਸਹੇਲੀਆਂ ਬਣ ਗਈਆਂ। ਅਸੀਂ ਸਿੰਘ ਸਭਾ ਤੇ ਆਪਣੀਆਂ ਸਹੇਲੀਆਂ ਨੂੰ ਜ਼ਰੂਰ ਬੁਲਾਉਂਦਿਆਂ ਜਿਸ ਨਾਲ ਘਰ ਵਿਚ ਬਹੁਤ ਚਹਿਲ-ਪਹਿਲ ਹੋ ਜਾਂਦੀ। ਮੇਰੇ ਸਮਰਾਲੇ ਪੜ੍ਹਨ ਲੱਗਣ ਦਾ ਪਿੰਡ ਵਿਚ ਕੁੜੀਆਂ ਦੀ ਪੜ੍ਹਾਈ 'ਤੇ ਕਾਫੀ ਹਾਂ-ਪੱਖੀ ਅਸਰ ਹੋਇਆ ਮੇਰੇ ਤੋਂ ਦੋ ਜਮਾਤਾਂ ਪਿੱਛੇ ਮੇਰੀ ਛੋਟੀ ਭੈਣ ਦਾਖਲ ਹੋਈ। ਉਸ ਤੋਂ ਪਿੱਛੇ ਚਾਚਾ ਜੀ ਕਰਤਾਰ ਸਿੰਘ ਦੀ ਧੀ ਸੁਰਿੰਦਰ ਅਤੇ ਸੁੰਦਰ ਲਾਲ ਦੀ ਲੜਕੀ ਅਮਰਜੀਤ ਅਤੇ ਇਕ ਹੋਰ ਕੁੜੀ ਰਣਜੀਤ ਦਾਖਲ ਹੋਈ। ਸੁਰਿੰਦਰ ਨੇ ਪਹਿਲਾਂ ਦਸਵੀਂ ਕਰਕੇ ਜੇ.ਬੀ.ਟੀ. ਕੀਤੀ ਅਤੇ ਟੀਚਰ ਲੱਗੀ ਫਿਰ ਬੀ.ਏ. ਕੀਤੀ। ਅਮਰਜੀਤ ਪਟਿਆਲੇ ਦੇ ਮਾਤਾ ਕੌਸ਼ਲਿਆ ਹਸਪਤਾਲ ਤੋਂ ਨਰਸਿੰਗ ਕਰਕੇ ਬਤੌਰ ਨਰਸ ਨੌਕਰੀ ਕਰਨ ਲੱਗੀ। 1963 ਵਿਚ ਜਿਸ ਵਰ੍ਹੇ ਮੈਂ ਦਸਵੀਂ ਦੀ ਪੰਜਾਬ ਯੂਨੀਵਰਸਿਟੀ ਦੀ ਪ੍ਰੀਖਿਆ ਦਿੱਤੀ, ਮੇਰੇ ਭਤੀਜੇ ਨੇ ਵੀ ਉਸੇ ਵਰ੍ਹੇ ਪ੍ਰੀਖਿਆ ਦਿੱਤੀ। ਉਦੋਂ ਮੇਰੀ ਭੈਣ ਨੇ ਅੱਠਵੀਂ ਦੀ ਬੋਰਡ ਦੀ ਪ੍ਰੀਖਿਆ ਦਿੱਤੀ। ਮੈਂ ਆਪਣੇ ਸਕੂਲ ਵਿਚੋਂ ਫਸਟ ਕਲਾਸ ਫਸਟ ਆਈ, ਲਾਭ ਸੈਕਿੰਡ ਅਤੇ ਭੁਪਿੰਦਰ ਥਰਡ। ਮੇਰਾ ਭਤੀਜਾ ਵੀ ਫਸਟ ਕਲਾਸ ਵਿਚ ਪਾਸ ਹੋਇਆ। ਮੇਰੀ ਭੈਣ ਨੇ ਨਾ ਸਿਰਫ ਮੇਰਾ ਦੋ ਸਾਲ ਪਹਿਲਾਂ ਕਾਇਮ ਕੀਤਾ ਰਿਕਾਰਡ ਤੋੜਿਆ ਸਗੋਂ ਜ਼ਿਲ੍ਹਾ ਪੱਧਰ 'ਤੇ ਪੁਜੀਸ਼ਨ ਲੈ ਕੇ ਵਜ਼ੀਫਾ ਵੀ ਪ੍ਰਾਪਤ ਕੀਤਾ। ਮੇਰੀ ਭੈਣ ਨੇ 1965 ਵਿਚ ਫਿਰ ਮੇਰਾ ਰਿਕਾਰਡ ਤੋੜਿਆ ਅਤੇ ਗਿਆਰਵੀਂ ਵਿਚ ਉਸ ਨੂੰ ਵਜ਼ੀਫਾ ਲੱਗਾ। ਮੁੰਡਿਆਂ ਦਾ ਸਕੂਲ ਹਾਇਰ ਸੈਕੰਡਰੀ ਸੀ ਇਸ ਲਈ ਮੇਰਾ ਭਤੀਜਾ ਫਸਟ ਕਲਾਸ ਵਿਚ ਦਸਵੀਂ ਕਰਕੇ ਗਿਆਰਵੀਂ ਵਿਚ ਉਥੇ ਹੀ ਦਾਖਲ ਹੋਇਆ ਅਤੇ ਉਸ ਨੇ ਸਾਇੰਸ ਦਾ ਮੈਡੀਕਲ ਗਰੁੱਪ ਲਿਆ। ਲੜਕੀਆਂ ਦੇ ਸਕੂਲ ਵਿਚ ਅੱਠਵੀਂ ਤੋਂ ਬਾਅਦ ਸਾਇੰਸ ਅਤੇ ਮੈਥ ਦੀ ਪੜ੍ਹਾਈ ਨਹੀਂ ਸੀ। ਇਸ ਲਈ ਅਸੀਂ ਸਾਇੰਸ ਨਹੀਂ ਪੜ੍ਹ ਸਕੀਆਂ।

ਇਸੇ ਸਮੇਂ ਅਸੀਂ ਯੂ.ਪੀ. ਜ਼ਮੀਨ ਖਰੀਦੀ ਤੇ ਮੇਰਾ ਛੋਟਾ ਵੀਰਾ ਉਥੇ ਜ਼ਮੀਨ ਦੀ ਸੰਭਾਲ ਲਈ ਗਿਆ ਹੋਇਆ ਸੀ। ਤਿੰਨ ਕੁ ਸਾਲ ਪਹਿਲਾਂ ਸਾਡੇ ਸਕੂਲ ਵਿਚ ਜੇ.ਬੀ.ਟੀ. ਦਾ ਕੋਰਸ ਸ਼ੁਰੂ ਹੋ ਗਿਆ ਸੀ। ਮੈਂ ਆਪਣੇ ਬਾਪੂ ਜੀ ਅਤੇ ਵੱਡੇ ਵੀਰ ਨੂੰ ਪੁੱਛਿਆ ਕਿ ਮੈਂ ਕੀ ਕਰਾਂ? ਤਾਂ ਉਨ੍ਹਾਂ ਦਾ ਉਤਰ ਸੀ ਕਿ ਮੈਂ ਆਪ ਹੀ ਸੋਚ ਲਵਾਂ ਜਾਂ ਜੇ.ਬੀ.ਟੀ. ਵਿਚ ਦਾਖਲਾ ਲੈ ਲਵਾਂ। ਆਸ ਪਾਸ ਕੋਈ ਕਾਲਜ ਨਹੀਂ ਸੀ ਹੁੰਦਾ। ਖੰਨੇ ਸਾਂਝਾ ਕਾਲਜ ਸੀ ਜੋ ਪਿੰਡ ਤੋਂ ਨੌਂ ਮੀਲ ਪੈਂਦਾ ਸੀ ਅਤੇ ਸਿੱਧੀ ਕੋਈ ਬੱਸ ਨਹੀਂ ਸੀ ਲਗਦੀ। ਜਦੋਂ ਸਕੂਲ ਜੇ.ਬੀ.ਟੀ. ਦੇ ਦਾਖਲੇ ਦਾ ਪਤਾ ਕਰਨ ਗਈ ਤਾਂ ਮੁੱਖ-ਅਧਿਆਪਕਾ ਦਾ ਉਤਰ ਸੀ ਕਿ ਇਸ ਵਾਰ ਦਾਖਲਾ ਨਹੀਂ ਕਰਨਾ। ਘਰਦਿਆਂ ਦੀ ਸਲਾਹ ਨਾਲ ਛੋਟੇ ਵੀਰ ਨੂੰ ਚਿੱਠੀ ਲਿੱਖੀ ਤਾਂ ਉਤਰ ਪਹੁੰਚਿਆ ਕਿ ਖਰਚ ਬਾਰੇ ਨਾ ਸੋਚਾਂ ਅਤੇ ਕਾਲਜ ਵਿਚ ਦਾਖਲ ਹੋ ਜਾਵਾਂ। ਸਾਡੇ ਤੋਂ ਤਿੰਨ ਚਾਰ ਜਮਾਤਾਂ ਅੱਗੇ ਪੜ੍ਹਨ ਵਾਲੇ ਸਾਡੇ ਪਿੰਡ ਦੇ ਕਈ ਲੜਕੇ ਫੌਜ ਵਿਚ ਭਰਤੀ ਹੋ ਗਏ ਅਤੇ ਕੈਪਟਨ ਬਣ ਕੇ ਰਿਟਾਇਰ ਹੋਏ। ਵਿਹੜੇ ਵਿਚੋਂ ਗੁਰਮੇਲ ਸਿੰਘ ਕੈਪਟਨ ਨੇ ਚੰਗਾ ਨਾਂ ਕਮਾਇਆ। ਉਸ ਤੋਂ ਪਹਿਲਾਂ ਸੰਨ 1957-58 ਵਿਚ ਦਸਵੀਂ ਕਰਕੇ, ਇੰਡਸਟਰੀਅਲ ਟਰੇਨਿੰਗ ਲੈ ਕੇ ਕੇਸਰ ਸਿੰਘ ਮਿਸਤਰੀ ਦਾ ਲੜਕਾ ਹਰੀ ਸਿੰਘ ਅਤੇ ਜੱਟਾਂ ਦਾ ਮੁੰਡਾ ਸੁੱਚਾ ਸਿੰਘ ਆਈ.ਟੀ.ਆਈ. ਵਿਚ ਪੜ੍ਹਾਉਣ ਲੱਗ ਗਏ ਸਨ। ਹਰੀ ਸਿੰਘ ਦੇ ਲੜਕਿਆਂ ਨੇ ਬੀ.ਐਸ ਸੀ, ਬੀ. ਟੈਕ ਦੀਆਂ ਡਿਗਰੀਆਂ ਕਰਕੇ ਨੌਕਰੀਆਂ ਲਈਆਂ ਹਨ ਅਤੇ ਸੁੱਚਾ ਸਿੰਘ ਦਾ ਲੜਕਾ ਅੱਜ ਕੱਲ੍ਹ ਪੀ.ਜੀ.ਆਈ. ਵਿਚ ਹਾਰਟ ਸਪੈਸ਼ਲਿਸਟ ਹੈ। ਮੈਂ ਆਪਣੇ ਵੀਰਾਂ ਵਲੋਂ ਹਰੀ ਝੰਡੀ ਮਿਲਣ 'ਤੇ ਆਪਣੀ ਬੇ ਜੀ ਨਾਲ ਲੁਧਿਆਣੇ ਆਪਣੇ ਪਿੰਡ ਦੇ ਪੰਡਤ ਰਾਮ ਗੋਪਾਲ ਚਾਚਾ ਜੀ ਦੇ ਘਰ ਪਹੁੰਚੀ। ਉਹ ਲੁਧਿਆਣੇ ਕਚਹਿਰੀ ਵਿਚ ਕਿਸੇ ਚੰਗੀ ਪੋਸਟ 'ਤੇ ਸੀ ਤੇ ਪਰਿਵਾਰ ਸਮੇਤ ਲੁਧਿਆਣੇ ਰਹਿਣ ਲੱਗੇ ਸਨ। ਸਾਡੇ ਨਾਲ ਉਨ੍ਹਾਂ ਦਾ ਬਹੁਤ ਸਨੇਹ ਸੀ। ਬਾਪੂ ਜੀ ਆਮ ਹੀ ਉਨ੍ਹਾਂ ਕੋਲ ਜਾਂਦੇ-ਆਉਂਦੇ ਰਹਿੰਦੇ ਅਤੇ ਉਨ੍ਹਾਂ ਦਾ ਪਰਿਵਾਰ ਵੀ ਪਿੰਡ ਆ ਕੇ ਕਈ ਕਈ ਦਿਨ ਰਹਿ ਜਾਂਦਾ। ਉਨ੍ਹਾਂ ਦੀ ਲੜਕੀ ਜੋ ਲੁਧਿਆਣੇ ਦੇ ਲੜਕੀਆਂ ਦੇ ਸਰਕਾਰੀ ਕਾਲਜ ਤੋਂ ਬੀ.ਏ. ਕਰ ਰਹੀ ਸੀ, ਦਾਖਲਾ ਫਾਰਮ ਲੈ ਕੇ ਆਈ। ਉਨ੍ਹਾਂ ਦਾ ਵਿਚਕਾਰਲਾ ਬੇਟਾ ਸੁਰਿੰਦਰ ਉਦੋਂ ਮੁੰਡਿਆਂ ਦੇ ਸਰਕਾਰੀ ਕਾਲਜ ਤੋਂ ਅੰਗਰੇਜ਼ੀ ਦੀ ਐਮ. ਏ. ਕਰ ਰਿਹਾ ਸੀ, ਉਸ ਨੇ ਫਾਰਮ ਭਰਨ ਲਈ ਮੈਥੋਂ ਵਿਸ਼ੇ ਪੁੱਛੇ ਤਾਂ ਮੈਂ ਅੰਗਰੇਜ਼ੀ ਅਤੇ ਪੰਜਾਬੀ ਦੇ ਨਾਲ ਇਕਨਾਮਿਕਸ ਅਤੇ ਸਿਵਿਕਸ ਭਰਨ ਲਈ ਕਿਹਾ। ਉਸ ਨੇ ਮੈਨੂੰ ਸਮਝਾਉਣ ਦੀ ਬੜੀ ਕੋਸ਼ਿਸ਼ ਕੀਤੀ ਕਿ ਇਕਨਾਮਿਕਸ ਵਰਗਾ ਔਖਾ ਵਿਸ਼ਾ ਮੈਂ ਕਿਉਂ ਲੈ ਰਹੀ ਹਾਂ? ਪਰ ਮੈਂ ਤਾਂ ਇਹੀ ਸੁਣ ਰੱਖਿਆ ਸੀ ਕਿ ਇਕਨਾਮਿਕਸ ਦੀ ਬੜੀ ਪੁੱਛ ਹੈ ਅਤੇ ਜ਼ਰੂਰ ਹੀ ਪੜ੍ਹਨੀ ਚਾਹੀਦੀ ਹੈ, ਇਸ ਲਈ ਇਕਨਾਮਿਕਸ ''ਜ਼ਰੂਰ'' ਭਰ ਦਿੱਤੀ। ਉਸ ਦਿਨ ਹੀ ਇੰਟਰਵਿਊ ਦੀ ਤਾਰੀਖ ਪਤਾ ਲੱਗ ਗਈ। ਕੁੱਝ ਦਿਨ ਬਾਅਦ ਆਪਣੀ ਵੱਡੀ ਭਾਬੀ ਨੂੰ ਲੈ ਕੇ ਫਿਰ ਉਨ੍ਹਾਂ ਵਲ ਪਹੁੰਚ ਗਈ। ਭੈਣ ਕ੍ਰਿਸ਼ਨਾ ਨਾਲ ਜਾ ਕੇ ਇੰਟਰਵਿਊ ਦਿੱਤੀ ਅਤੇ ਦਾਖਲ ਹੋ ਗਈ।

ਚਾਚਾ ਜੀ ਰਾਮ ਗੋਪਾਲ ਚਾਰ ਸਾਲ ਮੇਰੇ ਲੋਕਲ ਗਾਰਡੀਅਨ ਵੀ ਰਹੇ ਅਤੇ ਹੋਸਟਲ ਵਿਚ ਪੜ੍ਹਦੀ ਦੀ ਸਭ ਸੁੱਖ-ਸਾਂਦ ਧਿਆਨ ਰੱਖਦੇ ਰਹੇ। ਹੁਣ ਕਿਥੇ ਗਈਆਂ ਅਜਿਹੀਆਂ ਭਾਈਚਾਰਕ ਸਾਂਝਾਂ? ਅੱਜ ਕੱਲ੍ਹ ਦੀ ਘਟੀਆ ਰਾਜਨੀਤੀ ਅਤੇ ਤਾਕਤ ਹਥਿਆਉਣ ਦੀ ਭੁੱਖ ਨੇ ਭਾਈਚਾਰਿਆਂ ਨੂੰ ਅਨੇਕਾਂ ਟੁਕੜਿਆਂ ਵਿਚ ਵੰਡ ਦਿੱਤਾ ਹੈ। ਰਾਜਨੀਤਕ ਚੌਧਰ ਨੇ ਧਾਰਮਿਕ ਅਤੇ ਨਸਲੀ ਆਧਾਰਾਂ 'ਤੇ ਮਨੁੱਖੀ ਸਮਾਜ ਵਿਚ ਏਨੀਆਂ ਵੰਡੀਆਂ ਪਾ ਦਿੱਤੀਆਂ ਹਨ ਕਿ ਹੁਣ ਤਾਂ ਇਕ ਧਰਮ ਦੇ ਮੰਨਣ ਵਾਲੇ ਵੀ ਕਈ ਕਈ ਪਾਰਟੀਆਂ ਅਤੇ ਗਰੁੱਪਾਂ ਵਿਚ ਵੰਡੇ ਗਏ ਹਨ। ਇਥੇ ਹੀ ਹਰ ਚੌਥੇ ਦਿਨ ਕਿਸੇ ਨਾ ਕਿਸੇ ਗੁਰਦੁਆਰੇ ਵਿਚ ਕਬਜ਼ੇ ਲਈ ਕਿਰਪਾਨਾਂ ਚਲਦੀਆਂ ਹਨ। ਇਕ ਦੂਸਰੇ 'ਤੇ ਹਮਲੇ ਕੀਤੇ ਜਾਂਦੇ ਹਨ। ਗੁਰੂ ਦੀ ਬਖਸ਼ੀ ਸਰਦਾਰੀ ''ਦਸਤਾਰ'' ਨੂੰ ਪੈਰਾਂ ਹੇਠ ਰੋਲਿਆ ਜਾਂਦਾ ਹੈ ਅਤੇ ਹਰ ਕੋਈ ਆਪਣੇ ਆਪ ਨੂੰ ਧਰਮ ਦਾ ਵੱਧ ਅਤੇ ਵੱਡਾ ਠੇਕੇਦਾਰ ਸਮਝਦਾ ਹੈ ਜਿਵੇਂ ਪੰਜਾਬੀ ਦੀ ਪੁਰਾਣੀ ਕਹਾਵਤ ਅਨੁਸਾਰ ''ਟਟੀਹਰੀ ਸਮਝਦੀ ਹੈ ਕਿ ਅਸਮਾਨ ਉਸ ਦੇ ਪੈਰਾਂ 'ਤੇ ਖੜ੍ਹਾ ਹੈ।'' ਸਾਰੇ ਕੰਮ ਗੁਰੂ ਦੀ ਸਿੱਖਿਆ ਤੋਂ ਉਲਟ ਕਰਕੇ ਸਿਰਫ ਆਪਣੇ ਆਪ ਨੂੰ ਗੁਰੂ ਦੇ ''ਸਭ ਤੋਂ ਵੱਧ ਲਾਡਲੇ'' ਸਮਝਦੇ ਹਨ।


## ਮਾਂ ਸੱਚ ਹੀ ਤਾਂ...

ਪੜ੍ਹਨ ਲੱਗ ਗਈਆਂ। ਭੈਣ ਨੇ ਤਿੰਨੇ ਧੀਆਂ ਇਥੇ ਹੀ ਵਿਆਹ ਦਿੱਤੀਆਂ। ਜਵਾਈ ਬੜੇ ਵਧੀਆ ਮਿਲੇ। ਚੰਗੇ ਘਰਾਂ ਦੇ ਮੁੰਡੇ, ਚੰਗੀਆਂ ਨੌਕਰੀਆਂ 'ਤੇ ਲੱਗੇ ਹੋਏ ਹਨ। ਭੈਣ ਦੀਆਂ ਤਿੰਨਾਂ ਕੁੜੀਆਂ ਦੇ ਹੀ ਦੋ-ਦੋ ਮੁੰਡੇ ਹੋਏ। ਸਾਡਾ ਧਰਤੀ ਪੈਰ ਨਾ ਲੱਗੇ। ਜਿਸ ਘਰ ਵਿਚ ਧੀਆਂ ਹੀ ਜੰਮਦੀਆਂ ਸੀ ਉਥੇ ਹੁਣ ਪੁੱਤਾਂ ਦਾ ਪ੍ਰਵੇਸ਼ ਹੋਇਆ। ਮਸਾਂ ਰੱਬ ਨੇ ਸਾਡੇ ਬੂਹੇ ਸਰੀਂਹ ਬੰਨ੍ਹੇ। ਭੈਣ ਦੇ ਜਵਾਈ ਪੁੱਤਾਂ ਨਾਲੋਂ ਵੀ ਜ਼ਿਆਦਾ ਪਿਆਰ ਕਰਦੇ ਹਨ। ਭੈਣ ਵੀ ਕਹਿੰਦੀ ਹੈ ਕਿ ਮੈਂ ਧੀਆਂ ਦੇ ਕੇ ਪੁੱਤ ਲਏ ਨੇ। ਹੁਣ ਅਸੀਂ ਸੋਚਦੀਆਂ ਕਿ ਪਰਮਾਤਮਾ ਦੇ ਘਰ ਦੇਰ ਹੋ ਸਕਦੀ ਹੈ ਪਰ ਅੰਧੇਰ ਨਹੀਂ। ਪਰਮਾਤਮਾ ਨੇ ਸਾਡੇ ਜ਼ਖਮਾਂ 'ਤੇ ਮਲ੍ਹਮ ਲਗਾਈ। ਅਸੀਂ ਪਰਮਾਤਮਾ ਦਾ ਸ਼ੁਕਰ ਮਨਾਉਂਦੀਆਂ ਨਾ ਥੱਕਦੀਆਂ।

ਹੁਣ ਮੈਂ ਵੀ ਆਪਣੀਆਂ ਦੋਵੇਂ ਵੱਡੀਆਂ ਧੀਆਂ ਦਾ ਵਿਆਹ ਪਿੰਡ ਜਾ ਕੇ ਕਰ ਆਈ ਹਾਂ। ਜਵਾਈ ਦੋਵੇਂ ਸਕੇ ਭਰਾ ਹਨ। ਵਧੀਆ ਖਾਨਦਾਨ ਹੈ। ਵਿਆਹਾਂ ਉਤੇ ਨਾਂਮਾਤਰ ਹੀ ਖਰਚ ਆਇਆ ਹੈ। ਮੈਂ ਮਾਮਲੇ ਵਾਲੇ ਪੈਸੇ ਜੋੜਦੀ ਗਈ। ਹੁਣ ਮੈਂ ਆਪਣਾ ਘਰ ਖਰੀਦ ਲਿਆ ਹੈ। ਮੁੰਡੇ ਦੋਵੇਂ ਜਵਾਈ ਆਉਣ ਵਾਲੇ ਹਨ। ਮੈਨੂੰ ਲੱਗਦਾ ਹੈ ਉਹ ਮੇਰੇ ਜਵਾਈ ਨਹੀਂ ਮੇਰੀ ਕੁੱਖੋਂ ਜਾਏ ਹੋਏ ਹਨ। ਸਿਆਣੇ ਸੱਚ ਹੀ ਕਹਿੰਦੇ ਨੇ ਕਿ ਰੱਬ ਧੀ ਬੇਸ਼ੱਕ ਦੇ ਦੇਵੇ ਪਰ ਧੀ ਦੇ ਕਰਮ ਵੀ ਚੰਗੇ ਲਿਖ ਦੇਵੇ। ਧੀਆਂ ਧਨ ਪਰਾਇਆ ਨਹੀਂ ਹੁੰਦੀਆਂ। ਇਹ ਤਾਂ ਬਾਬਲ ਦੇ ਘਰ ਦਾ ਸਰਮਾਇਆ ਹੁੰਦੀਆਂ ਹਨ।

ਇਹ ਮੇਰੀ ਭੈਣ ਜੀ ਮਿਆਮੀ ਵਾਲੀ ਦੀ ਆਪਣੀ ਜ਼ਿੰਦਗੀ ਦੀ ਸੱਚਾਈ ਤੁਹਾਡੇ ਨਾਲ ਇਸ ਕਰਕੇ ਸਾਂਝੀ ਕੀਤੀ ਹੈ ਕਿ ਰਿਸ਼ਤੇ ਬਣਾਉਣੇ ਤੇ ਵਿਗਾੜਨੇ ਆਪਣੇ ਹੱਥ ਨੇ, ਪਿਆਰ ਨਾਲ ਮਿਲੋ ਰਿਸ਼ਤੇ ਬਣਦੇ ਹਨ। ਧੀਆਂ ਪੁੱਤਰਾਂ ਨਾਲੋਂ ਕਿਸੇ ਥਾਂ ਵੀ ਘੱਟ ਨਹੀਂ। ਸਾਨੂੰ ਸਮਝਣ ਦੀ ਲੋੜ ਹੈ। ਜਿੱਥੇ ਪਿਉ-ਦਾਦੇ ਦੀ ਜਾਇਦਾਦ ਨੂੰ ਲੈ ਕੇ ਭਾਈ ਝਗੜੇ ਕਰਦੇ ਹਨ ਉਥੇ ਭੈਣਾਂ ਨੇ ਆਪਸ ਵਿਚ ਕੋਈ ਫਰਕ ਸਮਝਿਆ ਨਹੀਂ। ਭੈਣ ਜੀ ਦੀ ਮਾਂ ਜੀ ਦੇ ਆਖੇ ਹੋਏ ਬਚਨ ਸੱਚ ਹੋਏ। ਭੈਣ ਜੀ ਦੀਆਂ ਧੀਆਂ ਵਧੀਆ ਵੱਸਦੀਆਂ ਹੱਸਦੀਆਂ ਹਨ। ਭਰਾਵਾਂ ਤੇ ਪੁੱਤਾਂ ਵਿਹੂਣੀ ਇਹ ਭੈਣ ਜੀ ਪਰਮਾਤਮਾ ਦਾ ਲੱਖ-ਲੱਖ ਸ਼ੁਕਰ ਕਰਦੀ ਹੋਈ ਸਰਬੱਤ ਦਾ ਭਲਾ ਮੰਗਦੀ ਹੈ। ਰੱਬ ਰਾਖਾ।

## ਪੁਰਾਣਾ ਮਾਖਿਓਂ




**ਕੁਲਵੰਤ ਸਿੰਘ ਵਿਰਕ**

ਚਾਚੇ ਤਾਏ ਦੇ ਪੁੱਤਰ ਹੋਣ ਕਰਕੇ ਲਾਲ ਤੇ ਦਿਆਲ ਦਾ ਆਪੋ ਵਿਚ ਬੜਾ ਪਿਆਰ ਸੀ। ਉਨ੍ਹਾਂ ਦੀ ਵਾਹੀ ਵੀ ਇਕੱਠੀ ਸੀ। ਪਿੰਡ ਵਿਚ ਇਕੱਠ ਦਾ ਬੜਾ ਰੁਹਬ ਪੈਂਦਾ ਏ। ਦੋ ਸਕੇ ਭਰਾਵਾਂ ਨਾਲੋਂ ਜੇ ਦੋ ਚਾਚੇ ਤਾਏ ਦੇ ਪੁੱਤਰ ਰਲ ਕੇ ਟੁਰਦੇ ਹੋਣ ਤਾਂ ਉਨ੍ਹਾਂ ਨੂੰ ਹੋਰ ਵੀ ਵੱਡੀ ਤਾਕਤ ਸਮਝਿਆ ਜਾਂਦਾ ਏ ਕਿਉਂਕਿ ਇਹੋ ਜਿਹਾ ਮੇਲ ਵੇਖਣ ਵਿਚ ਘਟ ਹੀ ਆਉਂਦਾ ਏ। ਭਰਾਵਾਂ ਨੇ ਤਾਂ ਭਲਾ ਰਲ ਕੇ ਟੁਰਨਾ ਹੀ ਹੋਇਆ। ਇਸ ਲਈ ਇਨ੍ਹਾਂ ਦੋਹਾਂ, ਲਾਲ ਤੇ ਦਿਆਲ, ਦਾ ਵੀ ਪਿੰਡ ਵਿਚ ਲੋਕੀਂ ਨਾਂ ਲੈਂਦੇ ਸਨ। ਕਾਮਿਆਂ ਨੂੰ ਕੰਮ ਕਹਿਣਾ ਉਨ੍ਹਾਂ ਲਈ ਸੌਖਾ ਸੀ ਕਿਉਂਕਿ ਉਹ ਛੇਤੀ ਆਖੇ ਲਗ ਜਾਂਦੇ ਸਨ। ਪਿੰਡ ਦੀਆਂ ਗਲੀਆਂ ਵਿਚ ਟੁਰਨਾ ਉਨ੍ਹਾਂ ਨੂੰ ਸਵਾਦ ਦੇਂਦਾ ਸੀ ਕਿਉਂਕਿ ਉਥੇ ਉਨ੍ਹਾਂ ਦਾ ਆਦਰ ਸੀ।

ਇਸ ਮੁਫ਼ਤ ਦੇ ਆਦਰ ਤੋਂ ਬਿਨਾਂ ਇਕੱਠਿਆਂ ਉਨ੍ਹਾਂ ਦਾ ਵਾਹੀ ਜੋਤੀ ਦਾ ਕੰਮ ਵੀ ਸੌਖਾ ਚਲਦਾ ਸੀ। ਰਲ ਕੇ ਉਹ ਦੋ ਹਲਾਂ ਦੀ ਵਾਹੀ ਕਰਦੇ ਸਨ। ਇਕ ਕਾਮਾ ਰਖ ਲੈਣ ਨਾਲ ਉਨ੍ਹਾਂ ਵਿਚੋਂ ਇਕ ਬੰਦਾ ਹੋਰ ਰੋਜ਼ ਸੌਖਾ ਰਹਿ ਸਕਦਾ ਸੀ ਤੇ ਕੰਮ ਵੀ ਚੰਗਾ ਟੁਰਿਆ ਜਾਂਦਾ ਸੀ। ਇਕ ਹਲ ਦੀ ਵਾਹੀ ਇਕ ਤੇ ਬੇ-ਸਵਾਦ ਹੁੰਦੀ ਹੈ, ਦੂਜਾ ਸੂਤਰ ਨਹੀਂ ਬੈਠਦੀ। ਜੇ ਇਕੱਲਾ ਹੋਵੇ ਤਾਂ ਉਹ ਬੰਦਾ ਡੰਗਰਾਂ ਨਾਲ ਡੰਗਰ ਹੋ ਜਾਂਦਾ ਏ ਤੇ ਜੇ ਕਾਮਾ ਰਖੋ ਤਾਂ ਪੂਰਾ ਨਹੀਂ ਫਟਦਾ।

ਇਹ ਇਕੱਠੀ ਵਾਹੀ ਤੀਸਰੇ ਬੰਦੇ ਨੂੰ ਜਿਹੜਾ ਵਿਹਲ ਦੇ ਰਹੀ ਸੀ ਉਹ ਸਾਰਾ ਦਿਆਲ ਹੀ ਮਾਣਦਾ। ਉਹ ਗੋਰੇ ਰੰਗ ਦਾ, ਸੋਹਣੀ ਸ਼ਕਲ ਵਾਲਾ ਭਾਰਾ ਜਿਹਾ ਗੱਭਰੂ ਸੀ। ਪਹਿਲੇ ਪਹਿਲ ਤਾਂ ਉਹ ਪੈਲੀਆਂ ਵਿਚ ਕੁਝ ਕੰਮ ਕਰਦਾ ਪਰ ਪਿਛਲੇ ਪਹਿਰ ਰੋਜ਼ ਉਹ ਚਿੱਟੇ ਕਪੜੇ ਪਾ ਕੇ ਪਿੰਡ ਵਿਚ ਭੌਂਦਾ ਰਹਿੰਦਾ ਜਾਂ ਖੂੰਢਾਂ ਉਤੇ ਬੈਠਾ ਰਹਿੰਦਾ। ਤੇ ਲੋਕੀਂ ਉਸ ਨਾਲ ਅੱਖ ਮਿਲਾ ਕੇ, ਉਸ ਨਾਲ ਗੱਲਾਂ ਕਰਕੇ ਖੁਸ਼ ਹੁੰਦੇ।

ਪਰ ਪਿੰਡ ਵਾਲਿਆਂ ਦੀ ਤੇ ਦਿਆਲ ਦੀ ਇਹ ਸਾਰੀ ਖੁਸ਼ੀ ਲਾਲ ਦੇ ਸਿਰ 'ਤੇ ਸੀ ਜਿਸ ਨੂੰ ਪਿੱਛੋਂ ਸਾਰਾ ਕੰਮ ਕਰਨਾ ਪੈਂਦਾ।

''ਕੱਲ੍ਹ ਤੂੰ ਪਿੰਡੋਂ ਈ ਨਹੀਂ ਨਿਕਲਿਆ ਪਿਛਲੇ ਪਹਿਰ, ਵਾੜ ਦੇਣੀ ਸੀ ਕਣਕ ਨੂੰ। ਦੋ ਬੰਦਿਆਂ ਵਿਚ ਵਾੜ ਤੈਨੂੰ ਪਤਾ ਏ ਬੜੀ ਔਖੀ ਆਉਂਦੀ ਏ।'' ਲਾਲ ਕਦੀ ਉਲ੍ਹਮਾ ਦਿੰਦਾ।

''ਐਵੇਂ ਹੀ ਆਲਸ ਕਰ ਛੱਡਿਆ। ਪਿੰਡ ਥਾਣੇਦਾਰ ਆਇਆ ਹੋਇਆ ਸੀ, ਮੈਂ ਆਖਿਆ ਕੋਈ ਗੱਲਬਾਤ ਸੁਣਾਂਗੇ।'' ਦਿਆਲ ਨੀਵੀਂ ਖਿੱਚ ਛੱਡਦਾ ਤੇ ਲਾਲ ਚੁਪ ਹੋ ਜਾਂਦਾ।

ਲਾਲ ਦੀ ਵਹੁਟੀ ਵੀ ਦਿਆਲ ਨੂੰ ਆਪਣੇ ਘਰ ਵਿਚ ਫਿਰਦਿਆਂ ਵੇਖਦੀ। ਜਦੋਂ ਲਾਲ ਬਾਹਰ ਪੈਲੀਆਂ ਵਿਚ ਕੰਮ ਲਗਾ ਹੋਇਆ ਹੁੰਦਾ, ਉਨ੍ਹਾਂ ਦੇ ਘਰ ਦੀ ਸਾਂਝੀ ਕੰਧ ਤੋਂ ਪਾਰ ਉਹਦੀ ਪੱਗ ਇੱਧਰ ਉੱਧਰ ਭੌਂਦੀ ਦਿਸਦੀ। ਕਦੀ ਉਹ ਆਪਣੇ ਮੁੰਡੇ ਨੂੰ ਚੁਕ ਕੇ ਘਰੋਂ ਇਕ ਲਕੜ ਫੜ ਤਰਖਾਣਾਂ ਵਲ ਲੈ ਜਾਂਦਾ ਅਤੇ ਉਥੇ ਬੈਠ ਕੇ ਉਸਨੂੰ ਗੱਡੀ ਬਣਵਾ ਦਿੰਦਾ ਤੇ ਕਦੀ ਆਪਣੀ ਵਹੁਟੀ ਦਾ ਸਾਗ ਚੀਰਨ ਵਾਲਾ ਦਾਤਰ ਚੁਕ ਕੇ ਲੁਹਾਰਾਂ ਪਾਸੋਂ ਲਵਾਣ ਟੁਰ ਪੈਂਦਾ, ਅਤੇ ਕਦੇ ਸਤੋ ਜੁਲਾਹੀ ਨੂੰ ਚਰਖਾ ਚੁਕਵਾ ਕੇ ਉਸ ਦੀ ਕਾਣ ਕਢਵਾ ਲਿਆਉਂਦਾ। ਲਾਲ ਦੀ ਵਹੁਟੀ ਦੇ ਸਾਰੇ ਕੰਮ ਉਸੇ ਤਰ੍ਹਾਂ ਹੀ ਪਏ ਰਹਿੰਦੇ। ਦਿਆਲ ਦੀ ਘਰ ਵਿਚ ਭੌਂਦੀ ਪੱਗ ਤੇ ਆਉਂਦੀ ਵਾਜ਼ ਉਸ ਦੀਆਂ ਕਈ ਸੱਧਰਾਂ ਟੁੰਬਦੀ। ਜੇ ਕਦੀ ਲਾਲ ਵੀ ਇਸੇ ਵੇਲੇ ਘਰ ਆ ਸਕੇ ਤਾਂ ਉਹ ਉਸਨੂੰ ਦੁੱਧ ਪਾ ਕੇ ਦੇਵੇ। ਪਿੰਡ ਵਿਚ ਜਾਣ ਲਈ ਉਸਨੂੰ ਚਿੱਟੇ ਚਿੱਟੇ ਕਪੜੇ ਪਵਾਏ ਤੇ ਉਸ ਦੇ ਕਪੜੇ ਪਾਂਦਿਆਂ ਨੂੰ ਝਟ ਪਟ ਉਸਦੀ ਪੱਗ ਨੂੰ ਮਾਇਆ ਲਾ ਦੇਵੇ। ਹੁਣ ਤੇ ਨਾ ਕਪੜੇ ਧੋਣ ਤੇ ਨਾ ਪਾਣ ਦਾ ਕੋਈ ਸਵਾਦ ਸੀ। ਅਠੀਂ-ਦਸੀਂ ਦਿਨੀਂ ਰਾਤ ਨੂੰ ਸੌਣ ਲੱਗਿਆਂ, ਉਹ ਧੋਤੇ ਹੋਏ ਕਪੜੇ ਸਰ੍ਹਾਣੇ ਰੱਖ ਕੇ ਚਿੱਟੇ ਕਪੜੇ ਪਾ ਲੈਂਦਾ। ਪਰ ਛੇਤੀ ਹੀ ਇਹ ਵੀ ਮੈਲੇ ਹੋ ਜਾਂਦੇ ਤੇ ਫਿਰ ਕਈ ਦਿਨ ਉਹ ਮੈਲੇ ਹੀ ਪਾਈ ਫਿਰਦਾ। ਜੇ ਲਾਲ ਵੀ ਦਿਆਲ ਵਾਂਗ ਸ਼ਾਮ ਘਰ ਬਿਤਾ ਸਕੇ!

ਤੇ ਫਿਰ ਰਾਤ ਨੂੰ ਜਦੋਂ ਲਾਲ ਘਰ ਆਉਂਦਾ ਤਾਂ ਉਹ ਆਖਦੀ, ''ਤੂੰ ਉਹਦਾ ਕਾਮਾ ਰਖਿਆ ਹੋਇਆ ਏਂ? ਆਪ ਤੇ ਸਰਦਾਰ ਪਿੰਡ ਫਿਰਦਾ ਰਹਿੰਦਾ ਏ ਤੇ ਤੂੰ ਉਥੇ ਮਿੱਟੀ ਨਾਲ ਘੁਲਦਾ ਰਹਿੰਦਾ ਏਂ।''

''ਪਿੰਡ ਫਿਰਨ ਵਿਚ ਕੀ ਪਿਆ ਏ? ਪਾਣੀ ਦੀ ਵਾਰੀ ਦੀ ਗੱਲ ਕਰਨੀ ਸੀ, ਏਸ ਕਰਕੇ ਆਇਆ ਸੀ ਉਹ।'' ਲਾਲ ਗੱਲ ਵਲਾਂਦਾ ਤੇ ਫਿਰ ਮਰ੍ਹਮ ਲਾਂਦਾ:

''ਕਦੀ ਹਲ ਫਲ ਠੀਕ ਕਰਾਣਾ ਹੁੰਦਾ ਏ, ਕੋਈ ਰੱਸਾ ਪੈੜਾ ਵਟਣਾ ਹੁੰਦਾ ਏ, ਜਾਂ ਕੋਈ ਬੰਦਾ ਦਿਹਾੜੀ ਲਈ ਆਖਣਾ ਹੁੰਦਾ ਏ, ਪਿੰਡ ਵਿਚ ਸੌ ਕੰਮ ਹੁੰਦੇ ਨੇ।''

''ਪਿੰਡ ਕੰਮ ਹੁੰਦੇ ਨੇ ਤਾਂ ਤੂੰ ਵੀ ਆ ਜਾਇਆ ਕਰ ਕਦੀ, ਜ਼ਰੂਰ ਉਸੇ ਹੀ ਕਰਨੇ ਹੁੰਦੇ ਨੇ ਪਿੰਡ ਵਾਲੇ ਕੰਮ।''

''ਹਲਾ ਮੈਂ ਆ ਜਾਇਆ ਕਰਾਂਗਾ, ਇਹਦੇ 'ਚ ਕਿਹੜੀ ਗੱਲ ਏ! ਹੁਣ ਆਂਹਦਾ ਏ ਮੈਂ ਲਗਾ ਜਾਨਾਂ, ਮੈਂ ਆਹਨਾਂ ਹਲਾ ਤੂੰ ਲਗਾ ਜਾ।''

ਲਾਲ ਆਉਣ ਲਈ ਕਹਿ ਤੇ ਦੇਂਦਾ ਪਰ ਉਹ ਆਇਆ ਕਦੀ ਨਾ। ਏਸ ਵਿਤ੍ਹੀ ਵਿਚ ਅਸਲ ਵਿਚ ਉਹ ਖ਼ਿਆਲਦੇ ਹੇਠ ਵਗ ਰਿਹਾ ਸੀ। ਉਹ ਤਾਰੇ ਚੜ੍ਹੇ ਉਠਦਾ ਤੇ ਕਾਮੇ ਨਾਲ ਹਲ ਜੋ ਕੇ ਲੈ ਜਾਂਦਾ। ਮਗਰੋਂ ਦਿਆਲ ਧੰਮੀ ਵੇਲੇ ਉਠ ਕੇ ਮੱਝੀਆਂ ਨੂੰ ਬਾਹਰ ਕਢਦਾ, ਪੱਠੇ ਪਾਂਦਾ ਤੇ ਫਿਰ ਚੋਂਦਾ। ਡੰਗਰਾਂ ਜੋਗੇ ਪੱਠੇ ਵੱਢ ਕੇ ਉਹ ਉਨ੍ਹਾਂ ਨੂੰ ਛੇੜ ਕੇ ਲੈ ਜਾਂਦਾ ਤੇ ਥੋੜ੍ਹਾ ਜਿਹਾ ਟੁਰ ਕੇ ਮੋੜ ਲਿਆਂਦਾ। ਤੇ ਪਿਛਲੇ ਪਹਿਰ ਉਹ ਪਿੰਡ ਕਦੀ ਕਿਸੇ ਦਾਣੀ ਨਾਲ ਸ਼ਰਾਬ ਪੀ ਛੱਡਦਾ, ਕਦੀ ਤਾਸ਼ ਖੇਡਦਾ ਰਹਿੰਦਾ ਅਤੇ ਕਦੀ ਅਖ਼ਬਾਰਾਂ ਦੀਆਂ ਖ਼ਬਰਾਂ ਸੁਣਦਾ, ਸਮਝਦਾ ਰਹਿੰਦਾ। ਵਾਹੀ ਦਾ ਤੇ ਸਾਰਾ ਭਾਰ ਦਿਨ ਦਿਨ ਲਾਲ ਤੇ ਪੈਂਦਾ ਜਾ ਰਿਹਾ ਸੀ। ਲਾਲ ਸਦਾ ਯਾਰ ਬੇਲੀ ਗੰਢਣ ਤੇ ਆਪਣਾ ਰਸੂਖ਼ ਬਣਾਣ ਤੇ ਰਹਿੰਦਾ। ਹਰ ਭਿਆਲੀ ਵਿਚ ਇਸ ਤਰ੍ਹਾਂ ਹੀ ਹੁੰਦਾ ਹੈ। ਇਕ ਧਿਰ ਬਹੁਤਾ ਕੰਮ ਕਰਦੀ ਹੈ ਤੇ ਇਕ ਥੋੜ੍ਹਾ। ਜਿੰਨਾ ਚਿਰ ਬਹੁਤਾ ਕੰਮ ਕਰਨ ਵਾਲੀ ਧਿਰ ਚੁਪ ਕੀਤੀ ਰਹੇ, ਭਿਆਲੀ ਚਲਦੀ ਜਾਂਦੀ ਹੈ ਤੇ ਜਦੋਂ ਉਸਨੂੰ ਇਹ ਬਹੁਤਾ ਕੰਮ ਚੁਭਣ ਲਗ ਜਾਵੇ ਤਾਂ ਭਿਆਲੀ ਟੁਟ ਜਾਂਦੀ ਹੈ।

ਇਕ ਦਿਨ ਵਾਢੀਆਂ ਤੋਂ ਪਿੱਛੋਂ ਲੁਹਾਰਾਂ ਦੇ ਮੁੰਡੇ ਜੱਟਾਂ ਤੋਂ ਕਣਕ ਦੀਆਂ ਭਰੀਆਂ ਇਕੱਠੀਆਂ ਕਰ ਰਹੇ ਸਨ। ਲਾਲ ਇਕ ਹੋਰ ਜੱਟ ਦੇ ਡੇਰੇ 'ਤੇ ਬੈਠਾ ਸੀ। ਲੁਹਾਰਾਂ ਦਾ ਇਕ ਮੁੰਡਾ ਉਸ ਜੱਟ ਤੋਂ ਭਰੀ ਮੰਗਣ ਆ ਗਿਆ। ਉਸ ਨਾਲ ਦੇ ਦੂਜੇ ਮੁੰਡੇ ਕੋਲੋਂ ਸੜਕ ਤੋਂ ਦੂਜੀ ਭਰੀ ਬਾਰੇ ਪੁੱਛਿਆ।

''ਇਹ ਤੇ ਔਥੋਂ ਦਿਆਲ ਦੇ ਖਲਵਾੜੇ ਤੋਂ ਲਿਆਏ ਹਾਂ।''

ਲਾਲ ਨੇ ਇਹ ਸੁਣਿਆ ਤਾਂ ਉਸਨੂੰ ਆਪਣਾ ਲਹੂ ਠੰਢਾ ਹੁੰਦਾ ਲੱਗਾ। ਖਲਵਾੜਾ ਤਾਂ ਸਾਂਝਾ ਸੀ ਪਰ ਨਾਂ ਦਿਆਲ ਦਾ ਵੱਜ ਰਿਹਾ ਸੀ। ਕੰਮ ਵਿਚ ਰੁਝੇ ਲਾਲ ਦਾ ਤੇ ਆਪਣੇ ਭੋਇੰ ਭਾਂਡੇ ਤੋਂ ਵੀ ਨਾ ਮਿਟਦਾ ਜਾ ਰਿਹਾ ਸੀ। ਉਸਨੇ ਅੱਡਰੇ ਹੋਣ ਦਾ ਫੈਸਲਾ ਕਰ ਲਿਆ। ਵਾਢੀਆਂ ਪਿੱਛੋਂ ਉਂਜ ਵੀ ਇਹ ਵਾਹੀਆਂ ਬਦਲਣ ਦੇ ਦਿਨ ਸਨ।

ਦਾਣੇ ਤੇ ਉਹ ਪਹਿਲਾਂ ਹੀ ਵੰਡ ਲੈਂਦੇ ਸਨ। ਇਸ ਵਾਰੀ ਉਸਨੇ ਤੂੜੀ ਵੀ ਵੰਡ ਲਈ। ਮੱਝਾਂ ਆਪਣੀਆਂ ਵਖਰੀਆਂ ਬੰਨ੍ਹ ਲਈਆਂ। ਇਕ ਸੱਜਰ ਸੂਈ ਮੱਝ ਦਾ ਥੋੜ੍ਹਾ ਜਿਹਾ ਵਖਤ ਸੀ। ਉਸਦੀ ਕੱਟੀ ਮਰ ਗਈ ਹੋਈ ਸੀ ਤੇ ਉਹ ਦਿਆਲ ਦੇ ਹੱਥ ਤੇ ਪਈ ਹੋਈ ਸੀ। ਕਿਸੇ ਹੋਰ ਤੋਂ ਨਹੀਂ ਸੀ ਮਿਲਦੀ। ਲਾਲ ਨੇ ਕੁਝ ਦਿਨ ਉਸਨੂੰ ਛੋਲਿਆਂ ਦੇ ਵੰਡ ਵਿਚ ਲੂਣ ਘੋਲ ਕੇ ਪਿਆਇਆ, ਆਪਣੇ ਹੱਥ ਉਤੇ ਆਟਾ ਚਰਾਇਆ, ਤਲੀ ਉਤੇ ਧਾਰਾਂ ਮਾਰ ਕੇ ਉਸਨੂੰ ਚਟਾਈਆਂ, ਆਪਣੇ ਮੂੰਹ ਵਿਚ ਧਾਰ ਲੈ ਕੇ ਉਸ ਦੀਆਂ ਨਾਸਾਂ ਤੇ ਫਰਕੜਾ ਮਾਰਿਆ ਅਤੇ ਉਹ ਹੌਲੀ ਹੌਲੀ ਬਿਨਾ ਕੱਟੀ ਤੋਂ ਵੀ ਮਿਲਣ ਲਗ ਪਈ। ਪਰ ਦਿਆਲ ਨਾਲੋਂ ਉਸ ਮੱਝ ਦਾ ਪਿਆਰ ਨਾ ਟੁੱਟਾ। ਜਦੋਂ ਕਦੀ ਖੁਲ੍ਹਦੀ, ਉਸੇ ਕੋਲ ਜਾ ਖਲੋਂਦੀ ਜਾਂ ਉਸਦੀਆਂ ਮੱਝਾਂ ਵਿਚ ਰਲ ਜਾਂਦੀ।

ਮੱਝ ਦਾ ਤੇ ਦਿਆਲ ਨਾਲ ਪਿਆਰ ਬਣਿਆ ਰਿਹਾ ਪਰ ਲਾਲ ਤੇ ਦਿਆਲ ਇਕ ਦੂਜੇ ਤੋਂ ਦੂਰ ਦੂਰ ਹੁੰਦੇ ਗਏ। ਪੈਲੀਆਂ ਨੇੜੇ ਹੋਣ ਕਰਕੇ ਉਨ੍ਹਾਂ ਦੇ ਡੰਗਰ ਖੁਲ੍ਹ ਕੇ ਇਕ ਦੂਜੇ ਦੀ ਪੈਲੀ ਵਿਚ ਪੈ ਜਾਂਦੇ ਤੇ ਇਸ ਵਿਚੋਂ ਕਈ ਉਲ੍ਹਮੇ ਨਿਕਲਦੇ। ਹਰ ਇਹੋ ਜਿਹੇ ਮੌਕੇ ਤੇ ਦੋਵੇਂ ਇਕ ਦੂਜੇ ਤੋਂ ਵਧ ਕੇ ਗੱਲਾਂ ਕਰਦੇ ਤੇ ਕੋਈ ਧਿਰ ਨੀਵੀਂ ਨਾ ਖਿੱਚਦੀ। ਜਦੋਂ ਦਿਆਲ ਦੀ ਨਿੱਕੀ ਜਿਹੀ ਕੱਟੀ ਲੱਕੜਾਂ ਦੀ ਵਿਰਲ ਵਿਚੋਂ ਨਿਕਲ ਕੇ ਸਾਰੀ ਰਾਤ ਲਾਲ ਦੇ ਪੀਚੇ ਹੋਏ ਗੋਂਗਲੂਆਂ ਵਿਚ ਫਿਰਦੀ ਰਹੀ ਤਾਂ ਦਿਆਲ ਅੱਗੋਂ ਉਲਟਾ ਕਿਹਾ, ''ਮੈਂ ਕੋਈ ਕੱਟੀ ਦੇ ਨਾਲ ਤਾਂ ਨਹੀਂ ਨਾ ਬੱਝ ਜਾਣਾ। ਇਹ ਨਿੱਕੇ ਨਿੱਕੇ ਜੀਅ ਸੱਜਿਓਂ ਖੱਬਿਓਂ ਕਿਧਰੇ ਨਿਕਲ ਈ ਜਾਂਦੇ ਨੇ।''

ਤੇ ਫਿਰ ਅਗਲੇ ਦਿਨ ਜਦੋਂ ਲਾਲ ਦੀ ਘੋੜੀ ਸੰਗਲ ਲਗੇ ਨਾਲ ਦਿਆਲ ਦੀ ਫਲੀ ਹੋਈ ਕਪਾਹ ਵਿਚ ਬੂਟੇ ਭੰਨਦੀ ਤੇ ਫਲ ਕੇਰਦੀ ਰਹੀ ਤਾਂ ਲਾਲ ਨੇ ਕਹਿ ਛੱਡਿਆ, ''ਘੋੜੀ ਤੇ ਕਪਾਹ ਨੂੰ ਮੂੰਹ ਨਹੀਂ ਲਾਂਦੀ। ਬੂਟੇ ਤਾਂ ਓਦੋਂ ਭੱਜਦੇ ਨੇ ਜਦੋਂ ਸੰਗਲੀ ਹੋਈ ਘੋੜੀ ਨੂੰ ਤੂੰ ਮਗਰੋਂ ਤ੍ਰਾਹਣਾ ਏਂ ਚਾ। ਆਰਾਮ ਨਾਲ ਕਢੇਂ ਤਾਂ ਆਪੇ ਬੂਟੇ ਨਾ ਭੱਜਣ।'' ਦਿਆਲ ਨੂੰ ਇਸ ਗੱਲ ਦਾ ਬੜਾ ਗੁੱਸਾ ਸੀ। ਗੋਂਗਲੂ 'ਤੇ ਆਖਰ ਪੱਠੇ ਹੀ ਸਨ ਪਰ ਕਪਾਹ ਤੇ ਪੈਸੇ ਵਾਲੀ ਫਸਲ ਸੀ। ਇਕ ਬਚਾਅ ਸੀ। ਨਾ ਲਾਲ ਤੇ ਨਾ ਦਿਆਲ ਨੇ ਕਦੀ ਇਕ ਦੂਜੇ ਦੇ ਹੱਥੀਂ ਪੈਣ ਲਈ ਸੋਚਿਆ ਸੀ।

ਇਸਤੋਂ ਕੁਝ ਦਿਨ ਪਿੱਛੋਂ ਮੀਂਹ ਪਿਆ। ਦਿਆਲ ਕੋਲ ਤਾਂ ਬਾਹਰ ਇਕ ਕੋਠਾ ਹੈ ਹੀ ਸੀ ਪਰ ਲਾਲ ਨੇ ਅਜੇ ਕੁਝ ਨਹੀਂ ਸੀ ਛੱਤਿਆ। ਫਿਰ ਵੀ ਉਹ ਦਿਆਲ ਦੇ ਕੋਠੇ ਵਿਚ ਆ ਕੇ ਸਿਰ ਨਹੀਂ ਲੁਕਾਣਾ ਚਾਹੁੰਦਾ ਸੀ। ਉਸਦੇ ਤੂਤ ਹੇਠ ਥੋੜਾ ਜਿਹਾ ਬਚਾਅ ਹੋ ਸਕਦਾ ਸੀ। ਚਾਦਰ ਦੀ ਬੁਕਲ ਮਾਰ ਕੇ ਉਹ ਆਪਣੇ ਤੂਤ ਥੱਲੇ ਬੈਠਾ ਰਿਹਾ ਤੇ ਉਤੋਂ ਮੀਂਹ ਪੈਂਦਾ ਰਿਹਾ। ਇਹ ਗੱਲ ਪਿੰਡ ਵੀ ਅਪੜ ਗਈ। ਉਸਦੇ ਤੂਤ ਵਿਚ ਬਗਲਿਆਂ ਦੇ ਆਲ੍ਹਣੇ ਸਨ। ਲੋਕੀਂ ਕਹਿੰਦੇ ਫਿਰਨ, ''ਉਤੇ ਬਗਲੇ ਨਹਾਉਂਦੇ ਰਹੇ ਅਤੇ ਹੇਠਾਂ ਲਾਲ ਨਹਾਉਂਦਾ ਰਿਹਾ।''

ਇਸ ਮੀਂਹ ਤੋਂ ਪਿੱਛੋਂ ਇਹ ਗੱਲ ਆ ਸੀ ਕਿ ਇਕ ਨਾ ਇਕ ਦਿਨ ਲਾਲ ਤੇ ਦਿਆਲ ਦੀ ਲੜਾਈ ਹੋਵੇਗੀ। ਕੋਈ ਕਹਿੰਦਾ ਸੀ ਦਿਆਲ ਤਗੜਾ ਹੈ, ਉਹ ਮਾਰੇਗਾ। ਕੋਈ ਕਹਿੰਦਾ ਸੀ ਲਾਲ ਵਿਚ ਗੁੱਸਾ ਬਹੁਤਾ ਏ, ਇਸ ਲਈ ਉਹ ਮਾਰੇਗਾ।

ਇਹ ਗੱਲਾਂ ਲਾਲ ਦੀ ਵਹੁਟੀ ਤੀਕਰ ਵੀ ਅਪੜਦੀਆਂ ਤੇ ਕਦੀ ਕਦੀ ਉਹ ਘਾਬਰ ਕੇ ਪੁੱਛਦੀ :

''ਸੁਣਿਐ ਦਿਆਲ ਤੇਰੇ ਗੱਲ ਪੈਣ ਨੂੰ ਫਿਰਦਾ ਏ?''

''ਮੇਰੇ ਗੱਲ ਪੈ ਕੇ ਮਰਨੈਂ ਉਸ। ਉਹ ਤੇ ਕੁਸਕ ਨਹੀਂ ਸਕਦਾ ਮੇਰੇ ਸਾਹਮਣੇ''। ਲਾਲ ਅਗੋਂ ਚੌੜਾ ਹੋ ਕੇ ਆਖਦਾ।

ਆਪਣੇ ਆਪ ਨੂੰ ਉੱਚਾ ਵਿਖਾਣ ਲਈ ਇਕ ਦਿਨ ਲਾਲ ਨੇ ਹੱਦ ਹੀ ਕਰ ਦਿੱਤੀ। ਨਵੀਂ ਕਣਕ ਬੀਜਣ ਤੋਂ ਪਹਿਲਾਂ ਦਿਆਲ ਆਪਣੀ ਇਕ ਪੈਲੀ ਵਿਚ ਰੂੜੀ ਪਾਉਣੀ ਚਾਹੁੰਦਾ ਸੀ। ਗੱਡੇ ਦਾ ਰਾਹ ਲਾਲ ਦੀ ਪੈਲੀ ਵਿਚੋਂ ਹੀ ਸੀ ਪਰ ਇਹ ਪੈਲੀ ਕਿਉਂਕਿ ਅਪੜ ਪਈ ਹੋਈ ਸੀ ਇਸ ਲਈ ਇਸ ਵਿਚੋਂ ਗੱਡਾ ਲੰਘਾਣ ਦਾ ਕੋਈ ਹਰਜ ਨਹੀਂ ਸੀ। ਪਰ ਜਦੋਂ ਦਿਆਲ ਗੱਡਾ ਭਰ ਕੇ ਲਿਆਇਆ, ਤਾਂ ਲਾਲ ਡਾਂਗ ਫੜ ਕੇ ਆਪਣੀ ਵੱਟ ਤੇ ਖਲੋ ਗਿਆ ਅਤੇ ਉਸਨੇ ਦਿਆਲ ਦਾ ਗੱਡਾ ਪਿਛਾਂਹ ਮੋੜ ਦਿੱਤਾ।

ਰਾਤ ਨੂੰ ਜਦੋਂ ਲਾਲ ਨੇ ਇਹ ਗੱਲ ਆਪਣੀ ਵਹੁਟੀ ਨੂੰ ਦੱਸੀ ਤਾਂ ਉਸਨੂੰ ਵਿਸ਼ਵਾਸ ਜਿਹਾ ਹੋ ਗਿਆ ਕਿ ਦਿਆਲ ਉਸਦੇ ਪਤੀ ਤੋਂ ਕੁਝ ਤ੍ਰਹਿੰਦਾ ਸੀ। ਦਿਆਲ ਨੂੰ ਵੀ ਆਪਣੀ ਹਾਲਤ ਕੁਝ ਚੁਭਣ ਲਗ ਪਈ ਸੀ। ਬਿਨਾਂ ਕੁਝ ਪੱਜ ਬਣਾਉਣ ਦੇ ਉਹ ਉਸ ਨਾਲ ਖਹਿਣ ਖਹਿਣ ਕਰਦਾ ਸੀ।

ਇਕ ਦਿਨ ਖਾਓ ਪੀਓ ਨਾਲ ਲਾਲ ਆਪਣੀ ਘੋੜੀ 'ਤੇ ਚੜ੍ਹ ਕੇ ਪਿੰਡ ਆ ਰਿਹਾ ਸੀ। ਰਾਹ ਵਿਚ ਇਕ ਖਾਲ 'ਤੇ ਦਿਆਲ ਅਤੇ ਇਕ ਹੋਰ ਬੰਦਾ ਸ਼ਰਾਬ ਪੀ ਰਹੇ ਸਨ। ਉਨ੍ਹਾਂ ਲਾਲ ਨੂੰ ਵੇਖ ਲਿਆ ਤੇ ਲਾਲ ਨੇ ਉਨ੍ਹਾਂ ਨੂੰ। ਖਾਲ ਤੋਂ ਲੰਘਣ ਲਈ ਘੋੜੀ ਨੇ ਹੌਲੀ ਹੋਣਾ ਹੀ ਸੀ। ਲਾਲ ਦੇ ਹੱਥ ਵਿਚ ਕੇਵਲ ਸਖਣਾ ਗੜਵਾ ਸੀ।

''ਕਿਹੜਾ ਏ?'' ਦਿਆਲ ਨੇ ਜ਼ਰਾ ਲਮਕਾ ਕੇ ਕਿਹਾ।

''ਮੈਂ ਆਂ, ਲਾਲ'', ਲਾਲ ਤਗੜੇ ਹੋ ਕੇ ਕਿਹਾ ਤੇ ਫਿਰ ''ਤਰੂਹਓ, ਤਰੂਹਓ'' ਕਰਕੇ ਘੋੜੀ ਨੂੰ ਪਾਣੀ ਪਿਆਣ ਲਗ ਪਿਆ, ਜਿਸ ਤਰ੍ਹਾਂ ਕਹਿ ਰਿਹਾ ਹੋਵੇ, ''ਆ ਜਾਓ ਮੈਂ ਤੇ ਖੁਲ੍ਹਾ ਵਾਂ।'' ਪਰ ਆਇਆ ਕੋਈ ਨਾ ਤੇ ਲਾਲ ਨੇ ਪਾਣੀ ਪਿਆ ਕੇ ਘੋੜੀ ਟੋਰ ਲਈ।

ਘਰ ਆ ਕੇ ਲਾਲ ਨੇ ਵਹੁਟੀ ਨੂੰ ਦਸਿਆ, ''ਮੈਂ ਸੋਚਿਆ ਜਿਹੜਾ ਆਇਆ ਗੜਵਾ ਮਾਰਾਂਗਾ ਸਿਰ ਵਿਚ। ਘੋੜੀ 'ਤੇ ਚੜ੍ਹਿਆ ਬੰਦਾ ਉਂਜ ਹੀ ਚਹੁੰ ਬੰਦਿਆਂ ਉਤੇ ਭਾਰੂ ਹੁੰਦਾ ਏ। ਜਿਸਨੂੰ ਮਰਜ਼ੀ ਹੋਵੇ ਹੇਠ ਲੈ ਕੇ ਮਾਰ ਦੇਵੇ।''

''ਸ਼ਾਬਾਸ਼!'' ਲਾਲ ਦੀ ਵਹੁਟੀ ਦੀਆਂ ਚਮਕਦੀਆਂ ਅੱਖਾਂ ਨੇ ਕਿਹਾ, ''ਮੇਰਾ ਪਤੀ ਇਸ ਤੋਂ ਘਟ ਕੀ ਕਰ ਸਕਦਾ ਸੀ!''

ਲਾਲ ਡਾਢਾ ਖੁਸ਼ ਸੀ। ਅੱਜ ਉਹਦੀ ਗੱਲ ਵਿਚ ਵਧੇਰੇ ਠਰ੍ਹਮਾ ਸੀ, ਉਸਦਾ ਪੈਰ ਬੜਾ ਫੱਬ ਕੇ ਭੋਇੰ ਉਤੇ ਟਿਕਦਾ ਸੀ ਤੇ ਉਸਦੇ ਬੱਚੇ ਉਸਨੂੰ ਡਾਢੇ ਪਿਆਰੇ ਲਗਦੇ ਸਨ।

ਫਿਰ ਇਕ ਰਾਤ ਕੁਝ ਕਿਣ ਮਿਣ ਜਿਹੀ ਰਹੀ। ਕਿਣ ਮਿਣ ਦੇ ਆਲਸ ਤੋਂ ਲਾਲ ਨੇ ਧੰਮੀ ਵੇਲੇ ਉਠ ਕੇ ਮੱਝ ਨੂੰ ਪੱਠੇ ਨਾ ਪਾਏ। ਪੱਠਿਆਂ ਦੀ ਹਿਰਸ ਵਿਚ ਮੱਝ ਸੰਗਲ ਖਿਚ ਕੇ ਮੀਂਹ ਨਾਲ ਢਿੱਲਾ ਹੋਇਆ ਕਿੱਲਾ ਪੁਟਾ ਗਈ। ਚੰਗੇ ਦਿਨ ਚੜ੍ਹੇ ਉਠ ਕੇ ਲਾਲ ਬਾਹਰੋਂ ਸੜਕ ਤੋਂ ਮੱਝ ਲੱਭ ਕੇ ਤੇ ਅੱਗੇ ਵੰਡ ਪਾ ਕੇ ਚੋਣ ਬਹਿ ਗਿਆ। ਮੱਝ ਦਾ ਪਸਮਾ ਅਜ ਬਹੁਤ ਢਿੱਲਾ ਸੀ। ਕਿਸੇ ਪਹਿਲਾਂ 'ਚੋ ਲਈ ਹੋਈ ਜਾਪਦੀ ਸੀ। ਐਵੇਂ ਵੰਡ ਦੇ ਲਾਲਚ ਨੂੰ ਹੀ ਦੂਜੀ ਵਾਰ ਮਿਲ ਰਹੀ ਸੀ।

ਪਰ ਕੋਈ ਕੌਣ ਇਹਨੂੰ ਚੋ ਸਕਦਾ ਸੀ? ਦਿਆਲ ਤੋਂ ਬਿਨਾਂ ਤੇ ਇਹ ਕਿਸੇ ਤੋਂ ਮਿਲਦੀ ਹੀ ਨਹੀਂ ਸੀ। ਬਸ ਦਿਆਲ ਨੇ ਹੀ ਚੋਈ ਸੀ। ਚਾਰ ਚਾਰ ਧਾਰਾਂ ਮਾਰਨ ਪਿੱਛੋਂ ਸਾਰੇ ਥਣ ਖਾਲੀ ਹੋ ਗਏ।

ਗੜਵੇ ਵਿਚ ਤਿੰਨ ਚਾਰ ਛੰਨਿਆਂ ਦੀ ਥਾਂ ਮਸਾਂ ਇਕ ਛੰਨਾ ਦੁੱਧ ਸੀ। ਹੁਣ ਕੀ ਬਣੇਗਾ? ਦਿਆਲ ਨੇ ਤੇ ਬਹੁਤ ਹੀ ਮੂਰਖਤਾ ਕੀਤੀ ਸੀ। ਆਪਣੀ ਵਹੁਟੀ ਨੂੰ ਲਾਲ ਹੁਣ ਕੀ ਕਹੇ? ਉਹ ਜਾਣਦੀ ਸੀ ਕਿ ਦਿਆਲ ਤੋਂ ਆਪਣੀ ਮੱਝ ਚਵਾ ਕੇ ਉਹ ਆਪਣੀ ਵਹੁਟੀ ਦੇ ਸਾਹਮਣੇ ਚੁਪ ਕਰਕੇ ਕਿਸ ਤਰ੍ਹਾਂ ਬੈਠ ਸਕਦਾ ਸੀ? ਹੋ ਸਕਦਾ ਸੀ ਕਿ ਲਾਲ ਉਸ ਨਾਲ ਉੱਚੀ ਨੀਵੀਂ ਗੱਲ ਕਰੇ ਤੇ ਦਿਆਲ ਅੱਗੇ ਵਾਂਗ ਨੀਵੀਂ ਖਿਚ ਜਾਵੇ ਤੇ ਇਸ ਤਰ੍ਹਾਂ ਲਾਲ ਦੀ ਇੱਜ਼ਤ ਬਚ ਜਾਵੇ। ਸ਼ਾਇਦ ਉਹ ਡਾਂਗ ਸੋਟੇ ਨਾਲ ਉਸਦਾ ਬੂਹਾ ਵੀ ਠਕੋਰ ਸਕੇ ਪਰ ਘਰ ਤਾਂ ਉਸਦੇ ਦੋ ਜਵਾਨ ਸਾਲੇ ਆਏ ਹੋਏ ਸਨ। ਉਹ ਤੇ ਉਸ ਨੂੰ ਬੂਹੇ ਨੇੜੇ ਵੀ ਨਹੀਂ ਆਉਣ ਦੇਣ ਲਗੇ। ਲਾਲ ਬੈਠਾ ਮੱਝ ਨੂੰ ਹੋਰ ਪਸਮਾਂਦਾ ਰਿਹਾ ਪਰ ਕੋਈ ਬਹੁਤੀਆਂ ਧਾਰਾਂ ਥਣਾਂ ਵਿਚ ਨਾ ਆਈਆਂ। ਅਖ਼ੀਰਲੇ ਡੋਕੇ ਵੀ ਹੁਣ ਮੁਕ ਚੁਕੇ ਸਨ।

ਅਚਨਚੇਤ ਲਾਲ ਨੂੰ ਇਕ ਫੁਰਨਾ ਫੁਰਿਆ। ਡੁਲ੍ਹੇ ਹੋਏ ਦੁੱਧ ਬਾਰੇ ਇਹ ਅੰਦਾਜ਼ਾ ਲਾਉਣਾ ਔਖਾ ਹੁੰਦਾ ਹੈ। ਕਿ ਇਹ ਕਿੰਨਾ ਕੁ ਸੀ। ਥੋੜ੍ਹਾ ਦੁੱਧ ਵੀ ਡੁੱਲਿਆ ਹੋਇਆ ਬਹੁਤ ਜ਼ਿਆਦਾ ਲਗਦਾ ਏ। ਜੇ ਉਹ ਗੜਵੇ ਵਾਲਾ ਦੁੱਧ ਡੋਲ੍ਹ ਦੇਵੇ ਤਾਂ ਉਹ ਆਪਣੀ ਵਹੁਟੀ ਨੂੰ ਕਹਿ ਸਕਦਾ ਸੀ ਕਿ ਮੱਝ ਨੇ ਲੱਤ ਮਾਰ ਕੇ ਡੋਲ੍ਹ ਦਿੱਤਾ ਹੈ। ਹੱਥ ਵਿਚ ਫੜਿਆ ਗੜਵਾ ਉਸਨੇ ਮੂਧਾ ਕਰ ਦਿੱਤਾ। ਮੀਂਹ ਨਾਲ ਸਾਰੇ ਥਾਂ ਚਿੱਕੜ ਹੋਇਆ ਸੀ ਤੇ ਕਿਧਰੇ ਕਿਧਰੇ ਪਾਣੀ ਦੀਆਂ ਨਿੱਕੀਆਂ ਨਿੱਕੀਆਂ ਛਪੜੀਆਂ ਵੀ ਬਣੀਆਂ ਹੋਈਆਂ ਸਨ। ਇਸ ਗੱਲ ਤੇ ਪਾਣੀ ਕਰਕੇ ਡੁਲ੍ਹਿਆ ਦੁੱਧ ਬਹੁਤ ਸਾਰਾ ਲਗਦਾ ਸੀ। ਲਾਲ ਆਪਣੇ ਕੰਮ 'ਤੇ ਸੰਤੁਸ਼ਟ ਸੀ।

''ਦੁੱਧ ਤੇ ਡੁਲ੍ਹਾ ਦਿੱਤਾ ਏ ਅੱਜ ਪੀੜ-ਜੋਗੀ ਨੇ'', ਉਸ ਆ ਕੇ ਵਹੁਟੀ ਨੂੰ ਕਿਹਾ।

''ਹਾਏ ਹਾਏ! ਕਿਸ ਤਰ੍ਹਾਂ?''

''ਬਸ ਲੱਤ ਚੁੱਕ ਕੇ ਮਾਰੀ ਸੂ ਗੜਵੇ ਤੇ, ਅਤੇ ਗੜਵਾ ਮੂਧਾ ਹੋ ਗਿਆ।''

''ਦੋ ਸੋਟੇ ਨਹੀਂ ਮਾਰੀਦੇ ਇਹੋ ਜਿਹੀ ਮੱਝ ਨੂੰ'', ਵਹੁਟੀ ਨੂੰ ਅੱਠ ਪਹਿਰ ਦੁੱਧੋਂ ਸੱਖਣੀ ਰਹਿਣ ਤੋਂ ਖਿਝ ਆ ਰਹੀ ਸੀ।

''ਨਹੀਂ, ਮਾਰਨਾ ਕੀ ਏ। ਕਿਤੇ ਮੱਖੀ ਡੰਗ ਨਾ ਮਾਰੇ ਤਾਂ ਡੰਗਰ ਕਾਹਲਾ ਪੈ ਜਾਂਦਾ ਏ, ਹੈ ਤੇ ਵਿਚਾਰੀ ਅਸੀਲ।''

ਚੁਲ੍ਹੇ ਅੱਗੋਂ ਉਠ ਕੇ ਉਹ ਮੱਝ ਕੋਲ ਗਈ। ਅਸਾਧਾਰਨ ਹਾਲਤ ਵਿਚ ਚੀਜ਼ ਵੇਖਣ ਨੂੰ ਹਰ ਇਕ ਦਾ ਜੀਅ ਕਰਦਾ ਏ- ਜਿਵੇਂ ਡਿਗੇ ਹੋਏ ਜਹਾਜ਼ ਜਾਂ ਉਲਟੇ ਹੋਏ ਟਰੱਕ ਜਾਂ ਡੁਲ੍ਹੇ ਹੋਏ ਦੁੱਧ ਨੂੰ।

''ਹਾਅ...! ਕਿੰਨਾ ਦੁੱਧ ਸੀ! ਛੱਪੜ ਲਗਾ ਹੋਇਆ ਏ ਦੁੱਧ ਦਾ!!'' ਉਸਨੇ ਕਹਿ ਕੇ ਲਾਲ ਨੂੰ ਠੰਢ ਪਾ ਦਿੱਤੀ।

## ਕੁਝ ਦੁੱਲੇ ਮਿਰਜ਼ੇ ਲੋੜੀਂਦੇ

**-ਸ਼ਾਰਬ ਅਨੁਸਾਰੀ**

ਜਿਨ੍ਹਾਂ ਹਵਾਲਾਤ ਵਿਚ
ਹੱਥਕੜੀਆਂ ਨਾ ਮਾਂਜੀਆਂ
ਜਿਨ੍ਹਾਂ ਜੇਲ੍ਹ ਨਾ ਵੱਟੇ ਵਾਣ
ਜਿਨ੍ਹਾਂ ਸੈਸ਼ਨ ਦਿਨੇ-ਦਿਹਾੜ
ਵੱਢੇ ਚੌਕ ਵਿਚ
ਨਾਲੇ ਮੁਖ਼ਬਰ ਮਾਰੇ
ਲੁਕੇ ਪਤਾਲੋਂ ਲੱਭ ਕੇ
ਜਿਹੜੇ ਰਣ ਵਲ ਟੁਰਦੇ
ਬੜਿਓਂ ਦੁੱਧ ਬਖ਼ਸ਼ਾ ਕੇ
ਜਿਹੜੇ ਬੱਕੀ ਦੇ ਅਸਵਾਰ
ਬਹਾਦਰ ਬਾਰ ਦੇ
ਜਿਨ੍ਹਾਂ ਮਾਰਨ ਮਰਨ
ਮੁੱਕਦਰ ਮੁੜਨ ਮੁਹਾਲ ਏ
ਜਿਹੜੇ ਸੱਤ ਸਮੁੰਦਰ ਪਾਰ
ਉਡਾਵਣ ਅਸੈਂਬਲੀ
ਮੇਰੀ ਅੱਖ ਤਰਸ ਗਈ
ਉਹ ਜਵਾਨੀਆਂ ਲੱਭਦੀ
ਕਿਉਂ ਇਨ੍ਹਾਂ ਦਿਨਾਂ 'ਚ
ਫਿੱਟਿਆ ਖ਼ੂਨ ਫਰੀਦ ਦਾ
ਕਿਉਂ ਬੇ ਤਾਸੀਰਾ
ਪਾਣੀ ਧੀਆਂ ਝਨਾ ਦਾ
ਕਿਉਂ ਮੇਰੀ ਉਮਰੇ ਵੰਝਲ ਜਾਂਦਾ ਔਂਤਰਾ
ਕਿਓਂ ਰਾਵੀ ਰੁੱਠੀ ਰਾਠ ਰੰਗੀਲੇ ਪਾਲਣੋਂ
ਮੇਰੀ ਅੱਖ ਤਰਸ ਗਈ
ਉਹ ਜਵਾਨੀਆਂ ਲੱਭਦੀ
ਤੈਨੂੰ ਹਾੜਾ ਈ ਸਾਂਵਲ
ਬਾਰ 'ਚ ਜੱਟ ਜਣੀਦੀਏ
ਹੁਣ ਕੋਈ ਮਿਰਜ਼ਾ
ਕੋਈ ਦੁੱਲਾ ਵੀ ਜੰਮ ਦੇ

# ਇਨਕਲਾਬੀਆਂ ਦੇ ਵਿਚਾਰ ਤੇ ਕਾਂਗਰਸ ਨਾਲ ਰਿਸ਼ਤੇ

**ਇਤਿਹਾਸ ਦੇ ਝਰੋਖੇ 'ਚੋਂ**

**ਡਾ. ਪ੍ਰੇਮ ਸਿੰਘ**

ਦੇਸ਼ ਦੀ ਆਜ਼ਾਦੀ ਲਈ ਲੜੇ ਗਏ ਲੰਮੇ ਸੰਗਰਾਮ ਵਿਚ ਅੱਜ ਤੋਂ 79 ਸਾਲ ਪਹਿਲਾਂ ਹੋਈ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹੀਦੀ ਇਕ ਵਿਸ਼ੇਸ਼ ਸਥਾਨ ਰੱਖਦੀ ਹੈ। ਇਸ ਸੰਗਰਾਮ ਵਿਚ ਅਨੇਕ ਲੋਕਾਂ ਨੇ ਆਪਣਾ ਯੋਗਦਾਨ ਪਾਇਆ। ਲੱਖਾਂ ਲੋਕਾਂ ਨੇ ਕੈਦਾਂ ਕੱਟੀਆਂ, ਕਈਆਂ ਨੇ ਜਲਾਵਤਨੀਆਂ ਭੋਗੀਆਂ। ਉਮਰ ਕੈਦਾਂ ਕੱਟਣ ਵਾਲੇ ਘੱਟ ਨਹੀਂ ਸਨ ਅਤੇ ਜਾਨ ਵਾਰਨ ਵਾਲੇ ਵੀ ਅਨੇਕ ਸਨ, ਪਰ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦਾ ਸਥਾਨ ਨਿਵੇਕਲਾ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਜਿੰਨੇ ਵਿਆਪਕ ਪੈਮਾਨੇ 'ਤੇ ਦੇਸ਼ ਦੀ ਆਜ਼ਾਦੀ ਦਾ ਮੁੱਦਾ ਉਸ ਮੌਕੇ ਹਰਮਨ ਪਿਆਰਾ ਹੋਇਆ ਉਸ ਤਰ੍ਹਾਂ ਪਹਿਲਾਂ ਕਦੇ ਨਹੀਂ ਹੋਇਆ ਸੀ ਅਤੇ ਨਾ ਹੀ ਇਨਕਲਾਬ ਦਾ ਨਾਅਰਾ ਉਸ ਢੰਗ ਨਾਲ ਦੇਸ਼ ਦੇ ਇਕ ਕੋਨੇ ਤੋਂ ਦੂਜੇ ਤੱਕ ਫੈਲਿਆ ਸੀ ਜਿਸ ਤਰ੍ਹਾਂ ਇਹ ਇਨ੍ਹਾਂ ਤਿੰਨਾਂ ਨੌਜਵਾਨਾਂ ਦੀ ਫਾਂਸੀ ਵੇਲੇ ਫੈਲਿਆ ਸੀ।

ਆਜ਼ਾਦੀ ਦੀ ਲਹਿਰ ਦੀ ਮੁੱਖ ਧਿਰ ਇੰਡੀਅਨ ਨੈਸ਼ਨਲ ਕਾਂਗਰਸ ਨਾਲ ਇਸ ਨੌਜਵਾਨ ਗਰੁੱਪ ਦੇ ਮੁੱਢੋਂ ਹੀ ਮਤਭੇਦ ਸਨ ਅਤੇ ਜਿੰਨਾ ਥੋੜਾ ਸਮਾਂ ਵੀ ਇਨ੍ਹਾਂ ਨੂੰ ਰਾਜਨੀਤੀ ਵਿਚ ਸਰਗਰਮ ਹੋਣ ਦਾ ਮਿਲਿਆ, ਉਸ ਵਿਚ ਇਨ੍ਹਾਂ ਇਸ ਪਾਰਟੀ ਨੂੰ ਇਨਕਲਾਬੀ ਸੇਧ ਦੇਣ ਦਾ ਯਤਨ ਕੀਤਾ। ਇਹ ਨੌਜਵਾਨ ਦੇਸ਼ਵਾਸੀਆਂ ਨੂੰ ਜਾਗ੍ਰਿਤ ਕਰਨ ਦੇ ਕਾਰਜ ਵਿਚ ਕਾਂਗਰਸ ਪਾਰਟੀ ਅਤੇ ਇਸ ਦੇ ਆਗੂ ਮਹਾਤਮਾ ਗਾਂਧੀ ਦੀ ਦੇਣ ਨੂੰ ਮੰਨਦੇ ਸਨ, ਪਰ ਇਹ ਨਹੀਂ ਮੰਨਦੇ ਸਨ ਕਿ ਆਜ਼ਾਦੀ ਸਰਕਾਰ ਨਾਲ ਸਮਝੌਤੇ ਰਾਹੀਂ ਪ੍ਰਾਪਤ ਹੋ ਸਕਦੀ ਹੈ। ਫਿਰ ਵੀ ਸਮਝੌਤੇ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਖਾਰਜ ਨਾ ਕਰਦੇ ਹੋਏ ਇਹ ਨੌਜਵਾਨ ਅਜਿਹੇ ਸਮਝੌਤੇ ਨੂੰ ਯੋਗ ਸਮਝਦੇ ਸਨ, ਜਿਸ ਨਾਲ ਸਮੁੱਚਾ ਸੰਗਰਾਮ ਸਫਲਤਾ ਵਲ ਵਧਦਾ ਹੋਵੇ। ਇਨ੍ਹਾਂ ਨੂੰ ਫਾਂਸੀ ਦੀਆਂ ਸਜ਼ਾਵਾਂ ਸੁਣਾਏ ਜਾਣ ਨਾਲ ਸਾਰਾ ਦੇਸ਼ ਉਤੇਜਿਤ ਹੋ ਉੱਠਿਆ। ਦੇਸ਼ਵਾਸੀਆਂ ਦੀਆਂ ਭਾਵਨਾਵਾਂ ਦਾ ਤਕਾਜ਼ਾ ਇਹ ਸੀ ਕਿ ਮਹਾਤਮਾ ਗਾਂਧੀ ਵਾਇਸਰਾਏ ਲਾਰਡ ਇਰਵਨ ਨਾਲ ਚਲਦੀ ਗੱਲਬਾਤ ਵਿਚ ਇਨ੍ਹਾਂ ਨੌਜਵਾਨਾਂ ਦੀ ਫਾਂਸੀ ਦੀ ਮਨਸੂਖੀ ਨੂੰ ਇਕ ਸ਼ਰਤ ਬਣਾਉਣ, ਪਰ ਜੇ ਸਰਕਾਰ ਫਾਂਸੀ ਲਾਉਣ 'ਤੇ ਬਜ਼ਿੱਦ ਰਹੇ ਤਾਂ ਉਹ ਗੱਲਬਾਤ ਵਿਚੋਂ ਵਾਕਆਊਟ ਕਰਨ, ਪਰ ਅਜਿਹਾ ਕੁਝ ਨਾ ਹੋਇਆ। ਗਾਂਧੀ-ਇਰਵਨ ਪੈਕਟ ਹੋ ਗਿਆ, ਪਰ ਸਜ਼ਾਵਾਂ ਕਾਇਮ ਰਹੀਆਂ।

ਇਸੇ ਦਾ ਨਤੀਜਾ ਸੀ ਕਿ ਜਦੋਂ ਮਹਾਤਮਾ ਗਾਂਧੀ ਕਾਂਗਰਸ ਦੇ ਸਰਬ ਹਿੰਦ ਸਮਾਗਮ ਲਈ ਕਰਾਚੀ ਪਹੁੰਚੇ ਤਾਂ ਰੇਲਵੇ ਸਟੇਸ਼ਨ ਉਤੇ ਉਨ੍ਹਾਂ ਦਾ ਸਵਾਗਤ ਕਾਲੀਆਂ ਝੰਡੀਆਂ ਨਾਲ ਕੀਤਾ ਗਿਆ। ਸਮਾਗਮ ਵਿਚ ਰਾਜਸੀ ਕਤਾਰਬੰਦੀ ਦੀ ਸਥਿਤੀ ਕੀ ਸੀ, ਉਸ ਦਾ ਅਨੁਮਾਨ ਇਸ ਗੱਲ ਤੋਂ ਲੱਗ ਸਕਦਾ ਹੈ ਕਿ ਕਾਂਗਰਸ ਪਾਰਟੀ ਦੇ ਅਧਿਕਾਰਤ ਇਤਿਹਾਸਕਾਰ ਡਾ. ਪੱਟਾਭੀ ਸੀਤਾਰਮੱਈਆ ਅਨੁਸਾਰ ਇਸ ਸਮਾਗਮ ਦੇ ਮਾਹੌਲ ਤੋਂ ਇਹ ਅਨੁਮਾਨ ਲਾਉਣਾ ਔਖਾ ਸੀ ਕਿ ਕਿਹੜਾ ਮਤਾ ਵਧੇਰੇ ਖਿੱਚ ਪਾਉਂਦਾ ਸੀ। ਗਾਂਧੀ-ਇਰਵਨ ਸਮਝੌਤੇ ਬਾਰੇ ਮਤਾ ਜਾਂ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੀ ਫਾਂਸੀ ਲਈ ਸਰਕਾਰ ਦੀ ਨਿਖੇਧੀ ਦਾ ਮਤਾ। ਇਹ ਗੱਲ ਵੀ ਧਿਆਨਯੋਗ ਹੈ ਕਿ ਇਸ ਸਮਾਗਮ ਦਾ ਇਕ ਹੋਰ ਮਤਾ, ਜਿਸ ਵਿਚ 23 ਦਸੰਬਰ 1929 ਨੂੰ ਵਾਇਸਰਾਏ ਦੀ ਗੱਡੀ ਉਤੇ ਕੀਤੇ ਗਏ ਬੰਬ ਦੇ ਵਿਸਫੋਟ ਦੀ ਨਿਖੇਧੀ ਕੀਤੀ ਗਈ ਸੀ ਅਤੇ ਜਿਹੜਾ ਖੁਦ ਗਾਂਧੀ ਜੀ ਨੇ ਤਿਆਰ ਕੀਤਾ ਸੀ, ਕੇਵਲ 81 ਵੋਟਾਂ ਦੀ ਬਹੁਸੰਮਤੀ ਨਾਲ ਪਾਸ ਹੋਇਆ ਸੀ, ਜਦਕਿ ਕੁੱਲ ਵੋਟਾਂ ਦੀ ਗਿਣਤੀ 1713 ਸੀ।

ਅੱਜ ਇਨ੍ਹਾਂ ਇਨਕਲਾਬੀਆਂ ਦੀ ਸ਼ਹੀਦੀ ਦੀ ਵਰ੍ਹੇਗੰਢ ਦੇ ਮੌਕੇ ਉਨ੍ਹਾਂ ਵਲੋਂ ਦਹਿਸ਼ਤਵਾਦ ਤੋਂ ਜਨਤਕ ਸੰਗਰਾਮ ਵਲ ਦੇ ਸਫਰ ਨੂੰ ਵਿਚਾਰਨਾ ਯੋਗ ਹੋਵੇਗਾ। 1928 ਵਿਚ ਸਾਈਮਨ ਕਮਿਸ਼ਨ ਵਿਰੁਧ ਲਾਹੌਰ ਵਿਚ ਰੋਸ ਪ੍ਰਦਰਸ਼ਨ ਅਤੇ ਲਾਲਾ ਲਾਜਪਤ ਰਾਏ ਨੂੰ ਲੱਗੀ ਸੱਟ ਤੇ ਫਿਰ ਉਨ੍ਹਾਂ ਦੀ ਮੌਤ ਅਤੇ ਇਸ ਨਿਰਾਦਰ ਦਾ ਬਦਲਾ ਲੈਣ ਲਈ ਇਨਕਲਾਬੀਆਂ ਵਲੋਂ ਸਾਂਡਰਸ ਦਾ ਕਤਲ ਅਤੇ ਫਿਰ ਦਿੱਲੀ ਵਿਖੇ ਕੇਂਦਰੀ ਅਸੈਂਬਲੀ ਵਿਚ ਭਗਤ ਸਿੰਘ ਅਤੇ ਬੀ.ਕੇ. ਦੱਤ ਵਲੋਂ ਫੋਕੇ ਬੰਬਾਂ ਰਾਹੀਂ ਪਬਲਿਕ ਸੇਫਟੀ ਬਿੱਲ ਅਤੇ ਟਰੇਡ ਡਿਸਪਿਊਟਸ ਬਿੱਲ ਵਿਰੁਧ ਰੋਸ ਅਤੇ ਉਨ੍ਹਾਂ ਦੋਹਾਂ ਦੀ ਗ੍ਰਿਫਤਾਰੀ ਆਮ ਜਾਣੇ-ਪਛਾਣੇ ਤੱਥ ਹਨ। ਹਕੀਕਤ ਤਾਂ ਇਹ ਹੈ ਕਿ ਉਨ੍ਹਾਂ ਵਲੋਂ ਇਸ ਢੰਗ ਨਾਲ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕਰਨਾ ਇਸ ਤੱਥ ਦਾ ਸੂਚਕ ਸੀ ਕਿ ਨਿਰੋਲ ਦਹਿਸ਼ਤਗਰਦੀ ਉਤੇ ਟੇਕ ਰੱਖਣ ਦਾ ਰਾਹ ਤਿਆਗਿਆ ਜਾ ਚੁੱਕਾ ਹੈ ਅਤੇ ਜਨਤਕ ਸੰਗਰਾਮ ਰਾਹੀਂ ਸਮਾਜਕ ਤਬਦੀਲੀ ਵਲ ਦਾ ਸਫਰ ਸ਼ੁਰੂ ਹੋ ਚੁੱਕਾ ਹੈ। ਉਪਰੰਤ ਇਹ ਕਿ ਹੁਣ ਇਨਕਲਾਬੀਆਂ ਦੀ ਮੁੱਖ ਟੇਕ ਇਸ ਗੱਲ ਉਤੇ ਹੋਵੇਗੀ ਕਿ ਮੁਕੱਦਮਿਆਂ ਰਾਹੀਂ ਅਦਾਲਤਾਂ ਦੇ ਮੰਚ ਨੂੰ ਵਰਤਦਿਆਂ ਭਾਰਤੀ ਆਵਾਮ ਨੂੰ ਜਾਗ੍ਰਿਤ ਕਰਨ ਦਾ ਉਪਰਾਲਾ ਕੀਤਾ ਜਾਵੇ, ਪਰ ਇਸ ਪੜਾਅ ਉਤੇ ਪਹੁੰਚਣ ਤੋਂ ਪਹਿਲਾਂ ਇਨਕਲਾਬੀਆਂ ਨੇ ਬਹੁਤ ਸਾਰਾ ਅਧਿਐਨ ਕਰ ਲਿਆ ਸੀ ਅਤੇ ਉਨ੍ਹਾਂ ਦੇ ਵਿਚਾਰ ਬਦਲਣੇ ਸ਼ੁਰੂ ਹੋ ਗਏ ਸਨ। ਨਿਰਸੰਦੇਹ ਇਸ ਅਮਲ ਵਿਚ ਸਭ ਤੋਂ ਤੀਖਣ-ਬੁਧ ਖੁਦ ਭਗਤ ਸਿੰਘ ਹੀ ਸੀ।

ਇਸ ਪ੍ਰਸੰਗ ਵਿਚ ਤਿੰਨ ਮਹੱਤਵਪੂਰਨ ਦਸਤਾਵੇਜ਼ਾਂ ਉਤੇ ਵਿਚਾਰ ਕਰਨਾ ਹੋਵੇਗਾ। ਪਹਿਲੀ ਹੈ ਹਿੰਦੁਸਤਾਨ ਸੋਸ਼ਲਿਸਟ ਰਿਪਬਲੀਕਨ ਐਸੋਸੀਏਸ਼ਨ (ਆਰਮੀ) ਦਾ ਮੈਨੀਫੈਸਟੋ। ਇਸ ਨੂੰ ਪ੍ਰਸਿੱਧ ਇਨਕਲਾਬੀ ਭਗਵਤੀ ਚਰਨ ਵੋਹਰਾ ਨੇ ਤਿਆਰ ਕੀਤਾ ਅਤੇ ਇਸ ਉਤੇ ਭਗਤ ਸਿੰਘ ਅਤੇ ਚੰਦਰ ਸ਼ੇਖਰ ਆਜ਼ਾਦ ਦੀ ਪ੍ਰਵਾਨਗੀ ਲੈ ਲਈ ਗਈ ਸੀ। ਫਿਰ ਇਸ ਦੀਆਂ ਕਾਪੀਆਂ ਦਸੰਬਰ 1929 ਵਿਚ ਲਾਹੌਰ ਵਿਚ ਹੋਏ ਕਾਂਗਰਸ ਦੇ ਸਮਾਗਮ ਵਿਚ ਵੰਡੀਆਂ ਗਈਆਂ। ਇਸ ਮੈਨੀਫੈਸਟੋ ਵਿਚ ਉਨ੍ਹਾਂ ਸਾਫ ਲਿਖਿਆ;

"ਇਹ ਐਸੋਸੀਏਸ਼ਨ ਭਾਰਤ ਵਿਚ ਇਨਕਲਾਬ ਲਿਆਉਣਾ ਚਾਹੁੰਦੀ ਹੈ ਤਾਂ ਜੋ ਜਥੇਬੰਦ ਹਥਿਆਰਬੰਦ ਬਗਾਵਤ ਨਾਲ ਭਾਰਤ ਨੂੰ ਵਿਦੇਸ਼ੀ ਗਲਬੇ ਤੋਂ ਮੁਕਤ ਕੀਤਾ ਜਾਵੇ। ਗੁਲਾਮ ਲੋਕਾਂ ਵਲੋਂ ਖੁੱਲ੍ਹੀ ਬਗ਼ਾਵਤ ਤੋਂ ਪਹਿਲਾਂ ਗੁਪਤ ਪ੍ਰਚਾਰ ਅਤੇ ਗੁਪਤ ਤਿਆਰੀਆਂ ਹੋਣਗੀਆਂ। ਇਕ ਵਾਰ ਜਦੋਂ ਦੇਸ਼ ਕੰਮ ਦੇ ਇਕ ਪੜਾਅ ਉਤੇ ਪੁੱਜੇਗਾ ਤਾਂ ਵਿਦੇਸ਼ੀ ਸਰਕਾਰ ਦਾ ਕੰਮ ਅਸੰਭਵ ਹੋ ਜਾਵੇਗਾ। ਇਹ ਕੁਝ ਸਾਲ ਚੱਲ ਸਕਦੀ ਹੈ, ਪਰ ਇਸ ਦੀ ਹੋਣੀ ਦਾ ਫੈਸਲਾ ਹੋ ਚੁੱਕਾ ਹੋਵੇਗਾ।"

ਮੈਨੀਫੈਸਟੋ ਵਿਚ ਇਹ ਵੀ ਕਿਹਾ ਗਿਆ ਕਿ ਅਹਿੰਸਾ ਬਾਰੇ ਨਿਰਾਰਥਕ ਚਰਚਾ ਕਰਨ ਦਾ ਰਿਵਾਜ ਪੈ ਗਿਆ ਹੈ। ਮਹਾਤਮਾ ਗਾਂਧੀ ਮਹਾਨ ਹਨ ਅਤੇ ਜੇ ਅਸੀਂ ਦੇਸ਼ ਦੀ ਆਜ਼ਾਦੀ ਲਈ ਉਨ੍ਹਾਂ ਵਲੋਂ ਦਰਸਾਏ ਰਾਹ ਬਾਰੇ ਜ਼ੋਰ ਨਾਲ ਅਸਹਿਮਤੀ ਪ੍ਰਗਟ ਕਰਦੇ ਹਾਂ ਤਾਂ ਸਾਡਾ ਭਾਵ ਉਨ੍ਹਾਂ ਦਾ ਨਿਰਾਦਰ ਨਹੀਂ, ਪਰ ਸਾਡੇ ਵਿਚਾਰ ਵਿਚ ਮਹਾਤਮਾ ਇਕ ਅਸੰਭਵ ਪ੍ਰਕਾਰ ਦਾ ਸੁਪਨਾ ਲੈ ਰਹੇ ਹਨ। ਅਸੀਂ ਕੇਵਲ ਅਹਿੰਸਾ ਨਾਲ ਆਜ਼ਾਦੀ ਪ੍ਰਾਪਤ ਨਹੀਂ ਕਰ ਸਕਾਂਗੇ। ਅਸੀਂ ਹਿੰਸਾ ਵਿਚ ਵਿਸ਼ਵਾਸ ਰੱਖਦੇ ਹਾਂ, ਇਕ ਨਿਸ਼ਾਨੇ ਵਜੋਂ ਨਹੀਂ, ਸਗੋਂ ਇਕ ਪਵਿੱਤਰ ਨਿਸ਼ਾਨੇ ਉਤੇ ਪੁੱਜਣ ਲਈ ਇਕ ਸਾਧਨ ਵਜੋਂ। ਇਸ ਵਿਚ ਸ਼ੱਕ ਨਹੀਂ ਕਿ ਇਨਕਲਾਬੀ ਇਹ ਗੱਲ ਠੀਕ ਤੌਰ ਉਤੇ ਸਮਝਦੇ ਹਨ ਕਿ ਕੇਵਲ ਦਹਿਸ਼ਤਗਰਦੀ ਨਾਲ ਹੀ ਸਭ ਤੋਂ ਵੱਧ ਅਸਰਦਾਇਕ ਜਵਾਬੀ ਕਾਰਵਾਈ ਕੀਤੀ ਜਾ ਸਕਦੀ ਹੈ। ਇਨਕਲਾਬੀਆਂ ਵਲੋਂ ਕੀਤੀ ਗਈ ਜਵਾਬੀ ਦਹਿਸ਼ਤ ਹੀ ਅਫਸਰਸ਼ਾਹੀ ਦੀ ਧੌਂਸ ਨੂੰ ਅਸਰਦਾਇਕ ਢੰਗ ਨਾਲ ਰੋਕ ਸਕਦੀ ਹੈ। ਇਸ ਸਮੇਂ ਸਮਾਜ ਵਿਚ ਪੂਰੀ ਬੇਬਸੀ ਦੀ ਅਵਸਥਾ ਹੈ।

'ਮੈਨੀਫੈਸਟੋ' ਵਿਚ ਕਿਹਾ ਗਿਆ ਹੈ ਕਿ ਕੁਝ ਸਿਆਸਤਦਾਨਾਂ ਦਾ 'ਡੋਮੀਨੀਅਨ ਸਟੇਟਸ' ਵਲ ਝੁਕਾਅ ਇਹ ਗੱਲ ਸਪਸ਼ਟ ਕਰਦਾ ਹੈ ਕਿ ਹਵਾ ਦਾ ਰੁਖ਼ ਕਿਸ ਪਾਸੇ ਹੈ। ਇਹ ਸਿਆਸਤਦਾਨ ਦੇਸ਼ ਦੀ ਸਰਕਾਰ ਵਿਚ 'ਨਿਗੂਣਾ ਹਿੱਸਾ ਲੈਣਾ' ਚਾਹੁੰਦੇ ਹਨ। ਇਸ ਲਈ ਮਜ਼ਦੂਰ ਜਮਾਤ ਦੀ ਆਸ ਸਮਾਜਵਾਦ ਉਤੇ ਲੱਗੀ ਹੋਈ ਹੈ, ਜਿਸ ਨਾਲ ਹੀ ਮੁਕੰਮਲ ਆਜ਼ਾਦੀ ਦੀ ਸਥਾਪਨਾ ਹੋ ਸਕਦੀ ਹੈ ਅਤੇ ਸਭ ਤਰ੍ਹਾਂ ਦੀਆਂ ਸਮਾਜਕ ਨਾ-ਬਰਾਬਰੀਆਂ ਅਤੇ ਵਿਸ਼ੇਸ਼ ਅਧਿਕਾਰ ਖਤਮ ਹੋ ਸਕਦੇ ਹਨ। ਅਖੀਰ ਵਿਚ ਇਸ ਮੈਨੀਫੈਸਟੋ ਵਿਚ ਨੌਜਵਾਨਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਦੇਸ਼ ਦੇ ਹਰ ਕੋਨੇ ਵਿਚ ਜਾ ਕੇ ਭਵਿੱਖ ਦੇ ਇਨਕਲਾਬ ਦੀ ਤਿਆਰੀ ਕਰਨ ਜਿਹੜਾ ਲਾਜ਼ਮੀ ਆਵੇਗਾ।

ਇਨਕਲਾਬੀਆਂ ਦਾ ਦੂਜਾ ਮਹੱਤਵਪੂਰਨ ਦਸਤਾਵੇਜ਼ 'ਬੰਬ ਦਾ ਫਲਸਫ਼ਾ' ਹੈ। ਇਸਨੂੰ ਵੀ ਭਗਵਤੀ ਚਰਨ ਵੋਹਰਾ ਨੇ ਲਿਖਿਆ ਸੀ ਅਤੇ ਗੁਪਤ ਤੌਰ ਉਤੇ ਜੇਲ੍ਹ ਵਿਚ ਭੇਜ ਕੇ ਇਸ ਉਤੇ ਭਗਤ ਸਿੰਘ ਅਤੇ ਦੂਜੇ ਇਨਕਲਾਬੀਆਂ ਦੀ ਪ੍ਰਵਾਨਗੀ ਲੈ ਲਈ ਗਈ ਸੀ। ਇਹ ਮਹਾਤਮਾ ਗਾਂਧੀ ਦੇ ਉਸ ਲੇਖ ਦਾ ਜਵਾਬ ਸੀ ਜਿਸਦਾ ਸਿਰਲੇਖ ਸੀ 'ਬੰਬ ਦੀ ਪੂਜਾ' ਅਤੇ ਜਿਸ ਵਿਚ ਇਨਕਲਾਬੀਆਂ ਵਲੋਂ ਲਾਰਡ ਇਰਵਨ ਦੀ ਗੱਡੀ ਨੂੰ ਬੰਬ ਨਾਲ ਉਡਾਉਣ ਦੇ ਯਤਨ ਦੀ ਨਿਖੇਧੀ ਕੀਤੀ ਗਈ ਸੀਅ। ਅਹਿੰਸਾ ਦੇ ਸਿਧਾਂਤ ਦੀ ਹੋਰ ਵਿਆਖਿਆ ਕਰਦਿਆਂ ਇਸ ਦਸਤਾਵੇਜ਼ ਵਿਚ ਕਿਹਾ ਗਿਆ ਸੀ ਕਿ ਅਹਿੰਸਾ ਅਸਲ ਵਿਚ ਆਤਮਿਕ ਸ਼ਕਤੀ ਦਾ ਸਿਧਾਂਤ ਹੈ, ਜਿਸ ਅਨੁਸਾਰ ਆਪਣੇ-ਆਪ ਨੂੰ ਦੁੱਖ ਦੇ ਕੇ ਆਪਣੇ ਵਿਰੋਧੀ ਨੂੰ ਅੰਤਿਮ ਤੌਰ ਉਤੇ ਆਪਣੇ ਖ਼ਿਆਲਾਂ ਬਾਰੇ ਕਾਇਲ ਕਰੀਦਾ ਹੈ। ਜਦੋਂ ਕੋਈ ਇਨਕਲਾਬੀ ਕੁਝ ਚੀਜ਼ਾਂ ਨੂੰ ਆਪਣਾ ਹੱਕ ਸਮਝਦਾ ਹੈ, ਉਸ ਲਈ ਦਲੀਲਾਂ ਦਿੰਦਾ ਹੈ, ਉਨ੍ਹਾਂ ਦੀ ਪ੍ਰਾਪਤੀ ਲਈ ਵੱਡੇ ਤੋਂ ਵੱਡਾ ਦੁੱਖ ਭੋਗਣ ਨੂੰ ਤਿਆਰ ਰਹਿੰਦਾ ਹੈ, ਉਹ ਆਪਣੇ ਯਤਨਾਂ ਵਿਚ ਸਰੀਰਕ ਸ਼ਕਤੀ ਵੀ ਵਰਤਦਾ ਹੈ। ਤੁਸੀਂ ਇਸ ਲਈ ਕੋਈ ਸ਼ਬਦ ਵੀ ਵਰਤ ਲਵੋ, ਪਰ ਤੁਸੀਂ ਇਸਨੂੰ ਹਿੰਸਾ ਨਹੀਂ ਕਹਿ ਸਕਦੇ।

ਸਤਿਆਗ੍ਰਹਿ ਦਾ ਭਾਵ ਹੈ, ਸੱਚ ਉਤੇ ਦ੍ਰਿੜ੍ਹਤਾ ਪਰ ਫਿਰ ਇਸ ਵਿਚ ਸਰੀਰਕ ਸ਼ਕਤੀ ਦੀ ਵਰਤੋਂ ਕਿਉਂ ਨਾ ਹੋਵੇ? ਆਜ਼ਾਦੀ ਦੀ ਪ੍ਰਾਪਤੀ ਲਈ ਇਨਕਲਾਬੀ ਸਭਨਾਂ ਸ਼ਕਤੀਆਂ ਦੀ ਵਰਤੋਂ ਦੇ ਹੱਕ ਵਿਚ ਹਨ, ਪਰ ਆਤਮਿਕ ਸ਼ਕਤੀ ਦੇ ਮੁਦੱਈ ਸਰੀਰਕ ਸ਼ਕਤੀ ਉਤੇ ਪਾਬੰਦੀ ਲਾਉਣਾ ਚਾਹੁੰਦੇ ਹਨ। ਇਸ ਲਈ ਸਵਾਲ ਇਹ ਨਹੀਂ ਕਿ ਕੀ ਤੁਸੀਂ ਹਿੰਸਾ ਦੀ ਵਰਤੋਂ ਕਰੋਗੇ, ਸਵਾਲ ਇਹ ਹੈ ਕਿ ਤੁਸੀਂ ਆਤਮਿਕ ਸ਼ਕਤੀ ਨਾਲ ਸਰੀਰਕ ਸ਼ਕਤੀ ਵਰਤੋ ਜਾਂ ਕੇਵਲ ਆਤਮਿਕ ਸ਼ਕਤੀ ਹੀ ਵਰਤੋਂਗੇ। ਕਾਂਗਰਸ ਪਾਰਟੀ ਪ੍ਰਤੀ ਇਨਕਲਾਬੀਆਂ ਦੀ ਪੁਜ਼ੀਸ਼ਨ ਦੀ ਵਿਆਖਿਆ ਕਰਦਿਆਂ ਇਸ ਦਸਤਾਵੇਜ਼ ਵਿਚ ਕਿਹਾ ਗਿਆ ਹੈ ਕਿ ਕਾਂਗਰਸ ਨੇ ਆਪਣਾ ਨਿਸ਼ਾਨਾ ਸਵੈ-ਰਾਜ ਦੀ ਥਾਂ ਉਤੇ ਮੁਕੰਮਲ ਆਜ਼ਾਦੀ ਬਣਾਇਆ ਹੈ। ਇਸ ਦੇ ਤਰਕ ਸੰਗਤ ਨਤੀਜੇ ਵਜੋਂ ਆਸ ਤਾਂ ਇਹ ਕਰਨੀ ਚਾਹੀਦੀ ਸੀ ਕਿ ਇਹ ਬਰਤਾਨਵੀ ਸਰਕਾਰ ਵਿਰੁਧ ਜੰਗ ਦਾ ਐਲਾਨ ਕਰਦੀ, ਪਰ ਇਸਦੇ ਉਲਟ ਅਸੀਂ ਵੇਖਦੇ ਹਾਂ ਕਿ ਇਸਨੇ ਇਨਕਲਾਬੀਆਂ ਵਿਰੁਧ ਜੰਗ ਦਾ ਐਲਾਨ ਕਰ ਦਿੱਤਾ ਹੈ। ਕਾਂਗਰਸ ਦਾ ਪਹਿਲਾ ਹਮਲਾ ਇਕ ਪ੍ਰਸਤਾਵ ਦੇ ਰੂਪ ਵਿਚ ਆਇਆ, ਜਿਸ ਵਿਚ ਵਾਇਸਰਾਏ ਦੀ ਗੱਡੀ ਨੂੰ ਬੰਬ ਨਾਲ ਉਡਾਉਣ ਦੀ ਨਿਖੇਧੀ ਕੀਤੀ ਗਈ ਸੀ। ਹੁਣ ਗਾਂਧੀ ਜੀ ਨੇ ਬੰਬ ਦੀ ਪੂਜਾ ਵਿਚ ਆਪਣੇ ਹਮਲੇ ਨੂੰ ਜਾਰੀ ਰੱਖਿਆ ਹੈ। ਇਸ ਵਿਚ ਉਨ੍ਹਾਂ ਦੇ ਵਿਸ਼ਵਾਸ ਦਾ ਪ੍ਰਗਟਾਵਾ ਹੈ, ਰਾਵਾਂ ਹਨ ਅਤੇ ਜਿਨ੍ਹਾਂ ਦੀ ਪੁਸ਼ਟੀ ਲਈ ਦਿੱਤੀਆਂ ਗਈਆਂ ਦਲੀਲਾਂ ਹਨ। ਸਾਡਾ ਕਹਿਣਾ ਇਹ ਹੈ ਕਿ ਗਾਂਧੀ ਜੀ ਨੂੰ ਦੇਸ਼ ਦੇ ਆਪਣੇ ਸੱਜਰੇ ਦੌਰੇ ਬਾਰੇ ਭੁਲੇਖੇ ਵਿਚ ਨਹੀਂ ਰਹਿਣਾ ਚਾਹੀਦਾ।

ਉਹ ਕਹਿੰਦੇ ਹਨ ਕਿ ਇਸ ਦੌਰੇ ਨੇ ਉਨ੍ਹਾਂ ਨੂੰ ਕਾਇਲ ਕਰ ਦਿੱਤਾ ਹੈ ਕਿ ਭਾਰਤੀ ਆਵਾਮ ਵਿਚ ਹਿੰਸਾ ਦੀ ਭਾਵਨਾ ਨਹੀਂ ਅਤੇ ਅਹਿੰਸਾ ਇਕ ਰਾਜਸੀ ਹਥਿਆਰ ਵਜੋਂ ਸਥਾਪਤ ਹੋ ਗਈ ਹੈ, ਪਰ ਅਜਿਹੇ ਦੌਰਿਆਂ ਵਿਚ ਜਦੋਂ ਜਨਤਕ ਮੰਚ ਤੋਂ ਲੋਕਾਂ ਨੂੰ ਦਰਸ਼ਨ ਅਤੇ ਉਪਦੇਸ਼ ਦਿੱਤੇ ਜਾਂਦੇ ਹੋਣ, ਉਨ੍ਹਾਂ ਦੀਆਂ ਭਾਵਨਾਵਾਂ ਨੂੰ ਨਹੀਂ ਸਮਝਿਆ ਜਾ ਸਕਦਾ।

ਕੀ ਗਾਂਧੀ ਜੀ ਆਵਾਮ ਦੀ ਸਮਾਜਕ ਜ਼ਿੰਦਗੀ ਵਿਚ ਘੁਲੇ-ਮਿਲੇ ਹਨ? ਕੀ ਉਨ੍ਹਾਂ ਸ਼ਾਮ ਦੀ ਬਲਦੀ ਹੋਈ ਢਾਂਡਰੀ ਦੁਆਲੇ ਬੈਠੇ ਕਿਸਾਨ ਨਾਲ ਬਹਿ ਕੇ ਵੇਖਿਆ ਹੈ? ਕਾਂਗਰਸ ਬਾਰੇ ਇਨਕਲਾਬੀਆਂ ਦੀਆਂ ਉਮੀਦਾਂ ਦਾ ਜ਼ਿਕਰ ਕਰਦਿਆਂ ਦਸਤਾਵੇਜ਼ ਵਿਚ ਕਿਹਾ ਗਿਆ ਹੈ ਕਿ ਇਨਕਲਾਬੀ ਉਸ ਦਿਨ ਦੀ ਉਡੀਕ ਕਰ ਰਹੇ ਹਨ ਜਦੋਂ ਅਹਿੰਸਾ ਦਾ ਕਾਨੂੰਨ ਕਾਂਗਰਸ ਤੋਂ ਲੱਥ ਜਾਵੇਗਾ ਤੇ ਇਹ ਇਨਕਲਾਬੀਆਂ ਨਾਲ ਮੋਢਾ ਜੋੜ ਕੇ ਮੁਕੰਮਲ ਆਜ਼ਾਦੀ ਦੇ ਸਾਂਝੇ ਨਿਸ਼ਾਨੇ ਵਲ ਵਧੇਗੀ। ਅਖੀਰ ਵਿਚ ਇਸ ਦਸਤਾਵੇਜ਼ ਵਿਚ ਦੇਸ਼ਵਾਸੀਆਂ, ਯੁਵਕਾਂ, ਮਜ਼ਦੂਰਾਂ ਅਤੇ ਕਿਸਾਨਾਂ, ਇਨਕਲਾਬੀਆਂ, ਦਾਨਿਸ਼ਵਰਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਆਜ਼ਾਦੀ ਦੇ ਝੰਡੇ ਨੂੰ ਉੱਚਾ ਰੱਖਣ ਲਈ ਇਨਕਲਾਬੀਆਂ ਦਾ ਸਾਥ ਦੇਣ ਅਤੇ ਇਕ ਅਜਿਹੇ ਸਮਾਜ ਦੀ ਸਥਾਪਨਾ ਵਿਚ ਮਦਦ ਕਰਨ ਜਿਸ ਵਿਚ ਰਾਜਸੀ ਅਤੇ ਆਰਥਿਕ ਲੁੱਟ-ਖੋਹ ਅਸੰਭਵ ਹੋ ਜਾਵੇਗੀ।

ਉਨ੍ਹਾਂ ਦਾ ਤੀਜਾ ਦਸਤਾਵੇਜ਼ 'ਰਾਜਸੀ ਵਰਕਰਾਂ ਨੂੰ ਸੰਦੇਸ਼' ਦੇ ਰੂਪ ਵਿਚ ਸਾਹਮਣੇ ਆਇਆ। ਇਹ ਫਰਵਰੀ 1931 ਵਿਚ ਲਿਖਿਆ ਗਿਆ, ਜਦੋਂ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਫਾਂਸੀ ਨੂੰ ਕੁਝ ਦਿਨ ਹੀ ਬਚੇ ਸਨ। ਇਸ ਵਿਚ ਤੀਖਣ ਰਾਜਸੀ ਸੂਝ ਦਾ ਪ੍ਰਮਾਣ ਦਿੰਦਿਆਂ ਭਗਤ ਸਿੰਘ ਨੇ ਲਿਖਿਆ ਕਿ ਮੌਜੂਦਾ ਲਹਿਰ ਦਾ ਅੰਤ ਕਿਸੇ ਤਰ੍ਹਾਂ ਦੇ ਸਮਝੌਤੇ ਦੇ ਰੂਪ ਵਿਚ ਹੋਵੇਗਾ। ਨਾਲ ਹੀ ਕਿਹਾ ਕਿ ਸਮਝੌਤਾ ਏਡੀ ਮਾੜੀ ਤੇ ਨਖਿਧ ਗੱਲ ਨਹੀਂ ਜਿਵੇਂ ਕਿ ਆਮ ਸਮਝਿਆ ਜਾਂਦਾ ਹੈ। ਇਹ ਸਗੋਂ ਰਾਜਸੀ ਰਣਨੀਤੀ ਵਿਚ ਇਕ ਲਾਜ਼ਮੀ ਅੰਸ਼ ਹੈ। ਕੌਮ ਦੇ ਸਾਰੇ ਵਸੀਲੇ ਅਤੇ ਇਸ ਦੀਆਂ ਸਾਰੀਆਂ ਸ਼ਕਤੀਆਂ ਇਕੱਠੀਆਂ ਕਰਨ ਨਾਲ ਆਖਰੀ ਸੱਟ ਮਾਰੀ ਜਾ ਸਕਦੀ ਹੈ, ਪਰ ਫਿਰ ਵੀ ਇਹ ਅਸਫਲ ਹੋ ਸਕਦੀ ਹੈ। ਇਸੇ ਕਾਰਨ ਸਮਝੌਤਾ ਲਾਜ਼ਮੀ ਹੋ ਜਾਂਦਾ ਹੈ। ਸਮਝੌਤੇ ਨੂੰ ਲਾਜ਼ਮੀ ਮੰਨਦਿਆਂ ਹੋਇਆਂ ਸਾਨੂੰ ਲਹਿਰ ਦੇ ਸੰਕਲਪ ਨੂੰ ਸਦਾ ਸਾਹਮਣੇ ਰੱਖਣਾ ਚਾਹੀਦਾ ਹੈ। ਸਾਨੂੰ ਇਸ ਗੱਲ ਬਾਰੇ ਸਪਸ਼ਟ ਹੋਣਾ ਚਾਹੀਦਾ ਹੈ ਕਿ ਅਸੀਂ ਕਿਸ ਮੰਤਵ ਲਈ ਲੜ ਰਹੇ ਹਾਂ। ਪ੍ਰਸਿੱਧ ਨੈਸ਼ਨਲਿਸਟ ਆਗੂ ਬਾਲ ਗੰਗਾਧਰ ਤਿਲਕ ਦੀ ਉਦਾਹਰਣ ਦਿੰਦਿਆਂ ਭਗਤ ਸਿੰਘ ਨੇ ਲਿਖਿਆ ਕਿ ਉਸ ਦੇ ਆਦਰਸ਼ ਤੋਂ ਇਲਾਵਾ ਉਸਦੀ ਰਣਨੀਤੀ ਸਭ ਤੋਂ ਵਧੀਆ ਸੀ। ਤੁਸੀਂ ਆਪਣੇ ਵੈਰੀ ਤੋਂ ਸੋਲਾਂ ਆਨੇ ਲੈਣ ਲਈ ਲੜ ਰਹੇ ਹੋ, ਪਰ ਤੁਹਾਨੂੰ ਕੇਵਲ ਇਕ ਆਨਾ ਮਿਲਦਾ ਹੈ। ਇਸ ਨੂੰ ਜੇਬ ਵਿਚ ਪਾਉ ਤੇ ਬਾਕੀ ਲਈ ਲੜੋ। ਮਾਡਰੇਟ ਤਾਂ ਮੰਗਦੇ ਹੀ ਇਕ ਆਨਾ ਹਨ ਤੇ ਇਹ ਉਨ੍ਹਾਂ ਨੂੰ ਮਿਲਦਾ ਨਹੀਂ। ਇਨਕਲਾਬੀਆਂ ਨੂੰ ਸਦਾ ਇਹ ਗੱਲ ਧਿਆਨ ਵਿਚ ਰੱਖਣੀ ਚਾਹਦੀ ਹੈ ਕਿ ਉਹ ਇਕ ਮੁਕੰਮਲ ਇਨਕਲਾਬ ਲਈ ਸੰਘਰਸ਼ਸ਼ੀਲ ਹਨ।

ਅਜਿਹੇ ਸਨ ਇਨਕਲਾਬੀਆਂ ਦੇ ਇਸ ਗਰੁੱਪ ਦੇ ਵਿਚਾਰ। ਅੱਜ ਉਨ੍ਹਾਂ ਨੂੰ ਯਾਦ ਕਰਦਿਆਂ ਅਸੀਂ ਇਸ ਵਚਿੱਤਰ ਵਰਤਾਰੇ ਦੇ ਸਨਮੁਖ ਹਾਂ ਕਿ ਉਹ ਪਹਿਲਾਂ ਨਾਲੋਂ ਕਿਤੇ ਵਧ ਹਰਮਨਪਿਆਰੇ ਹੋ ਗਏ ਹਨ। ਉਨ੍ਹਾਂ ਵਕਤਾਂ ਵਿਚ ਖ਼ੁਦ ਜਵਾਹਰ ਲਾਲ ਨਹਿਰੂ ਨੇ ਇਸ ਅਦਭੁੱਤ ਵਰਤਾਰੇ ਦਾ ਨੋਟਿਸ ਲਿਆ ਸੀ। ਹੋਰਨਾਂ ਕਾਰਨਾਂ ਤੋਂ ਇਲਾਵਾ ਇਕ ਕਾਰਨ ਇਹ ਵੀ ਪ੍ਰਤੀਤ ਹੁੰਦਾ ਹੈ ਕਿ ਸਮੇਂ ਦੇ ਬੀਤਣ ਨਾਲ ਤੇ ਭਾਰਤੀ ਜਨ ਸਮੂਹਾਂ ਦੀਆਂ ਸਭ ਪ੍ਰਾਪਤੀਆਂ ਦੇ ਬਾਵਜੂਦ ਸਮਾਜਕ ਨਾ ਬਰਾਬਰੀ ਕਾਇਮ ਹੈ, ਸਗੋਂ ਹੋਰ ਵੀ ਗੰਭੀਰ ਰੂਪ ਧਾਰਨ ਕਰ ਗਈ ਹੈ। ਉਨ੍ਹਾਂ ਦਾ ਇੱਛਿਤ ਇਨਕਲਾਬ ਨਹੀਂ ਆਇਆ ਤੇ ਨਾ ਹੀ ਨੇੜ ਭਵਿੱਖ ਵਿਚ ਇਸ ਦੇ ਵਾਪਰਨ ਦੀਆਂ ਸੰਭਾਵਨਾਵਾਂ ਰੌਸ਼ਨ ਨਜ਼ਰ ਆਉਂਦੀਆਂ ਹਨ।


# ਭਗਤ ਸਿੰਘ ਹੋਰਾਂ ਵਲੋਂ ਗਵਰਨਰ ਨੂੰ ਲਿਖੀ ਇਕ ਇਤਿਹਾਸਕ ਚਿੱਠੀ

**ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ**

ਇਹ ਜੰਗ ਨਾ ਤਾਂ ਅਸਾਂ ਤੋਂ ਸ਼ੁਰੂ ਹੋਇਆ ਹੈ ਤੇ ਨਾ ਹੀ ਸਾਡੇ ਜੀਵਨ ਨਾਲ ਖਤਮ ਹੋਵੇਗਾ।

1) ਇਹ ਜੰਗ ਕਦੋਂ ਸ਼ੁਰੂ ਹੋਇਆ ਸੀ?

ਜੇ ਅਸੀਂ ਸ਼ਹੀਦ ਭਗਤ ਸਿੰਘ ਦੀਆਂ ਆਪਣੀਆਂ ਲਿਖਤਾਂ 'ਤੇ ਝਾਤ ਮਾਰੀਏ ਤਾਂ 10 ਮਈ ਦਾ ਸ਼ੁਭ ਦਿਨ ਵਾਲਾ ਲੇਖ, ਸਪਸ਼ਟ ਤੌਰ 'ਤੇ ਇਸ ਯੁੱਧ ਦੀ ਸ਼ੁਰੂਆਤ 1857 ਦੇ ਗਦਰ ਤੋਂ ਮੰਨਦਾ ਹੈ। ਉਸ ਤੋਂ ਪਿੱਛੋਂ ਕੂਕਾ ਲਹਿਰ ਦਾ ਬਿਰਤਾਂਤ ਆਉਂਦਾ ਹੈ, ਜਿਸਨੂੰ ਭਾਵੇਂ 1857 ਦੇ ਗਦਰ ਦੇ 'ਵਾਰਿਸ' ਤਾਂ ਨਹੀਂ ਸਮਝਿਆ ਗਿਆ, ਪਰ ਸਾਡੇ ਦੇਸ਼ ਵਾਸੀਆਂ ਦੀ ਆਜ਼ਾਦੀ ਲਈ ਤੜਪ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਗਿਆ। ਵੀਹਵੀਂ ਸਦੀ ਦੇ ਸ਼ੁਰੂ ਵਿਚ 1907 ਵਾਲੀ 'ਪਗੜੀ ਸੰਭਾਲ ਓ ਜੱਟਾ' ਵਾਲੀ ਤਹਿਰੀਕ ਨੂੰ 'ਆਜ਼ਾਦੀ ਦੀ ਲੜਾਈ ਵਿਚ ਪੰਜਾਬ ਦਾ ਪਹਿਲਾ ਉਭਾਰ' ਕਿਹਾ ਗਿਆ ਹੈ। ਉਸਦੇ ਨਾਲ ਹੀ 'ਪੰਜਾਬ ਦੇ ਪਹਿਲੇ ਵਿਦਰੋਹੀ ਸ਼ਹੀਦ ਮਦਨ ਲਾਲ ਢੀਂਗਰਾ ਵਾਲੀ ਭਾਵਪੂਰਤ ਰਚਨਾ ਆਉਂਦੀ ਹੈ ਜਿਸ ਵਿਚ ਦਰਜ ਹੈ; "ਇਹ ਲੜਾਈ ਉਦੋਂ ਤਕ ਜਾਰੀ ਰਹੇਗੀ ਜਦੋਂ ਤਕ ਹਿੰਦੁਸਤਾਨੀ ਤੇ ਅੰਗਰੇਜ਼ ਦੋਵੇਂ ਕੌਮਾਂ ਰਹਿਣਗੀਆਂ ਅਤੇ ਇਨ੍ਹਾਂ ਦਾ ਅਨੁਭਾਵਕ ਨਰੜ ਹੋਇਆ ਰਹੇਗਾ।"



ਇਸੇ ਲੇਖ ਵਿਚ 'ਇੰਡੀਆ ਹਾਊਸ' ਤੇ ਵੀਰ ਸਾਵਰਕਰ ਦਾ ਜ਼ਿਕਰ ਵੀ ਆਉਂਦਾ ਹੈ ਜਿਸਦਾ ਪਿਛੋਕੜ 1907 ਵਿਚ ਅੰਗਰੇਜ਼ਾਂ ਵਲੋਂ 1857 ਦੀ 'ਗੋਲਡਨ ਜੁਬਲੀ' ਵਜੋਂ ਮਨਾਏ ਜਾ ਰਹੇ ਜਸ਼ਨ, ਜਿਨ੍ਹਾਂ ਵਿਚ ਉਨ੍ਹਾਂ ਦੇ ਆਗੂਆਂ ਨੂੰ 'ਹੀਰੋ' ਤੇ ਸਾਡੇ ਮੁਖੀਆਂ ਨੂੰ 'ਜ਼ੀਰੋ' ਬਣਾ ਕੇ ਉਨ੍ਹਾਂ ਦਾ ਬੜੇ ਭੱਦੇ ਢੰਗ ਨਾਲ ਮਜ਼ਾਕ ਉਡਾਇਆ ਜਾ ਰਿਹਾ ਸੀ।

ਇੰਗਲੈਂਡ ਰਹਿ ਰਹੇ ਭਾਰਤੀਆਂ ਤੇ ਖਾਸ ਕਰਕੇ ਨੌਜਵਾਨਾਂ ਨੂੰ ਇਹ ਵੇਖ ਕੇ ਐਨਾ ਜੋਸ਼ ਆਇਆ ਕਿ ਉਨ੍ਹਾਂ ਨੇ ਸ਼ਿਆਮਜੀ ਕ੍ਰਿਸ਼ਨ ਵਰਮਾ ਦੀ ਦੇਖ-ਰੇਖ ਹੇਠਾਂ 'ਇੰਡੀਆ ਹਾਊਸ' ਦੀ ਸਥਾਪਨਾ ਕਰਦੇ ਹੋਏ, 10 ਮਈ 1907 ਨੂੰ 'ਜਵਾਬੀ ਕਾਰਵਾਈ' ਵਜੋਂ 1857 ਦੇ ਸੰਗਰਾਮ ਨੂੰ ਹਿੰਦੁਸਤਾਨੀਆਂ ਦੇ ਪਲੇਠੇ ਆਜ਼ਾਦੀ ਯੁੱਧ ਦੀ ਗੋਲਡਨ ਜੁਬਲੀ ਦੇ ਤੌਰ 'ਤੇ ਵਿਸ਼ਾਲ ਪੱਧਰ 'ਤੇ ਮਨਾਇਆ ਸੀ। ਇਸੇ ਸੰਦਰਭ ਵਿਚ ਵੀਰ ਸਾਵਰਕਰ ਦੀ ਟਕਸਾਲੀ ਰਚਨਾ 'ਹਿੰਦੋਸਤਾਨੀ ਆਜ਼ਾਦੀ ਦੀ ਪਹਿਲੀ ਲੜਾਈ-1857 ਦਾ ਉਭਾਰ' ਪ੍ਰਕਾਸ਼ਤ ਕੀਤੀ ਗਈ। ਜ਼ਿਕਰਯੋਗ ਹੈ ਕਿ ਕੁਝ ਚਿਰ ਪਿੱਛੋਂ ਜਾ ਕੇ ਕੈਨੇਡਾ-ਅਮਰੀਕਾ ਵਿਚ ਕਾਇਮ ਹੋਈ 'ਗਦਰ ਪਾਰਟੀ' ਦੇ ਪਰਚੇ 'ਗਦਰ' ਵਿਚ ਇਸ ਕਿਤਾਬ ਦੇ ਅੰਸ਼ ਲੜੀਵਾਰ-ਲਗਾਤਾਰ ਪ੍ਰਕਾਸ਼ਤ ਹੁੰਦੇ ਰਹੇ ਹਨ-ਇਥੋਂ ਤਕ ਕਿ ਸ਼ਹੀਦ ਭਗਤ ਸਿੰਘ ਨੇ ਕਿਵੇਂ ਨਾ ਕਿਵੇਂ ਇਸ ਕਿਤਾਬ ਦੀ ਇਕ ਕਾਪੀ ਲੈ ਕੇ ਖੁਦ ਛਪਵਾਈ ਤੇ ਵੰਡੀ ਸੀ।

ਜਿਥੋਂ ਤੱਕ 'ਗਦਰ ਪਾਰਟੀ' ਦਾ ਸੁਆਲ ਹੈ, ਇਸ ਦਾ ਅਸਲੀ-ਰਸਮੀ ਨਾਂ ਭਾਵੇਂ ਕਿ 'ਹਿੰਦੀ ਐਸੋਸੀਏਸ਼ਨ ਆਫ ਪੈਸਿਫਿਕ ਕੋਸਟ' ਸੀ, ਪਰ ਕਿਉਂਕਿ ਇਹਦੇ ਅਖਬਾਰ ਦਾ ਨਾਂ 'ਗਦਰ' ਸੀ ਇਸ ਕਰਕੇ ਇਸ ਪਾਰਟੀ ਦਾ ਨਾਂ 'ਗਦਰ ਪਾਰਟੀ' ਹੀ ਪ੍ਰਚਲਤ ਹੋ ਨਿੱਬੜਿਆ। ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਗਦਰ ਪਾਰਟੀ ਦੀ ਰਣਨੀਤੀ 1857 ਦੇ ਗਦਰ ਦੀਆਂ ਲੀਹਾਂ 'ਤੇ ਫੌਜਾਂ ਤੇ ਜਨਤਾ ਦੇ ਸਾਂਝੇ ਵਿਦਰੋਹ ਵਾਲੀ ਸੀ। ਗਦਰ ਪਾਰਟੀ ਤੋਂ ਪਿੱਛੋਂ ਹਿੰਦੁਸਤਾਨ ਅੰਦਰ ਪ੍ਰਮੁੱਖ ਇਨਕਲਾਬੀ ਜਥੇਬੰਦੀ ਹਿੰਦੁਸਤਾਨ ਰੀਪਬਲਿਕਨ ਐਸੋਸੀਏਸ਼ਨ (ਐਚ.ਆਰ.ਏ). ਦਾ ਦੌਰ ਆਇਆ, ਜੋ 1923 ਤੋਂ ਲੈ ਕੇ ਅਗਸਤ 1928 ਤਕ ਦਾ ਹੈ, ਜਿਸ ਦੀ ਸ਼ਹੀਦ ਸੁਖਦੇਵ ਤੇ ਭਗਤ ਸਿੰਘ ਪੰਜਾਬ ਵਿਚ ਨੁਮਾਇੰਦਗੀ ਕਰਦੇ ਰਹੇ ਸਨ। ਸ਼ਚਿੰਦਰ ਸਾਨਿਆਲ ਜੋ 1914-15 ਦੌਰਾਨ ਰਾਸ ਬਿਹਾਰੀ ਬੋਸ ਦੇ ਸਹਾਇਕ ਵਜੋਂ ਗਦਰ ਪਾਰਟੀ ਦੇ ਫੈਸਲਾਕੁਨ ਦੌਰ ਵਿਚ ਸਰਗਰਮ ਰਹੇ ਸਨ ਤੇ ਇਸੇ ਦੋਸ਼

(ਬਾਕੀ ਅਗਲੇ ਪੰਨੇ 'ਤੇ)

# ਦੇਸ਼ ਦੀ ਵੰਡ, ਕਾਂਗਰਸ ਨਾਲ ਸਬੰਧ ਅਤੇ ਮਾਸਟਰ ਤਾਰਾ ਸਿੰਘ

**ਡਾ. ਮਹੀਪ ਸਿੰਘ**

ਹਰ ਵੱਡਾ ਬੰਦਾ ਆਗੂ, ਬੁੱਧੀਜੀਵੀ, ਲੇਖਕ, ਕਲਾਕਾਰ, ਵਿਗਿਆਨੀ, ਥੋੜ੍ਹਾ-ਬਹੁਤਾ ਵਿਵਾਦਗ੍ਰਸਤ ਜ਼ਰੂਰ ਹੁੰਦਾ ਹੈ। ਵਿਵਾਦਗ੍ਰਸਤ ਬੰਦੇ ਦੇ ਬੜੇ ਸਾਰੇ ਪ੍ਰਸ਼ੰਸਕ ਹੁੰਦੇ ਹਨ ਅਤੇ ਕਈ ਵਾਰੀ ਉਸਤੋਂ ਵਧ ਆਲੋਚਕ। ਮਾਸਟਰ ਤਾਰਾ ਸਿੰਘ ਵੀ



*ਮਾਸਟਰ ਤਾਰਾ ਸਿੰਘ*

ਇਸ ਦੇ ਅਪਵਾਦ ਨਹੀਂ। ਉਨ੍ਹਾਂ ਨੇ ਚਾਲੀ ਸਾਲ ਤੋਂ ਵਧ ਸਮੇਂ ਤੀਕ ਲੋਕਾਂ ਦੀ ਅਗਵਾਈ ਕੀਤੀ। ਉਨ੍ਹਾਂ ਦੇ ਜੀਵਨ ਕਾਲ ਵਿਚ, ਉਨ੍ਹਾਂ ਦੇ ਬੇਹਿਸਾਬ ਪ੍ਰਸ਼ੰਸਕ ਸਨ ਅਤੇ ਆਲੋਚਕਾਂ ਦੀ ਗਿਣਤੀ ਵੀ ਕੁਝ ਘੱਟ ਨਹੀਂ ਸੀ।

ਕਿਸੇ ਸ਼ਖਸੀਅਤ ਦਾ ਵਿਵਾਦਗ੍ਰਸਤ ਹੋਣਾ ਕੋਈ ਮਾੜੀ ਗੱਲ ਨਹੀਂ। ਆਪਣੇ ਕੰਮਾਂ ਬਾਰੇ ਵਿਵਾਦ ਉਹੋ ਪੈਦਾ ਕਰੇਗਾ, ਜੋ ਕੁਝ ਕੰਮ ਕਰੇਗਾ। ਜਿਹੜਾ ਬੰਦਾ ਕੋਈ ਖਾਸ ਕੰਮ ਕਰਦਾ ਹੀ ਨਹੀਂ, ਬਿਲਕੁਲ ਸਿੱਧੀ-ਸਾਧੀ ਗ੍ਰਹਿਸਥੀ ਜ਼ਿੰਦਗੀ ਜਿਊਂਦਾ ਹੈ, ਉਹ ਬੜਾ 'ਭਲਾ ਮਾਣਸ' ਤਾਂ ਹੋ ਸਕਦਾ ਹੈ ਪਰ ਸਮਾਜ ਨੂੰ ਉਸ ਦੀ ਕੋਈ ਖਾਸ ਦੇਣ ਨਹੀਂ ਹੁੰਦੀ।

ਮਾਸਟਰ ਤਾਰਾ ਸਿੰਘ ਸਾਰੀ ਉਮਰ ਵਿਵਾਦਾਂ ਨਾਲ ਘਿਰੇ ਰਹੇ। ਅੱਜ ਸ. ਸਿਮਰਨਜੀਤ ਸਿੰਘ ਮਾਨ ਨੇ ਮੁੜ ਉਨ੍ਹਾਂ ਨੂੰ ਵਿਵਾਦਗ੍ਰਸਤ ਚਰਚਾ ਵਿਚ ਲੈ ਆਂਦਾ ਹੈ। ਕਿਸੇ ਦੇ ਕਿਰਦਾਰ ਦੀ ਆਲੋਚਨਾ ਕਰਨਾ ਮਨੁੱਖੀ ਹੱਕ ਹੈ। ਇਸ ਆਲੋਚਨਾ ਦੇ ਘੇਰੇ ਵਿਚ ਵੱਡੇ ਤੋਂ ਵੱਡਾ ਬੰਦਾ ਵੀ ਆ ਸਕਦਾ ਹੈ। ਗੁਰੂ ਨਾਨਕ ਦੇਵ ਨੇ ਤਾਂ "ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨਾ ਆਇਆ" ਆਖ ਕੇ ਰੱਬ ਦੇ ਕਿਰਦਾਰ 'ਤੇ ਵੀ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ ਸੀ। ਪਰ ਮੈਂ ਇਹ ਜ਼ਰੂਰ ਮੰਨਦਾ ਹਾਂ ਕਿ ਹਰ ਨਿੱਕੀ-ਵੱਡੀ ਆਲੋਚਨਾ ਜਾਂ ਟੀਕਾ ਟਿੱਪਣੀ ਪਿੱਛੇ ਤੱਥਾਂ 'ਤੇ ਆਧਾਰਿਤ ਠੋਸ ਦਲੀਲ ਹੋਣੀ ਚਾਹੀਦੀ ਹੈ ਅਤੇ ਨਜ਼ਰੀਆ ਵਸਤੂਪਰਕ ਹੋਣਾ ਚਾਹੀਦਾ ਹੈ। ਕੇਵਲ ਸੁਣੀਆਂ-ਸੁਣਾਈਆਂ ਗੱਲਾਂ ਨੂੰ ਆਧਾਰ ਬਣਾ ਕੇ, ਕਿਸੇ ਨੂੰ ਸਿਰਫ ਭੰਡਣ ਲਈ ਉਸਦੀ ਆਲੋਚਨਾ ਕਰਨਾ ਨਾ ਸਿਰਫ ਗੈਰ ਵਾਜਬ ਹੈ ਸਗੋਂ ਬੜੀ ਗੈਰ-ਜ਼ਿੰਮੇਦਾਰਾਨਾ ਗੱਲ ਹੈ, ਖਾਸ ਤੌਰ 'ਤੇ ਜਦੋਂ ਉਹ ਕਿਸੇ ਬੜੇ ਜ਼ਿੰਮੇਦਾਰ ਵਿਅਕਤੀ ਵਲੋਂ ਹੋਵੇ।

ਮਾਸਟਰ ਤਾਰਾ ਸਿੰਘ ਦੀ ਆਲੋਚਨਾ ਦੋ ਗੱਲਾਂ ਕਰ ਕੇ ਖਾਸ ਤੌਰ 'ਤੇ ਹੁੰਦੀ ਹੈ। ਇਕ, ਦੇਸ਼ ਦੀ ਵੰਡ ਵੇਲੇ ਉਹ ਸਿੱਖਾਂ ਦੇ ਸਿਰਮੌਰ ਲੀਡਰ ਸਨ ਪਰ ਉਸ ਵੇਲੇ ਉਨ੍ਹਾਂ ਨੇ ਕੌਮ ਨੂੰ ਚੰਗੀ ਅਗਵਾਈ ਨਹੀਂ ਦਿੱਤੀ। ਸਿੱਖਾਂ ਨੂੰ ਉਸ ਵੇਲੇ ਬੜਾ ਕੁਝ ਪ੍ਰਾਪਤ ਹੋ ਸਕਦਾ ਸੀ। ਸ. ਸਿਮਰਨਜੀਤ ਸਿੰਘ ਮਾਨ ਵਰਗੇ ਕੁਝ ਵਿਅਕਤੀ ਇਹ ਆਖਦੇ ਹਨ ਕਿ ਉਸ ਵੇਲੇ ਅੰਗਰੇਜ਼ ਸਿੱਖਾਂ ਨੂੰ ਅਲੱਗ ਆਜ਼ਾਦ ਮੁਲਕ ਵੀ ਦੇ ਰਹੇ ਸਨ ਪਰ ਮਾਸਟਰ ਜੀ ਅਤੇ ਉਨ੍ਹਾਂ ਦੇ ਸਾਥੀ ਵੇਲਾ ਖੁੰਝਾ ਗਏ। ਇਸੇ ਸੰਦਰਭ ਵਿਚ 3 ਮਾਰਚ 1947 ਨੂੰ ਲਾਹੌਰ ਅਸੈਂਬਲੀ ਹਾਲ ਦੇ ਬਾਹਰ 'ਪਾਕਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਾਉਂਦੀ ਭੀੜ ਅੱਗੇ ਉਨ੍ਹਾਂ ਨੇ ਜਿਹੜੀ ਤੀਬਰ ਪ੍ਰਤਿਕ੍ਰਿਆ ਪ੍ਰਗਟ ਕੀਤੀ, ਉਸ ਬਾਰੇ ਵੀ ਕੁਝ ਲੋਕੀਂ ਇਹ ਆਖਦੇ ਹਨ ਕਿ ਉਸ ਨਾਲ ਪੱਛਮੀ ਪੰਜਾਬ ਵਿਚ ਦੰਗੇ ਭੜਕ ਉਠੇ ਅਤੇ ਉਸ ਵਿਚ ਗੈਰ-ਮੁਸਲਮਾਨਾਂ (ਖਾਸ ਤੌਰ 'ਤੇ ਸਿੱਖਾਂ ਦਾ) ਬੜਾ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਇਆ। ਦੂਜੀ ਗੱਲ ਇਹ ਕਿ ਵੰਡ ਪਿੱਛੋਂ ਮਾਸਟਰ ਜੀ ਨੇ ਅਕਾਲੀ ਦਲ ਨੂੰ ਕਾਂਗਰਸ ਦੀ ਝੋਲੀ ਵਿਚ ਪਾ ਦਿੱਤਾ ਅਤੇ ਸਿੱਖਾਂ ਨੂੰ ਸਦਾ ਲਈ ਹਿੰਦੂਆਂ ਦਾ ਗੁਲਾਮ ਬਣਾ ਦਿੱਤਾ। ਮਾਨ ਸਾਹਿਬ ਅੱਜ ਇਸ ਗੱਲ ਨੂੰ ਵਾਰ ਵਾਰ ਦੁਹਰਾ ਰਹੇ ਹਨ।

ਦੇਸ਼ ਦੀ ਵੰਡ ਵੇਲੇ ਕੀ ਅੰਗਰੇਜ਼ ਸਿੱਖਾਂ ਨੂੰ ਕੋਈ ਵੱਖਰਾ ਮੁਲਕ ਦੇ ਰਹੇ ਸਨ, ਇਸ ਬਾਰੇ ਮੈਂ ਆਪਣੇ ਪਿਛਲੇ ਲੇਖ ('ਪੰਜਾਬੀ ਟ੍ਰਿਬਿਊਨ' ਦੇ 28 ਜੁਲਾਈ 1996 ਦੇ ਅੰਕ ਵਿਚ ਪ੍ਰਕਾਸ਼ਿਤ) ਕੁਝ ਵਿਚਾਰ ਪੇਸ਼ ਕੀਤੇ ਸਨ ਅਤੇ ਇਹ ਸਿੱਟਾ ਕੱਢਿਆ ਸੀ ਕਿ ਇਹ ਗੱਲ ਪੂਰੀ ਤਰ੍ਹਾਂ ਨਿਰਮੂਲ ਹੈ। ਉਸ ਵੇਲੇ ਦਾ ਕੋਈ ਵੀ ਇਤਿਹਾਸਕ ਤੱਥ ਜਾਂ ਦਸਤਾਵੇਜ਼ ਇਸ ਗੱਲ ਦੀ ਹਾਮੀ ਨਹੀਂ ਭਰਦਾ। ਮੈਨੂੰ ਬੜੀ ਖੁਸ਼ੀ ਹੋਵੇਗੀ ਜੇ ਕੋਈ ਵਿਦਵਾਨ ਸੱਜਣ ਇਸ ਤੋਂ ਉਲਟ ਕੋਈ ਇਤਿਹਾਸਕ ਤੱਥ ਸਾਹਮਣੇ ਲਿਆ ਸਕਣ।

ਮੈਂ ਆਪਣੇ ਪਿਛਲੇ ਲੇਖ ਵਿਚ ਇਸ ਗੱਲ ਦਾ ਜ਼ਿਕਰ ਕੀਤਾ ਸੀ ਕਿ ਜਦੋਂ ਇਹ ਮਹਿਸੂਸ ਹੋਣ ਲੱਗ ਪਿਆ ਕਿ ਅੰਗਰੇਜ਼ ਇਸ ਦੇਸ਼ ਦੇ ਲੋਕਾਂ ਨੂੰ ਆਪਣੀ ਸਰਕਾਰ ਦੇ ਕੇ ਚਲੇ ਜਾਣਗੇ ਤਾਂ ਇਥੇ ਦੀਆਂ ਵੱਡੀਆਂ ਨਿੱਕੀਆਂ ਕੌਮਾਂ, ਧਰਮ ਤੇ ਜਾਤੀ ਵਰਗ ਆਪਣੇ ਆਪਣੇ ਭਵਿੱਖ ਬਾਰੇ ਚਿੰਤਾਤੁਰ ਹੋ ਗਏ। ਸਭ ਤੋਂ ਵਧ ਤੌਖਲਾ ਮੁਸਲਮਾਨਾਂ ਵਿਚ ਸੀ। ਉਨ੍ਹਾਂ ਨੇ ਇਸ ਮੁਲਕ ਉਤੇ ਕਈ ਸਦੀਆਂ ਤੀਕ ਰਾਜ ਕੀਤਾ ਸੀ। ਹੁਣ ਉਹ ਮਹਿਸੂਸ ਕਰ ਰਹੇ ਸਨ ਕਿ ਉਹ ਹਿੰਦੂ ਬਹੁਸੰਮਤੀ ਦੇ ਗੁਲਾਮ ਹੋ ਜਾਣਗੇ। ਦੂਜਾ ਵੱਡਾ ਤਬਕਾ ਦਲਿਤ ਜਾਤੀਆਂ ਦਾ ਸੀ। ਉਨ੍ਹਾਂ ਦੀ ਚਿੰਤਾ ਇਹ ਸੀ ਕਿ ਅੰਗਰੇਜ਼ਾਂ ਦੇ ਤੁਰ ਜਾਣ ਪਿੱਛੋਂ, ਰਾਜ ਭਾਗ ਉਤੇ ਉਚੀ ਜਾਤੀਆਂ ਦੇ ਹਿੰਦੂਆਂ ਦਾ ਕਬਜ਼ਾ ਹੋ ਜਾਏਗਾ ਤੇ ਉਨ੍ਹਾਂ ਉਤੇ ਸਦੀਆਂ ਤੋਂ ਚਲੇ ਆ ਰਹੇ ਜ਼ੁਲਮ ਤੇ ਵਿਤਕਰੇ ਦਾ ਹਮਲਾ ਹੋਰ ਤੇਜ਼ ਹੋ ਜਾਏਗਾ।

ਸਿੱਖਾਂ ਦਾ ਸੰਕਟ ਸਭ ਤੋਂ ਵਧੇਰੇ ਗੰਭੀਰ ਸੀ। ਉਨ੍ਹਾਂ ਦੀ 80 ਫੀਸਦੀ ਤੋਂ ਵਧ ਵਸੋਂ ਪੰਜਾਬ ਵਿਚ ਸੀ ਜਿਥੇ ਉਹ ਪੂਰੀ ਤਰ੍ਹਾਂ ਖਿੰਡਰੇ ਹੋਏ ਸਨ। ਸਾਰੇ ਸੂਬੇ ਵਿਚ ਉਨ੍ਹਾਂ ਦੀ ਗਿਣਤੀ 14 ਫੀਸਦੀ ਤੋਂ ਵੀ ਘੱਟ ਸੀ ਅਤੇ ਮੋਗਾ ਤੇ ਤਰਨਤਾਰਨ ਵਰਗੀਆਂ ਦੋ-ਇਕ ਤਹਿਸੀਲਾਂ ਨੂੰ ਛੱਡ ਕੇ ਕਿਤੇ ਵੀ ਉਨ੍ਹਾਂ ਦੀ ਬਹੁਗਿਣਤੀ ਨਹੀਂ ਸੀ। ਗਿਣਤੀ ਅਤੇ ਵਸੋਂ ਦੇ ਲਿਹਾਜ਼ ਨਾਲ ਹਿੰਦੂ ਸਭ ਤੋਂ ਚੰਗੀ ਦਸ਼ਾ ਵਿਚ ਸਨ। ਦੇਸ਼ ਦੇ ਬੜੇ ਵੱਡੇ ਹਿੱਸੇ ਵਿਚ ਉਨ੍ਹਾਂ ਦੀ ਬਹੁਗਿਣਤੀ ਸੀ।

ਇਸ ਹਿਸਾਬ ਨਾਲ ਮੁਸਲਮਾਨ ਵੀ ਚੰਗੀ ਦਸ਼ਾ ਵਿਚ ਸਨ ਭਾਵੇਂ ਸਾਰੇ ਦੇਸ਼ ਦੀ ਆਬਾਦੀ ਵਿਚ ਉਹ ਕੁੱਲ ਇਕ ਚੁਥਾਈ ਸਨ, ਪਰ ਉੱਤਰ-ਪੱਛਮੀ ਹਿੰਦੁਸਤਾਨ (ਪੰਜਾਬ, ਸਿੰਧ, ਬਲੋਚਿਸਤਾਨ, ਸਰਹੱਦੀ ਸੂਬਾ) ਅਤੇ ਪੂਰਬੀ ਹਿੰਦੁਸਤਾਨ (ਬੰਗਾਲ ਅਤੇ ਆਸਾਮ ਦੇ ਕੁਝ ਇਲਾਕੇ) ਵਿਚ ਉਨ੍ਹਾਂ ਦੀ ਬਹੁਗਿਣਤੀ ਸੀ। ਇਸ ਲਈ ਉਹ ਬੜੀ ਸੌਖ ਨਾਲ ਮੁਲਕ ਦਾ ਬਟਵਾਰਾ ਮੰਗ ਸਕਦੇ ਸਨ। ਇਹ ਸਥਿਤੀ ਨਾ ਦਲਿਤ ਜਾਤੀਆਂ ਦੀ ਸੀ, ਨਾ ਹੀ ਸਿੱਖਾਂ ਦੀ।

ਇਸ ਲਈ ਉਸ ਵੇਲੇ ਸਿੱਖ ਆਗੂਆਂ ਦੇ ਅੱਗੇ ਇਕੋ ਇਕ ਰਾਹ ਸੀ ਕਿ ਉਹ ਆਉਣ ਵਾਲੀ ਆਜ਼ਾਦੀ ਦਾ ਸੁਆਗਤ ਤਾਂ ਕਰਨ, ਉਸ ਲਈ ਸੰਘਰਸ਼ ਵੀ ਕਰਨ, ਪਰ ਦੇਸ਼ ਦੀ ਵੰਡ ਨਾ ਹੋਣ ਦੇਣ ਕਿਉਂਕਿ ਉਨ੍ਹਾਂ ਦੀ ਲਗਪਗ ਸਾਰੀ ਵਸੋਂ ਪੰਜਾਬ ਵਿਚ ਸੀ ਜਿਥੇ ਮੁਸਲਮਾਨਾਂ ਦੀ ਬਹੁ ਬਹੁਗਿਣਤੀ ਸੀ ਅਤੇ ਤਕਰੀਬਨ ਅੱਧੀ ਆਬਾਦੀ ਉਸ ਇਲਾਕੇ ਵਿਚ ਸੀ ਜਿਥੇ ਮੁਸਲਮਾਨਾਂ ਦੀ ਸੰਖਿਆ ਬੜੀ ਜ਼ਿਆਦਾ ਸੀ।

ਕ੍ਰਿਪਸ ਮਿਸ਼ਨ (1942) ਤੇ ਕੈਬਨਿਟ ਮਿਸ਼ਨ (1946) ਅੱਗੇ ਮਾਸਟਰ ਤਾਰਾ ਸਿੰਘ ਅਤੇ ਦੂਜੇ ਸਿੱਖ ਲੀਡਰਾਂ ਨੇ ਜਿਹੜਾ ਮੁਤਾਲਬਾ ਪੇਸ਼ ਕੀਤਾ ਉਸ ਵਿਚ ਉਨ੍ਹਾਂ ਇਸ ਗੱਲ 'ਤੇ ਬਹੁਤਾ ਜ਼ੋਰ ਦਿੱਤਾ ਕਿ ਇਸ ਦੇਸ਼ ਦੀ ਵੰਡ ਕਰਨੀ ਜ਼ਰੂਰੀ ਹੋ ਜਾਏ ਤਾਂ ਸਿੱਖਾਂ ਨੂੰ ਵੀ ਇੱਕ ਵੱਖਰਾ ਖਿੱਤਾ ਦਿੱਤਾ ਜਾਏ। ਸਿੱਖ ਲੀਡਰਾਂ ਦੀ ਵੱਖਰੇ ਖਿੱਤੇ ਜਾਂ ਮੁਲਕ ਦੀ ਮੰਗ, ਸਿਰਫ ਪਾਕਿਸਤਾਨ ਦੀ ਮੰਗ ਰੋਕਣ ਲਈ ਸੀ, ਕਿਉਂਕਿ ਆਪਣੀ ਮੰਗ ਦੀ ਅਵਿਵਹਾਰਿਕਤਾ ਤੋਂ ਉਹ ਚੰਗੀ ਤਰ੍ਹਾਂ ਜਾਣੂ ਸਨ।



ਇਸ ਵੇਲੇ ਇਹ ਅਹਿਮ ਸਵਾਲ ਵੀ ਸੀ ਕਿ ਦੇਸ਼ ਦੀ ਵੰਡ ਹੋਣ ਦੀ ਸਥਿਤੀ ਵਿਚ ਸਿੱਖ ਆਪਣਾ ਭਾਗ ਭਾਰਤ ਨਾਲ ਜੋੜਨਗੇ ਜਾਂ ਪਾਕਿਸਤਾਨ ਨਾਲ। ਮਿਸਟਰ ਜਿਨਾਹ ਅਤੇ ਦੂਜੇ ਮੁਸਲਿਮ ਲੀਗੀ ਆਗੂਆਂ ਨੇ ਇਹ ਯਤਨ ਕੀਤਾ ਕਿ ਸਿੱਖ ਪਾਕਿਸਤਾਨ ਨਾਲ ਜੁੜਨ। ਪਰ ਮਾਸਟਰ ਤਾਰਾ ਸਿੰਘ ਤੇ ਦੂਜੇ ਸਿੱਖ ਆਗੂ ਇਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਉਥੇ ਉਨ੍ਹਾਂ ਦਾ ਦਸ ਦਿਨ ਵੀ ਗੁਜ਼ਾਰਾ ਨਹੀਂ ਹੋ ਸਕਦਾ। 1946 ਵਿਚ ਬੰਗਾਲ ਵਿਚ ਮੁਸਲਿਮ ਲੀਗ ਦੀ ਵਜ਼ਾਰਤ ਦੇ ਦੌਰਾਨ 'ਸਿੱਧੀ ਕਾਰਵਾਈ' ਦੇ ਨਾਂ ਥੱਲੇ ਕਲਕੱਤਾ ਤੇ ਫਿਰ ਨੌਆਖਾਲੀ ਵਿਚ ਗੈਰ-ਮੁਸਲਮਾਨਾਂ 'ਤੇ ਜਿਹੜੇ ਜ਼ੁਲਮ ਢਾਏ ਗਏ ਸਨ, ਉਸ ਤੋਂ ਇਸ ਗੱਲ ਦਾ ਸਬੂਤ ਮਿਲ ਗਿਆ ਸੀ ਕਿ ਪਾਕਿਸਤਾਨ ਵਿਚ ਗੈਰ-ਮੁਸਲਮਾਨਾਂ (ਖਾਸ ਤੌਰ 'ਤੇ ਸਿੱਖਾਂ) ਦਾ ਕੀ ਹਸ਼ਰ ਹੋਵੇਗਾ। ਸਿੱਧੀ ਕਾਰਵਾਈ ਦੌਰਾਨ ਪਹਿਲੇ ਕੁਝ ਦਿਨ ਕਲਕੱਤੇ ਵਿਚ ਹਿੰਦੂ ਵੱਡੀ ਗਿਣਤੀ ਵਿਚ ਮਾਰੇ ਗਏ ਤੇ ਉਨ੍ਹਾਂ ਦਾ ਬੜਾ ਨੁਕਸਾਨ ਹੋਇਆ। ਪਰ ਜਦੋਂ ਉਥੇ ਦੇ ਸਿੱਖ ਮੈਦਾਨ ਵਿਚ ਨਿਤਰ ਆਏ ਤਾਂ ਦੰਗਿਆਂ ਦਾ ਰੁਖ ਬਦਲ ਗਿਆ ਅਤੇ ਮੁਸਲਮਾਨਾਂ ਦਾ ਵੱਡਾ ਜਾਨ-ਮਾਲ ਦਾ ਨੁਕਸਾਨ ਹੋਣਾ ਸ਼ੁਰੂ ਹੋ ਗਿਆ। ਅਜਿਹੇ ਫਿਰਕੂ ਤੇ ਸਿਆਸੀ ਪਿਛੋਕੜ ਵਿਚ ਸਿੱਖ ਆਗੂ ਪਾਕਿਸਤਾਨ ਨਾਲ ਜੁੜਨ ਦੀ ਗੱਲ ਸੋਚ ਵੀ ਨਹੀਂ ਸਕਦੇ ਸਨ।

3 ਮਾਰਚ 1947 ਦੀ ਘਟਨਾ ਨੂੰ ਵੀ ਇਸੇ ਪਿਛੋਕੜ ਵਿਚ ਦੇਖਣਾ ਚਾਹੀਦਾ ਹੈ। 2 ਮਾਰਚ ਦੀ ਸ਼ਾਮ ਨੂੰ ਖਿਜ਼ਰ ਹਯਾਤ ਖਾਨ ਦੀ ਮਿਲੀ-ਜੁਲੀ ਯੂਨੀਅਨਿਸਟ ਵਜ਼ਾਰਤ ਨੇ ਅਸਤੀਫਾ ਦੇ ਦਿੱਤਾ ਅਤੇ ਪੰਜਾਬ ਦੇ ਗਵਰਨਰ ਨੇ ਮੁਸਲਿਮ ਲੀਗ ਨੂੰ ਵਜ਼ਾਰਤ ਬਣਾਉਣ ਦਾ ਸੱਦਾ ਦੇ ਦਿੱਤਾ। ਜੇ ਉਸ ਵੇਲੇ ਅਣਵੰਡੇ ਪੰਜਾਬ ਵਿਚ ਲੀਗ ਦੀ ਵਜ਼ਾਰਤ ਬਣ ਜਾਂਦੀ ਤਾਂ ਉਸ ਦਾ ਕੀ ਨਤੀਜਾ ਨਿਕਲਦਾ, ਅੱਜ ਸਹਿਜੇ ਇਸਦਾ ਅਨੁਮਾਨ ਲਾਇਆ ਜਾ ਸਕਦਾ ਹੈ। ਮੁਸਲਿਮ ਲੀਗ ਨੇ ਸਾਰੇ ਦੇਸ਼ ਵਿਚ ਫਸਾਦ ਸ਼ੁਰੂ ਕਰ ਦਿੱਤੇ ਸਨ। ਜਨਵਰੀ 1947 ਵਿਚ ਜ਼ਿਲ੍ਹਾ ਹਜ਼ਾਰਾ ਦੇ ਪਿੰਡਾਂ ਵਿਚ ਰਹਿੰਦੇ ਸਿੱਖਾਂ ਉਤੇ ਵੱਡੇ ਪੈਮਾਨੇ 'ਤੇ ਹਮਲੇ ਸ਼ੁਰੂ ਹੋ ਗਏ ਸਨ। ਭਾਵੇਂ ਉਸ ਵੇਲੇ ਸੂਬਾ ਸਰਹੱਦ ਵਿਚ ਡਾ. ਖਾਨ ਸਾਹਿਬ ਦੀ ਕਾਂਗਰਸ ਸਰਕਾਰ ਸੀ, ਪਰ ਆਮ ਮੁਸਲਮਾਨ, ਮੁਸਲਿਮ ਲੀਗ ਦੇ ਹੱਕ ਵਿਚ ਹੋ ਗਿਆ ਸੀ ਅਤੇ ਪੁਲੀਸ ਵੀ ਉਨ੍ਹਾਂ ਦੀ ਪਿੱਠ 'ਤੇ ਸੀ। ਉਸ ਵੇਲੇ ਸਿੱਖਾਂ ਦੇ 42 ਪਿੰਡ ਤਬਾਹ ਕੀਤੇ ਗਏ ਅਤੇ ਸੈਂਕੜੇ ਸਿੱਖਾਂ ਦੇ ਕੇਸਾਂ ਦੀ ਬੇਅਦਬੀ ਕੀਤੀ ਗਈ ਸੀ। ਖਿਜ਼ਰ ਹਯਾਤ ਖਾਨ ਦੇ ਅਸਤੀਫੇ ਨਾਲ ਪੰਜਾਬ ਦੇ ਹਿੰਦੂ-ਸਿੱਖਾਂ ਦੇ ਸਿਰਾਂ 'ਤੇ ਉਦਾਸੀ ਦੇ ਬੱਦਲ ਛਾ ਗਏ ਸਨ। ਉਹ ਸਮਝਣ ਲਗ ਪਏ ਸਨ ਕਿ ਹੁਣ ਪੰਜਾਬ ਵਿਚ ਵੀ ਮੁਸਲਿਮ ਲੀਗ ਵਜ਼ਾਰਤ ਬਣ ਜਾਏਗੀ ਤੇ ਇਥੇ ਵੀ ਬੰਗਾਲ ਵਾਂਗ ਖੂਨ ਦੀਆਂ ਨਦੀਆਂ ਵਗ ਪੈਣਗੀਆਂ।

ਮਾਸਟਰ ਤਾਰਾ ਸਿੰਘ ਨੇ ਉਸ ਵੇਲੇ ਜੋ ਕੀਤਾ ਉਸ ਨਾਲ ਹਿੰਦੂਆਂ-ਸਿੱਖਾਂ ਦਾ ਹੌਸਲਾ ਬਹੁਤ ਵਧ ਗਿਆ। ਇੰਨੀ ਵਿਰੋਧਤਾ ਵੇਖ ਕੇ ਪੰਜਾਬ ਦੇ ਗਵਰਨਰ ਨੇ ਮੁਸਲਿਮ ਲੀਗ ਨੂੰ ਵਜ਼ਾਰਤ ਬਣਾਉਣ ਲਈ ਦਿੱਤਾ ਸੱਦਾ ਵਾਪਸ ਲੈ ਲਿਆ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ 3 ਮਾਰਚ 47 ਦੀ ਘਟਨਾ ਦਾ ਇਕ ਨਤੀਜਾ ਇਹ ਵੀ ਨਿਕਲਿਆ ਕਿ ਪੱਛਮੀ ਪੰਜਾਬ ਵਿਚ ਹਿੰਦੂਆਂ-ਸਿੱਖਾਂ 'ਤੇ ਹਮਲੇ ਬੜੇ ਤੇਜ਼ ਹੋ ਗਏ ਜਿਸ ਵਿਚ ਖਾਸ ਤੌਰ ਨਾਲ ਸਿੱਖ ਵਧੇਰੇ ਜ਼ੁਲਮ ਦਾ ਸ਼ਿਕਾਰ ਬਣੇ।

ਸ. ਸਿਮਰਨਜੀਤ ਸਿੰਘ ਮਾਨ ਨੇ ਮਾਸਟਰ ਜੀ 'ਤੇ ਬਹੁਤਾ ਦੋਸ਼ ਇਹ ਲਗਾਇਆ ਹੈ ਕਿ ਉਨ੍ਹਾਂ ਨੇ ਉਸ ਵੇਲੇ ਅਕਾਲੀ ਦਲ ਨੂੰ ਕਾਂਗਰਸ ਦੀ ਝੋਲੀ ਪਾ ਦਿੱਤਾ।

ਜੇ ਪੂਰੇ ਤੱਥਾਂ 'ਤੇ ਨਜ਼ਰ ਮਾਰੀਏ ਤਾਂ ਇਹ ਗੱਲ ਵੀ ਸਹੀ ਨਹੀਂ ਜਾਪਦੀ। ਵੰਡ ਪਿੱਛੋਂ ਪੂਰਬੀ ਪੰਜਾਬ ਵਿਚ ਜੋ ਨਵੀਂ ਵਜ਼ਾਰਤ ਬਣੀ ਉਸ ਵਿਚ ਸ. ਸਵਰਨ ਸਿੰਘ ਤੇ ਸ. ਈਸ਼ਰ ਸਿੰਘ ਮਝੈਲ ਦੋ ਅਕਾਲੀ ਵਜ਼ੀਰ ਸਨ। ਉਸ ਵੇਲੇ ਗਿਆਨੀ ਕਰਤਾਰ ਸਿੰਘ ਅਕਾਲੀ ਦਲ ਦੇ ਪ੍ਰਧਾਨ ਸਨ। ਉਹ ਚਾਹੁੰਦੇ ਸਨ ਕਿ ਪੰਥਕ ਐਮ.ਐਲ.ਏ. ਕਾਂਗਰਸ ਵਿਚ ਸ਼ਾਮਲ ਹੋ ਜਾਣ ਅਤੇ ਅਕਾਲੀ ਨਵੀਂ ਵਜ਼ਾਰਤ ਵਿਚ ਪੂਰਾ ਹਿੱਸਾ ਪਾਉਣ। ਉਨ੍ਹਾਂ ਨੂੰ ਜਾਪਦਾ ਸੀ ਕਿ ਸਰਕਾਰ ਦਾ ਹਿੱਸਾ ਬਣ ਕੇ ਉਹ ਪੱਛਮੀ ਪੰਜਾਬ ਤੋਂ ਉਜੜ ਕੇ ਆਏ ਲੱਖਾਂ ਸ਼ਰਨਾਰਥੀਆਂ ਦੀ ਚੰਗੀ ਸੇਵਾ ਕਰ ਸਕਣਗੇ। ਸ. ਬਲਦੇਵ ਸਿੰਘ ਵੀ ਇਹੋ ਚਾਹੁੰਦੇ ਸਨ। ਮਾਸਟਰ ਤਾਰਾ ਸਿੰਘ ਇਸ ਗੱਲ ਦੇ ਹੱਕ ਵਿਚ ਨਹੀਂ ਸਨ ਪਰ ਗਿਆਨੀ ਕਰਤਾਰ ਸਿੰਘ ਤੇ ਬਲਦੇਵ ਸਿੰਘ ਦੇ ਇਹ ਭਰੋਸਾ ਦਿਵਾਉਣ 'ਤੇ ਕਿ ਉਹ ਕਾਂਗਰਸ ਵਿਚ ਰਹਿ ਕੇ ਸਿੱਖ ਹੱਕਾਂ ਦੀ ਪੂਰੀ ਰਾਖੀ ਕਰਨਗੇ ਤੇ ਜਦ ਪੰਥ ਮੁੜ ਉਨ੍ਹਾਂ ਨੂੰ ਵਾਪਸ ਬੁਲਾਏਗਾ ਤਾਂ ਉਹ ਕਾਂਗਰਸ ਛੱਡ ਕੇ ਬਾਹਰ ਆ ਜਾਣਗੇ, ਮਾਸਟਰ ਜੀ ਉਨ੍ਹਾਂ ਦੀ ਗੱਲ ਮੰਨ ਗਏ। ਉਨ੍ਹੀਂ ਦਿਨੀਂ ਅਕਾਲੀ ਦਲ ਦੀ ਵਰਕਿੰਗ ਕਮੇਟੀ ਦਾ ਇਹ ਫੈਸਲਾ ਕਿ ਅੱਗੇ ਤੋਂ ਅਕਾਲੀ ਦਲ ਸਿਰਫ ਧਾਰਮਿਕ/ਸਮਾਜਿਕ ਖੇਤਰ ਵਿਚ ਕੰਮ ਕਰੇਗਾ ਤੇ ਸਿਆਸੀ ਸਰਗਰਮੀਆਂ ਤੋਂ ਦੂਰ ਰਹੇਗਾ, ਗਿਆਨੀ ਕਰਤਾਰ ਸਿੰਘ ਦੀ ਪ੍ਰਧਾਨਗੀ ਹੇਠਾਂ ਕੀਤਾ ਗਿਆ ਫੈਸਲਾ ਸੀ।

ਪੰਜਾਬ ਅਸੈਂਬਲੀ ਦੇ ਅਕਾਲੀ ਮੈਂਬਰਾਂ ਦੇ ਕਾਂਗਰਸ ਵਿਚ ਸ਼ਾਮਲ ਹੋ ਜਾਣ ਦੇ ਬਾਵਜੂਦ ਮਾਸਟਰ ਜੀ ਕਾਂਗਰਸ ਦੀ ਲਗਾਤਾਰ ਮੁਖਾਲਫਤ ਕਰਦੇ ਰਹੇ। 19-21 ਫਰਵਰੀ 1949 ਨੂੰ ਦਿੱਲੀ ਵਿਚ ਹੋ ਰਹੀ ਸ਼ਹੀਦੀ ਕਾਨਫਰੰਸ ਵਿਚ ਜਾਂਦੇ ਹੋਏ ਕਾਂਗਰਸ ਸਰਕਾਰ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਅਲਮੋੜਾ ਜੇਲ੍ਹ ਵਿਚ ਭੇਜ ਦਿੱਤਾ ਅਤੇ ਛੇ ਮਹੀਨੇ ਕੈਦ ਵਿਚ ਰੱਖਿਆ। ਆਜ਼ਾਦ ਭਾਰਤ ਵਿਚ ਸ਼ਾਇਦ ਮਾਸਟਰ ਤਾਰਾ ਸਿੰਘ ਪਹਿਲੇ ਆਗੂ ਸਨ ਜਿਨ੍ਹਾਂ ਨੂੰ ਕੇਂਦਰ ਦੀ ਸਰਕਾਰ ਨੇ 1818 ਦੇ ਬੰਗਾਲ ਰੈਗੂਲੇਸ਼ਨ ਅਧੀਨ ਨਜ਼ਰਬੰਦ ਕੀਤਾ ਸੀ।

ਇਸ ਦੌਰਾਨ ਮਾਸਟਰ ਤਾਰਾ ਸਿੰਘ ਦੇ ਭਾਸ਼ਣਾਂ ਤੇ ਲਿਖਤਾਂ ਵਿਚ ਕਾਂਗਰਸ ਦੀ ਭਰਪੂਰ ਆਲੋਚਨਾ ਕੀਤੀ ਗਈ ਹੈ। ਸਤਵੀਂ ਸਰਬ ਹਿੰਦ ਅਕਾਲੀ ਕਾਨਫਰੰਸ ਦਿੱਲੀ ਵਿਚ ਦਿੱਤੇ ਗਏ ਪ੍ਰਧਾਨਗੀ ਭਾਸ਼ਣ ਨੂੰ ਇਸ ਪੱਖੋਂ ਵੇਖਿਆ ਜਾ ਸਕਦਾ ਹੈ। ਮਾਸਟਰ ਤਾਰਾ ਸਿੰਘ ਜੀ ਦੀ ਪ੍ਰੇਰਨਾ ਨਾਲ ਹੀ 20 ਜੁਲਾਈ 1950 ਵਿਚ ਅਕਾਲੀ ਦਲ ਦੀ ਵਰਕਿੰਗ ਕਮੇਟੀ ਵਲੋਂ ਇਕ ਮਤੇ ਰਾਹੀਂ ਪੰਜਾਬ ਅਸੈਂਬਲੀ ਦੇ ਅਕਾਲੀ ਮੈਂਬਰਾਂ ਨੂੰ ਕਾਂਗਰਸ ਛੱਡ ਕੇ ਬਾਹਰ ਆ ਜਾਣ ਅਤੇ ਅਸੈਂਬਲੀ ਵਿਚ ਆਪਣਾ ਵੱਖਰਾ ਪੰਥਕ ਗਰੁੱਪ ਬਣਾਉਣ ਦਾ ਆਦੇਸ਼ ਦਿੱਤਾ ਗਿਆ ਸੀ।

ਇਥੇ ਬਹਿਸ ਇਸ ਗੱਲ 'ਤੇ ਨਹੀਂ ਕਿ ਉਸ ਵੇਲੇ ਅਕਾਲੀ ਦਲ ਦਾ ਕਾਂਗਰਸ ਵਿਚ ਸ਼ਾਮਲ ਹੋ ਜਾਣਾ ਠੀਕ ਸੀ ਕਿ ਨਹੀਂ। ਮੈਂ ਮੰਨਦਾ ਹਾਂ ਕਿ ਜੇ ਉਸ ਵੇਲੇ ਗਿਆਨੀ ਕਰਤਾਰ ਸਿੰਘ ਪੰਜਾਬ ਦੀ ਕਾਂਗਰਸ ਵਜ਼ਾਰਤ ਵਿਚ ਸਿੱਖਿਆ ਮੰਤਰੀ ਨਾ ਹੁੰਦੇ ਤਾਂ ਵਿਦਿਆ ਖੇਤਰ ਦਾ ਸੱਚਰ-ਗਿਆਨੀ ਫਾਰਮੂਲਾ ਨਾ ਬਣਦਾ। ਇਸ ਫਾਰਮੂਲੇ ਨੇ ਗੁਰਮੁਖੀ ਲਿਪੀ ਵਿਚ ਪੰਜਾਬੀ ਭਾਸ਼ਾ ਦੇ ਲਿਖੇ ਜਾਣ ਨੂੰ ਪੂਰੀ ਤਰ੍ਹਾਂ ਸਰਕਾਰੀ ਮਾਨਤਾ ਪ੍ਰਾਪਤ ਕਰਾਈ ਅਤੇ ਇਕ, ਭਾਸ਼ੀ ਪੰਜਾਬੀ ਸੂਬੇ ਦੀ ਆਧਾਰ-ਸ਼ਿਲਾ ਰੱਖੀ।

ਮੈਂ ਸਿਰਫ ਇਹ ਕਹਿਣਾ ਚਾਹੁੰਦਾ ਹਾਂ ਕਿ ਕਾਂਗਰਸ ਵਿਚ ਸ਼ਾਮਲ ਹੋਣ ਦੇ ਫੈਸਲੇ ਵਿਚ ਗਿਆਨੀ ਕਰਤਾਰ ਸਿੰਘ, ਸ. ਬਲਦੇਵ ਸਿੰਘ, ਊਧਮ ਸਿੰਘ ਨਾਗੋਕੇ, ਈਸ਼ਰ ਸਿੰਘ ਮਝੈਲ ਵਰਗੇ ਆਗੂ ਤਾਂ ਸ਼ਾਮਲ ਸਨ, ਪਰ ਮਾਸਟਰ ਤਾਰਾ ਸਿੰਘ ਨਹੀਂ। ਇਸ ਲਈ ਇਸ ਆਧਾਰ 'ਤੇ ਉਨ੍ਹਾਂ ਦੀ ਆਲੋਚਨਾ ਕਰਨਾ ਅਤੇ ਉਨ੍ਹਾਂ 'ਤੇ ਚਿੱਕੜ ਸੁੱਟਣਾ ਬੜੀ ਅਯੋਗ ਗੱਲ ਹੈ।

## ਭਗਤ ਸਿੰਘ ਹੋਰਾਂ ਵਲੋਂ ਗਵਰਨਰ ਨੂੰ ਲਿਖੀ ਇਤਿਹਾਸਕ ਚਿੱਠੀ

ਵਿਚ ਉਨ੍ਹਾਂ ਨੇ ਬਨਾਰਸ ਸਾਜ਼ਿਸ਼ ਕੇਸ ਵਿਚ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਕੱਟੀ ਹੋਈ ਸੀ, ਐਚ.ਆਰ.ਏ. ਦੇ ਨਾ ਸਿਰਫ ਮੋਢੀਆਂ ਵਿਚੋਂ ਹੀ ਪ੍ਰਮੁੱਖ ਸਨ, ਬਲਕਿ ਉਨ੍ਹਾਂ ਦੀ ਟਕਸਾਲੀ ਰਚਨਾ 'ਬੰਦੀ ਜੀਵਨ' ਨਵੇਂ ਇਨਕਲਾਬੀਆਂ ਦਾ ਪ੍ਰੇਰਨਾ-ਸਰੋਤ ਸੀ, ਜਿਸ ਦਾ ਵਿਸ਼ਾ-ਵਸਤੂ ਵੀ ਗਦਰ ਪਾਰਟੀ ਲਹਿਰ ਹੀ ਸੀ। ਜ਼ਿਕਰਯੋਗ ਹੈ ਕਿ ਸਤੰਬਰ 1928 ਵੇਲੇ ਐਚ.ਆਰ.ਏ. ਦੇ ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ (ਐਚ.ਐਸ.ਆਰ.ਏ.) ਬਣ ਜਾਣ ਪਿੱਛੋਂ ਵੀ ਐਚ.ਆਰ.ਏ. ਦਾ ਮੈਨੀਫੈਸਟੋ 'ਦੀ ਰੈਵੋਲਿਊਸ਼ਨਰੀ' ਤੇ ਉਸਦਾ ਵਿਧਾਨ, ਨਵੀਂ ਜਥੇਬੰਦੀ ਦਾ ਮਾਰਗ ਦਰਸ਼ਨ ਕਰਦੇ ਰਹੇ ਸਨ, ਜਿਸਦਾ ਵੱਡਾ ਪ੍ਰਮਾਣ ਇਨ੍ਹਾਂ ਦਸਤਾਵੇਜ਼ਾਂ ਦਾ ਸਾਰ ਇਨ੍ਹਾਂ ਦੇ ਠਿਕਾਣਿਆਂ ਤੋਂ ਪੁਲੀਸ ਛਾਪਿਆਂ ਦੌਰਾਨ ਇਨ੍ਹਾਂ ਦਸਤਾਵੇਜ਼ਾਂ ਦਾ ਬਰਾਮਦ ਹੋਣਾ ਸੀ। ਪਹਿਲੇ ਮੁੱਦੇ 'ਤੇ ਐਨੇ ਵਿਸਥਾਰ ਨਾਲ ਚਰਚਾ ਇਸ ਲਈ ਕੀਤੀ ਜਾ ਰਹੀ ਹੈ ਕਿ (ਮੇਰੀ ਜਾਂਚ ਅਨੁਸਾਰ) ਇਸ ਪਹਿਲੂ ਨੂੰ ਘੱਟ ਗੌਲਿਆ ਜਾਂਦਾ ਹੈ।

2) 'ਅਸੀਂ ਇਹਦੇ ਵਿਚ ਆਪਣੀ ਭੂਮਿਕਾ ਨਿਭਾਈ ਹੈ।'

ਇਸ ਭੂਮਿਕਾ ਨੂੰ ਦਰਸਾਉਂਦਾ ਇਕ ਮਾਪਦੰਡ ਤਾਂ ਇਹ ਹੈ ਕਿ ਜਿਥੇ 17 ਦਸੰਬਰ, 1928 ਵਾਲੇ ਸਾਂਡਰਸ ਕਾਂਡ ਬਾਰੇ ਪਾਰਟੀ ਵਲੋਂ ਜਾਰੀ ਕੀਤੇ ਪੋਸਟਰ ਨੂੰ ਕੋਈ ਅਖਬਾਰ ਹੱਥ ਲਾਉਣ ਨੂੰ ਵੀ ਤਿਆਰ ਨਹੀਂ ਸੀ ਹੋਇਆ, ਉਥੇ ਦੂਜੇ ਪਾਸੇ 8 ਅਪ੍ਰੈਲ, 1929 ਅਸੈਂਬਲੀ ਹਾਲ ਵਾਲੇ ਪੋਸਟਰ ਨੂੰ ਪ੍ਰਕਾਸ਼ਤ ਕਰਨ ਖਾਤਰ ਅਖਬਾਰਾਂ ਦੀ ਆਪਸ ਵਿਚ ਦੌੜ ਲੱਗੀ ਹੋਈ ਸੀ। ਉਸ ਦਿਨ ਤੋਂ ਲੈ ਕੇ (ਖਾਸ ਕਰਕੇ) ਅਖੀਰ ਮਾਰਚ 1931 ਤਕ ਮੁਕੱਦਮਿਆਂ ਦੀਆਂ ਕਾਰਵਾਈਆਂ ਦੀ ਤੇ ਇਨਕਲਾਬੀਆਂ ਦੀਆਂ ਭੁੱਖ ਹੜਤਾਲਾਂ ਦੀਆਂ ਖਬਰਾਂ, ਪ੍ਰਸਿੱਧ ਅਖਬਾਰਾਂ ਦੇ ਪਹਿਲੇ ਪੰਨਿਆਂ ਦਾ ਸ਼ਿੰਗਾਰ ਬਣੀਆਂ ਰਹੀਆਂ ਸਨ ਜੋ ਅਸਿੱਧੇ ਤੌਰ 'ਤੇ ਉਨ੍ਹਾਂ ਮੁੱਦਿਆਂ ਦੀ ਨਿਸ਼ਾਨਦੇਹੀ ਕਰਨ ਦੇ ਤੁਲ ਸੀ, ਜਿਨ੍ਹਾਂ ਨੂੰ ਕਿ ਇਹ ਪਾਰਟੀ ਜਨਤਕ ਜਾਗ੍ਰਿਤੀ ਦਾ ਕੇਂਦਰ ਬਿੰਦੂ ਬਣਾਉਣਾ ਲੋਚਦੀ ਸੀ।

ਇਸ ਮੁੱਦੇ ਦੇ ਲੋਕ ਚੇਤਨਤਾ ਉਪਰ ਪ੍ਰਭਾਵ ਨੂੰ ਦਰਸਾਉਣ ਵਾਲੀ ਸ਼ਹੀਦ ਭਗਤ ਸਿੰਘ ਦੀ ਆਪਣੇ ਨੇੜਲੇ ਸਾਥੀ ਸ੍ਰੀ ਜੈਦੇਵ ਕਪੂਰ ਜੀ ਨਾਲ 'ਆਖਰੀ' ਵਾਰਤਾਲਾਪ ਸੀ... 'ਜਦੋਂ ਮੈਂ ਇਨਕਲਾਬੀ ਮਾਰਗ 'ਤੇ ਆਪਣਾ ਪਹਿਲਾ ਕਦਮ ਰੱਖਿਆ (ਧਰਿਆ) ਸੀ ਤਾਂ ਮੈਂ ਸੋਚਿਆ ਸੀ ਕਿ ਜੇ ਮੈਂ ਆਪਣੀ ਜਾਨ ਵਾਰ ਕੇ ਦੇਸ਼ ਦੇ ਕੋਨੇ-ਕੋਨੇ ਵਿਚ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਗੂੰਜਾ ਸਕਾਂ ਤਾਂ ਮੈਂ ਸਮਝਾਂਗਾ ਕਿ ਮੈਂ ਆਪਣੀ ਜਾਨ ਦਾ ਬੜਾ ਵੱਡਾ ਮੁੱਲ ਵੱਟਿਆ ਹੈ। ਅੱਜ ਜਦੋਂ ਮੈਂ ਲੋਹੇ ਦੀਆਂ ਸਲਾਖਾਂ ਪਿੱਛੇ ਬੰਦ ਹਾਂ ਤਾਂ ਮੈਂ ਦੇਸ਼ ਦੇ ਕੋਨੇ-ਕੋਨੇ ਵਿਚੋਂ ਕਰੋੜਾਂ ਲੋਕਾਂ ਦੇ ਮੂੰਹੋਂ ਇਹ ਨਾਅਰਾ ਗੂੰਜਦਾ ਸੁਣਦਾ ਹਾਂ ਤਾਂ ਮੈਨੂੰ ਵਿਸ਼ਵਾਸ ਹੋ ਜਾਂਦਾ ਹੈ ਕਿ ਜਦੋਂ ਤੱਕ ਦੇਸ਼ ਆਜ਼ਾਦ ਨਹੀਂ ਹੁੰਦਾ, ਇਹ ਨਾਅਰਾ ਸਾਮਰਾਜੀ ਹਾਕਮਾਂ ਦੇ ਸਿਰਾਂ ਵਿਚ ਹਥੌੜੇ ਵਾਂਗ ਵੱਜਦਾ ਰਹੇਗਾ।'

3) ਇਹ ਜੰਗ ਉਨੀ ਦੇਰ ਤੱਕ ਜਾਰੀ ਰਹੇਗੀ ਜਿੰਨਾ ਚਿਰ ਤਕ ਅਜੋਕਾ ਸਰਮਾਏਦਾਰੀ-ਸਾਮਰਾਜੀ ਨਿਜ਼ਾਮ ਤਹਿਸ-ਨਹਿਸ ਨਹੀਂ ਹੋ ਜਾਂਦਾ।

ਇਹ ਮੁੱਦਾ ਆਪਣੇ ਆਪ ਵਿਚ ਅਤੀ ਮਹੱਤਵਪੂਰਨ ਹੈ ਤੇ ਅਜੋਕੇ ਯੁੱਗ ਦਾ ਬੁਨਿਆਦੀ ਸੁਆਲ ਵੀ ਹੈ। ਜ਼ਿਕਰਯੋਗ ਹੈ ਕਿ ਐਚ.ਐਸ.ਆਰ. ਏ ਦੀ ਸਰਗਰਮ ਭੂਮਿਕਾ ਸਮਾਪਤ ਹੋ ਜਾਣ ਪਿੱਛੋਂ ਇਸ ਲਹਿਰ ਦੇ ਹੀ ਨਹੀਂ, ਬਾਕੀ ਇਨਕਲਾਬੀ ਲਹਿਰਾਂ ਦੇ ਜੀਵਤ ਕਾਰਜਕਰਤਾ ਵੀ ਵੱਡੀ ਬਹੁਗਿਣਤੀ ਵਿਚ ਖੱਬੇ-ਪੱਖੀ ਲਹਿਰਾਂ ਵਿਚ ਕੁਦ ਪਏ ਸਨ, ਜਿਨ੍ਹਾਂ ਵਿਚ ਪ੍ਰਮੁੱਖ ਦਲ ਕਮਿਊਨਿਸਟ ਪਾਰਟੀ ਸੀ। ਪਿੱਛੋਂ ਜਾ ਕੇ ਇਨ੍ਹਾਂ ਵਿਚੋਂ ਕਈ ਇਨ੍ਹਾਂ ਸਰਗਰਮੀਆਂ ਤੋਂ ਅਲੱਗ ਵੀ ਹੋ ਗਏ ਸੀ, ਜੋ ਦਾਨਸ਼ਵਰਾਂ ਦੀ ਘੋਖ ਪੜਤਾਲ ਦੇ ਸੰਵਾਦ ਦੀ ਮੰਗ ਕਰ ਰਿਹਾ ਹੈ।

# ਦੱਖਣ 'ਚ ਚਮਕਦੇ ਪੰਜਾਬੀ ਸਿਤਾਰੇ



ਅਮਨ ਧਾਲੀਵਾਲ

ਬਾਲੀਵੁਡ 'ਤੇ ਨਜ਼ਰ ਮਾਰੀ ਜਾਵੇ ਤਾਂ ਇਸ ਨਾਲ ਜੁੜਿਆ ਹੋਇਆ ਇਕ ਵੱਡਾ ਹਿੱਸਾ ਪੰਜਾਬੀਆਂ ਦਾ ਹੈ। ਨਿਰਦੇਸ਼ਕਾਂ ਅਤੇ ਕਲਾਕਾਰਾਂ 'ਚ ਤਾਂ ਬਹੁਤੇ ਪੰਜਾਬੀ ਹਨ ਹੀ, ਸੰਗੀਤ ਦੇ ਨਾਲ ਵੀ ਜੁੜੇ ਹੋਏ ਬਹੁਤ ਸਾਰੇ ਪੰਜਾਬੀ ਲੋਕ ਹਨ। ਇਹੀ ਵਜ੍ਹਾ ਹੈ ਕਿ ਅੱਜ ਬਹੁਤ ਸਾਰੇ ਪੰਜਾਬੀ ਨੌਜਵਾਨ ਮੁੰਡੇ-ਕੁੜੀਆਂ ਆਪਣੇ ਕੈਰੀਅਰ ਨੂੰ ਅਜ਼ਮਾਉਣ ਲਈ ਮੁੰਬਈ ਦਾ ਰਸਤਾ ਫੜ੍ਹਦੇ ਹਨ। ਬਹੁਤ ਸਾਰੇ ਮੁੰਡੇ-ਕੁੜੀਆਂ ਉਥੇ ਸੰਘਰਸ਼ ਕਰਦੇ ਹਨ ਅਤੇ ਕਿਸੇ ਕਿਸੇ ਨੂੰ ਕੋਈ ਫਿਲਮ ਮਿਲ ਵੀ ਜਾਂਦੀ ਹੈ ਪਰ ਉਹ ਲੋਕ ਕਈ ਵਾਰ ਇਕ ਫ਼ਿਲਮ ਤਕ ਹੀ ਸੀਮਤ ਰਹਿ ਜਾਂਦੇ ਹਨ। ਦਰਅਸਲ ਬਾਲੀਵੁੱਡ 'ਚ ਸਿਆਸਤ ਵਾਂਗ ਪਰਿਵਾਰਵਾਦ ਛਾਇਆ ਹੋਇਆ ਹੈ, ਜਿਹੜੇ ਲੋਕ ਪਿਛਲੀਆਂ ਦੋ-ਦੋ, ਤਿੰਨ-ਤਿੰਨ ਪੀੜ੍ਹੀਆਂ ਤੋਂ ਬਾਲੀਵੁੱਡ ਵਿਚ ਹਨ, ਉਨ੍ਹਾਂ ਦੇ ਪੁੱਤਰ-ਧੀਆਂ ਜਵਾਨ ਪਿਛੋਂ ਹੁੰਦੇ ਹਨ, ਹੀਰੋ-ਹੀਰੋਇਨਾਂ ਪਹਿਲਾਂ ਬਣ ਜਾਂਦੇ ਹਨ। ਉਨ੍ਹਾਂ ਦੀ ਜੇ ਇਕ ਅੱਧੀ ਫ਼ਿਲਮ ਉਡ ਵੀ ਜਾਵੇ ਤਾਂ ਕੋਈ ਫਰਕ ਨਹੀਂ। ਕੋਈ ਨਾ ਕੋਈ ਹੋਰ ਨਿਰਮਾਤਾ ਨਿੱਤਰ ਆਉਂਦਾ ਹੈ, ਉਨ੍ਹਾਂ 'ਤੇ ਪੈਸਾ ਲਗਾਉਣ ਲਈ। ਜੇ ਕੋਈ ਨਿਰਮਾਤਾ ਨਾ ਵੀ ਨਿੱਤਰੇ ਤਾਂ ਉਹ ਲੋਕ ਖੁਦ ਆਪਣੇ ਬੱਚਿਆਂ ਲਈ ਫ਼ਿਲਮ ਦਾ ਨਿਰਮਾਣ ਕਰ ਦਿੰਦੇ ਹਨ। ਸੋਚਣ ਵਾਲੀ ਗੱਲ ਇਹ ਹੈ ਕਿ ਜਿਨ੍ਹਾਂ ਲੋਕਾਂ ਨੂੰ ਬਾਲੀਵੁੱਡ 'ਚ ਇਕ ਅੱਧੀ ਫ਼ਿਲਮ ਨਾਲੋਂ ਵਧ ਕੋਈ ਫ਼ਿਲਮ ਨਹੀਂ ਮਿਲਦੀ, ਤਾਂ ਉਹ ਲੋਕ ਵਿਚਾਰੇ ਕਿਥੇ ਜਾਣ?

ਦੂਜੇ ਪਾਸੇ ਸਾਡੇ ਦੱਖਣ ਦੀ ਫ਼ਿਲਮ ਇੰਡਸਟਰੀ ਵੀ ਕੋਈ ਘੱਟ ਛੋਟੀ ਨਹੀਂ। ਦੱਖਣ ਦੀਆਂ ਫ਼ਿਲਮਾਂ ਦੀ ਟੈਰਾਟਰੀ ਐਨੀ ਵੀ ਛੋਟੀ ਨਹੀਂ ਕਿ ਕਮਾਈ ਨਾ ਕਰ ਸਕਦੀ ਹੋਵੇ। ਇਕ ਅੰਦਾਜ਼ੇ ਅਨੁਸਾਰ ਬਾਲੀਵੁੱਡ ਫ਼ਿਲਮਾਂ ਦੇ ਮੁਕਾਬਲੇ 40 ਫੀਸਦੀ ਬਿਜਨਸ ਸਾਊਥ ਦੀਆਂ ਫ਼ਿਲਮਾਂ ਕਰ ਜਾਂਦੀਆਂ ਹਨ। ਰਜਨੀਕਾਂਤ ਅਤੇ ਕਮਲ ਹਸਨ ਵਰਗੇ ਸਾਊਥ ਦੇ ਕਲਾਕਾਰ ਅਮਿਤਾਭ ਬੱਚਨ ਤੋਂ ਵੀ ਪਹਿਲਾਂ ਇਕ-ਇਕ ਫ਼ਿਲਮ ਦੇ 70-80 ਲੱਖ ਰੁਪਏ ਲੈਂਦੇ ਰਹੇ ਹਨ। ਇਹੀ ਕਾਰਨ ਹੈ ਕਿ ਅੱਜ ਬਹੁਤ ਸਾਰੇ ਅਜਿਹੇ ਕਲਾਕਾਰ ਹਨ, ਜੋ ਬਾਲੀਵੁੱਡ 'ਚ ਚੰਗੇ ਸਿਤਾਰੇ ਨਹੀਂ ਬਣ ਸਕੇ ਉਹ ਦੱਖਣ ਜਾ ਕੇ ਪੂਰੀ ਤਰ੍ਹਾਂ ਚਮਕੇ। ਖੁਸ਼ਬੂ, ਨਗਮਾ ਤੇ ਉਸ ਦੀ ਭੈਣ ਜਯੋਤਸਨਾ ਬਾਲੀਵੁੱਡ ਤੋਂ ਸਾਊਥ ਦੀਆਂ ਫ਼ਿਲਮਾਂ 'ਚ ਚਲੇ ਗਈਆਂ ਅਤੇ ਉਥੇ ਜਾ ਕੇ ਪ੍ਰਸਿੱਧੀ ਅਤੇ ਪੈਸਾ ਦੋਵੇਂ ਚੀਜ਼ਾਂ ਕਮਾਈਆਂ। ਅੱਜ ਅਸੀਂ ਇਥੇ ਜਿਨ੍ਹਾਂ ਚਾਰ ਕਲਾਕਾਰਾਂ ਦੀ ਗੱਲ ਕਰਨ ਲੱਗੇ ਹਾਂ, ਇਹ ਸਾਡੇ ਪੰਜਾਬ ਦੀ ਧਰਤੀ ਦੇ ਜੰਮਪਲ ਹਨ ਪਰ ਇਨ੍ਹਾਂ ਨੂੰ ਇਨ੍ਹਾਂ ਦੀ ਕਲਾ ਅਤੇ ਰੁਜ਼ਗਾਰ ਦੱਖਣ ਦੀਆਂ ਫ਼ਿਲਮਾਂ ਵਿਚ ਲੈ ਗਿਆ, ਜਿਥੇ ਉਹ ਸ਼ੋਹਰਤ ਵੀ ਕਮਾ ਰਹੇ ਹਨ ਅਤੇ ਪੈਸਾ ਵੀ। ਆਓ ਆਪਾਂ ਤੁਹਾਨੂੰ ਇਨ੍ਹਾਂ ਬਾਰੇ ਦੱਸਦੇ ਹਾਂ:

**ਅਮਨ ਧਾਲੀਵਾਲ:** ਐਕਟਰ ਅਮਨ ਧਾਲੀਵਾਲ, ਜੋ ਮਾਨਸਾ ਦਾ ਜੰਮਪਲ ਹੈ, ਨੇ ਬਾਲੀਵੁੱਡ ਦੀਆਂ ਛੇ ਫ਼ਿਲਮਾਂ ਵਿਚ ਕੰਮ ਕੀਤਾ ਅਤੇ ਇਸ ਵੇਲੇ ਦੋ ਪੰਜਾਬੀ ਫ਼ਿਲਮਾਂ ਵਿਚ ਕੰਮ ਕਰ ਰਿਹਾ ਹੈ। ਇਹ ਸਾਰੀਆਂ ਫ਼ਿਲਮਾਂ ਉਸਨੂੰ ਦੱਖਣ ਦੀਆਂ ਫ਼ਿਲਮਾਂ ਕਰਨ 'ਚ ਰੁਕਾਵਟ ਨਹੀਂ ਬਣੀਆਂ। ਉਹ ਇਸ ਸਮੇਂ ਦੋ ਤਮਿਲ ਅਤੇ ਇਕ ਤੇਲਗੂ ਫ਼ਿਲਮ ਕਰ ਰਿਹਾ ਹੈ। ਅਮਨ ਇਹ ਮੰਨਦਾ ਹੈ ਕਿ ਉਹ ਦੱਖਣ ਦੀਆਂ ਫ਼ਿਲਮਾਂ ਨਾਲੋਂ ਪਹਿਲ ਬਾਲੀਵੁਡ ਦੀਆਂ ਫ਼ਿਲਮਾਂ ਨੂੰ ਦਿੰਦਾ ਹੈ।

"ਮੈਂ ਇਹ ਫੈਸਲਾ ਇਸ ਲਈ ਲਿਆ ਕਿਉਂਕਿ ਉਥੇ ਮੈਨੂੰ ਮਾਸ-ਮਸਾਲੇ ਵਾਲੇ ਰੋਲ ਪੇਸ਼ ਕੀਤੇ ਜਾ ਰਹੇ ਸਨ। ਮੈਂ ਉਥੋਂ ਦੇ ਪ੍ਰੋਫੈਸ਼ਨਲ ਸ਼ੋਅ ਅਤੇ ਐਕਟਰਾਂ ਦੇ ਸੁਭਾਅ ਤੋਂ ਬੜਾ ਪ੍ਰਭਾਵਤ ਹਾਂ। ਰਜਨੀਕਾਂਤ ਨਾਲ ਕੰਮ ਕਰਦਿਆਂ ਮੈਂ ਉਸ ਪਾਸੋਂ ਜ਼ਿੰਦਗੀ ਬਾਰੇ ਕੁਝ ਸਿੱਖਿਆ ਹੈ। ਐਨਾ ਵੱਡਾ ਸਿਤਾਰਾ ਹੋਣ ਦੇ ਬਾਵਜੂਦ ਉਸ ਨੇ ਮੈਨੂੰ ਇਕ ਦ੍ਰਿਸ਼ 'ਚ ਆਪਣੇ ਮੂੰਹ 'ਤੇ ਥੁੱਕਣ ਦਾ ਦ੍ਰਿਸ਼ ਕਰਨ ਦੀ ਆਗਿਆ ਦਿੱਤੀ। ਇਸ ਤੋਂ ਜਾਪਦਾ ਹੈ ਕਿ ਉਹ ਦ੍ਰਿਸ਼ 'ਚ ਕਿੰਨੀ ਅਸਲੀਅਤ ਭਰਨੀ ਚਾਹੁੰਦੇ ਹਨ।" ਉਸਦਾ ਕਹਿਣਾ ਹੈ ਕਿ ਉਥੇ ਨਵੇਂ ਜਾਣ ਵਾਲੇ ਕਲਾਕਾਰਾਂ ਨੂੰ ਬਾਲੀਵੁੱਡ ਨਾਲੋਂ ਪੈਸੇ ਵੀ ਚੰਗੇ ਮਿਲਦੇ ਹਨ ਅਤੇ ਇੱਜ਼ਤ ਵੀ।

**ਗੁਰਲੀਨ ਚੋਪੜਾ:** ਗੁਰਲੀਨ ਚੋਪੜਾ ਚੰਡੀਗੜ੍ਹ ਦੀ ਜੰਮਪਲ ਹੈ ਅਤੇ ਅਸੀਂ ਉਸ ਨੂੰ ਪਹਿਲੀ ਵਾਰ ਪੰਜਾਬੀ ਫ਼ਿਲਮ 'ਬਾਗੀ' ਵਿਚ ਦੇਖਿਆ ਸੀ। ਇਹ ਉਸਦੀ ਬੇਸ਼ੱਕ ਪਹਿਲੀ ਫ਼ਿਲਮ ਸੀ ਪਰ ਉਹ ਆਪਣੀ ਖ਼ੂਬਸੂਰਤੀ ਅਤੇ ਐਕਟਿੰਗ ਕਰਕੇ ਕਾਫੀ ਪਸੰਦ ਕੀਤੀ ਗਈ। ਛੇਤੀ ਹੀ ਉਸ ਨੂੰ ਮੁੰਬਈ 'ਚ 'ਇੰਡੀਅਨ ਬਾਬੂ' ਨਾਂ ਦੀ ਫ਼ਿਲਮ ਮਿਲ ਗਈ ਪਰ ਇਹ ਫ਼ਿਲਮ ਉਸ ਲਈ ਬਾਲੀਵੁੱਡ ਦੇ ਦਰਵਾਜ਼ੇ ਤਾਂ ਨਹੀਂ ਖੋਲ੍ਹ ਸਕੀ ਪਰ ਦੱਖਣ ਦੀ ਫ਼ਿਲਮ ਇੰਡਸਟਰੀ ਨੇ ਉਸ ਨੂੰ 'ਜੀ ਆਇਆਂ' ਆਖਿਆ। ਗੁਰਲੀਨ ਦਾ ਕਹਿਣਾ ਹੈ ਕਿ 'ਇੰਡੀਅਨ ਬਾਬੂ' ਫ਼ਿਲਮ ਰਿਲੀਜ਼ ਹੋਣ ਪਿਛੋਂ ਸਾਊਥ ਦੀਆਂ ਫ਼ਿਲਮਾਂ ਦੀ ਮੈਨੂੰ ਪੇਸ਼ਕਸ਼ ਹੋਈ। ਮੈਂ ਸੋਚਿਆ ਕਿ ਇਸ ਵਿਚ ਹਰਜ਼ ਕੀ ਹੈ। ਅੱਜ ਦੇ ਦਿਨ ਤਕ ਮੈਨੂੰ ਮੁੰਬਈ ਨਾਲੋਂ ਵੱਧ ਪੈਸੇ ਸਾਊਥ ਦੀਆਂ ਫ਼ਿਲਮਾਂ 'ਚੋਂ ਮਿਲ ਰਹੇ ਹਨ।" ਤੇਲਗੂ, ਤਮਿਲ ਅਤੇ ਮਲਿਆਲਮ ਵਿਚ ਫ਼ਿਲਮਾਂ ਕਰ ਚੁੱਕੀ ਗੁਰਲੀਨ ਦਾ ਕਹਿਣਾ ਹੈ, "ਕਾਰੋਬਾਰੀ ਰਵੱਈਆ ਅਤੇ ਉਥੇ ਵਰਤੀ ਜਾ ਰਹੀ ਟੈਕਨਾਲੋਜੀ ਕੰਮ ਨੂੰ ਬੜਾ ਸੌਖਾ ਬਣਾ ਦਿੰਦੀ ਹੈ।"

**ਨਵਨੀਤ ਕੌਰ:** ਨਵਨੀਤ ਰੋਪੜ ਦੀ ਰਹਿਣ ਵਾਲੀ ਹੈ, ਬੇਸ਼ੱਕ ਉਹ ਮੁੰਬਈ 'ਚ ਪੜ੍ਹੀ ਤੇ ਵੱਡੀ ਹੋਈ। ਪਿਛਲੇ ਦਿਨੀਂ ਗੁਰਪ੍ਰੀਤ ਘੁੱਗੀ ਨਾਲ ਉਸ ਦੀ ਇਕ ਕਾਮੇਡੀ ਫ਼ਿਲਮ 'ਲੜ ਗਿਆ ਪੇਚਾ' ਰਿਲੀਜ਼ ਹੋਈ। ਉਸਨੇ ਹਿੰਦੀ ਗਾਣਿਆਂ ਦੇ ਕੁਝ ਵੀਡੀਓ ਵੀ ਕੀਤੇ ਹਨ। ਦੱਖਣ ਦੀਆਂ ਫ਼ਿਲਮਾਂ ਤਾਂ ਉਸ ਲਈ ਰਹਿਮਤ ਬਣ ਕੇ ਆਈਆਂ। "ਮੈਂ ਤਮਿਲ, ਤੇਲਗੂ ਅਤੇ ਮਲਿਆਲਮ ਵਿਚ 15 ਫ਼ਿਲਮਾਂ ਕੀਤੀਆਂ ਹਨ ਅਤੇ ਮਮੂਟੀ ਵਰਗੇ ਵੱਡੇ ਸਟਾਰ ਨਾਲ ਕੰਮ ਕਰ ਚੁੱਕੀ ਹਾਂ।" ਨਵਨੀਤ ਨੂੰ ਜਦੋਂ ਪੁੱਛਿਆ ਗਿਆ ਕਿ ਕੀ ਉਹ ਸੰਤੁਸ਼ਟ ਹੈ ਤਾਂ ਉਹ ਕਹਿੰਦੀ ਹੈ, "ਮੈਂ ਖੁਸ਼ ਹਾਂ, ਮੈਂ ਉਥੇ ਜਿਹੋ ਜਿਹਾ ਕੰਮ ਕਰ ਰਹੀ ਹਾਂ, ਉਹ ਸਤੁੰਸ਼ਟੀ ਭਰਿਆ ਹੈ। ਦਰਸ਼ਕਾਂ ਨੂੰ ਮੇਰਾ ਕੰਮ ਪਸੰਦ ਹੈ। ਮੈਂ ਉਥੋਂ ਚੰਗਾ ਪੈਸਾ ਕਮਾ ਰਹੀ ਹਾਂ ਅਤੇ ਮੈਨੂੰ ਕੰਮਕਾਜੀ ਮਾਹੌਲ ਮਿਲ ਰਿਹਾ ਹੈ।" ਹੁਣ ਨਵਨੀਤ ਨੇ ਪੰਜਾਬੀ ਫ਼ਿਲਮਾਂ ਵੀ ਸਾਈਨ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ।

**ਆਰਤੀ ਪੁਰੀ:** ਆਰਤੀ ਪੁਰੀ ਅੰਮ੍ਰਿਤਸਰ ਨਾਲ ਸੰਬੰਧਤ ਇਕ ਹੋਰ ਹੀਰੋਇਨ ਹੈ ਜੋ ਫ਼ਿਲਮਾਂ ਨਾਲੋਂ ਵਧ ਗਾਇਕਾਂ ਦੇ ਵੀਡੀਓ ਗੀਤਾਂ ਨਾਲ ਜੁੜੀ ਰਹੀ ਹੈ। ਆਰਤੀ ਪੁਰੀ ਇਹ ਗੱਲ ਮੰਨਦੀ ਹੈ ਕਿ ਉਸ ਨੂੰ ਨਾ ਤਾਂ ਪੰਜਾਬੀ ਫ਼ਿਲਮਾਂ ਵਿਚ ਚੰਗਾ ਕੰਮ ਮਿਲਿਆ ਅਤੇ ਨਾ ਹੀ ਬਾਲੀਵੁੱਡ ਵਿਚ। ਉਸ ਨੇ ਦੱਖਣ ਦੀਆਂ ਫ਼ਿਲਮਾਂ 'ਚ ਆਈਟਮ ਨੰਬਰ ਕਰਨੇ ਸ਼ੁਰੂ ਕੀਤੇ ਅਤੇ ਹੁਣ ਉਸ ਨੂੰ ਚੰਗੇ ਰੋਲ ਮਿਲ ਰਹੇ ਹਨ। ਉਹ ਕਹਿੰਦੀ ਹੈ, "ਜੀ ਹਾਂ, ਅਜੇ ਵੀ ਬਾਲੀਵੁੱਡ ਮੇਰੀ ਪਹਿਲੀ ਪਸੰਦ ਹੈ ਕਿਉਂਕਿ ਬਾਲੀਵੁੱਡ ਅਸਲ 'ਚ ਇਕੋ-ਇਕ ਅਜਿਹੀ ਫ਼ਿਲਮ ਇੰਡਸਟਰੀ ਹੈ, ਜਿਥੇ ਹਰ ਕਲਾਕਾਰ ਜਾਣਾ ਚਾਹੁੰਦਾ ਹੈ। ਪ੍ਰਸਿੱਧੀ ਅਤੇ ਮਾਨਤਾ ਕਦੇ ਖੇਤਰੀ ਫ਼ਿਲਮਾਂ ਕਰਕੇ ਨਹੀਂ ਮਿਲਦੀ।" ਸਾਊਥ ਦੀਆਂ ਫ਼ਿਲਮਾਂ 'ਚ ਉਸ ਨੂੰ ਕੰਮ ਕਰਨ ਦਾ ਇਹ ਫਾਇਦਾ ਮਿਲ ਰਿਹਾ ਹੈ ਕਿ ਉਹ ਉਥੇ ਪ੍ਰੋਫੈਸ਼ਨਲ ਹੋਣਾ, ਸਮੇਂ ਸਿਰ ਪਹੁੰਚਣਾ ਅਤੇ ਸਖ਼ਤ ਮਿਹਨਤ ਕਰਨਾ ਸਿੱਖ ਗਈ ਹੈ।" ਮੈਨੂੰ ਉਨ੍ਹਾਂ ਵਲੋਂ ਵਰਤੀ ਜਾ ਰਹੀ ਟੈਕਨਾਲੋਜੀ ਬੜੀ ਪਸੰਦ ਹੈ। ਉਹ ਵੱਡੇ ਬਜਟ ਦੀਆਂ ਵੱਡੇ-ਵੱਡੇ ਸੈਟਾਂ ਵਾਲੀਆਂ ਵੱਡੀਆਂ ਫ਼ਿਲਮਾਂ ਬਣਾਉਂਦੇ ਹਨ ਅਤੇ ਇਨ੍ਹਾਂ ਫ਼ਿਲਮਾਂ ਨੂੰ ਦੇਖਣ ਵਾਲੇ ਅਣਗਿਣਤ ਦਰਸ਼ਕ ਹਨ।"



ਗੁਰਲੀਨ ਚੋਪੜਾ



ਨਵਨੀਤ ਕੌਰ



ਆਰਤੀ ਪੁਰੀ

## ਅਭਿਨੇਤਰੀ ਅਸਿਨ ਦੇ ਗਲੇ 'ਚ ਕੌਡੀਆਂ ਵਾਲਾ ਸੱਪ

ਅਸਿਨ ਦੀ ਇਮੇਜ ਮਾਇਆਨਗਰੀ 'ਚ ਡੇਅਰਡੈਵਿਲ ਦੀ ਬਣਦੀ ਜਾ ਰਹੀ ਹੈ। ਇਸ ਦਾ ਸਬੂਤ ਪਿਛਲੇ ਦਿਨੀਂ ਤਾਮਿਲਨਾਡੂ ਦੇ ਹਿਲ ਸਟੇਜ਼ਨ ਊਟੀ 'ਚ ਹੋ ਰਹੀ ਇਕ ਫ਼ਿਲਮ ਦੀ ਸੂਟਿੰਗ 'ਤੇ ਮਿਲਿਆ। ਫ਼ਿਲਮ 'ਚ ਅਸਿਨ ਦੇ ਹੇਅਰ ਸਟਾਈਲਰ ਨੇ ਅਸਿਨ ਤੋਂ ਪੁੱਛਿਆ ਕਿ ਉਹ ਉਸ ਸ਼ਾਮ ਸ਼ੂਟ ਕੀਤੇ ਜਾਣ ਵਾਲੇ ਗੀਤ ਦੀ ਸੂਟਿੰਗ ਦੌਰਾਨ ਵਾਲਾਂ 'ਚ ਕਿਹੜੇ-ਕਿਹੜੇ ਫੁੱਲ ਲਗਾਉਣੇ ਪਸੰਦ ਕਰੇਗੀ? ਕੁਝ ਫੁੱਲਾਂ ਨੂੰ ਸੁੰਘਣ ਪਿਛੋਂ ਅਸਿਨ ਨੇ ਰਾਤ ਨੂੰ ਖਿੜਨ ਵਾਲੇ 'ਰਾਤ ਰਾਣੀ' ਦੇ ਫੁੱਲਾਂ ਦੀ ਚੋਣ ਕੀਤੀ। ਜਦੋਂ ਅਸਿਨ ਦੇ ਹੇਅਰ ਸਟਾਈਲਰ ਨੇ ਉਸ ਨੂੰ ਸਾਵਧਾਨ ਕੀਤਾ ਕਿ ਸੂਰਜ ਢਲਣ ਪਿਛੋਂ ਇਨ੍ਹਾਂ ਨੂੰ ਵਾਲਾਂ 'ਚ ਲਗਾਉਣਾ ਜ਼ੋਖਮ ਭਰਿਆ ਹੋ ਸਕਦਾ ਹੈ। ਕਿਉਂਕਿ ਮਾਨਤਾ ਮੁਤਾਬਕ ਇਨ੍ਹਾਂ ਫੁੱਲਾਂ ਦੀ ਖੁਸ਼ਬੂ ਸੱਪਾਂ ਨੂੰ ਆਕਰਸ਼ਤ ਕਰਦੀ ਹੈ। ਇਸ 'ਤੇ ਅਸਿਨ ਨੇ ਕਿਹਾ ਕਿ ਉਹ ਅਜਿਹੀਆਂ ਮਾਨਤਾਵਾਂ 'ਚ ਯਕੀਨ ਨਹੀਂ ਕਰਦੀ ਅਤੇ ਉਂਜ ਵੀ ਉਸ ਨੂੰ ਸੱਪਾਂ ਤੋਂ ਡਰ ਨਹੀਂ ਲੱਗਦਾ। ਉਸ ਨੇ ਯੂਨਿਟ ਦੇ ਮੈਂਬਰਾਂ ਨਾਲ ਸ਼ਰਤ ਵੀ ਲਗਾ ਲਈ ਕਿ ਉਹ ਰਾਤ ਨੂੰ ਵਾਲਾਂ 'ਚ ਰਾਤ ਰਾਣੀ ਦੇ ਫੁੱਲ ਲਗਾ ਕੇ ਇਕੱਲੀ ਖੁੱਲ੍ਹੇਆਮ ਘੁੰਮ ਕੇ ਦਿਖਾਏਗੀ। ਭਾਵੇਂ ਅਸਿਨ ਨੇ ਇਹ ਸ਼ਰਤ ਜਿੱਤ ਲਈ ਪਰ ਅਗਲੇ ਦਿਨ ਸਵੇਰੇ ਜਦੋਂ ਉਹ ਸੈਟ 'ਤੇ ਪਹੁੰਚੀ ਤਾਂ ਯੂਨਿਟ ਦੇ ਸਾਰੇ ਮੈਂਬਰ ਅਸਿਨ ਦੇ ਗਲੇ 'ਚ ਇਕ ਸੱਪ ਲਿਪਟਿਆ ਦੇਖ ਕੇ ਹੈਰਾਨ ਰਹਿ ਗਏ ਪਰ ਅਗਲੇ ਹੀ ਪਲ ਉਨ੍ਹਾਂ ਨੂੰ ਪਤਾ ਲੱਗ ਗਿਆ ਇਹ ਅਸਲੀ ਨਹੀਂ ਸਗੋਂ ਨਕਲੀ ਸੱਪ ਹੈ ਜੋ ਅਸਿਨ ਨੇ ਜਾਣ ਬੁੱਝ ਕੇ ਗਲੇ 'ਚ ਲਿਪਟਾਇਆ ਹੋਇਆ ਸੀ। ਭਾਵੇਂ ਅਸਿਨ ਸੱਪ ਤੋਂ ਨਾ ਡਰੇ ਪਰ ਦੂਜੇ ਪਾਸੇ ਇਕ ਛੋਟੇ ਜਿਹੇ ਕੀੜੇ ਨੇ ਉਸ ਨੂੰ ਹਸਪਤਾਲ ਪਹੁੰਚਾ ਦਿੱਤਾ। ਹੋਇਆ ਕੁਝ ਇਸ ਤਰ੍ਹਾਂ ਕਿ ਫ਼ਿਲਮ ਦੀ ਸੂਟਿੰਗ ਵੇਲੇ ਅਸਿਨ ਦੀ ਵੈਨਿਟੀ ਵੈਨ ਦੇ ਏ. ਸੀ. ਦੀ ਗੈਸ ਲੀਕ ਕਰ ਗਈ, ਜਿਸ ਕਾਰਨ ਉਸ ਦਾ ਸਾਹ ਘੁੱਟਣ ਲੱਗਾ। ਇਸ ਦਾ ਕਾਰਨ ਇਕ ਛੋਟਾ ਜਿਹਾ ਕੀੜਾ ਸੀ ਜੋ ਏ. ਸੀ. ਦੀ ਪਾਈਪ 'ਚ ਫਸ ਗਿਆ ਸੀ, ਜਿਸ ਨਾਲ ਸਾਰੀ ਗੈਸ ਲੀਕ ਹੋ ਕੇ ਵੈਨ ਦੇ ਅੰਦਰ ਭਰ ਗਈ।



## ਸਮੀਰਾ ਰੈਡੀ ਬਚ ਗਈ ਰਿਸ਼ਵਤ ਦੇਣ ਤੋਂ

ਕੁਝ ਦਿਨ ਪਹਿਲਾਂ ਸਮੀਰਾ ਰੈਡੀ ਪੁਲਿਸ ਵਾਲਿਆਂ ਦੀ ਚੱਕ 'ਚ ਪੈ ਗਈ। ਅਸਲ 'ਚ ਹਾਈਵੇ 'ਤੇ ਸਮੀਰਾ ਨੂੰ ਕਾਰ ਚਲਾਉਂਦਿਆਂ ਫੋਨ 'ਤੇ ਗੱਲਬਾਤ ਕਰਨ ਦੇ ਦੋਸ਼ 'ਚ ਅਚਾਨਕ ਇਕ ਟ੍ਰੈਫਿਕ ਪੁਲਸ ਵਾਲੇ ਨੇ ਰੋਕ ਲਿਆ।



ਇਥੋਂ ਤਕ ਤਾਂ ਠੀਕ ਸੀ ਪਰ ਉਸ ਟ੍ਰੈਫਿਕ ਪੁਲਿਸ ਵਾਲੇ ਨੇ ਸਮੀਰਾ ਨੂੰ 'ਛੱਡਣ' ਦੇ ਬਦਲੇ ਰਿਸ਼ਵਤ ਦੀ ਮੰਗ ਕੀਤੀ। ਇਹ ਘਟਨਾ ਮੁੰਬਈ ਦੇ ਸਾਂਤਾ ਕਰੂਜ਼ ਹਵਾਈ ਅੱਡੇ ਦੇ ਨੇੜੇ ਵਾਪਰੀ।

ਸਮੀਰਾ ਨੇ ਦੱਸਿਆ, "ਸ਼ੁਰੂ 'ਚ ਉਸ ਨੂੰ ਲੱਗਾ ਕਿ ਮੈਂ ਫੋਨ 'ਤੇ ਕਿਸੇ ਨਾਲ ਗੱਲ ਕਰ ਰਹੀ ਹਾਂ ਪਰ ਜਦੋਂ ਮੈਂ ਉਸ ਨੂੰ ਕਿਹਾ ਕਿ ਮੈਂ ਫੋਨ 'ਤੇ ਗੀਤ ਸੁਣਦਿਆਂ ਗੁਣਗੁਣਾ ਰਹੀ ਸੀ ਤਾਂ ਉਸ ਨੇ ਕਿਹਾ ਕਿ "ਫਿਰ ਵੀ ਤੁਸੀਂ ਕਾਨੂੰਨ ਤੋੜਿਆ ਹੈ।" ਇਥੋਂ ਤਕ ਤਾਂ ਠੀਕ ਸੀ ਪਰ ਜਦੋਂ ਮੈਂ ਉਸ ਨੂੰ ਪੁੱਛਿਆ ਕਿ ਮੈਨੂੰ ਕਿੰਨਾ ਜੁਰਮਾਨਾ ਭਰਨਾ ਪਵੇਗਾ ਤਾਂ ਉਸ ਨੇ ਪਰਚੀ ਕੱਟਣ ਤੋਂ ਇਨਕਾਰ ਕਰ ਦਿੱਤਾ।

ਸਮੀਰਾ ਮੁਤਾਬਕ ਉਸ ਨੇ ਇਸ ਦਾ ਵਿਰੋਧ ਕੀਤਾ ਤਾਂ ਇਕ ਹੋਰ ਪੁਲਿਸ ਵਾਲਾ ਉਥੇ ਆ ਗਿਆ। ਉਸ ਨੇ ਵੀ ਸਮੀਰਾ ਦੀ ਮਦਦ ਨਹੀਂ ਕੀਤੀ। ਪਹਿਲਾਂ ਵਾਲੇ ਪੁਲਸੀਏ ਨੇ ਸਮੀਰਾ ਨੂੰ ਕਿਹਾ ਕਿ ਉਹ ਤਾਂ ਐਕਟ੍ਰੈਸ ਹੈ। ਉਨ੍ਹਾਂ ਵਰਗੇ ਵੱਡੇ ਲੋਕ ਅਦਾਲਤਾਂ 'ਚ ਕਿਥੇ ਜਾਂਦੇ ਫਿਰਨਗੇ? ਸਮੀਰਾ ਨੂੰ ਅਹਿਸਾਸ ਹੋਇਆ ਕਿ ਪੁਲਿਸ ਵਾਲਾ ਉਸ ਤੋਂ ਰਿਸ਼ਵਤ ਚਾਹੁੰਦਾ ਹੈ ਪਰ ਇੰਨੇ ਨੂੰ ਉਥੇ ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ ਅਤੇ ਜਦੋਂ ਉਨ੍ਹਾਂ 'ਚੋਂ ਕੁਝ ਨੇ ਸਮੀਰਾ ਨੂੰ ਪਛਾਣ ਲਿਆ ਤਾਂ ਪੁਲਿਸ ਵਾਲੇ ਝਿਜਕ ਗਏ ਅਤੇ ਉਨ੍ਹਾਂ ਨੇ ਸਮੀਰਾ ਨੂੰ ਉਥੋਂ ਉਂਜ ਹੀ ਜਾਣ ਦਿੱਤਾ।

## ਭੋਜਪੁਰੀ ਫ਼ਿਲਮ 'ਚ ਦਿਸੇਗੀ ਬਿਪਾਸ਼ਾ ਬਸੂ

ਅੱਜ ਦੀ ਤਾਰੀਖ 'ਚ ਬਿਪਾਸ਼ਾ ਬਸੂ 30 ਬਸੰਤ ਰੁੱਤਾਂ ਦੇਖ ਚੁੱਕੀ ਹੈ ਪਰ ਉਸ ਦੀਆਂ ਸਮਕਾਲੀ ਅਭਿਨੇਤਰੀਆਂ ਉਸ ਦੇ ਸਾਹਮਣੇ ਪਾਣੀ ਮੰਗਦੀਆਂ ਨਜ਼ਰ ਆਉਂਦੀਆਂ ਹਨ। ਫਿੱਗਰ 'ਤੇ ਸਖ਼ਤ ਮਿਹਨਤ ਕਰਕੇ ਦਰਸ਼ਕਾਂ ਨੂੰ ਹੈਰਾਨੀਜਨਕ ਕਾਰਨਾਮੇ ਦਿਖਾਉਣ ਵਾਲੀ ਬਿੱਲੋ ਰਾਣੀ ਨੇ ਨਾ ਸਿਰਫ ਦੇਸ਼ ਦੀ ਸਭ ਤੋਂ ਸੈਕਸੀ ਹੀਰੋਇਨ ਬਣਨ ਦਾ ਮਾਣ ਪ੍ਰਾਪਤ ਕੀਤਾ ਸਗੋਂ ਟਾਪ ਟੈਨ 'ਚ ਵੀ ਆਪਣੀ ਥਾਂ ਸੁਰੱਖਿਅਤ ਕਰ ਲਈ ਹੈ।



ਬਿਪਾਸ਼ਾ ਬਸੂ ਦਾ ਕਹਿਣਾ ਹੈ, "ਮੈਂ ਜਾਣਦੀ ਹਾਂ ਕਿ ਕਮਰਸ਼ੀਅਲ ਫ਼ਿਲਮਾਂ 'ਚ ਨੱਕ-ਮੂੰਹ ਚਿੜਾ ਕੇ ਬਹੁਤਾ ਸਮਾਂ ਮਾਇਆ ਨਗਰੀ 'ਚ ਟਿਕਿਆ ਨਹੀਂ ਜਾ ਸਕਦਾ। ਇਸ ਲਈ ਜੋ ਈਮਾਨਦਾਰੀ ਨਾਲ ਮਿਲੇ, ਪੂਰੀ ਸ਼ਿੱਦਤ ਨਾਲ ਕਰਦਿਆਂ ਬਿਹਤਰੀਨ ਮੌਕਿਆਂ ਦੀ ਭਾਲ 'ਚ ਕੁਝ ਵੀ ਕਰਨ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ।" ਬਿਨਾ ਸ਼ੱਕ ਇਸ ਗੱਲ ਨੂੰ ਧਿਆਨ 'ਚ ਰੱਖਦਿਆਂ ਬਿਪਾਸ਼ਾ ਬਸੂ ਨੇ ਪਿਛਲੇ ਦਿਨੀਂ ਇਕ ਭੋਜਪੁਰੀ ਫ਼ਿਲਮ ਸਾਈਨ ਕੀਤੀ ਹੈ। ਇਸ ਦੇ ਲਈ ਅੱਜ ਕਲ੍ਹ ਬਿੱਲੋ ਰਾਣੀ ਭੋਜਪੁਰੀ ਭਾਸ਼ਾ ਸਿੱਖ ਰਹੀ ਹੈ। ਸਿਨੇਮਾ ਪ੍ਰੇਮੀਆਂ ਦੇ ਨਾਜ਼ੁਕ ਦਿਲਾਂ 'ਤੇ 'ਨਮਕ ਇਸ਼ਕ' ਦਾ ਮਲਣ ਵਾਲੀ ਬਿਪਾਸ਼ਾ ਬਸੂ ਦਾ ਇਹ ਭੋਜਪੁਰੀਆ ਅੰਦਾਜ਼ ਦਰਸ਼ਕਾਂ ਨੂੰ ਕਿੰਨਾ ਆਕਰਸ਼ਿਤ ਕਰਦਾ ਹੈ, ਇਹ ਦੇਖਣਾ ਬਾਕੀ ਹੈ।

## ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

**$18,000 IN COMBINED HOMEBUYER TAX CREDITS FOR A LIMITED TIME**

**Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**

# Short Sale Specialist

## We can sell your house in short sale at no cost to you.

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ ‘ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale ‘ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ। *Foreclosure ਦੇ ਮੁਕਾਬਲੇ Short Sale ‘ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ। *ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale ‘ਤੇ ਲਾ ਕੇ ਘਰ ਵੇਚ ਸਕਦੇ ਹਾਂ।

# Refinance Now

**30 Yr Fixed Rates Are Getting Better!!!**
**Refinance Now At Low Cost**
**Call Sukhi Gill @ 510-207-9067**

*Mortgage credit certificate funds are available in Alameda county for first time buyers for detail call Sukhi Gill @510-207-9067*

*Golden Star Realty and Loans is participating lender for MCC Program for Alameda and Santa Clara county*

**Selling new and old Homes from San Jose to Sacramento**

**Fremont Office:**
86 Pilgrim Loop
Fremont CA 94539
510-440-9292

**Cell: 510-304-9292**
**Cell:408-666-8279**



**Jaswinder Gill** M.Sc (PAU)
CA DRE# 00966763
Broker/Owner/Notary

***2004 to 2006 Award Winner Top 1% Listing Realtor in Bay Area**

**Sacramento Office:**
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings




**181 Nabor Ct Tracy, CA 95377**
5 Bedrooms, 4 Baths, 2 Car Garage.
Area 3089 Sq. Ft - Lot 5227 Sq. Ft




**304 Pennyhill drive San Jose CA 95127**
4 Bedrooms, 3 Baths, 2 Car Garage.
Area 1933 Sq. Ft - Lot 4500 Sq. Ft




**111 Nancy Lane San Jose CA 95127**
6 Plex - 2 units each
3Bed/1Bath - 3Bed/1Bath - 3Bed/1Bath




**675 Bel Air Court Morgan Hill CA 95037**
5 Bedrooms, 3 Baths, 2 Car Garage.
Area 2807 Sq. Ft - Lot 6534 Sq. Ft





**2370 Picasso Way Stockton 95206**
5 Bedrooms, 3 Baths, 2 Car Garage.
Area 2555 Sq. Ft - Lot 10,454 Sq. Ft




**950 Silver Court Lathrop, CA 95330**
3 Bedrooms, 2.5 Baths, 2 Car Garage.
Living Area 2448 Sq. Ft




**445 Massarosa Lane Lodi, CA 95240**
4 Bedrooms, 2.5 Baths, 2 Car Garage.
Area 1813 Sq. Ft - Lot 3049 Sq. Ft




**902 Windsong Drive, Tracy, CA 95377**
4 Bedrooms, 3 Baths, 2 Car Garage.
Area 2537 Sq. Ft - Lot 6098 Sq. Ft



Punjabi American Heritage Society, Yuba City Presents
16th Punjabi American Festival
PTC PUNJABI
Channel 2015 on DIRECTV
etc ਪੰਜਾਬੀ
ਯੂਬਾ ਸਿਟੀ ਦਾ 16ਵਾਂ ਸਾਲਾਨਾ ਮੇਲਾ
May 30th-2010, Sunday 11am to 7pm
Yuba-Sutter Fairgrounds.
442 Franklin Ave., Yuba City, CA, 95991
OVER 50 BOOTHS OF FESTIVAL VENDORS FEATURE:
Arts & Crafts, Traditional Clothing, Children's Games, Punjabi Cuisine, Mehndi, Jewelry and More!
PERFORMANCES
This year's festival will feature live performances by internationally acclaimed artists:
Mr. & Miss Punjabi Talent Contest
(competition will be aired on PTC and Crossing TV Channels in major cities of USA and Canada- $3000 to the winners).
Top U.S. & Canadian Bhangra/Gidha teams, Documentaries, Ethnic dances, comedy skits/plays.
ਸੁਰਜੀਤ ਭੁੱਲਰ
ਸੁਦੇਸ਼ ਕੁਮਾਰੀ
ਰੁਪਿੰਦਰ ਹਾਂਡਾ
Sarbjit Cheema
Nachhatar Gill
Sudesh Kumari
Surjit Bhullar
Rupinder Handa
TICKETS
Available at local Punjabi and Indian stores (or purchase at the gate)
$15/person –Children under 5 free.
For any Information about vendors, performance/participation, Mr. & Miss Punjabi contest and sponsorship . Send email to punjabiamerican@gmail.com
Call (530) 844-0247
PAHS Website: www.punjabiheritage.org
ਨਛੱਤਰ ਗਿੱਲ
ਸਰਬਜੀਤ ਚੀਮਾ
Design by : Punjab Mail USA